ਐਤਵਾਰ, 21 ਅਪ੍ਰੈਲ, 2024
9 ਵਿਸਾਖ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 72
ਅੰਕ/NO. : 321

# ਨਵਾਂ ਜ਼ਮਾਨਾ

DAILY NAWAN ZAMANA • SUNDAY, 21 APRIL, 2024 ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ 8+6=14

## ਮਸਕ ਦਾ ਦੌਰਾ ਮੁਲਤਵੀ



**ਨਵੀਂ ਦਿੱਲੀ :** ਟੈਸਲਾ ਦੇ ਮੁਖੀ ਐਲੋਨ ਮਸਕ ਨੇ ਭਾਰਤ ਯਾਤਰਾ ਨੂੰ ਮੁਲਤਵੀ ਕਰ ਦਿੱਤਾ ਹੈ। ਇਸ ਯਾਤਰਾ ਦੌਰਾਨ ਉਨ੍ਹਾ ਸੋਮਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਣਾ ਸੀ ਅਤੇ ਦੱਖਣੀ ਏਸ਼ੀਆਈ ਬਾਜ਼ਾਰ ਵਿਚ ਦਾਖਲ ਹੋਣ ਦੀ ਯੋਜਨਾ ਦਾ ਐਲਾਨ ਕਰਨਾ ਸੀ। ਇਸ ਦੌਰਾਨ ਮਸਕ ਨੇ ਕਿਹਾ ਕਿ ਉਨ੍ਹਾ ਦੀ ਭਾਰਤ ਦੀ ਪ੍ਰਸਤਾਵਤ ਯਾਤਰਾ ਕੰਪਨੀ ਦੀਆਂ ਖਾਸ ਜ਼ਿੰਮਵਾਰੀਆਂ ਪੂਰੀਆਂ ਕਰਨ ਕਰਕੇ ਮੁਲਤਵੀ ਕਰਨੀ ਪਈ।

## ਸਿਸੋਦੀਆ ਬਾਰੇ ਫੈਸਲਾ ਰਾਖਵਾਂ

**ਨਵੀਂ ਦਿੱਲੀ :** ਦਿੱਲੀ ਆਬਕਾਰੀ ਨੀਤੀ ਮਾਮਲੇ ’ਚ ਸੀ ਬੀ ਆਈ ਅਤੇ ਈ ਡੀ ਵੱਲੋਂ ਦਾਇਰ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਕੇਸਾਂ ’ਚ ‘ਆਪ’ ਆਗੂ ਮਨੀਸ਼ ਸਿਸੋਦੀਆ ਦੀ ਜ਼ਮਾਨਤ ਪਟੀਸ਼ਨ ’ਤੇ ਸੀ ਬੀ ਆਈ ਅਤੇ ਈ ਡੀ ਲਈ ਸਪੈਸ਼ਲ ਜੱਜ ਕਾਵੇਰੀ ਬਵੇਜਾ ਨੇ ਸ਼ਨੀਵਾਰ ਦਲੀਲਾਂ ਸੁਣਨ ਤੋਂ ਬਾਅਦ 30 ਅਪਰੈਲ ਲਈ ਫੈਸਲਾ ਰਾਖਵਾਂ ਰੱਖ ਲਿਆ।


## ਅਮਰੀਕਾ ’ਚ ਭਾਰਤੀ ਨਾਗਰਿਕ ਨੂੰ ਪੰਜ ਸਾਲ ਦੀ ਕੈਦ

**ਵਾਸ਼ਿੰਗਟਨ :** ਅਮਰੀਕਾ ਵਿਚ 40 ਸਾਲਾ ਭਾਰਤੀ ਨਾਗਰਿਕ ਨੂੰ ਡਾਰਕ ਵੈੱਬ ਮਾਰਕੀਟ ਪਲੇਸ ’ਤੇ ਪਾਬੰਦੀਸ਼ੁਦਾ ਪਦਾਰਥ ਵੇਚਣ ਦੇ ਦੋਸ਼ ਵਿਚ ਪੰਜ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ ਅਤੇ ਉਸ ਕੋਲੋਂ ਕਰੀਬ 15 ਕਰੋੜ ਅਮਰੀਕੀ ਡਾਲਰ ਜ਼ਬਤ ਕਰਨ ਦਾ ਹੁਕਮ ਦਿੱਤਾ ਗਿਆ ਹੈ। ਡਾਰਕ ਵੈੱਬ ਇੰਟਰਨੈੱਟ ਤੱਕ ਸਧਾਰਨ ਸਰਚ ਇੰਜਣਾਂ ਰਾਹੀਂ ਨਹੀਂ ਪਹੁੰਚਿਆ ਜਾ ਸਕਦਾ ਅਤੇ ਸਿਰਫ ਵਿਸ਼ੇਸ਼ ਵੈੱਬ ਬ੍ਰਾਊਜ਼ਰ ਰਾਹੀਂ ਹੀ ਪਹੁੰਚਿਆ ਜਾ ਸਕਦਾ ਹੈ। ਹਲਦਵਾਨੀ ਦੇ ਬਨਮੀਤ ਸਿੰਘ ਨੂੰ ਅਮਰੀਕਾ ਦੀ ਬੇਨਤੀ ’ਤੇ ਅਪਰੈਲ 2019 ’ਚ ਲੰਡਨ ’ਚ ਗ੍ਰਿਫਤਾਰ ਕੀਤਾ ਗਿਆ ਸੀ। ਉਸ ਨੂੰ ਮਾਰਚ 2023 ’ਚ ਅਮਰੀਕਾ ਹਵਾਲੇ ਕੀਤਾ ਗਿਆ ਸੀ। ਉਸ ਨੇ ਜਨਵਰੀ ’ਚ ਪਾਬੰਦੀਸ਼ੁਦਾ ਪਦਾਰਥਾਂ ਦੀ ਤਸਕਰੀ ਅਤੇ ਮਨੀ ਲਾਂਡਰਿੰਗ ਦੇ ਦੋਸ਼ਾਂ ਨੂੰ ਕਬੂਲ ਕੀਤਾ ਸੀ।

## ਨਵੇਂ ਅਪਰਾਧਕ ਨਿਆਂ ਕਾਨੂੰਨ ਇਤਿਹਾਸਕ : ਚੀਫ ਜਸਟਿਸ

**ਨਵੀਂ ਦਿੱਲੀ :** ਭਾਰਤ ਦੇ ਚੀਫ ਜਸਟਿਸ ਡੀ ਵਾਈ ਚੰਦਰਚੂੜ ਨੇ ਸ਼ਨੀਵਾਰ ਨਵੇਂ ਅਪਰਾਧਿਕ ਨਿਆਂ ਕਾਨੂੰਨਾਂ ਦੇ ਲਾਗੂ ਹੋਣ ਨੂੰ ਸਮਾਜ ਲਈ ਇਤਿਹਾਸਕ ਪਲ ਕਰਾਰ ਦਿੱਤਾ ਅਤੇ ਕਿਹਾ ਕਿ ਭਾਰਤ ਆਪਣੀ ਅਪਰਾਧਿਕ ਨਿਆਂ ਪ੍ਰਣਾਲੀ ’ਚ ਮਹੱਤਵਪੂਰਨ ਤਬਦੀਲੀਆਂ ਲਈ ਤਿਆਰ ਹੈ। ਇਥੇ ਅਪਰਾਧਿਕ ਨਿਆਂ ਪ੍ਰਣਾਲੀ ਦੇ ਪ੍ਰਸ਼ਾਸਨ ’ਚ ਭਾਰਤ ਦਾ ਪ੍ਰਗਤੀਸ਼ੀਲ ਮਾਰਗ ਵਿਸ਼ੇ ’ਤੇ ਕਾਨਫਰੰਸ ’ਚ ਉਨ੍ਹਾ ਕਿਹਾ ਕਿ ਨਵੇਂ ਕਾਨੂੰਨ ਤਾਂ ਹੀ ਸਫਲ ਹੋਣਗੇ, ਜੇ ਅਸੀਂ ਨਾਗਰਿਕਾਂ ਵਜੋਂ ਉਨ੍ਹਾਂ ਨੂੰ ਅਪਣਾਉਂਦੇ ਹਾਂ। ਚੀਫ ਜਸਟਿਸ ਨੇ ਕਿਹਾ ਕਿ ਨਵੇਂ ਬਣਾਏ ਕਾਨੂੰਨਾਂ ਨੇ ਅਪਰਾਧਿਕ ਨਿਆਂ ਬਾਰੇ ਭਾਰਤ ਦੇ ਕਾਨੂੰਨੀ ਢਾਂਚੇ ਨੂੰ ਨਵੇਂ ਯੁੱਗ ’ਚ ਬਦਲ ਦਿੱਤਾ ਹੈ।

## ਟਰੰਪ ਕੇਸ ਦੀ ਸੁਣਵਾਈ ਦੌਰਾਨ ਆਤਮਦਾਹ



**ਨਿਊ ਯਾਰਕ :** ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਫੌਜਦਾਰੀ ਮੁਕੱਦਮੇ ਵਿਚ ਸੁਣਵਾਈ ਦੌਰਾਨ ਇਕ ਵਿਅਕਤੀ ਨੇ ਮੈਨਹਟਨ ਕ੍ਰਿਮੀਨਲ ਕੋਰਟ ਦੇ ਬਾਹਰ ਆਤਮਦਾਹ ਕਰ ਲਿਆ। ਆਦਮੀ ਨੇ ਹਵਾ ’ਚ ਪੈਂਫਲਟ ਸੁੱਟੇ ਅਤੇ ਆਪਣੇ ਆਪ ਨੂੰ ਅੱਗ ਲਗਾ ਲਈ। ਹਸਪਤਾਲ ’ਚ ਉਸ ਦੀ ਮੌਤ ਹੋ ਗਈ।

## 54 ਗੱਡੀਆਂ ਰੱਦ

**ਅੰਬਾਲਾ :** ਸ਼ੰਭੂ ਰੇਲਵੇ ਸਟੇਸ਼ਨ ’ਤੇ ਕਿਸਾਨਾਂ ਦੇ ਸ਼ਨੀਵਾਰ ਚੌਥੇ ਦਿਨ ਵੀ ਪਟੜੀ ’ਤੇ ਬੈਠਣ ਕਾਰਨ ਅੰਬਾਲਾ-ਅੰਮ੍ਰਿਤਸਰ ਰੂਟ ’ਤੇ 54 ਰੇਲ ਗੱਡੀਆਂ ਨੂੰ ਰੱਦ ਕਰਨਾ ਪਿਆ। ਧਰਨਾਕਾਰੀ ਹਰਿਆਣਾ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਤਿੰਨ ਕਿਸਾਨਾਂ ਨੂੰ ਰਿਹਾਅ ਕਰਨ ਦੀ ਮੰਗ ਕਰ ਰਹੇ ਹਨ। ਪਿਛਲੇ ਤਿੰਨ ਦਿਨਾਂ ’ਚ 380 ਰੇਲ ਗੱਡੀਆਂ ਦੀ ਆਵਾਜਾਈ ਪ੍ਰਭਾਵਤ ਹੋਈ ਹੈ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਜਦੋਂ ਤੱਕ ਤਿੰਨੇ ਕਿਸਾਨਾਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ, ਉਦੋਂ ਤੱਕ ਧਰਨਾ ਜਾਰੀ ਰਹੇਗਾ।

## ਕੇਜਰੀਵਾਲ ਨੂੰ ਮੌਤ ਵੱਲ ਧੱਕਿਆ ਜਾ ਰਿਹੈ : ਆਪ

**ਨਵੀਂ ਦਿੱਲੀ :** ਆਮ ਆਦਮੀ ਪਾਰਟੀ ਨੇ ਸ਼ਨੀਵਾਰ ਦੋਸ਼ ਲਾਇਆ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਤਿਹਾੜ ਜੇਲ੍ਹ ਵਿਚ ਇਨਸੁਲਿਨ ਅਤੇ ਡਾਕਟਰ ਦੀ ਸਲਾਹ ਤੋਂ ਵਾਂਝੇ ਰੱਖ ਕੇ ਹੌਲੀ-ਹੌਲੀ ਮੌਤ ਵੱਲ ਧੱਕਿਆ ਜਾ ਰਿਹਾ ਹੈ। ਪਾਰਟੀ ਦੇ ਬੁਲਾਰੇ ਸੌਰਭ ਭਾਰਦਵਾਜ ਨੇ ਪ੍ਰੈੱਸ ਕਾਨਫਰੰਸ ’ਚ ਕਿਹਾ ਕਿ ਟਾਈਪ-2 ਸ਼ੂਗਰ ਤੋਂ ਪੀੜਤ ਕੇਜਰੀਵਾਲ ਇਨਸੁਲਿਨ ਦੇਣ ਅਤੇ ਵੀਡੀਓ ਕਾਨਫਰੰਸ ਰਾਹੀਂ ਆਪਣੇ ਪਰਵਾਰਕ ਡਾਕਟਰ ਨਾਲ ਗੱਲ ਕਰਨ ਦੀ ਇਜਾਜ਼ਤ ਦੇਣ ਦੀ ਮੰਗ ਕਰ ਰਹੇ ਹਨ, ਪਰ ਜੇਲ੍ਹ ਪ੍ਰਸ਼ਾਸਨ ਉਨ੍ਹਾ ਦੀ ਮੰਗ ਨਹੀਂ ਮੰਨ ਰਿਹਾ।

# 400-ਪਲੱਸ ਫਿਲਮ ਪਹਿਲੇ ਦਿਨ ਹੀ ਫਲਾਪ : ਤੇਜਸਵੀ

**ਪਟਨਾ :** ਰਾਸ਼ਟਰੀ ਜਨਤਾ ਦਲ ਦੇ ਆਗੂ ਤੇ ਸਾਬਕਾ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨੇ ਸ਼ਨੀਵਾਰ ਕਿਹਾ ਕਿ ਲੋਕ ਸਭਾ ਚੋਣਾਂ ਦੇ ਪਹਿਲੇ ਗੇੜ ਵਿਚ ਬਿਹਾਰ ਦੀਆਂ ਜਿਨ੍ਹਾਂ ਚਾਰ ਸੀਟਾਂ ਲਈ ਵੋਟਾਂ ਪਈਆਂ, ਉਹ ਮਹਾਂ-ਗਠਬੰਧਨ ਜਿੱਤੇਗਾ। ਭਾਜਪਾ ਦੀ 400 ਪਾਰ ਨਾਂਅ ਦੀ ਫਿਲਮ ਵੋਟਿੰਗ ਦੇ ਪਹਿਲੇ ਦਿਨ ਹੀ ਫਲਾਪ ਹੋ ਗਈ ਹੈ। ਅਗਲੇ ਗੇੜ ਦੀ ਵੋਟਿੰਗ ਵਿਚ ਵੀ ਮਹਾਂ-ਗਠਬੰਧਨ ਦਾ ਪ੍ਰਦਰਸ਼ਨ ਵਧੀਆ ਰਹੇਗਾ।

ਤੇਜਸਵੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ—ਚਾਰ ਸੀਟਾਂ ਲਈ ਵੋਟਾਂ 2019 ਨਾਲੋਂ ਘੱਟ ਪਈਆਂ, ਪਰ ਇਨ੍ਹਾਂ ਹਲਕਿਆਂ ਤੋਂ ਮਿਲੇ ਫੀਡਬੈਕ ਦੇ ਆਧਾਰ ’ਤੇ ਸਾਨੂੰ ਵਿਸ਼ਵਾਸ ਹੈ ਕਿ ਚਾਰੇ ਸੀਟਾਂ ਜਿੱਤਾਂਗੇ। ਲੋਕ ਭਾਜਪਾ ਆਗੂਆਂ ਦੇ ਲਾਰਿਆਂ ਤੋਂ ਤੰਗ ਆ ਚੁੱਕੇ ਹਨ। ਮਹਾਂ-ਗਠਬੰਧਨ ਵਿਚ ਸ਼ਾਮਲ



ਵਿਕਾਸਸ਼ੀਲ ਇਨਸਾਨ ਪਾਰਟੀ ਦੇ ਪ੍ਰਧਾਨ ਮੁਕੇਸ਼ ਸਾਹਨੀ ਨੇ ਵੀ ਕਿਹਾ—ਅਸੀਂ ਨਾ ਸਿਰਫ ਪਹਿਲੀਆਂ ਚਾਰ, ਰਹਿੰਦੀਆਂ 36 ਸੀਟਾਂ ਵੀ ਜਿੱਤਾਂਗੇ।

ਬਿਹਾਰ ਦੇ ਜਮੂਈ, ਨਵਾਦਾ, ਗਯਾ ਤੇ ਔਰੰਗਾਬਾਦ ਵਿਚ ਸ਼ੁੱਕਰਵਾਰ 48.23 ਫੀਸਦੀ ਪੋਲਿੰਗ ਹੋਈ।

## ਕਰਮਜੀਤ ਕੌਰ ਤੇ ਬਿੱਟੂ ਭਾਜਪਾ ’ਚ

**ਜਲੰਧਰ (ਸੁਰਿੰਦਰ ਕੁਮਾਰ)**



ਲੋਕ ਸਭਾ ਵਿਚ ਜਲੰਧਰ ਦੀ ਨੁਮਾਇੰਦਗੀ ਕਰਨ ਵਾਲੇ ਚੌਧਰੀ ਸੰਤੋਖ ਸਿੰਘ ਦੀ ਪਤਨੀ ਕਰਮਜੀਤ ਕੌਰ ਤੇ ਗਾਂਧੀ ਪਰਵਾਰ ਦੇ ਕਾਫੀ ਨੇੜੇ ਰਹੇ ਤੇਜਿੰਦਰ ਸਿੰਘ ਬਿੱਟੂ ਸ਼ਨੀਵਾਰ ਦਿੱਲੀ ’ਚ ਭਾਜਪਾ ਵਿਚ ਸ਼ਾਮਲ ਹੋ ਗਏ। ਕਰਮਜੀਤ ਕੌਰ ਨੇ ਚੌਧਰੀ ਸੰਤੋਖ ਸਿੰਘ ਦੀ ਮੌਤ ਤੋਂ ਬਾਅਦ ਪਿੱਛੇ ਜਿਹੇ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਲੜੀ ਸੀ, ਪਰ ਸੁਸ਼ੀਲ ਰਿੰਕੂ ਤੋਂ ਹਾਰ ਗਈ ਸੀ। ਰਿੰਕੂ ਉਦੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਵਜੋਂ ਲੜੇ ਸਨ। ਹੁਣ ਰਿੰਕੂ ਭਾਜਪਾ ਦੇ ਉਮੀਦਵਾਰ ਹਨ। ਕਾਂਗਰਸ ਵੱਲੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ

● ਬਾਕੀ ਸਫ਼ਾ 2 ’ਤੇ

## ਨਾ ਟਿਕਟ ਲੈਣੀ ਤੇ ਨਾ ਝੂੰਦਾਂ ਦੀ ਹਮਾਇਤ ਕਰਨੀ : ਢੀਂਡਸਾ

**ਸੰਗਰੂਰ :** ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਅਤੇ ਉਨ੍ਹਾ ਦੇ ਪੁੱਤਰ ਤੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਆਪਣੀ ਰਿਹਾਇਸ਼ ’ਤੇ ਪਾਰਟੀ ਵਰਕਰਾਂ ਦੀ ਰਾਇ ਜਾਨਣ ਤੋਂ ਬਾਅਦ ਸਪੱਸ਼ਟ ਕਰ ਦਿੱਤਾ ਹੈ ਕਿ ਉਨ੍ਹਾਂ ਦੇ ਸਮਰਥਕ ਪਾਰਟੀ ਵਰਕਰ ਸੰਗਰੂਰ ਲੋਕ ਸਭਾ ਹਲਕੇ ਤੋਂ ਪਾਰਟੀ ਉਮੀਦਵਾਰ ਇਕਬਾਲ ਸਿੰਘ ਝੂੰਦਾਂ ਦੇ ਹੱਕ ਵਿਚ ਨਹੀਂ ਚੱਲਣਗੇ ਅਤੇ ਘਰ ਬੈਠ ਜਾਣਗੇ। ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਭਾਵੇਂ ਕਿ ਪਾਰਟੀ ਵੱਲੋਂ ਸੁਨੇਹੇ ਆਏ ਕਿ ਟਿਕਟ ਬਦਲ ਦਿੰਦੇ ਹਾਂ, ਪਰ ਉਨ੍ਹਾ ਜਵਾਬ ਦੇ ਦਿੱਤਾ ਕਿ ਟਿਕਟ ਨਹੀਂ ਲੈਣੀ, ਜੋ ਹੋਣਾ ਸੀ ਹੋ ਗਿਆ। ਉਨ੍ਹਾ ਕਿਹਾ ਕਿ ਭਾਵੇਂ ਪਰਮਿੰਦਰ ਸਿੰਘ ਢੀਂਡਸਾ ਨੂੰ ਭਾਜਪਾ ਅਤੇ ਕਾਂਗਰਸ ਪਾਰਟੀ ਵੱਲੋਂ ਵੀ ਟਿਕਟ ਦੇਣ ਦੀ ਪੇਸ਼ਕਸ਼ ਕੀਤੀ ਗਈ, ਪਰ ਉਨ੍ਹਾ ਜਵਾਬ ਦੇ ਦਿੱਤਾ ਕਿ ਅਕਾਲੀ ਸੀ, ਅਕਾਲੀ ਹਾਂ ਅਤੇ ਅਕਾਲੀ ਹੀ ਰਹਾਂਗੇ। ਉਨ੍ਹਾ ਕਿਹਾ ਕਿ ਉਨ੍ਹਾ ਦੇ ਸਮਰਥਕ ਪਾਰਟੀ ਵਰਕਰਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਝੂੰਦਾ ਨਾਲ

● ਬਾਕੀ ਸਫ਼ਾ 2 ’ਤੇ

## ਮੋਦੀ ਭ੍ਰਿਸ਼ਟਾਚਾਰ ਦਾ ਸਕੂਲ ਚਲਾ ਰਹੇ : ਰਾਹੁਲ

**ਨਵੀਂ ਦਿੱਲੀ :** ਰਾਹੁਲ ਗਾਂਧੀ ਨੇ ਚੋਣ ਬਾਂਡ ਨਾਲ ਸੰਬੰਧਤ ਮਾਮਲੇ ਦਾ ਹਵਾਲਾ ਦਿੰਦਿਆਂ ਸ਼ਨੀਵਾਰ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇਸ਼ ’ਚ ਭ੍ਰਿਸ਼ਟਾਚਾਰ ਦਾ ਸਕੂਲ ਚਲਾ ਰਹੇ ਹਨ, ਜਿੱਥੇ ਉਹ ਖੁਦ ਪੂਰਾ ਭ੍ਰਿਸ਼ਟਾਚਾਰ ਵਿਗਿਆਨ ਵਿਸ਼ੇ ਤਹਿਤ ਚੰਦੇ ਦੇ ਕਾਰੋਬਾਰ ਸਮੇਤ ਹਰੇਕ ਅਧਿਆਏ ਨੂੰ ਵਿਸਥਾਰ ਨਾਲ ਪੜ੍ਹਾ ਰਹੇ ਹਨ, ਜਿਵੇਂ ਕਿ ਕਿਵੇਂ ਛਾਪੇਮਾਰੀ ਰਾਹੀਂ ਚੰਦਾ ਵਸੂਲਿਆ ਜਾਂਦਾ ਹੈ, ਕਿਵੇਂ ਚੰਦਾ ਲੈਣ ਤੋਂ ਬਾਅਦ ਠੇਕੇ ਵੰਡੇ ਜਾਂਦੇ ਹਨ, ਕਿਵੇਂ ਭ੍ਰਿਸ਼ਟਾਚਾਰੀਆਂ ਨੂੰ ਸਾਫ ਕਰਨ ਲਈ ਵਾਸ਼ਿੰਗ ਮਸ਼ੀਨ ਦਾ ਕੰਮ ਹੁੰਦਾ ਹੈ, ਏਜੰਸੀਆਂ ਨੂੰ ਵਸੂਲੀ ਏਜੰਟ ਬਣਾ ਕੇ ਕਿਵੇਂ ਜ਼ਮਾਨਤ ਤੇ ਜੇਲ੍ਹ ਦੀ ਖੇਡ ਖੇਡੀ ਜਾਂਦੀ ਹੈ।

## ਸ਼ਹਿਜ਼ਾਦਾ ਵਾਇਨਾਡ ’ਚ ਵੀ ਹਾਰੇਗਾ : ਮੋਦੀ

**ਨਾਂਦੇੜ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ਨੀਵਾਰ ਦਾਅਵਾ ਕੀਤਾ ਕਿ ਅਮੇਠੀ ਵਾਂਗ ਇਸ ਵਾਰ ਲੋਕ ਸਭਾ ਚੋਣਾਂ ’ਚ ਕੇਰਲਾ ਦੇ ਵਾਇਨਾਡ ਹਲਕੇ ਤੋਂ ਕਾਂਗਰਸ ਦਾ ਸ਼ਹਿਜ਼ਾਦਾ ਹਾਰ ਜਾਵੇਗਾ। ਚੋਣ ਰੈਲੀ ਨੂੰ ਸੰਬੋਧਨ ਕਰਦਿਆਂ ਮੋਦੀ ਨੇ ਕਿਹਾ—ਅਮੇਠੀ ਹਾਰਨ ਤੋਂ ਬਾਅਦ ਕਾਂਗਰਸ ਦੇ ਸ਼ਹਿਜ਼ਾਦਾ ਵਾਇਨਾਡ ’ਚ ਹਾਰਨਗੇ। ਇਸ ਲਈ ਉਨ੍ਹਾ ਨੂੰ 26 ਅਪਰੈਲ ਤੋਂ ਬਾਅਦ ਸੁਰੱਖਿਅਤ ਸੀਟ ਦੀ ਤਲਾਸ਼ ਕਰਨੀ ਪਵੇਗੀ। ਸੋਨੀਆ ਗਾਂਧੀ ਬਾਰੇ ਉਨ੍ਹਾ ਕਿਹਾ ਕਿ ਭਾਰਤ ਦੇ ਕੁਝ ਨੇਤਾ ਲੋਕ ਸਭਾ ਛੱਡ ਕੇ ਰਾਜ ਸਭਾ ’ਚ ਚਲੇ ਗਏ ਹਨ, ਕਿਉਂਕਿ ਉਨ੍ਹਾਂ ’ਚ ਚੋਣ ਲੜਨ ਦੀ ਹਿੰਮਤ ਨਹੀਂ ਹੈ।

## ਚਾਕਲੇਟ ਖਾਣ ਨਾਲ ਡੇਢ ਸਾਲ ਦੀ ਬੱਚੀ ਬਿਮਾਰ

**ਪਟਿਆਲਾ :** ਇੱਥੋਂ ਦੀ ਇਕ ਦੁਕਾਨ ਤੋਂ ਖਰੀਦੀ ਮਿਆਦ ਪੁੱਗੀ ਚਾਕਲੇਟ ਖਾਣ ਨਾਲ ਬਿਮਾਰ ਹੋਈ ਡੇਢ ਸਾਲ ਦੀ ਬੱਚੀ ਨੂੰ ਹਸਪਤਾਲ ਦਾਖਲ ਕਰਾਉਣਾ ਪਿਆ। ਲੁਧਿਆਣਾ ਦੀ ਰਾਬੀਆ ਨਾਂਅ ਦੀ ਬੱਚੀ ਆਪਣੇ ਪਰਵਾਰ ਨਾਲ ਇੱਥੇ ਵਿਆਹ ’ਤੇ ਆਈ ਸੀ। ਰਾਬੀਆ ਦੇ ਤੋਪਖਾਨਾ ਮੋੜ ’ਤੇ ਰਹਿੰਦੇ ਰਿਸ਼ਤੇਦਾਰ ਵਿੱਕੀ ਕੁਮਾਰ ਨੇ ਦੱਸਿਆ ਕਿ ਉਸ ਨੇ ਅਦਾਲਤ ਬਾਜ਼ਾਰ ਵਿਚ ਪੀਲੀ ਸੜਕ ’ਤੇ ਸਥਿਤ ਨਾਰਾਇਣ ਚੱਕੀ ਨਾਂਅ ਦੀ ਦੁਕਾਨ ਤੋਂ 300 ਰੁਪਏ ਦੀਆਂ ਚਾਕਲੇਟਾਂ ਤੇ ਹੋਰ ਚੀਜ਼ਾਂ ਖਰੀਦੀਆਂ। ਰਾਬੀਆ ਦਾ ਪਰਵਾਰ ਲੁਧਿਆਣਾ ਪਰਤ ਗਿਆ ਤੇ ਬੁੱਧਵਾਰ ਰਾਬੀਆ ਨੇ ਚਾਕਲੇਟ ਖਾਧੀ ਤਾਂ ਉਲਟੀਆਂ-ਟੱਟੀਆਂ ਕਰਨ ਲੱਗ ਪਈ। ਉਸ ਨੂੰ ਸੀ ਐੱਮ ਸੀ ਦਾਖਲ ਕਰਾਉਣਾ ਪਿਆ। ਹਾਲਾਂਕਿ ਬਾਅਦ ਵਿਚ ਉਸ ਦੀ ਤਬੀਅਤ ਠੀਕ ਹੋ ਗਈ। ਪਰਵਾਰ ਨੇ ਚਾਕਲੇਟ ਦਾ ਕਵਰ ਦੇਖਿਆ ਤਾਂ ਪਤਾ ਲੱਗਾ ਕਿ ਚਾਕਲੇਟ ਦੀ ਮਿਆਦ ਕਰੀਬ ਛੇ

● ਬਾਕੀ ਸਫ਼ਾ 2 ’ਤੇ

## ਬਸਪਾ ਦੇ ਦੋ ਹੋਰ ਉਮੀਦਵਾਰ



**ਬੰਗਾ (ਅਵਤਾਰ ਕਲੇਰ)**-ਬਹੁਜਨ ਸਮਾਜ ਪਾਰਟੀ ਨੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਗੁਰਬਖਸ਼ ਸਿੰਘ ਚੌਹਾਨ ਅਤੇ ਗੁਰਦਾਸਪੁਰ ਤੋਂ ਇੰਜੀਨੀਅਰ ਰਾਜਕੁਮਾਰ ਜਨੋਤਰਾ ਨੂੰ ਚੋਣ ਮੈਦਾਨ ’ਚ ਉਤਾਰਿਆ ਹੈ। ਜਨੋਤਰਾ ਆਲ ਇੰਡੀਆ ਮਹਾਸ਼ਾ ਏਕਤਾ ਮੰਚ ਦੇ ਪ੍ਰਧਾਨ ਵੀ ਹਨ।

ਇਸ ਤੋਂ ਪਹਿਲਾਂ ਪਾਰਟੀ ਜਲੰਧਰ ਤੋਂ ਐਡਵੋਕੇਟ ਬਲਵਿੰਦਰ ਕੁਮਾਰ, ਹੁਸ਼ਿਆਰਪੁਰ ਤੋਂ ਰਕੇਸ਼ ਕੁਮਾਰ ਸੁਮਨ, ਫਿਰੋਜ਼ਪੁਰ ਤੋਂ ਸੁਰਿੰਦਰ ਕੰਬੋਜ, ਸੰਗਰੂਰ ਤੋਂ ਡਾ. ਮੱਖਣ ਸਿੰਘ ਅਤੇ ਪਟਿਆਲਾ ਤੋਂ ਜਗਜੀਤ ਛੜਬੜ ਨੂੰ ਉਮੀਦਵਾਰ ਬਣਾ ਚੁੱਕੀ ਹੈ।

# ਖਡੂਰ ਸਾਹਿਬ ਤੋਂ ਉਮੀਦਵਾਰ ਲਈ ਕਾਮਰੇਡ ਗੁਰਦਿਆਲ ਸਿੰਘ ਦੇ ਨਾਂਅ ਦੀ ਸਿਫਾਰਸ਼



**ਤਰਨ ਤਾਰਨ :** ਸੀ ਪੀ ਆਈ ਜ਼ਿਲ੍ਹਾ ਐਗਜ਼ੈਕਟਿਵ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਕਿਹਾ ਕਿ ਪਾਰਲੀਮੈਂਟ ਹਲਕਾ ਖਡੂਰ ਸਾਹਿਬ ਤੋਂ ਪਾਰਟੀ ਦੇ ਉਮੀਦਵਾਰ ਬਣਾਉਣ ਲਈ ਗੁਰਦਿਆਲ ਸਿੰਘ ਖਡੂਰ ਸਾਹਿਬ ਨੂੰ ਜ਼ਿਲ੍ਹਾ ਐਗਜ਼ੈਕਟਿਵ ਨੇ ਸਰਬਸੰਮਤੀ ਨਾਲ ਪ੍ਰਵਾਨ ਕਰਕੇ ਹੈੱਡਕੁਆਰਟਰ ਨੂੰ ਮਨਜ਼ੂਰੀ ਲੈਣ ਲਈ ਭੇਜ ਦਿੱਤਾ ਹੈ। ਗੁਰਦਿਆਲ ਸਿੰਘ ਦਾ ਨਾਂਅ ਆਉਂਦੇ ਸਾਰ ਕਾਮਰੇਡਾਂ ਨੇ ਮੌਕੇ ’ਤੇ ਚੋਣ ਲੜਨ ਵਾਸਤੇ 150000 ਰੁਪਏ ਤੋਂ ਉਪਰ ਪੈਸਾ ਦਿੱਤਾ। ਬਰਾੜ ਨੇ ਕਿਹਾ ਕਿ ਗੁਰਦਿਆਲ ਸਿੰਘ ਇਮਾਨਦਾਰ, ਬੇਦਾਗ ਤੇ ਕਿਰਤੀਆਂ ਦਾ ਮਸੀਹਾ ਹੈ। ਗੁਰੂ ਅੰਗਦ ਦੇਵ ਜੀ ਦੀ ਧਰਤੀ ਦਾ ਜੰਮਪਲ ਆਪਣੀ ਮਿਹਨਤ-ਮੁਸ਼ੱਕਤ ਕਰਕੇ ਪਰਵਾਰ ਦਾ ਪਾਲਣ-ਪੋਸ਼ਣ ਕਰ ਰਿਹਾ ਹੈ। ਉਸ ਨੇ ਪਿੰਡ ਦੀ ਸਰਪੰਚੀ ਦੀ ਚੋਣ ਵਿੱਚ ਵਿਰੋਧੀਆਂ ਨੂੰ ਤਕੜੀ ਟੱਕਰ ਦਿੱਤੀ ਸੀ। ਬਰਾੜ ਨੇ ਕਿਹਾ ਕਿ ਸੀ ਪੀ ਆਈ ਪੂੰਜੀਵਾਦੀ, ਫਿਰਕੂ ਤੇ ਪਾੜੇ ਪਾਊ ਪਾਰਟੀ ਭਾਜਪਾ ਨੂੰ ਹਰਾਉਣ ਵਾਸਤੇ ਪੂਰਾ ਜ਼ੋਰ ਲਾਵੇਗੀ। ਇਸ ਵੇਲੇ ਦੇਸ਼ ਦੇ ਇਹ ਹਾਲਾਤ ਹਨ ਕਿ ਜਿਹੜਾ ਵੀ ਰਾਜਨੀਤਕ ਆਗੂ ਬੀ ਜੇ ਪੀ ਦੇ ਵਿਰੁੱਧ ਆਵਾਜ਼ ਉਠਾਉਂਦਾ ਹੈ, ਉਸ ਨੂੰ ਭਾਜਪਾ ਸਰਕਾਰ ਆਨੇ-ਬਹਾਨੇ ਜੇਲ੍ਹ ਅੰਦਰ ਧੱਕ ਦਿੰਦੀ ਹੈ, ਪਰ ਸੀ ਪੀ ਆਈ ਗੁਰੂਆਂ, ਗ਼ਦਰੀ ਬਾਬਿਆਂ ਤੇ ਭਗਤ-ਸਰਾਭਿਆਂ ਦੀ ਵਾਰਸ ਹੈ ਤੇ ਉਨ੍ਹਾਂ ਦੀ ਸੋਚ ਦਾ ਹਿੰਦੁਸਤਾਨ ਬਣਾਉਣ ਲਈ ਕਿਰਤੀ, ਕਿਸਾਨਾਂ, ਨੌਜਵਾਨਾਂ, ਵਿਦਿਆਰਥੀਆਂ ਤੇ ਔਰਤਾਂ ਨੂੰ ਲਾਮਬੰਦ ਕਰਦੀ ਰਹੇਗੀ ਤੇ ਭਾਜਪਾ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਪਰਦਾ ਫਾਸ਼ ਕਰਦੀ ਰਹੇਗੀ।

ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਨੇ ਕਿਹਾ ਕਿ ਖਡੂਰ ਸਾਹਿਬ ਹਲਕੇ ’ਚੋਂ ਸ਼ਹੀਦ ਕਾਮਰੇਡ ਅਰਜਨ ਸਿੰਘ ਮਸਤਾਨਾ ਤੇ ਦਰਸ਼ਨ ਸਿੰਘ ਝਬਾਲ ਵਰਗੇ ਦੇਸ਼ ਭਗਤ ਕਮਿਊਨਿਸਟ ਜਿੱਤਦੇ ਰਹੇ ਹਨ ਅਤੇ ਜਿੱਤ ਕੇ ਉਨ੍ਹਾਂ ਲੋਕ ਹਿੱਤ ਦੇ ਕੰਮ ਕੀਤੇ, ਜਿਨ੍ਹਾਂ ਨੂੰ ਅੱਜ ਤੱਕ ਇਲਾਕਾ ਵਾਸੀ ਯਾਦ ਕਰਦੇ ਹਨ। ਗੁਰਦਿਆਲ ਸਿੰਘ ਵੀ ਪਾਰਲੀਮੈਂਟ ਵਿੱਚ ਪਹੁੰਚ ਕੇ ਮਿਹਨਤਕਸ਼ ਆਵਾਮ ਦੇ ਹੱਕਾਂ ਦੀ ਆਵਾਜ਼ ਲਾਮਬੰਦ ਕਰੇਗਾ। ਇਸ ਲਈ ਇਲਾਕੇ ਦੇ ਸੂਝਵਾਨ ਭੈਣਾਂ-ਭਰਾਵਾਂ ਨੂੰ ਪੁਰਜ਼ੋਰ ਅਪੀਲ ਹੈ ਕਿ ਦਾਤਰੀ ਸਿੱਟੇ ਵਾਲਾ ਬਟਨ ਦਬਾ ਕੇ ਗੁਰਦਿਆਲ ਸਿੰਘ ਨੂੰ ਕਾਮਯਾਬ ਕਰਨ। ਮੀਟਿੰਗ ਵਿੱਚ ਸੀਨੀਅਰ ਕਮਿਊਨਿਸਟ ਆਗੂ ਸੁਖਚੈਨ ਸਿੰਘ ਝਬਾਲ, ਮਹਿੰਦਰ ਪਾਲ ਸਿੰਘ ਮੁਹਾਲੀ, ਰਜਿੰਦਰ ਪਾਲ ਕੌਰ, ਦਵਿੰਦਰ ਸੋਹਲ, ਬਲਕਾਰ ਸਿੰਘ ਵਲਟੋਹਾ, ਤਾਰਾ ਸਿੰਘ ਖਹਿਰਾ, ਕਿਰਨਜੀਤ ਕੌਰ ਵਲਟੋਹਾ, ਗੁਰਬਿੰਦਰ ਸਿੰਘ ਸੋਹਲ, ਜਗੀਰੀ ਰਾਮ ਪੱਟੀ, ਨਰਿੰਦਰ ਸਿੰਘ ਅਲਗੋਂ, ਗੁਰਪ੍ਰੀਤ ਸਿੰਘ ਗੰਡੀਵਿੰਡ, ਪੂਰਨ ਸਿੰਘ ਮਾੜੀਮੇਘਾ ਤੇ ਸੀਮਾ ਸੋਹਲ ਆਦਿ ਆਗੂ ਹਾਜ਼ਰ ਸਨ।

## ਅੱਜ-ਨਾਮਾ

ਕਾਂਗਰਸ ਵਿੱਚੋਂ ਕਈ ਛੱਡਦੇ ਜਾਣ ਆਗੂ,
ਲੱਗਦੀ ਕਿਧਰੇ ਨਹੀਂ ਅਜੇ ਬਰੇਕ ਮੀਆਂ।
ਟਿਕਟ ਲੈਣ ਦਾ ਜਿਹੜਾ ਖਿਚਾਅ ਬਣਿਆ,
ਉਹੀ ਬੇੜੀ ਵਿੱਚ ਕਰੀ ਜਾਏ ਛੇਕ ਮੀਆਂ।
ਕਿਸੇ ਨੂੰ ਭਾਜਪਾ ਲੀਡਰ ਆ ਖਿੱਚ ਲੈਂਦੇ,
ਭਗਵੇਂ ਪਰਨੇ ਨਾਲ ਕੱਟੇਗਾ ਕੇਕ ਮੀਆਂ।
ਪਾਰਟੀ ਆਪ ਵੰਨੀਂ ਕੋਈ ਤੁਰ ਗਿਆ ਈ,
ਉਸ ਨੂੰ ਕਹਿ ਰਿਹਾ ਸਿਰੇ ਦੀ ਨੇਕ ਮੀਆਂ।
ਉਲਝਣ ਰਾਜੇ ਵੜਿੰਗ ਲਈ ਬਣੀ ਤਕੜੀ,
ਆਪਣਾ ਤਾਣ ਤਾਂ ਸਾਰਾ ਹੈ ਲਾਈ ਫਿਰਦਾ।
ਕੋਈ ਮੰਨ ਗਿਆ ਤਾਂ ਕੋਈ ਮੰਨਿਆ ਨਹੀਂ,
ਏਧਰ-ਓਧਰ ਵੱਲ ਕਾਰ ਭਜਾਈ ਫਿਰਦਾ।

-ਤੀਸ ਮਾਰ ਖਾਂ

## ਗ਼ਦਰ ਪਾਰਟੀ ਦਾ ਸਥਾਪਨਾ ਦਿਵਸ ਸਮਾਗਮ ਅੱਜ

**ਜਲੰਧਰ (ਰਾਜੇਸ਼ ਥਾਪਾ)**




ਦੇਵਿੰਦਰ ਸ਼ਰਮਾ

ਸਾਡੇ ਮੁਲਕ ਨੂੰ ਹਰ ਵੰਨਗੀ ਦੀ ਗ਼ੁਲਾਮੀ, ਵਿਤਕਰੇ ਅਤੇ ਅਨਿਆਂ ਤੋਂ ਮੁਕਤ ਕਰਕੇ ਆਜ਼ਾਦ, ਖੁਸ਼ਹਾਲ, ਜਮਹੂਰੀ, ਧਰਮ-ਨਿਰਪੱਖ ਸਮਾਜ ਸਿਰਜਣ ਦੇ ਮਹਾਨ ਆਦਰਸ਼ ਨੂੰ ਪ੍ਰਣਾਈ ਗ਼ਦਰ ਪਾਰਟੀ ਦੇ 111ਵੇਂ ਜਨਮ ਦਿਹਾੜੇ (1913-2024) ਮੌਕੇ 21 ਅਪ੍ਰੈਲ ਨੂੰ ਸਵੇਰੇ 10:45 ਵਜੇ ਦੇਸ਼ ਭਗਤ ਯਾਦਗਾਰ ਹਾਲ ’ਚ ਹੋ ਰਹੇ ਸਾਲਾਨਾ ਸਮਾਗਮ ਦੀਆਂ ਤਿਆਰੀਆਂ ਨੂੰ ਸ਼ਨੀਵਾਰ ਅੰਤਮ ਛੋਹਾਂ ਦਿੱਤੀਆਂ ਗਈਆਂ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ

● ਬਾਕੀ ਸਫ਼ਾ 2 ’ਤੇ



## ਚੋਰੀ ਦੀਆਂ ਘਟਨਾਵਾਂ ਨੂੰ ਰੋਕਣ ਲਈ ਥਾਣਾ ਮੁਖੀ ਵੱਲੋਂ ਦੁਕਾਨਦਾਰਾਂ ਨਾਲ ਮੀਟਿੰਗ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਇਲਾਕੇ ਵਿੱਚ ਵਧਦੀਆਂ ਚੋਰੀ ਦੀਆਂ ਘਟਨਾਵਾਂ ਸੰਬੰਧੀ ਥਾਣਾ ਮੁਖੀ ਮਾਛੀਵਾੜਾ ਇੰਸਪੈਕਟਰ ਭਿੰਦਰ ਸਿੰਘ ਖੰਗੂੜਾ ਵੱਲੋਂ ਸ਼ਹਿਰ ਵਿੱਚ ਵੱਖ-ਵੱਖ ਥਾਵਾਂ 'ਤੇ ਜਾ ਕੇ ਦੁਕਾਨਦਾਰਾਂ ਨਾਲ ਮੀਟਿੰਗ ਕੀਤੀ ਗਈ। ਥਾਣਾ ਮੁਖੀ ਨੇ ਕਿਹਾ ਕਿ ਪੁਲਸ ਵੱਲੋਂ ਲੋਕਾਂ ਦੀ ਸੁਰੱਖਿਆ ਲਈ ਆਪਣੇ ਤੌਰ 'ਤੇ ਪੂਰੀ ਮੁਸ਼ਤੈਦੀ ਵਰਤੀ ਜਾ ਰਹੀ ਹੈ ਤੇ ਰਾਤ ਸਮੇਂ ਗਸ਼ਤ ਪਾਰਟੀਆਂ ਵੀ ਵਧਾ ਦਿੱਤੀਆਂ ਹਨ, ਪਰ ਫਿਰ ਵੀ ਦੁਕਾਨਦਾਰ ਰਾਤ ਨੂੰ ਚੌਕੀਦਾਰਾਂ ਦੀ ਗਿਣਤੀ ਵਧਾਉਣ ਤਾਂ ਜੋ ਚੋਰੀ ਦੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਕਿਹਾ ਕਿ ਕਈ ਥਾਵਾਂ 'ਤੇ ਬਜ਼ਾਰਾਂ ਵਿੱਚ ਚੌਕੀਦਾਰ ਬਿਲਕੁਲ ਵੀ ਨਹੀਂ ਹਨ, ਜਿਸ ਕਾਰਨ ਚੋਰ ਅਜਿਹੀ ਸਥਿਤੀ ਦਾ ਲਾਭ ਲੈ ਕੇ ਚੋਰੀ ਕਰ ਜਾਂਦੇ ਹਨ। ਉਨ੍ਹਾਂ ਕਿਹਾ ਕਿ ਬਜ਼ਾਰਾਂ ਵਿੱਚ ਜੇਕਰ ਚੌਕੀਦਾਰਾਂ ਦੀ ਗਿਣਤੀ ਵੱਧ ਹੋਵੇਗੀ ਤਾਂ ਚੋਰਾਂ ਨੂੰ ਮੌਕਾ ਵੀ ਨਹੀਂ ਮਿਲੇਗਾ ਅਤੇ ਜੇਕਰ ਉਹ ਫਿਰ ਵੀ ਘਟਨਾ ਨੂੰ ਅੰਜਾਮ ਦੇਣ ਆਉਂਦੇ ਹਨ ਤਾਂ ਉਹ ਪੁਲਸ ਨੂੰ ਸੂਚਿਤ ਕਰ ਦੇਣਗੇ।

## ਟੀਮ ਸਵੀਪ ਵੱਲੋਂ ਸਕੂਲਾਂ 'ਚ ਵੋਟਰ ਜਾਗਰੂਕਤਾ ਕੈਂਪ



**ਜਲਾਲਾਬਾਦ (ਜੀਤ ਕੁਮਾਰ)**-ਲੋਕਤੰਤਰ ਦੇ ਮਹਾਂਉਤਸਵ ਲੋਕ ਸਭਾ ਚੋਣਾਂ-2024 ਲਈ ਜ਼ਿਲ੍ਹਾ ਚੋਣ ਅਫਸਰ ਫਾਜ਼ਿਲਕਾ-ਕਮ-ਡਿਪਟੀ ਕਮਿਸ਼ਨਰ ਫਾਜ਼ਿਲਕਾ ਸ੍ਰੀਮਤੀ ਸੇਨੂੰ ਦੁੱਗਲ, ਏ.ਡੀ.ਸੀ. ਰਾਕੇਸ਼ ਕੁਮਾਰ ਪੋਪਲੀ ਤੇ ਡੀ.ਈ.ਓ. ਸ਼ਿਵ ਕੁਮਾਰ ਗੋਇਲ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜਲਾਲਾਬਾਦ-79 ਦੇ ਚੋਣ ਅਧਿਕਾਰੀ-ਕਮ-ਉਪ ਮੰਡਲ ਮੈਜਿਸਟਰੇਟ ਬਲਕਰਨ ਸਿੰਘ ਦੀ ਯੋਗ ਅਗਵਾਈ ਹੇਠ ਵੱਧ ਵੋਟਰ ਪ੍ਰਤੀਸ਼ਤਤਾ ਭਾਗੀਦਾਰੀ ਮੁਹਿੰਮ ਤਹਿਤ ਸਵੀਪ ਗਤੀਵਿਧੀਆਂ ਅਧੀਨ ਵੋਟਰ ਜਾਗਰੂਕਤਾ ਕੈਂਪ ਪਿੰਡ ਢੰਡੀ ਕਦੀਮ ਤੇ ਪ੍ਰਭਾਤ ਸਿੰਘ ਵਾਲਾ ਦੇ ਸਕੂਲਾਂ ਵਿੱਚ ਲਗਾਏ ਗਏ। ਜਲਾਲਾਬਾਦ ਬਲਾਕ ਦੀ ਟੀਮ ਸਵੀਪ ਦੁਆਰਾ ਲੋਕ ਸਭਾ ਚੋਣਾਂ 2024 ਲਈ ਵੋਟਰ ਜਾਗਰੂਕਤਾ ਕੈਂਪ ਦਾ ਆਯੋਜਨ ਟੀਮ ਇੰਚਾਰਜ ਅਮਨਦੀਪ ਬਾਲੀ ਦੀ ਅਗਵਾਈ ਹੇਠ ਹੁਸ਼ਿਆਰ ਸਿੰਘ ਦਰਗਨ, ਸਤਨਾਮ ਸਿੰਘ, ਪਵਨ ਕਾਮਰਾ, ਆਸ਼ੂਤੋਸ਼ ਨੇ ਇਨ੍ਹਾਂ ਕੈਂਪ ਵਿੱਚ ਲੋਕਾਂ ਨੂੰ ਵੋਟ ਦੇ ਅਧਿਕਾਰ ਪ੍ਰਤੀ ਜਾਗਰੂਕ ਕੀਤਾ। ਇਸ ਮੌਕੇ ਸਕੂਲਾਂ ਦੇ ਮੁਖੀਆਂ ਲੁਕੇਸ਼ ਕੁਮਾਰ, ਸ੍ਰੀਮਤੀ ਸੁਵੇਤਾ ਰਾਣੀ ਨੇ ਵਿਸ਼ਵਾਸ ਦਿਵਾਇਆ ਕਿ ਵਿਦਿਆਰਥੀ ਲੋਕ ਸਭਾ ਚੋਣਾਂ 2024 ਦੌਰਾਨ ਵੱਧ ਤੋਂ ਵੱਧ ਵੋਟਾਂ ਪਾਉਣ ਵਿੱਚ ਯੋਗਦਾਨ ਪਾਉਣਗੇ। ਕੈਂਪ ਵਿੱਚ ਚੋਣ ਸੈੱਲ ਸੁਖਵਿੰਦਰ ਸਿੰਘ, ਸੁਰਿੰਦਰ ਛਿੰਦਾ ਤੇ ਰੂਬੀ ਮੈਡਮ ਦਾ ਪੂਰਾ ਸਹਿਯੋਗ ਰਿਹਾ।

## 2024 ਦੀਆਂ ਆਮ ਚੋਣਾਂ ਲੋਕਤੰਤਰ ਨੂੰ ਬਚਾਉਣ ਦੀ ਲੜਾਈ : ਚੱਠਾ

**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਪੰਜਾਬ ਸਰਕਾਰ ਵੱਲੋਂ ਪੰਜਾਬ ਸਟੇਟ ਕੰਟੇਨਰ ਐਂਡ ਵੇਅਰ ਹਾਊਸਿੰਗ ਕਾਰਪੋਰੇਸ਼ਨ ਲਿਮ: (ਕੌਨਵੇਅਰ) ਦੇ ਚੇਅਰਮੈਨ ਸਤਿੰਦਰ ਸਿੰਘ ਚੱਠਾ ਨੇ ਗੱਲਬਾਤ ਕਰਦਿਆਂ ਕਿਹਾ ਕਿ 2024 ਦੀਆਂ ਲੋਕ ਸਭਾ ਚੋਣਾਂ ਜਿੱਤਣ ਜਾਂ ਹਾਰਨ ਦੀ ਨਹੀਂ, ਇਹ ਤਾਨਾਸ਼ਾਹੀ ਦੇ ਵਿਰੁੱਧ ਲੜਾਈ ਹੈ, ਇਹ ਸਾਡੇ ਲੋਕਤੰਤਰ ਨੂੰ ਬਚਾਉਣ ਦੀ ਲੜਾਈ ਹੈ।ਸਾਡਾ ਦੇਸ਼ ਅੱਜ ਇੱਕ ਵੱਡੇ ਸੰਕਟ ਦਾ ਸਾਹਮਣਾ ਕਰ ਰਿਹਾ ਹੈ, ਸਾਡੇ ਕੋਲ ਇੱਕ ਤਾਨਾਸ਼ਾਹ ਸੱਤਾ ਵਿੱਚ ਹੈ, ਜੋ ਸਿਰਫ਼ ਖ਼ਤਮ ਕਰਨ ਬਾਰੇ ਹੀ ਸੋਚਦਾ ਤੇ ਆਪਣੇ ਬਾਰੇ ਹੀ ਗੱਲ ਕਰਦਾ ਹੈ, ਉਹ ਵਿਰੋਧੀ ਆਗੂਆਂ ਨੂੰ ਜੇਲ੍ਹ ਵਿੱਚ ਡੱਕ ਰਿਹਾ ਹੈ।ਉਨ੍ਹਾਂ ਕਿਹਾ ਕਿ ਜਦੋਂ ਤਾਨਾਸ਼ਾਹੀ, ਬੇਇਨਸਾਫ਼ੀ ਤੇ ਜ਼ੁਲਮ ਦਾ ਬੋਲਬਾਲਾ ਹੁੰਦਾ ਹੈ ਤਾਂ ਪ੍ਰਮਾਤਮਾ ਸਾਨੂੰ ਇਨ੍ਹਾਂ ਸਾਰੀਆਂ ਬੁਰਾਈਆਂ ਤੋਂ ਮੁਕਤ ਕਰਨ ਲਈ ਆਪਣਾ 'ਝਾੜੂ' ਵਰਤਦਾ ਹੈ।ਉਨ੍ਹਾਂ ਕਿਹਾ ਕਿ ਭਾਜਪਾ ਆਮ ਆਦਮੀ ਪਾਰਟੀ ਦੀ ਲੋਕਪ੍ਰਿਅਤਾ ਤੇ ਸਾਡੀ ਦੇਸ਼ ਭਗਤੀ ਅਤੇ ਇਮਾਨਦਾਰ ਰਾਜਨੀਤੀ ਨੂੰ ਬਰਦਾਸ਼ਤ ਨਹੀਂ ਕਰ ਸਕਦੀ।ਭਾਜਪਾ ਤੋਂ ਇਹ ਸਭ ਇਸ ਲਈ ਹਜ਼ਮ ਨਹੀਂ ਹੋ ਰਿਹਾ, ਕਿਉਂਕਿ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਜਿੱਥੇ ਵੀ 'ਆਪ' ਜਾਂਦੀ ਹੈ, ਅਸੀਂ ਉੱਥੇ ਭਾਜਪਾ ਨੂੰ ਖ਼ਤਮ ਕਰ ਦਿੰਦੇ ਹਾਂ।ਅਰਵਿੰਦ ਕੇਜਰੀਵਾਲ ਜਿੱਥੇ ਵੀ ਜਾਂਦੇ ਹਨ, ਉੱਥੇ ਭ੍ਰਿਸ਼ਟਾਚਾਰ ਦੀ ਰਾਜਨੀਤੀ ਨੂੰ ਖ਼ਤਮ ਕਰ ਦਿੰਦੇ ਹਨ ਤੇ ਲੋਕ ਪੱਖੀ ਸਰਕਾਰ ਬਣਾਉਂਦੇ ਹਨ, ਪਰ ਉਹ (ਭਾਜਪਾ) ਨਹੀਂ ਜਾਣਦੇ ਕਿ ਉਹ ਸਾਨੂੰ ਨਾ ਤਾਂ ਰੋਕ ਸਕਦੇ ਹਨ ਤੇ ਨਾ ਹੀ ਸਾਨੂੰ ਡਰਾ ਸਕਦੇ ਹਨ।

# ਕਿਸਾਨ ਜਥੇਬੰਦੀਆਂ ਵੱਲੋਂ ਭਾਜਪਾ ਉਮੀਦਵਾਰ ਪਰਮਪਾਲ ਕੌਰ ਦਾ ਘਿਰਾਓ

**ਕਿਸਾਨ ਜਥੇਬੰਦੀਆਂ ਤੇ ਪੁਲਸ ਵਿਚਕਾਰ ਹੋਈ ਧੱਕਾ ਮੁੱਕੀ**



**ਮਾਨਸਾ (ਆਤਮਾ ਸਿੰਘ ਪਮਾਰ)**-ਕਿਸਾਨ ਜਥੇਬੰਦੀਆਂ ਵੱਲੋਂ ਸਮੁੱਚੇ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਦੇ ਲੋਕ ਸਭਾ ਉਮੀਦਵਾਰਾਂ ਤੋਂ ਚੋਣ ਮੁਹਿੰਮ ਦੌਰਾਨ ਉਨ੍ਹਾਂ ਦੀਆਂ ਲੰਬੇ ਸਮੇਂ ਤੋਂ ਲਟਕਦੀਆਂ ਆ ਰਹੀਆਂ ਮੰਗਾਂ ਸਬੰਧੀ ਸਵਾਲ ਪੁੱਛਣ ਤਹਿਤ ਉਨ੍ਹਾਂ ਦੇ ਘਿਰਾਓ ਦਾ ਪ੍ਰੋਗਰਾਮ ਪਹਿਲਾਂ ਤੋਂ ਹੀ ਉਲੀਕਿਆ ਹੋਇਆ ਹੈ, ਜਿਸ ਦੀ ਕੜੀ ਵਜੋਂ ਭਾਜਪਾ ਉਮੀਦਵਾਰ ਸ੍ਰੀਮਤੀ ਪਰਮਪਾਲ ਕੌਰ ਸਿੱਧੂ ਦੇ ਮਾਨਸਾ ਸ਼ਹਿਰ ਪਹੁੰਚਣ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਵੱਲੋਂ ਸਵਾਲ ਪੁੱਛਣ 'ਤੇ ਘਿਰਾਓ ਦਾ ਪ੍ਰੋਗਰਾਮ ਰੱਖਿਆ ਹੋਇਆ ਸੀ।

ਜ਼ਿਲ੍ਹਾ ਪੁਲਸ ਪ੍ਰਸ਼ਾਸਨ ਮਾਨਸਾ ਵੱਲੋਂ ਪਹਿਲਾਂ ਤੋਂ ਹੀ ਵੱਡੀ ਗਿਣਤੀ 'ਚ ਪੁਲਸ ਬਲਾਂ ਦੀ ਤਾਇਨਾਤੀ ਕੀਤੀ ਗਈ ਸੀ, ਜਿਸ ਕਾਰਨ ਕਿਸਾਨਾਂ ਤੇ ਪੁਲਸ ਵਿਚਕਾਰ ਕਾਫੀ ਧੱਕਾ-ਮੁੱਕੀ ਹੁੰਦੀ ਵੀ ਦੇਖੀ ਗਈ।ਇਸ ਸਮੇਂ ਕਿਸਾਨ ਉਮੀਦਵਾਰ ਨਾਲ ਭਾਵੇਂ ਸਿੱਧੀ ਗੱਲਬਾਤ ਤਾਂ ਨਹੀਂ ਕਰ ਸਕੇ, ਪ੍ਰੰਤੂ ਫਿਰ ਵੀ ਕਿਸਾਨਾਂ ਵੱਲੋਂ ਕੇਂਦਰ ਦੀ ਮੋਦੀ ਸਰਕਾਰ ਤੇ ਭਾਜਪਾ ਉਮੀਦਵਾਰ ਵਿਰੁੱਧ ਜ਼ਬਰਦਸਤ ਨਾਅਰੇਬਾਜ਼ੀ ਕਰਕੇ ਰੋਸ ਦਾ ਪ੍ਰਗਟਾਵਾ ਕਰਨ ਵਿੱਚ ਸਫਲ ਜ਼ਰੂਰ ਰਹੇ।ਇਸ ਸਮੇਂ ਮੈਡਮ ਸਿੱਧੂ ਨੇ ਬੋਲਦਿਆਂ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਕੇਂਦਰ ਵੱਲੋਂ ਜਾਰੀ ਵੱਖ ਵੱਖ ਸਕੀਮਾਂ ਜਿਵੇਂ ਘਰ ਘਰ ਆਟਾ ਪਹੁੰਚਾਉਣ, ਆਯੂਸ਼ਮਾਨ ਸਿਹਤ ਬੀਮਾ ਸਕੀਮ ਤੋਂ ਇਲਾਵਾ ਹੋਰ ਕਿੰਨੀਆਂ ਹੀ ਕੇਂਦਰੀ ਸਕੀਮਾਂ ਨੂੰ ਪੰਜਾਬ ਵਿੱਚ ਸਹੀ ਤਰੀਕੇ ਨਾਲ ਲਾਗੂ ਨਹੀਂ ਕਰ ਰਹੀ ਜਾਂ ਜਾਰੀ ਫੰਡਾਂ ਦੀ ਵਰਤੋਂ ਕਿਸੇ ਹੋਰ ਮਕਸਦ ਲਈ ਕਰ ਲਈ ਜਾਂਦੀ ਹੈ ਅਤੇ ਆਪਣੀਆਂ ਫੋਟੋਆਂ ਲਗਾਕਰ ਕੇ ਪ੍ਰਚਾਰ ਜਨਤਾ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ।ਇਸ ਸਮੇਂ ਕਿਸਾਨ ਆਗੂਆਂ ਨੇ ਕਿਹਾ ਕਿ ਜਦੋਂ ਤੱਕ ਮੋਦੀ ਤੇ ਪੰਜਾਬ ਦੀ ਮਾਨ ਸਰਕਾਰ ਕਿਸਾਨਾਂ ਦੀਆਂ ਹੱਕੀ ਮੰਗਾਂ ਦਾ ਪੂਰਨ ਰੂਪ ਵਿੱਚ ਨਿਪਟਾਰਾ ਨਹੀਂ ਕਰਦੀਆਂ, ਪਿੰਡਾਂ ਤੇ ਸ਼ਹਿਰਾਂ ਵਿੱਚ ਸੰਯੁਕਤ ਮੋਰਚੇ ਵੱਲੋਂ ਤਹਿਸ਼ੁਦਾ ਪ੍ਰੋਗਰਾਮ ਅਨੁਸਾਰ ਇਨ੍ਹਾਂ ਦੇ ਉਮੀਦਵਾਰਾਂ ਨੂੰ ਸਵਾਲ ਪੁੱਛਣੇ ਤੇ ਘਿਰਾਓ ਵੀ ਜਾਰੀ ਰਹਿਣਗੇ।

## ਨਿਰੰਕਾਰੀ ਮਿਸ਼ਨ ਵੱਲੋਂ 'ਮਾਨਵ ਏਕਤਾ ਦਿਵਸ' 24 ਨੂੰ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪ੍ਰਿਆਸ ਸਿੰਘ ਬੱਲ)**-'ਮਾਨਵ ਏਕਤਾ ਦਿਵਸ' 24 ਅਪ੍ਰੈਲ ਨੂੰ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਤੇ ਨਿਰੰਕਾਰੀ ਰਾਜਪਿਤਾ ਜੀ ਦੀ ਪਵਿੱਤਰ ਹਜ਼ੂਰੀ ਵਿੱਚ ਗਰਾਊਂਡ ਨੰਬਰ 2, ਨਿਰੰਕਾਰੀ ਚੌਂਕ, ਬੁਰਾੜੀ ਵਿਖੇ ਮਨਾਇਆ ਜਾਵੇਗਾ।ਇਹ ਦਿਨ ਸਤਿਗੁਰੂ ਬਾਬਾ ਗੁਰਬਚਨ ਸਿੰਘ ਜੀ ਦੇ ਪਰਉਪਕਾਰੀ ਜੀਵਨ ਤੇ ਉਨ੍ਹਾਂ ਦੀ ਲੋਕ ਭਲਾਈ ਦੀ ਭਾਵਨਾ ਨੂੰ ਸਮਰਪਤ ਹੈ।ਇਸ ਪ੍ਰੋਗਰਾਮ ਵਿੱਚ ਦਿੱਲੀ ਤੇ ਆਸ-ਪਾਸ ਦੇ ਰਾਜਾਂ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਦੇ ਸ਼ਿਰਕਤ ਕਰਕੇ ਬਾਬਾ ਗੁਰਬਚਨ ਸਿੰਘ ਜੀ ਤੇ ਪਰਮ ਸ਼ਰਧਾਲੂ ਚਾਚਾ ਪ੍ਰਤਾਪ ਸਿੰਘ ਜੀ ਨੂੰ ਸ਼ਰਧਾਂਜਲੀ ਭੇਟ ਕਰਕੇ ਉਨ੍ਹਾਂ ਦੇ ਮਹਾਨ ਜੀਵਨ ਤੋਂ ਪ੍ਰੇਰਨਾ ਲੈਂਦੇ ਹੋਏ ਸਤਿਗੁਰ ਦੇ ਪ੍ਰਵਚਨਾਂ ਨੂੰ ਸਰਵਣ ਕਰਨਗੇ।ਸੰਤ ਨਿਰੰਕਾਰੀ ਮੰਡਲ ਦੇ ਸਕੱਤਰ ਤੇ ਸਮਾਜ ਭਲਾਈ ਵਿਭਾਗ ਦੇ ਇੰਚਾਰਜ ਸਤਿਕਾਰਯੋਗ ਸ੍ਰੀ ਜੋਗਿੰਦਰ ਸੁਖੀਜਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਤਿਗੁਰੂ ਜੀ ਦੀ ਅਪਾਰ ਕਿਰਪਾ ਨਾਲ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸੰਤ ਨਿਰੰਕਾਰੀ ਚੈਰੀਟੇਬਲ ਫਾਊਂਡੇਸ਼ਨ (ਸਮਾਜ ਭਲਾਈ ਵਿੰਗ) ਦੀ ਸਰਪ੍ਰਸਤੀ ਹੇਠ ਵਿਸ਼ਵ ਭਰ ਵਿੱਚ ਲਗਾਤਾਰ ਖੂਨਦਾਨ ਕੈਂਪਾਂ ਦੀ ਲੜੀ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਖ਼ੂਨਦਾਨ ਕਰਨ ਵਾਲੇ ਲੋਕ ਮਾਨਵਤਾ ਦੀ ਭਲਾਈ ਲਈ ਖ਼ੂਨਦਾਨ ਕਰਕੇ ਨਿਰਸਵਾਰਥ ਸੇਵਾ ਦੀ ਮਿਸਾਲ ਕਾਇਮ ਕਰਨਗੇ।ਇਸ ਤੋਂ ਇਲਾਵਾ ਦੇਸ਼ ਦੇ ਹੋਰ ਰਾਜਾਂ ਵਿੱਚ ਲਗਾਏ ਜਾਣ ਵਾਲੇ ਖ਼ੂਨਦਾਨ ਕੈਂਪਾਂ ਵਿੱਚ ਖ਼ੂਨ ਇਕੱਠਾ ਕਰਨ ਲਈ ਸਥਾਨਕ ਹਸਪਤਾਲਾਂ ਦੇ ਡਾਕਟਰ ਤੇ ਨਰਸਾਂ ਹਾਜ਼ਰ ਰਹਿਣਗੀਆਂ। ਇਸ ਤੋਂ ਇਲਾਵਾ ਸਾਰੀਆਂ ਥਾਵਾਂ 'ਤੇ ਸਤਿਸੰਗ ਪ੍ਰੋਗਰਾਮ ਵੀ ਕਰਵਾਏ ਜਾਣਗੇ।

## ਦੇਸ਼ ਤੇ ਲੋਕਤੰਤਰ ਨੂੰ ਬਚਾਉਣ ਲਈ ਆਪ ਦੇ ਹੱਥ ਮਜ਼ਬੂਤ ਕੀਤੇ ਜਾਣ : ਪ੍ਰੋ. ਉਂਕਾਰ ਸਿੱਧੂ



**ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)**-ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਵੱਲੋਂ ਸ਼ੁਰੂ ਕੀਤੀਆਂ ਚੋਣ ਸਰਗਰਮੀਆਂ ਦੇ ਸਿਲਸਲੇ ਤਹਿਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ.ਐੱਸ.ਡੀ. ਪ੍ਰੋਫੈਸਰ ਉਂਕਾਰ ਸਿੰਘ ਸਿੱਧੂ ਨੇ ਵੱਖ ਵੱਖ ਥਾਵਾਂ 'ਤੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਉਪਰੰਤ ਆਪਣੇ ਸੰਬੋਧਨ 'ਚ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦੇਸ਼ ਅੰਦਰ ਅੱਜ ਐਮਰਜੈਂਸੀ ਵਰਗੇ ਹਾਲਾਤ ਪੈਦਾ ਕੀਤੇ ਜਾ ਰਹੇ ਹਨ ਤੇ ਸੰਵਿਧਾਨ ਨੂੰ ਬਦਲਨ ਅਤੇ ਲੋਕਤੰਤਰ ਨੂੰ ਖਤਮ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਦੇਸ਼ ਤੇ ਲੋਕਤੰਤਰ ਨੂੰ ਬਚਾਉਣ ਲਈ ਆਮ ਆਦਮੀ ਪਾਰਟੀ ਦੇ ਹੱਥ ਮਜ਼ਬੂਤ ਕੀਤੇ ਜਾਣ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਚੋਣਾਂ 'ਚ ਕੀਤੇ ਸਾਰੇ ਵਾਅਦਿਆਂ ਨੂੰ ਪੂਰਾ ਕਰਨ ਤੇ ਆਮ ਲੋਕਾਂ ਦੇ ਕੰਮ ਕਰਵਾਉਣ ਲਈ ਵਚਨਬੱਧ ਹੈ।ਉਨ੍ਹਾਂ ਕੇਂਦਰ ਦੀ ਮੋਦੀ ਸਰਕਾਰ 'ਤੇ ਸ਼ਬਦੀ ਵਾਰ ਕਰਦਿਆਂ ਕਿਹਾ ਕਿ ਮੋਦੀ ਸਰਕਾਰ ਆਪਣੇ ਵਿਰੋਧੀਆਂ ਨੂੰ ਦਬਾਉਣ ਤੇ ਧਮਕਾਉਣ ਲਈ ਈ ਡੀ ਵਰਗੀਆਂ ਏਜੰਸੀਆਂ ਨੂੰ ਦਬਾਓ ਤੰਤਰ ਵਜੋਂ ਵਰਤ ਰਹੀ ਹੈ।ਪ੍ਰੋ: ਓਂਕਾਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੇ ਹਲਕੇ ਧੂਰੀ ਸ਼ਹਿਰ ਦੇ ਵਿਕਾਸ ਲਈ ਸਰਕਾਰ ਵੱਲੋਂ ਵਿਕਾਸ ਕਾਰਜਾਂ 'ਤੇ 250 ਕਰੋੜ ਰੁਪਏ ਖਰਚੇ ਜਾਣਗੇ ਤੇ ਜਿਨ੍ਹਾਂ 'ਚੋਂ ਕਈ ਕੰਮ ਸ਼ੁਰੂ ਕੀਤੇ ਜਾ ਚੁੱਕੇ ਹਨ।ਉਨ੍ਹਾਂ ਕਿਹਾ ਕਿ ਸ਼ਹਿਰ 'ਚੋਂ ਲੰਘਦੇ ਰਜਵਾਹੇ ਨੂੰ ਛੱਤਣ ਤੇ ਪੱਕਾ ਕਰਨ 'ਤੇ ਕਰੀਬ 32 ਕਰੋੜ ਰੁਪਏ ਖਰਚ ਕੀਤੇ ਗਏ ਹਨ ਤੇ ਹੁਣ ਉਸ ਨੂੰ ਸੈਰਗਾਹ ਵਜੋਂ ਵਿਕਸਤ ਕੀਤਾ ਜਾਵੇਗਾ।

## ਸੰਗਤਾਂ ਦਾ ਗਿਆਰ੍ਹਵਾਂ ਜਥਾ ਕਰਤਾਰਪੁਰ ਸਾਹਿਬ ਲਈ ਰਵਾਨਾ



**ਬਰਨਾਲਾ (ਰਾਜਿੰਦਰ ਬਰਾੜ/ਰਾਕੇਸ਼ ਨੀਟਾ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਜਥੇਦਾਰ ਪਰਮਜੀਤ ਸਿੰਘ ਖਾਲਸਾ ਜੀ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹਲਕਾ ਬਰਨਾਲਾ ਦੀ ਅਗਵਾਈ ਹੇਠ ਗੁਰਦੁਆਰਾ ਤਪ ਅਸਥਾਨ ਬੀਬੀ ਪ੍ਰਧਾਨ ਕੌਰ ਜੀ ਬਰਨਾਲਾ ਤੋਂ ਗਿਆਰਵਾਂ 50 ਸੰਗਤਾਂ ਦਾ ਜਥਾ ਸ੍ਰੀ ਕਰਤਾਰਪੁਰ ਸਾਹਿਬ (ਪਾਕਿਸਤਾਨ) ਵਿਖੇ ਰਵਾਨਾ ਕੀਤਾ ਗਿਆ। ਇਸ ਵਿੱਚ ਗੁਰਦੁਆਰਾ ਚੋਲਾ ਸਾਹਿਬ, ਗੁਰਦੁਆਰਾ ਡੇਰਾ ਬਾਬਾ ਨਾਨਕ ਦੇ ਦਰਸ਼ਨ ਕਰਵਾਏ ਜਾਣਗੇ। ਸੰਗਤਾਂ ਦੀ ਰਿਹਾਇਸ਼ ਤੇ ਲੰਗਰ ਆਦਿ ਦਾ ਡੇਰਾ ਬਾਬਾ ਨਾਨਕ ਵਿਖੇ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਜਥੇਦਾਰ ਪਰਮਜੀਤ ਸਿੰਘ ਖਾਲਸਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੰਗਤਾਂ ਦਾ ਸਨਮਾਨ ਕੀਤਾ ਤੇ ਸੰਗਤਾਂ ਨੂੰ ਵਧਾਈਆਂ ਦਿੱਤੀਆਂ। ਸੰਗਤਾਂ ਦੀ ਮੰਗ ਨੂੰ ਮੁੱਖ ਰੱਖਦਿਆਂ ਹਰ ਰੋਜ਼ ਯਾਤਰਾ ਕਾਊਂਟਰ ਸ੍ਰੀ ਕਰਤਾਰਪੁਰ ਸਾਹਿਬ ਪਾਕਿਸਤਾਨ ਦਾ ਖੋਲ੍ਹਿਆ ਗਿਆ ਹੈ। ਇਸ ਕਾਊਂਟਰ 'ਤੇ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਰਜਿਸਟ੍ਰੇਸ਼ਨ ਫਰੀ ਕੀਤੀ ਜਾਂਦੀ ਹੈ। ਸੋ ਭਾਈ ਗੁਰਜੰਟ ਸਿੰਘ ਸੋਨਾ ਪਾਸ ਰਜਿਸਟ੍ਰੇਸ਼ਨ ਗੁਰਦੁਆਰਾ ਬਾਬਾ ਗਾਂਧਾ ਸਿੰਘ ਜੀ ਬਰਨਾਲਾ ਵਿਖੇ ਕਰਵਾ ਦਿੱਤੀ ਜਾਵੇ। ਇਸ ਮੌਕੇ ਮੈਨੇਜਰ ਸੁਰਜੀਤ ਸਿੰਘ ਠੀਕਰੀਵਾਲਾ, ਮੀਤ ਮੈਨੇਜਰ ਇੰਦਰਜੀਤ ਸਿੰਘ, ਬੇਅੰਤ ਸਿੰਘ ਧਾਲੀਵਾਲ, ਗੁਰਜੰਟ ਸਿੰਘ ਸੋਨਾ ਇੰਚਾਰਜ ਗੁਰਦੁਆਰਾ ਤਪ ਅਸਥਾਨ ਬੀਬੀ ਪ੍ਰਧਾਨ ਕੌਰ, ਅਮਰਜੀਤ ਸਿੰਘ ਗੁਰਮੀਤ ਸਿੰਘ, ਕੁਲਦੀਪ ਸਿੰਘ, ਮਨਦੀਪ ਕੌਰ, ਸਰਿੰਦਰ ਪਾਲ ਕੌਰ, ਤੇਜਿੰਦਰ ਪਾਲ ਕੌਰ ਸੰਗਰੂਰ, ਬਲਜੀਤ ਸਿੰਘ ਸਿੱਧੂ, ਨਰਿੰਦਰ ਕੌਰ, ਸਿਮਰਨ ਜੀਤ ਕੌਰ, ਜਗਦੇਵ ਸਿੰਘ, ਦਰਸ਼ਨ ਕੌਰ, ਹਰਭਜਨ ਸਿੰਘ, ਭੁਪਿੰਦਰ ਸਿੰਘ ਲੁਧਿਆਣਾ, ਰੂਪ ਸਿੰਘ, ਕਮਲਜੀਤ ਕੌਰ ਸਮਾਣਾ, ਮਨਦੀਪ ਸਿੰਘ, ਰਾਕੇਸ਼ ਕੁਮਾਰ, ਹਰਦੀਪ ਕੌਰ, ਰਾਜਿੰਦਰ ਪਾਲ, ਵਿਜੈ ਕੁਮਾਰ, ਰਣਵੀਰ ਸਿੰਘ, ਸਤਪਾਲ ਸਿੰਘ ਆਦਿ ਸਮੂਹ ਸੰਗਤਾਂ ਹਾਜ਼ਰ ਸਨ।

## ਜੇ ਐੱਮ ਐੱਸ ਨੇ ਲਵਾਇਆ ਕੈਨੇਡਾ ਵੀਜ਼ਾ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਥਾਨਕ ਸ਼ਹਿਰ ਦੀ ਮੰਨੀ ਪ੍ਰਮੰਨੀ ਸੰਸਥਾ ਜੇ.ਐੱਮ.ਐੱਸ. ਇਮੀਗ੍ਰੇਸ਼ਨ ਜੋ ਕਿ ਬਾਘਾ ਪੁਰਾਣਾ ਸ਼ਹਿਰ ਦੀ ਨਹਿਰੂ ਮੰਡੀ ਵਿਖੇ ਸਥਿਤ ਹੈ।ਸੰਸਥਾ ਵੱਲੋਂ ਵਿਦਿਆਰਥੀਆਂ ਦੇ ਬਾਹਰ ਜਾ ਕੇ ਪੜ੍ਹਾਈ ਕਰਨ ਤੇ ਲੋਕਾਂ ਦੇ ਬਾਹਰ ਜਾ ਕੇ ਘੁੰਮਣ ਦੇ ਸੁਪਨੇ ਨੂੰ ਬਹੁਤ ਹੀ ਜਲਦ ਉਡਾਣ ਦਿੱਤੀ ਜਾਂਦੀ ਹੈ।ਇਸ ਵਾਰ ਸੰਸਥਾ ਵੱਲੋਂ ਪਰਵਿੰਦਰ ਕੌਰ ਵਾਸੀ ਕੋਠਾ ਗੁਰੂ ਜ਼ਿਲ੍ਹਾ ਬੰਠਿਡਾ ਦਾ ਆਸਟ੍ਰੇਲੀਆ ਦੀ ਰਫਿਊਜ਼ਲ ਹੋਣ ਦੇ ਬਾਵਜੂਦ ਕੈਨੇਡਾ ਦਾ ਸਟੱਡੀ ਵੀਜ਼ਾ ਲਗਵਾ ਕੇ ਉਸ ਦੇ ਸੁਪਨੇ ਨੂੰ ਉੱਚੀ ਉਡਾਣ ਦਿੱਤੀ ਗਈ ਹੈ।ਡਾਇਰੈਕਟਰ ਹਰਲਾਲ ਸਿੰਘ ਮਾਨ ਵੱਲੋਂ ਵਿਦਿਆਰਥੀਆਂ ਨੂੰ ਵੀਜ਼ੇ ਦੀ ਜਾਣਕਾਰੀ ਦੇ ਕੇ ਜਾਗਰੂਕ ਕੀਤਾ ਗਿਆ।ਉਨ੍ਹਾਂ ਵੱਲੋਂ ਦਿੱਤੀ ਜਾਣਕਾਰੀ ਵਿੱਚ ਦੱਸਿਆ ਗਿਆ ਕਿ ਪੜ੍ਹਾਈ ਵਿੱਚ ਵੱਧ ਤੋਂ ਵੱਧ ਗੈਪ ਵਾਲੇ ਵਿਦਿਆਰਥੀ ਵੀ ਵਿਦੇਸ਼ਾਂ ਵਿੱਚ ਜਾ ਕੇ ਆਪਣੀ ਉਚੇਰੀ ਸਿੱਖਿਆ ਪ੍ਰਾਪਤ ਕਰ ਸਕਦੇ ਹਨ ਤੇ ਜਿਨ੍ਹਾਂ ਵਿਦਿਆਰਥੀਆਂ ਦਾ ਵੀਜ਼ਾ ਵਾਰ-ਵਾਰ ਰਫਿਊਜ਼ ਹੋ ਰਿਹਾ ਹੈ, ਉਨ੍ਹਾਂ ਨੂੰ ਵੀ ਘਬਰਾਉਣ ਦੀ ਲੋੜ ਨਹੀਂ। ਜੇਕਰ ਤੁਸੀਂ ਵੀ ਵਿਦੇਸ਼ਾਂ ਵਿੱਚ ਘੁੰਮਣ ਜਾਣਾ ਚਾਹੁੰਦੇ ਹੋ ਤਾਂ ਤੁਸੀਂ ਇੱਕ ਵਾਰ ਆਪਣੇ ਦਸਤਾਵੇਜ਼ ਲੈ ਕੇ ਸੰਸਥਾ ਵਿਖੇ ਜ਼ਰੂਰ ਪਹੁੰਚੋ।ਸੰਸਥਾ ਵੱਲੋਂ ਸਟੱਡੀ ਵੀਜ਼ਾ, ਵਿਜ਼ਿਟਰ ਵੀਜ਼ਾ, ਸੁਪਰ ਵੀਜ਼ਾ, ਓਪਨ ਵਰਕ ਪਰਮਿਟ ਵੀਜ਼ਾ ਲਗਵਾਏ ਜਾਂਦੇ ਹਨ।

## ਕੁਲਵੰਤ ਸਿੰਘ ਕਲਕੱਤਾ ਸ਼੍ਰੋਮਣੀ ਅਕਾਲੀ ਦਲ (ਅ) ਦੇ ਜ਼ਿਲ੍ਹਾ ਮੀਤ ਪ੍ਰਧਾਨ ਨਿਯੁਕਤ



**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਸ੍ਰ. ਸਿਮਰਨਜੀਤ ਸਿੰਘ ਮਾਨ ਨੇ ਇਲਾਕੇ ਵਿੱਚ ਲੰਬੇ ਸਮੇਂ ਤੋਂ ਪੰਥਕ ਸੇਵਾਵਾਂ ਕਰਦੇ ਆ ਰਹੇ ਸ. ਕੁਲਵੰਤ ਸਿੰਘ ਕਲਕੱਤਾ ਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਜ਼ਿਲ੍ਹਾ ਜਥੇਬੰਦੀ ਸੰਗਰੂਰ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਹੈ।ਕੁਲਵੰਤ ਸਿੰਘ ਕਲਕੱਤਾ ਦਾ ਪਾਰਟੀ ਵਿੱਚ ਸ਼ਾਮਲ ਹੋਣ 'ਤੇ ਸਵਾਗਤ ਕਰਦਿਆਂ ਸ੍ਰ. ਮਾਨ ਨੇ ਦੱਸਿਆ ਕਿ ਸ੍ਰ. ਕੁਲਵੰਤ ਸਿੰਘ ਪੰਥਕ ਸੋਚ ਦੇ ਆਗੂ ਹਨ, ਜਿਨ੍ਹਾਂ ਨੂੰ ਉਨ੍ਹਾਂ ਦੀ ਲੋਕ ਪੱਖੀ ਸੋਚ ਤੇ ਲੋਕ ਸੇਵਾ ਭਾਵਨਾ ਦੇ ਮੱਦੇਨਜ਼ਰ ਪਾਰਟੀ ਵਿੱਚ ਜ਼ਿਲ੍ਹਾ ਮੀਤ ਪ੍ਰਧਾਨ ਦੀ ਅਹਿਮ ਜ਼ਿੰਮੇਵਾਰੀ ਸੌਂਪੀ ਗਈ ਹੈ।ਇਸ ਲਈ ਆਸ ਕਰਦੇ ਹਾਂ ਕਿ ਸ੍ਰ. ਕੁਲਵੰਤ ਸਿੰਘ ਕਲਕੱਤਾ ਪਾਰਟੀ ਦੇ ਸਿਧਾਂਤਾਂ ਅਨੁਸਾਰ ਪੰਥ ਦੀ ਚੜ੍ਹਦੀ ਕਲਾਂ, ਧਰਮ ਦੇ ਪ੍ਰਚਾਰ ਪ੍ਰਸਾਰ ਤੇ ਲੋਕਾਂ ਦੇ ਹੱਕਾਂ ਦੀ ਰਾਖੀ ਲਈ ਸੇਵਾ ਕਰਦੇ ਰਹਿਣਗੇ।ਨਵ-ਨਿਯੁਕਤ ਜ਼ਿਲ੍ਹਾ ਮੀਤ ਪ੍ਰਧਾਨ ਕੁਲਵੰਤ ਸਿੰਘ ਕਲਕੱਤਾ ਨੇ ਦੱਸਿਆ ਕਿ ਉਨ੍ਹਾ ਨੇ ਸ. ਸਿਮਰਨਜੀਤ ਸਿੰਘ ਮਾਨ ਦੀ ਲੋਕ ਪੱਖੀ ਸੋਚ ਤੋਂ ਪ੍ਰਭਾਵਿਤ ਹੋ ਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨਾਲ ਜੁੜ ਕੇ ਲੋਕ ਸੇਵਾ ਦਾ ਫ਼ੈਸਲਾ ਲਿਆ ਹੈ।ਉਨ੍ਹਾਂ ਸੌਂਪੀ ਗਈ ਇਸ ਅਹਿਮ ਜ਼ਿੰਮੇਵਾਰੀ ਲਈ ਪਾਰਟੀ ਪ੍ਰਧਾਨ ਤੇ ਸਮੁੱਚੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਭਰੋਸਾ ਦੁਆਇਆ ਕਿ ਉਹ ਪਾਰਟੀ ਦੀ ਚੜ੍ਹਦੀ ਕਲਾਂ ਨੂੰ ਸਮਰਪਤ ਹੋ ਕੇ ਹਮੇਸ਼ਾ ਲੋਕ ਸੇਵਾ ਵਿੱਚ ਹਾਜ਼ਰ ਰਹਿਣਗੇ।ਇਸ ਮੌਕੇ ਜਥੇਦਾਰ ਗੁਰਨੈਬ ਸਿੰਘ ਰਾਮਪੁਰਾ, ਨਵਨੀਤ ਗੋਪੀ ਲੁਧਿਆਣਾ, ਜਥੇਦਾਰ ਨਰਿੰਦਰ ਸਿੰਘ ਕਾਲਾਬੂਲਾ, ਬੀਬੀ ਰਾਜਿੰਦਰ ਕੌਰ ਜੈਤੋ, ਸਾਧੂ ਸਿੰਘ ਪੰਧਨੀ, ਸ਼ਹਿਰੀ ਪ੍ਰਧਾਨ ਸੁਖਵਿੰਦਰ ਸਿੰਘ ਸਮੇਤ ਹੋਰ ਆਗੂ ਹਾਜ਼ਰ ਸਨ।

## ਡਾ. ਵਿਵੇਕ ਤੇ ਡਾ. ਰੋਹਿਤ ਦੇ ਡਿਜ਼ਾਈਨ ਪੇਟੈਂਟ ਨੂੰ ਮਨਜ਼ੂਰੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਰਾਜ ਦੀ ਪ੍ਰਮੁੱਖ ਵਿਦਿਅਕ ਆਈ.ਐੱਸ.ਐੱਫ. ਕਾਲਜ ਆਫ਼ ਫਾਰਮੇਸੀ ਵਿੱਚ ਕੰਮ ਕਰ ਰਹੇ ਡਾ. ਵਿਵੇਕ ਦਾ ਡਿਜ਼ਾਇਨ ਪੇਟੈਂਟ, ਜੋ ਕਿ ਕੈਡਮੀਅਮ ਦੇ ਵਿਸ਼ਲੇਸ਼ਨ ਲਈ ਮਾਈਕ੍ਰੋਫਲੂਇਡਿਕ ਤਕਨਾਲੋਜੀ 'ਤੇ ਅਧਾਰਤ ਹੈ, ਘੱਟ ਕੀਮਤ 'ਤੇ ਕੈਡਮੀਅਮ ਦੇ ਕੋਡੀਫਿਕੇਸ਼ਨ ਵਿੱਚ ਮਦਦ ਕਰ ਸਕਦਾ ਹੈ। ਡਾ. ਵਿਵੇਕ ਨੇ ਦੱਸਿਆ ਕਿ ਇਹ ਯੰਤਰ ਡਾ. ਰੋਹਿਤ ਭਾਟੀਆ, ਵਿਦਿਆਰਥੀ ਪੱਲਵੀ, ਰਾਹੁਲ ਮੁਖੀਜਾ, ਆਸ਼ੀਸ਼ ਮਹਿਤਾ ਆਦਿ ਵੱਲੋਂ ਸਾਂਝੇ ਤੌਰ 'ਤੇ ਤਿਆਰ ਕੀਤਾ ਗਿਆ ਹੈ, ਜਿਸ ਨੂੰ ਭਾਰਤ ਸਰਕਾਰ ਨੇ ਮਨਜ਼ੂਰੀ ਦਿੱਤੀ ਸੀ। ਇਸ ਡਿਜ਼ਾਈਨ ਪੇਟੈਂਟ ਦਾ ਮੁੱਖ ਉਦੇਸ਼ ਇਹ ਹੈ ਕਿ ਕੈਡਮੀਅਮ ਨੂੰ ਘੱਟ ਕੀਮਤ 'ਤੇ ਕੋਡੀਫਾਈ ਕੀਤਾ ਜਾ ਸਕਦਾ ਹੈ ਤੇ ਭਵਿੱਖ ਵਿੱਚ ਇਸ ਨੂੰ ਹੋਰ ਉਪਯੋਗੀ ਬਣਾਉਣ ਲਈ ਕੰਮ ਕੀਤਾ ਜਾ ਰਿਹਾ ਹੈ। ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਸਕੱਤਰ ਇੰਜੀ. ਜਨੇਸ਼ ਗਰਗ, ਡਾ. ਮੁਸਕਾਨ ਗਰਗ, ਡਾਇਰੈਕਟਰ ਡਾ. ਜੀ. ਡੀ. ਗੁਪਤਾ, ਆਈ.ਐੱਸ.ਐੱਫ.ਸੀ.ਪੀ.ਆਰ. ਦੇ ਪ੍ਰਿੰਸੀਪਲ ਡਾ. ਆਰ. ਕੇ. ਨਾਰੰਗ, ਡਾ. ਵਿਵੇਕ ਤੇ ਡਾ. ਰੋਹਿਤ ਭਾਟੀਆ ਤੇ ਵਿਦਿਆਰਥੀਆਂ ਨੇ ਭਾਰਤ ਸਰਕਾਰ ਵੱਲੋਂ ਡਿਜ਼ਾਇਨ ਪੇਟੈਂਟ ਨੂੰ ਮਨਜ਼ੂਰੀ ਮਿਲਣ 'ਤੇ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਗੜੇਮਾਰੀ ਕਾਰਨ ਜ਼ਿਲ੍ਹੇ ਦੇ ਕਈ ਪਿੰਡਾਂ 'ਚ ਫਸਲਾਂ ਦਾ ਭਾਰੀ ਨੁਕਸਾਨ

**ਸਰਕਾਰ ਨੁਕਸਾਨੀਆਂ ਫਸਲਾਂ ਦਾ ਤੁਰੰਤ ਦੇਵੇ ਮੁਆਵਜ਼ਾ : ਕੁਲਦੀਪ ਭੋਲਾ**



**ਮੋਗਾ (ਇਕਬਾਲ ਸਿੰਘ ਖਹਿਰਾ)**-ਮੌਸਮ ਵਿੱਚ ਹੋ ਰਹੇ ਭਾਰੀ ਬਦਲਾਅ ਕਾਰਨ ਜਿੱਥੇ ਬਿਨ ਮੌਸਮ ਬਰਸਾਤ ਹੋ ਰਹੀ ਹੈ, ਉੱਥੇ ਹੀ ਭਾਰੀ ਗੜੇਮਾਰੀ ਤੇ ਤੇਜ਼ ਹਨੇਰੀ ਕਾਰਨ ਪੱਕੀਆਂ ਫਸਲਾਂ ਦਾ ਭਾਰੀ ਨੁਕਸਾਨ ਹੋਇਆ ਹੈ। ਇਸ ਸਬੰਧੀ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਕੁਲਦੀਪ ਭੋਲਾ ਨੇ ਦੱਸਿਆ ਕਿ ਪਿੰਡ ਬੱਧਨੀ ਕਲਾਂ, ਬੱਧਨੀ ਖੁਰਦ, ਬੁੱਟਰ, ਰਣੀਆਂ, ਧੂੜਕੋਟ ਕਲਾਂ, ਕੋਟਲਾ ਰਾਏ ਕਾ, ਗੁਲਾਬ ਸਿੰਘ ਵਾਲਾ, ਸੰਗਤਪੁਰਾ ਤੇ ਹੋਰ ਕਈ ਪਿੰਡਾਂ ਵਿੱਚ ਭਾਰੀ ਗੜੇਮਾਰੀ ਹੋਈ ਹੈ। ਇਸ ਗੜੇਮਾਰੀ ਕਾਰਨ ਜਿੱਥੇ ਮੂੰਗੀ, ਮੱਕੀ, ਬਰਸੀਮ, ਸਬਜ਼ੀਆਂ ਦੀਆਂ ਦਾ ਭਾਰੀ ਨੁਕਸਾਨ ਹੋਇਆ ਹੈ, ਉਥੇ ਹੀ ਪੱਕੀ ਕਣਕ ਦੇ ਸਿੱਟੇ ਵੀ ਝੜ ਕੇ ਜ਼ਮੀਨ 'ਤੇ ਡਿੱਗ ਪਏ ਹਨ। ਉਨ੍ਹਾਂ ਕਿਹਾ ਕਿ ਜਿੱਥੇ ਵੀ ਗੜੇਮਾਰੀ ਤੇ ਭਾਰੀ ਮੀਂਹ ਕਾਰਨ ਫਸਲਾਂ ਦਾ ਨੁਕਸਾਨ ਹੋਇਆ ਹੈ। ਕੁੱਲ ਹਿੰਦ ਕਿਸਾਨ ਸਭਾ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜਥੇਬੰਦੀਆਂ ਦੀ ਅਗਵਾਈ ਹੇਠ ਪ੍ਰਭਾਵਿਤ ਕਿਸਾਨਾਂ ਦੇ ਖੇਤਾਂ ਦਾ ਦੌਰਾ ਕੀਤਾ ਗਿਆ। ਇਸ ਮੌਕੇ ਕਾਮਰੇਡ ਬਲਰਾਜ ਸਿੰਘ ਬੱਧਨੀ ਖੁਰਦ, ਕੇਵਲ ਕ੍ਰਿਸ਼ਨ ਬੱਧਨੀ ਕਲਾਂ ਤੇ ਹਾਜ਼ਰ ਵੱਡੀ ਗਿਣਤੀ ਕਿਸਾਨਾਂ ਹਾਜ਼ਰ ਸਨ।

ਆਗੂਆਂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਕਿਸਾਨਾਂ ਦੀਆਂ ਫਸਲਾਂ ਦਾ ਨੁਕਸਾਨ ਹੋਇਆ ਹੈ, ਪੰਜਾਬ ਸਰਕਾਰ ਤੁਰੰਤ ਉਨ੍ਹਾਂ ਦੀ ਗਿਰਦਾਵਰੀ ਕਰਵਾ ਕੇ ਤੁਰੰਤ ਮੁਆਵਜ਼ਾ ਦੇਵੇ ਤਾਂ ਜੋ ਪਹਿਲਾਂ ਹੀ ਕਰਜ਼ੇ ਦੀ ਮਾਰ ਝੱਲ ਰਹੀ ਕਿਸਾਨੀ ਨੂੰ ਆਰਥਿਕ ਹੁਲਾਰਾ ਮਿਲ ਸਕੇ।

## ਬੁੱਧ ਵਿਹਾਰ 'ਚ ਡਾ. ਅੰਬੇਡਕਰ ਦਾ ਜਨਮ ਦਿਵਸ ਮਨਾਇਆ



**ਜਲੰਧਰ (ਨ ਜ਼ ਸ)**-ਜਲੰਧਰ ਛਾਉਣੀ ਨਾਲ ਲੱਗਦੇ ਸੋਫੀ ਪਿੰਡ ਬੁੱਧ ਵਿਹਾਰ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦਾ 133ਵਾਂ ਜਨਮ ਦਿਵਸ ਬਹੁਤ ਸ਼ਰਧਾ ਤੇ ਖੁਸ਼ੀਆਂ ਨਾਲ ਮਨਾਇਆ ਗਿਆ।ਬੁੱਧ ਵਿਹਾਰ ਵਿੱਚ ਸੈਂਕੜੇ ਸ਼ਰਧਾਲੂ ਇਕੱਠੇ ਹੋਏ ਤੇ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜੀਵਨ ਮਿਸ਼ਨ ਉੱਪਰ ਚਰਚਾ ਕੀਤੀ।ਇਸ ਮੌਕੇ ਐਡਵੋਕੇਟ ਹਰਭਜਨ ਸਾਂਪਲਾ ਸਕੱਤਰ ਬੁੱਧ ਵਿਹਾਰ ਟਰੱਸਟ, ਸੋਫੀ ਪਿੰਡ ਨੇ ਕਿਹਾ ਕਿ ਸਾਨੂੰ ਡਾ. ਅੰਬੇਡਕਰ ਦੇ ਦੱਸੇ ਮਾਰਗ 'ਸਿੱਖਿਅਤ ਹੋਵੋ, ਸੰਘਰਸ਼ ਕਰੋ, ਇਕੱਠੇ ਹੋਵੋ' ਉੱਪਰ ਚੱਲਣਾ ਚਾਹੀਦਾ ਹੈ।ਪ੍ਰਿੰਸੀਪਲ ਪਰਮਜੀਤ ਜੱਸਲ ਨੇ ਕਿਹਾ ਕਿ ਡਾ. ਅੰਬੇਡਕਰ ਜੀ 'ਭਾਰਤ ਰਤਨ' ਹੀ ਨਹੀਂ, ਸਗੋਂ 'ਵਿਸ਼ਵ ਰਤਨ' ਸਨ।ਸ੍ਰੀ ਗੁਰਮੀਤ ਲਾਲ ਸਾਂਪਲਾ ਨੇ ਕਿਹਾ ਕਿ ਡਾ. ਅੰਬੇਡਕਰ ਜੀ ਨੇ ਔਰਤਾਂ ਨੂੰ ਸਨਮਾਨ ਵਾਲਾ ਜੀਵਨ ਤੇ ਬਰਾਬਰੀ ਦਾ ਹੱਕ ਦਿੱਤਾ।ਸ੍ਰੀ ਰੂਪ ਲਾਲ ਪ੍ਰਧਾਨ ਬੁੱਧ ਵਿਹਾਰ ਟਰੱਸਟ ਸੋਫੀ ਪਿੰਡ ਨੇ ਬਾਬਾ ਸਾਹਿਬ ਜੀ ਦੇ ਜਨਮ ਦਿਵਸ ਦੀਆਂ ਵਧਾਈਆਂ ਦਿੱਤੀਆਂ ਤੇ ਕਿਹਾ ਕਿ ਸਾਨੂੰ ਬਾਬਾ ਸਾਹਿਬ ਜੀ ਦੇ ਸੁਪਨਿਆਂ ਦਾ ਭਾਰਤ ਸਿਰਜਣ ਦੀ ਲੋੜ ਹੈ।ਸੋਹਣ ਲਾਲ ਸਾਂਪਲਾ, ਜਰਮਨੀ ਪ੍ਰਧਾਨ ਡਾ. ਅੰਬੇਡਕਰ ਮਿਸ਼ਨ ਸੁਸਾਇਟੀ, ਯੂਰਪ ਨੇ ਟੈਲੀਫੋਨ ਰਾਹੀਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ 133ਵੇਂ ਜਨਮ ਦਿਵਸ 'ਤੇ ਵਧਾਈ ਦਿੱਤੀ।ਇਨ੍ਹਾਂ ਤੋਂ ਇਲਾਵਾ ਸ੍ਰੀਮਤੀ ਸੰਤੋਸ਼ ਕੁਮਾਰੀ, ਡਾ. ਗੁਰਪਾਲ, ਡਾ. ਅਵਿਨਾਸ਼, ਚਮਨ ਸਾਂਪਲਾ ਤੇ ਸਤੀਸ਼ ਕੁਮਾਰ ਬਸਪਾ ਆਦਿ ਨੇ ਵੀ ਵਿਚਾਰ ਪੇਸ਼ ਕੀਤੇ।ਸਮਾਗਮ 'ਚ ਕੁਲਦੀਪ ਕੁਮਾਰ, ਪਰਸ ਰਾਮ ਸਾਂਪਲਾ, ਮੰਗਲ ਸਿੰਘ, ਲਾਲ ਚੰਦ ਸਾਂਪਲਾ, ਮੈਡਮ ਮਨਜੀਤ ਕੌਰ, ਮੈਡਮ ਕਾਂਤਾ ਕੁਮਾਰੀ, ਕਮਲੇਸ਼ ਕੌਰ, ਨੇਹਾ ਕੋਮਲ, ਪ੍ਰਵੀਨ, ਬਿੰਦਰ, ਗੌਤਮ ਸਾਂਪਲਾ, ਨਰੇਸ਼ ਸਾਂਪਲਾ, ਜੋਗਿੰਦਰ ਪਾਲ, ਰੇਸ਼ਮ ਲਾਲ ਸਾਬਕਾ ਸਰਪੰਚ ਤੇ ਹੋਰ ਸ਼ਾਮਲ ਸਨ।

ਇਸ ਮੌਕੇ ਬੱਚਿਆਂ ਵੱਲੋਂ ਬਾਬਾ ਸਾਹਿਬ ਜੀ ਦੀ ਜੀਵਨੀ ਤੇ ਵਿਚਾਰਧਾਰਾ 'ਤੇ ਵਿਚਾਰ, ਗੀਤ, ਕਵਿਤਾ ਪੇਸ਼ ਕੀਤੇ ਗਏ।ਇਸ ਤੋਂ ਇਲਾਵਾ ਲੈਂਬਰ ਬੰਗੜ, ਮਾਸਟਰ ਰਾਮ ਲਾਲ, ਡਾ. ਮੰਗਾ ਦਾਦੂਵਾਲ, ਪਰਮਜੀਤ ਸ਼ੀਂਹਮਾਰ, ਮਾਸਟਰ ਰਾਕੇਸ਼ ਬੱਧਣ ਆਦਿ ਹਾਜ਼ਰ ਸਨ।ਬੱਚਿਆਂ ਨੂੰ ਇਨਾਮ ਵੀ ਵੰਡੇ ਗਏ।

## ਨਾਪਤੋਲ ਵਿਭਾਗ ਵੱਲੋਂ ਦੁਕਾਨਾਂ ਦੀ ਚੈਕਿੰਗ




**ਮੂਨਕ (ਰਾਜਪਾਲ ਸਿੰਗਲਾ)**-ਨਾਪ ਤੋਲ ਵਿਭਾਗ ਦੇ ਇੰਸਪੈਕਟਰ ਕਵਿੰਦਰ ਸਿੰਘ ਵੱਲੋਂ ਮੂਨਕ ਵਿਖੇ ਦੁਕਾਨਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ।ਇਸ ਦੌਰਾਨ ਗੱਲਬਾਤ ਕਰਦੇ ਹੋਏ ਇੰਸਪੈਕਟਰ ਕਵਿੰਦਰ ਸਿੰਘ ਨੇ ਦੱਸਿਆ ਕਿ ਭਾਰਤ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਨਾਪ ਤੋਲ ਵਿਭਾਗ ਪੰਜਾਬ ਦੇ ਕੰਟਰੋਲਰ ਸ੍ਰੀਮਤੀ ਅਜੂੰਮਨ ਭਾਸਕਰ ਦੇ ਦਿਸ਼ਾ ਨਿਰਦੇਸ਼ ਅਨੁਸਾਰ ਇਹ ਕਾਰਵਾਈ ਕੀਤੀ ਜਾ ਰਹੀ ਹੈ।ਉਨ੍ਹਾ ਚੇਤਾਵਨੀ ਦਿੱਤੀ ਕਿ ਜੇਕਰ ਕੋਈ ਗਲਤ ਸਾਮਾਨ ਵੇਚਦਾ ਪਾਇਆ ਗਿਆ ਤਾਂ ਸਖਤ ਕਾਰਵਾਈ ਕੀਤੀ ਜਾਵੇਗੀ।ਚੈਕਿੰਗ ਦੌਰਾਨ ਉਨ੍ਹਾ ਸੰਤੁਸ਼ਟੀ ਪ੍ਰਗਟ ਕੀਤੀ ਤੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਹਰੇਕ ਦੁਕਾਨਦਾਰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਆਪਣੀ ਦੁਕਾਨ 'ਤੇ ਨਾਪ ਤੋਲ ਤੋਂ ਬਿਨਾਂ ਹੋਰ ਜ਼ਰੂਰੀ ਕਾਰਵਾਈ ਪੂਰੀ ਕਰ ਸ਼ਰਤਾਂ ਦੀ ਇੰਨ ਬਿੰਨ ਪਾਲਣਾ ਕਰਨ।

## ਗਲੋਬਲ ਨੇ ਕੈਨੇਡਾ ਦਾ ਸਟੱਡੀ ਵੀਜ਼ਾ ਲਵਾਇਆ




**ਬੱਧਨੀ ਕਲਾਂ/ਅਜੀਤਵਾਲ (ਨਛੱਤਰ ਸੰਧੂ)**-ਗਲੋਬਲ ਫਲਾਇਰਜ਼ ਆਈਲਟਸ ਤੇ ਇਮੀਗ੍ਰੇਸ਼ਨ ਸੰਸਥਾ, ਜੋ ਮਿੰਨੀ ਬੱਸ ਸਟੈਂਡ ਲੋਪੋ ਰੋਡ ਬੱਧਨੀ ਕਲਾਂ (ਮੋਗਾ) ਵਿਖੇ ਹੈ, ਜੋ ਕਿ ਵਿਦਿਆਰਥੀਆਂ ਨੂੰ ਆਈਲਟਸ ਦੀ ਪ੍ਰੀਖਿਆ ਸਬੰਧੀ ਸ਼ਾਨਦਾਰ ਕੋਚਿੰਗ ਦੇ ਰਹੀ ਹੈ ਤੇ ਚੰਗੇ ਬੈਂਡ ਦਿਵਾ ਕੇ ਇਮੀਗ੍ਰੇਸ਼ਨ ਖੇਤਰ ਵਿੱਚ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾ ਰਹੀ ਹੈ ਤੇ ਹੁਣ ਤੱਕ ਅਨੇਕਾਂ ਵਿਦਿਆਰਥੀਆਂ ਨੂੰ ਉਚੇਰੀ ਪੜ੍ਹਾਈ ਲਈ ਵਿਦੇਸ਼ ਭੇਜ ਕੇ ਉਨ੍ਹਾਂ ਦੇ ਸੁਪਨਿਆਂ ਨੂੰ ਪੂਰਾ ਕੀਤਾ ਹੈ। ਇਸ ਸੰਸਥਾ ਵੱਲੋਂ ਸੁਖਦੀਪ ਕੌਰ ਪਤਨੀ ਰਵਿੰਦਰ ਸਿੰਘ ਧਾਲੀਵਾਲ ਵਾਸੀ ਪਿੰਡ, ਬੀੜ ਰਾਊਕੇ ਦਾ ਬਹੁਤ ਘੱਟ ਸਮੇਂ ਵਿੱਚ ਕੈਨੇਡਾ ਦੇ ਕੋਨਸਟੋਗਾ ਕਾਲਜ ਵਿੱਚ ਪੀਟੀਈ ਸਕੋਰ ਨਾਲ ਸਟੱਡੀ ਵੀਜ਼ਾ ਲਗਵਾ ਕੇ ਦਿੱਤਾ ਹੈ ਐੱਮ ਡੀ ਰਜਤ ਪਲਤਾ ਨੇ ਦੱਸਿਆ ਕਿ ਮਿਹਨਤੀ ਤੇ ਤਜਰਬੇਕਾਰ ਸਟਾਫ ਸਦਕਾ ਸੁਖਦੀਪ ਕੌਰ ਨੇ ਵੀਜ਼ਾ ਪ੍ਰਾਪਤ ਕੀਤਾ ਅਤੇ ਨਾਲ ਹੀ ਦੱਸਿਆ ਕਿ ਗਲੋਬਲ ਫਲਾਇਰਜ਼ ਸੰਸਥਾ ਵੱਲੋਂ ਵੀਜ਼ੇ ਲਗਵਾਉਣ ਲਈ ਮੋਹਰੀ ਸੰਸਥਾ ਰਹੀ ਹੈ। ਇਸ ਮੌਕੇ ਸੁਖਦੀਪ ਕੌਰ ਤੇ ਉਨ੍ਹਾ ਦੇ ਪਰਿਵਾਰ ਨਾਲ ਖੁਸ਼ੀ ਜ਼ਾਹਰ ਕਰਦਿਆਂ ਐੱਮ ਡੀ ਰਜਤ ਪਲਤਾ ਨੇ ਪੂਰੇ ਸਟਾਫ ਦਾ ਧੰਨਵਾਦ ਕੀਤਾ ਤੇ ਉਨ੍ਹਾ ਦੇ ਆਉਣ ਵਾਲੇ ਸੁਨਹਿਰੀ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਹਰਜਸ ਸਕੂਲ ਦਾ ਦਸਵੀਂ ਦਾ ਨਤੀਜਾ ਸ਼ਾਨਦਾਰ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਨੇੜਲੇ ਪਿੰਡ ਝੜੌਦੀ ਵਿਖੇ ਸਥਿਤ ਹਰਜਸ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਪ੍ਰਿੰਸੀਪਲ ਜਸਵਿੰਦਰ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਦਾ ਦਸਵੀਂ ਦਾ ਨਤੀਜਾ 100 ਪ੍ਰਤੀਸ਼ਤ ਰਿਹਾ ਤੇ ਵਿਦਿਆਰਥਣ ਪ੍ਰਭਦੀਪ ਕੌਰ ਨੇ 588/650 ਅੰਕ ਪ੍ਰਾਪਤ ਕਰ ਸਕੂਲ 'ਚੋਂ ਪਹਿਲਾ, ਹਰਲੀਨ ਕੌਰ ਨੇ 578 ਅੰਕ ਲੈ ਕੇ ਦੂਜਾ ਤੇ ਬੱਬਲਪ੍ਰੀਤ ਸਿੰਘ ਨੇ 547 ਅੰਕ ਪ੍ਰਾਪਤ ਕਰ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਨੇ ਸ਼ਾਨਦਾਰ ਨਤੀਜਿਆਂ ਲਈ ਸਮੁੱਚੇ ਅਧਿਆਪਕਾਂ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਸਕੂਲ ਪ੍ਰਬੰਧਕ ਪਰਮਜੀਤ ਸਿੰਘ ਨੇ ਸ਼ਾਨਦਾਰ ਨਤੀਜਾ ਆਉਣ 'ਤੇ ਵਿਦਿਆਰਥੀਆਂ ਨੂੰ ਭਵਿੱਖ ਲਈ ਸ਼ੁਭ-ਇੱਛਾਵਾਂ ਦਿੱਤੀਆਂ। ਇਸ ਮੌਕੇ ਵਾਈਸ ਪ੍ਰਿੰਸੀਪਲ ਵੰਦਨਾ ਪਰਿਹਾਰ, ਕੋਆਰਡੀਨੇਟਰ ਮਾ. ਸਤੀਸ਼ ਕੁਮਾਰ, ਹਰਮੀਤ ਕੌਰ, ਬਰਿੰਦਰ ਕੌਰ, ਸੁਖਦੇਵ ਸਿੰਘ, ਸੁਮਿਤ ਕੁਮਾਰ, ਨਵਜੋਤ ਕੌਰ ਸਮੁੱਚਾ ਸਟਾਫ ਮੌਜੂਦ ਸੀ।

## ...ਸਫ਼ਾ 1 ਦੇ ਬਾਕੀ

### ਚਾਕਲੇਟ ਖਾਣ ਨਾਲ...

ਮਹੀਨੇ ਪਹਿਲਾਂ ਮੁੱਕ ਗਈ ਸੀ। ਸਿਹਤ ਅਧਿਕਾਰੀਆਂ ਨੇ ਸ਼ਿਕਾਇਤ ਮਿਲਣ 'ਤੇ ਦੁਕਾਨ 'ਤੇ ਛਾਪਾ ਮਾਰਿਆ। ਵਿੱਕੀ ਨੇ ਦਾਅਵਾ ਕੀਤਾ ਕਿ ਛਾਪੇ ਦੀ ਭਿਣਕ ਹੋਣ 'ਤੇ ਦੁਕਾਨਦਾਰ ਨੇ ਗਿਫਟ ਪੈਕ ਪਾਸੇ ਕਰ ਦਿੱਤੇ ਸਨ। ਤਾਂ ਵੀ ਹਰੀ ਰਾਮ ਗਹਿਲੋਤ ਨਾਂਅ ਦੇ ਬੰਦੇ ਨੇ ਕਿਹਾ ਕਿ ਦੁਕਾਨ ਤੋਂ ਕਈ ਵੇਲਾ ਵਿਹਾ ਚੁੱਕੇ ਉਤਪਾਦ ਬਰਾਮਦ ਹੋਏ ਹਨ। ਪੁਲਸ ਨੇ ਕਿਹਾ ਕਿ ਸਿਹਤ ਵਿਭਾਗ ਦੀ ਰਿਪੋਰਟ ਤੋਂ ਬਾਅਦ ਕਾਰਵਾਈ ਕੀਤੀ ਜਾਵੇਗੀ। ਪਿਛਲੇ ਮਹੀਨੇ ਇੱਥੇ ਬਰਥ ਡੇ ਕੇਕ ਖਾਣ ਤੋਂ ਬਾਅਦ 10 ਸਾਲ ਦੀ ਕੁੜੀ ਮਾਨਵੀ ਦੀ ਮੌਤ ਹੋ ਗਈ ਸੀ।

### ਕਰਮਜੀਤ ਕੌਰ ਤੇ...

ਜਲੰਧਰ ਤੋਂ ਖੜ੍ਹਾ ਕਰਨ 'ਤੇ ਕਰਮਜੀਤ ਕੌਰ ਤੇ ਉਨ੍ਹਾ ਦੇ ਫਿਲੌਰ ਤੋਂ ਵਿਧਾਇਕ ਬੇਟੇ ਵਿਕਮਰਜੀਤ ਸਿੰਘ ਨਾਰਾਜ਼ ਚੱਲ ਰਹੇ ਸਨ। ਬਿੱਟੂ ਪ੍ਰਿਅੰਕਾ ਗਾਂਧੀ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਕਾਫੀ ਕਰੀਬੀ ਰਹੇ। ਉਨ੍ਹਾ ਨੂੰ ਕਾਂਗਰਸ ਨੇ ਹਿਮਾਚਲ ਕਾਂਗਰਸ ਦਾ ਕੋ-ਇੰਚਾਰਜ ਵੀ ਬਣਾਇਆ ਸੀ। ਉਹ ਜਲੰਧਰ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਵੀ ਰਹੇ। ਜਲੰਧਰ ਕੇਂਦਰੀ ਹਲਕੇ ਤੋਂ ਅਸੰਬਲੀ ਚੋਣ ਲੜੇ ਸਨ, ਪਰ ਕਾਮਯਾਬ ਨਹੀਂ ਹੋਏ। ਇਸੇ ਦੌਰਾਨ ਚੰਨੀ ਨੇ ਕਿਹਾ ਹੈ ਕਿ ਬਿੱਟੂ ਅਤੇ ਚੌਧਰੀ ਕਰਮਜੀਤ ਕੌਰ ਨੇ ਸਿਆਸੀ ਖੁਦਕੁਸ਼ੀ ਕਰ ਲਈ ਹੈ। ਕਰਮਜੀਤ ਕੌਰ ਅਤੇ ਉਨ੍ਹਾ ਦੇ ਪੁੱਤਰ ਵਿਕਰਮਜੀਤ ਸਿੰਘ ਨੇ ਜੋ ਕੀਤਾ ਹੈ, ਉਸ ਨੇ ਚੌਧਰੀ ਪਰਵਾਰ ਦੇ ਸਮੁੱਚੇ ਇਤਿਹਾਸ ਨੂੰ ਢਾਹ ਲਾਈ ਹੈ। ਅੱਜ ਮਰਹੂਮ ਸੰਤੋਖ ਸਿੰਘ ਚੌਧਰੀ ਦੀ ਰੂਹ ਵੀ ਰੋ ਰਹੀ ਹੋਵੇਗੀ। ਉਨ੍ਹਾ ਕਿਹਾ ਕਿ ਜੇਕਰ ਉਨ੍ਹਾਂ ਕੋਲ ਏਨੀ ਤਾਕਤ ਹੁੰਦੀ ਤਾਂ ਚੌਧਰੀ ਵਿਕਰਮਜੀਤ ਵੀ ਭਾਰਤੀ ਜਨਤਾ ਪਾਰਟੀ 'ਚ ਸ਼ਾਮਲ ਹੋ ਜਾਂਦਾ। ਚੰਨੀ ਨੇ ਕਿਹਾ ਕਿ ਹਿਮਾਚਲ 'ਚ ਕਾਂਗਰਸ ਸਰਕਾਰ ਨੂੰ ਤੋੜਨ ਦੀ ਅਸਫਲ ਕੋਸ਼ਿਸ਼ 'ਚ ਬਿੱਟੂ ਦੀ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਬਿੱਟੂ ਦਾ ਭਾਜਪਾ 'ਚ ਸ਼ਾਮਲ ਹੋਣਾ ਇਹ ਸਾਬਤ ਕਰ ਰਿਹਾ ਹੈ ਕਿ ਹਿਮਾਚਲ ਸਰਕਾਰ ਨੂੰ ਤੋੜਨ ਦੀ ਸਾਜ਼ਿਸ਼ 'ਚ ਬਿੱਟੂ ਸ਼ਾਮਲ ਸੀ।

### ਨਾ ਟਿਕਟ ਲੈਣੀ...

ਬਿਲਕੁਲ ਨਹੀਂ ਚੱਲਣਗੇ। ਝੂੰਦਾਂ ਜਿਥੇ ਕਿਤੇ ਵੀ ਪ੍ਰਚਾਰ ਲਈ ਗਿਆ, ਸਾਡੇ ਵਰਕਰਾਂ ਨੂੰ ਨਹੀਂ ਬੁਲਾਇਆ ਗਿਆ। ਢੀਂਡਸਾ ਨੇ ਕਿਹਾ ਕਿ ਉਨ੍ਹਾ ਦੀ ਚੰਡੀਗੜ੍ਹ ਰਿਹਾਇਸ਼ 'ਤੇ ਪੁੱਜੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਸੀ—ਤੁਹਾਡਾ ਬੱਚਾ ਹਾਂ, ਮੁਆਫੀ ਮੰਗਦਾ ਹਾਂ, ਗਲਤੀ ਹੋ ਗਈ। ਢੀਂਡਸਾ ਨੇ ਕਿਹਾ ਕਿ ਮੁਆਫੀ ਤੇ ਗਲਤੀ ਦੀ ਗੱਲ ਨਹੀਂ ਸਗੋਂ ਵਿਸ਼ਵਾਸ ਟੁੱਟਿਆ ਹੈ। ਇਸ ਤੋਂ ਪਹਿਲਾਂ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਢੀਂਡਸਾ ਨੇ ਕਿਹਾ ਕਿ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਵਿਧਾਨ ਸਭਾ ਚੋਣਾਂ 'ਚ 14/15 ਸੀਟਾਂ ਤੱਕ ਸੀਮਤ ਹੋ ਕੇ ਰਹਿ ਗਿਆ ਸੀ ਅਤੇ ਹੁਣ ਸਿਰਫ ਤਿੰਨ ਸੀਟਾਂ 'ਤੇ ਰਹਿ ਗਏ ਹਾਂ। ਇਸ ਲਈ ਦਲ ਨੂੰ ਤਕੜਾ ਕਰਨਾ ਹੈ। ਉਧਰ ਪਰਮਿੰਦਰ ਸਿੰਘ ਢੀਂਡਸਾ ਨੇ ਸੰਖੇਪ 'ਚ ਕਿਹਾ ਕਿ ਪਾਰਟੀ ਵਰਕਰਾਂ ਨੇ ਸਪੱਸ਼ਟ ਆਖ ਦਿੱਤਾ ਹੈ ਕਿ ਉਹ ਝੂੰਦਾਂ ਦੇ ਹੱਕ ਵਿਚ ਨਹੀਂ ਤੁਰਨਗੇ, ਉਹ ਵਿਰੋਧ ਵੀ ਨਹੀਂ ਕਰਨਗੇ, ਸਗੋਂ ਘਰ ਬੈਠ ਜਾਣਗੇ।

### ਗ਼ਦਰ ਪਾਰਟੀ ਦਾ...

ਨੇ ਦੱਸਿਆ ਕਿ ਦੇਸ਼ ਭਗਤ ਯਾਦਗਾਰ ਹਾਲ ਦੇ ਮੁੱਖ ਗੇਟ ਅੱਗੇ ਡਾ. ਤੇਜਿੰਦਰ ਵਿਰਲੀ ਗ਼ਦਰ ਪਾਰਟੀ ਦਾ ਝੰਡਾ ਲਹਿਰਾਉਣਗੇ।ਇਸ ਉਪਰੰਤ ਸ਼ਹੀਦ ਵਿਸ਼ਨੂੰ ਗਣੇਸ਼ ਪਿੰਗਲੇ ਹਾਲ 'ਚ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਵੱਲੋਂ ਜੀ ਆਇਆਂ ਅਤੇ ਅਪ੍ਰੈਲ ਦੇ ਸੰਗਰਾਮੀਆਂ ਨੂੰ ਸਿਜਦਾ ਕਰਨ ਉਪਰੰਤ ਡਾ. ਤੇਜਿੰਦਰ ਵਿਰਲੀ ਲੋਕਾਂ ਦੇ ਨਾਂਅ ਗ਼ਦਰ ਪਾਰਟੀ ਦੀ ਪ੍ਰਸੰਗਕਤਾ ਉਭਾਰਦਾ ਸੁਨੇਹਾ ਸਾਂਝਾ ਕਰਨਗੇ।ਸ਼ਹੀਦੀਆਂ ਕਿਰਤੀ ਵਾਰਤਕ ਭਾਗ ਪਹਿਲਾ (ਸੰਪਾਦਕ ਚਰੰਜੀ ਲਾਲ ਕੰਗਣੀਵਾਲ) ਲੋਕ ਅਰਪਣ ਕੀਤੀ ਜਾਏਗੀ।ਇਸ ਸਮਾਗਮ ਦੇ ਮੁੱਖ ਵਕਤਾ ਖੇਤੀ ਅਤੇ ਇਸ ਨਾਲ ਜੁੜੇ ਖਾਧ ਪਦਾਰਥਾਂ ਵਰਗੇ ਮੁੱਦਿਆਂ ਦੇ ਨਾਮਵਰ ਵਿਗਿਆਨੀ ਡਾ. ਦੇਵਿੰਦਰ ਸ਼ਰਮਾ 'ਕਿਸਾਨ ਸੰਕਟ: ਇਤਿਹਾਸ ਅਤੇ ਸਮਕਾਲ' ਵਿਸ਼ੇ ਦੇ ਬਹੁ-ਪੱਖਾਂ ਉਪਰ ਰੌਸ਼ਨੀ ਪਾਉਣਗੇ।ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਕਿਸਾਨ, ਮਜ਼ਦੂਰ ਸੰਸਥਾਵਾਂ ਅਤੇ ਸਭਨਾਂ ਮਿਹਨਤਕਸ਼ ਤਬਕਿਆਂ ਦੇ ਕਾਮਿਆਂ, ਵਿਦਵਾਨਾਂ, ਖੋਜਕਾਰਾਂ, ਲੇਖਕਾਂ, ਪੱਤਰਕਾਰਾਂ ਤੇ ਸੰਘਰਸ਼ਸ਼ੀਲ ਲੋਕ ਹਿੱਸਿਆਂ ਨੂੰ ਵਿਸ਼ੇਸ਼ ਤੌਰ 'ਤੇ ਸਮਾਗਮ 'ਚ ਸ਼ਿਰਕਤ ਕਰਨ ਦੀ ਅਪੀਲ ਕੀਤੀ ਹੈ।

## ਟੈਂਕੀ 'ਤੇ ਚੜ੍ਹੇ ਨੌਜਵਾਨ ਸਿਮਰਨਜੀਤ ਮਾਨ ਨੇ ਸਮਝਾ ਕੇ ਹੇਠਾਂ ਉਤਾਰੇ



**ਸੰਗਰੂਰ (ਪ੍ਰਵੀਨ ਸਿੰਘ)**-ਉਸ ਸਮੇਂ ਪ੍ਰਸ਼ਾਸਨ ਨੂੰ ਹੱਥਾਂ-ਪੈਰਾਂ ਦੀ ਪੈ ਗਈ, ਜਦੋਂ ਪਿੰਡ ਸ਼ੇਰੋਂ ਦੇ ਦੋ ਨੌਜਵਾਨ ਪੁਲਸ ਉੱਪਰ ਨਜਾਇਜ਼ ਤੰਗ ਪ੍ਰੇਸ਼ਾਨ ਕਰਨ ਦੇ ਦੋਸ਼ ਲਾਉਂਦੇ ਹੋਏ ਪਾਣੀ ਵਾਲੀ ਟੈਂਕੀ 'ਤੇ ਪੈਟਰੋਲ ਵਾਲੀਆਂ ਬੋਤਲਾਂ ਹੱਥ ਵਿੱਚ ਲੈ ਕੇ ਜਾ ਚੜ੍ਹੇ, ਜਿਸ ਦਾ ਪਤਾ ਚੱਲਦਿਆਂ ਹੀ ਵੱਡੀ ਗਿਣਤੀ ਵਿੱਚ ਮੌਕੇ ਉਪਰ ਪ੍ਰਸ਼ਾਸਨਕ ਅਧਿਕਾਰੀ, ਮੀਡੀਆ ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਇਕੱਠੇ ਹੋਣੇ ਸ਼ੁਰੂ ਹੋ ਗਏ।ਜਦੋਂ ਇਸ ਬਾਰੇ ਐੱਮ.ਪੀ. ਸ੍ਰ. ਸਿਮਰਨਜੀਤ ਸਿੰਘ ਮਾਨ ਨੂੰ ਜਾਣਕਾਰੀ ਮਿਲੀ ਤਾਂ ਉਹ ਤੁਰੰਤ ਘਟਨਾ ਵਾਲੀ ਥਾਂ ਉੱਪਰ ਪਹੁੰਚੇ ਤੇ ਆਪ ਪਾਣੀ ਵਾਲੀ ਟੈਂਕੀ ਉੱਪਰ ਚੜ੍ਹ ਕੇ ਉਕਤ ਨੌਜਵਾਨਾਂ ਨਾਲ ਗੱਲ ਕੀਤੀ ਤੇ ਉਨ੍ਹਾਂ ਨੂੰ ਸਮਝਾ ਬੁਝਾ ਕੇ ਹੇਠਾਂ ਉਤਾਰਿਆ, ਜਿਸ ਨਾਲ ਇੱਕ ਵੱਡੀ ਘਟਨਾ ਹੋਣ ਤੋਂ ਬਚਾਅ ਹੋ ਗਿਆ।ਪਾਣੀ ਵਾਲੀ ਟੈਂਕੀ ਉਪਰ ਚੜ੍ਹੇ ਨੌਜਵਾਨਾਂ ਮੋਹਨਜੀਤ ਸਿੰਘ ਸ਼ੇਰੋਂ ਤੇ ਮਨੀ ਸ਼ੇਰੋਂ ਨੇ ਦੱਸਿਆ ਕਿ ਉਹ ਕਰੀਬ 15 ਸਾਲ ਪਹਿਲਾਂ ਰਾਹ ਭਟਕ ਕੇ ਗਲਤ ਰਾਸਤੇ 'ਤੇ ਪੈ ਗਏ ਸਨ, ਜਿਸ ਕਾਰਨ ਉਨ੍ਹਾਂ ਵਿਰੁੱਧ ਉਸ ਸਮੇਂ ਲੜਾਈ-ਝਗੜਿਆਂ ਦੇ ਵੱਖ-ਵੱਖ ਕੇਸ ਦਰਜ ਹੋਏ ਸਨ, ਪਰ ਹੁਣ ਉਹ ਪਿਛਲੇ ਦਸ ਸਾਲਾਂ ਤੋਂ ਸਮਾਜ ਦੀ ਮੁੱਖ ਧਾਰਾ ਵਿੱਚ ਵਾਪਸ ਆ ਕੇ ਆਪਣੇ ਪਰਿਵਾਰ ਦੇ ਨਾਲ ਇੱਕ ਚੰਗੇ ਨਾਗਰਿਕ ਵਾਲਾ ਜੀਵਨ ਬਤੀਤ ਕਰ ਰਹੇ ਹਨ।ਉਨ੍ਹਾਂ ਵਿਰੁੱਧ ਦਰਜ ਕੇਸਾਂ ਵਿੱਚੋਂ ਅਦਾਲਤ ਵੱਲੋਂ ਵੀ ਉਨ੍ਹਾਂ ਨੂੰ ਬਰੀ ਕਰ ਦਿੱਤਾ ਗਿਆ ਹੈ, ਜਿਨ੍ਹਾਂ ਦੀਆਂ ਜੱਜਮੈਂਟਾਂ ਉਨ੍ਹਾਂ ਕੋਲ ਮੌਜੂਦ ਹਨ, ਪਰ ਫਿਰ ਵੀ ਪੁਲਸ ਵੱਲੋਂ ਉਨ੍ਹਾਂ ਨੂੰ ਨਜਾਇਜ਼ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਹੈ।ਜਦੋਂ ਵੀ ਚੋਣਾਂ ਨੇੜੇ ਹੁੰਦੀਆਂ ਹਨ ਜਾਂ ਕੋਈ ਇਲਾਕੇ ਵਿੱਚ ਵਾਰਦਾਤ ਵਾਪਰ ਜਾਂਦੀ ਹੈ ਤਾਂ ਉਨ੍ਹਾਂ ਨੂੰ ਪੁਲਸ ਚੁੱਕ ਕੇ ਲੈ ਜਾਂਦੀ ਹੈ।

ਉਨ੍ਹਾਂ ਨੂੰ ਝੂਠੇ ਕੇਸਾਂ ਵਿੱਚ ਫਸਾਉਣ ਦੇ ਡਰਾਵੇ ਦਿੱਤੇ ਜਾਂਦੇ ਹਨ, ਜਿਸ ਕਾਰਨ ਉਨ੍ਹਾਂ ਨੂੰ ਹਮੇਸ਼ਾ ਆਪਣੇ ਜਾਨ-ਮਾਲ ਦਾ ਡਰ ਸਤਾਉਂਦਾ ਰਹਿੰਦਾ ਹੈ।ਉਨ੍ਹਾਂ ਕਿਹਾ ਕਿ ਸਾਡੀ ਬੇਗੁਨਾਹੀ ਦਾ ਸਾਰਾ ਪਿੰਡ ਗਵਾਹ ਹੈ।

ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਸ੍ਰ. ਮਾਨ ਨੇ ਕਿਹਾ ਕਿ ਹਾਲਾਤ ਕਈ ਵਾਰ ਵਿਅਕਤੀ ਨੂੰ ਗਲਤ ਰਾਹਾਂ ਉੱਪਰ ਲੈ ਜਾਂਦੇ ਹਨ, ਪਰ ਜੇਕਰ ਕੋਈ ਗਲਤ ਰਾਸਤੇ ਨੂੰ ਛੱਡ ਕੇ ਸਮਾਜ ਦੀ ਮੁੱਖ ਧਾਰਾ ਵਿੱਚ ਵਾਪਸ ਆਉਣਾ ਚਾਹੁੰਦਾ ਹੈ ਤਾਂ ਉਸ ਨੂੰ ਇੱਕ ਮੌਕਾ ਜ਼ਰੂਰ ਦੇਣਾ ਚਾਹੀਦਾ ਹੈ।ਗਲਤ ਰਾਹ ਤਿਆਗ ਕੇ ਆਪਣੇ ਪਰਵਾਰ ਨਾਲ ਰਹਿਣ ਵਾਲੇ ਨੌਜਵਾਨਾਂ ਨੂੰ ਤੰਗ ਪ੍ਰੇਸ਼ਾਨ ਕਰਨ ਦੀ ਬਜਾਏ ਉਨ੍ਹਾਂ ਦੇ ਸਹਿਯੋਗ ਨਾਲ ਗਲਤ ਰਾਸਤੇ ਉਪਰ ਚੱਲ ਰਹੇ ਹੋਰਨਾਂ ਨੌਜਵਾਨਾਂ ਨੂੰ ਵੀ ਵਾਪਸ ਲਿਆਉਣ ਦੇ ਯਤਨ ਕਰਨੇ ਚਾਹੀਦੇ ਹਨ। ਇਸ ਮੌਕੇ ਵੱਡੀ ਗਿਣਤੀ ਵਿੱਚ ਪਾਰਟੀ ਆਗੂ, ਵਰਕਰ ਤੇ ਪਿੰਡ ਵਾਸੀ ਹਾਜ਼ਰ ਸਨ।

## ਕਾਰ ਤੇ ਮੋਟਰਸਾਈਕਲ ਦੀ ਟੱਕਰ 'ਚ ਇੱਕ ਜ਼ਖਮੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਫਿਰੋਜ਼ਪੁਰ-ਫਾਜ਼ਿਲਕਾ ਰੋਡ 'ਤੇ ਬੱਸ ਅੱਡਾ ਗੁੱਦੜਢੰਡੀ ਦੇ ਨਜ਼ਦੀਕ ਇਕ ਕਾਰ ਤੇ ਮੋਟਰਸਾਈਕਲ ਦੀ ਟੱਕਰ ਵਿੱਚ ਮੋਟਰਸਾਈਕਲ ਸਵਾਰ ਦੇ ਜ਼ਖਮੀਂ ਹੋਣ ਦੀ ਖਬਰ ਮਿਲੀ ਹੈ। ਇਸ ਸੰਬਧੀ ਥਾਣਾ ਲੱਖੋਕੇ ਬਹਿਰਾਮ ਪੁਲਸ ਨੇ ਕਾਰ ਚਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਤਨਵੀਰ ਸਿੰਘ ਪੁੱਤਰ ਲਖਵਿੰਦਰ ਸਿੰਘ ਵਾਸੀ ਪੀਐੱਨਟੀ ਕਾਲੋਨੀ ਮਕਾਨ ਨੰਬਰ 358 ਜੀਟੀ ਰੋਡ ਕੈਂਟ ਫਿਰੋਜ਼ਪੁਰ ਨੇ ਦੱਸਿਆ ਕਿ ਉਹ ਬੁਲਟ ਮੋਟਰਸਾਈਕਲ 'ਤੇ ਆਪਣੇ ਪਿੰਡ ਨਾਨਕੇ ਜਲਾਲਾਬਾਦ ਆ ਰਿਹਾ ਸੀ, ਜਦ ਉਹ ਬੱਸ ਅੱਡਾ ਪਿੰਡ ਗੁੱਦੜਢੰਡੀ ਪਾਸ ਪੁੱਜਾ ਤਾਂ ਦੋਸ਼ੀ ਸਤਵੀਰ ਕੁਮਾਰ ਪੁੱਤਰ ਕ੍ਰਿਸ਼ਨ ਲਾਲ ਵਾਸੀ ਗਲੀ ਨੰਬਰ 8 ਸੁੰਦਰ ਨਗਰੀ ਥਾਣਾ ਸਿਟੀ 1 ਅਬੋਹਰ, ਜ਼ਿਲ੍ਹਾ ਫਾਜ਼ਿਲਕਾ ਨੇ ਆਪਣੀ ਆਲਟੋ ਕਾਰ ਤੇਜ਼ ਰਫਤਾਰ ਤੇ ਲਾਪ੍ਰਵਾਹੀ ਨਾਲ ਲਿਆ ਕੇ ਉਸ ਦੇ ਮੋਟਰਸਾਈਕਲ ਵਿੱਚ ਮਾਰੀ। ਇਸ ਹਾਦਸੇ ਵਿੱਚ ਉਸ ਦੀ ਲੱਤ ਟੁੱਟ ਗਈ ਤੇ ਹੋਰ ਸੱਟਾਂ ਵੀ ਲੱਗ ਗਈਆਂ ਅਤੇ ਮੋਟਰਸਾਈਕਲ ਨੁਕਸਾਨਿਆ ਗਿਆ।

## ਗਰੋਵਰ ਪਰਵਾਰ ਕਾਂਗਰਸ ਨੂੰ ਛੱਡ 'ਆਪ' 'ਚ ਸ਼ਾਮਲ



**ਮੱਖੂ (ਰਛਪਾਲ ਸਿੰਘ ਸੰਧੂ)**-ਵਿਧਾਨ ਸਭਾ ਹਲਕਾ ਜ਼ੀਰਾ ਦੇ ਬਲਾਕ ਮਖੂ ਤੋਂ ਆਮ ਆਦਮੀ ਪਾਰਟੀ ਨੂੰ ਉਸ ਵਕਤ ਹੋਰ ਬੱਲ ਮਿਲਿਆ, ਜਦ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਨਗਰ ਪੰਚਾਇਤ ਮਖੂ ਦੇ ਸਾਬਕਾ ਕੌਂਸਲਰ ਮਨਮੋਹਨ ਗਰੋਵਰ ਆਪਣੇ ਪਰਿਵਾਰਕ ਮੈਂਬਰਾਂ ਤੇ ਸਾਥੀਆਂ ਨਾਲ ਕਾਂਗਰਸ ਪਾਰਟੀ ਨੂੰ ਅਲਵਿਦਾ ਆਖ ਕੇ ਵਿਧਾਇਕ ਨਰੇਸ਼ ਕਟਾਰੀਆ ਦੀ ਅਗਵਾਈ 'ਚ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।ਇਸ ਮੌਕੇ ਕਾਂਗਰਸ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਮਨਮੋਹਨ ਗਰੋਵਰ, ਮਨੋਹਰ ਲਾਲ ਗਰੋਵਰ, ਵਿੱਕੀ ਗਰੋਵਰ, ਬੱਬਲੂ ਗਰੋਵਰ, ਅਮਿਤ ਗਰੋਵਰ, ਰਵੀ ਗਰੋਵਰ, ਗਗਨ ਮੋਗਾ, ਵਿਸ਼ਾਲ ਮੋਗਾ ਦਾ ਵਿਧਾਇਕ ਨਰੇਸ਼ ਕਟਾਰੀਆ ਨੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਦਾ ਸਵਾਗਤ ਕੀਤਾ।ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਨਰਿੰਦਰ ਕਟਾਰੀਆ, ਵਰਿੰਦਰ ਠੁਕਰਾਲ, ਰਿਸ਼ੂ ਖੁਰਾਣਾ, ਪ੍ਰਦੀਪ ਕੱਕੜ, ਰਜਿੰਦਰ ਖੁਰਾਣਾ ਕਾਲਾ, ਰਜੀਵ ਠੁਕਰਾਲ ਲੱਕੀ, ਬਲਵਿੰਦਰ ਠੁਕਰਾਲ, ਕੇਵਲ ਧਵਨ, ਅਸ਼ੋਕ ਠੁਕਰਾਲ, ਸੌਰਵ ਅਹੂਜਾ ਬਲਾਕ ਪ੍ਰਧਾਨ, ਅਨਿਲ ਧਵਨ ਡੀਸੀ, ਗੁਰਮੇਜ ਸਿੰਘ ਤਲਵੰਡੀ ਨਿਪਾਲਾਂ, ਸੁਰਿੰਦਰ ਅਹੂਜਾ, ਲਖਵੀਰ ਸਿੰਘ ਸੱਧਰਵਾਲਾ, ਯੂਥ ਆਗੂ ਪ੍ਰਸ਼ਾਂਤ ਕਟਾਰੀਆ, ਅਜੇ ਕੰਧਾਰੀ, ਵਿਵੇਕ ਮੋਗਾ ਆਦਿ ਹਾਜ਼ਰ ਸਨ।

## ਐਡਵੋਕੇਟ ਝੂੰਦਾਂ ਨੂੰ ਟਿਕਟ ਦੇਣ 'ਤੇ ਢੀਂਡਸਾ ਸਮਰਥਕ ਨਰਾਜ਼

**ਸੁਖਬੀਰ ਬਾਦਲ ਨੂੰ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ ਦੀ ਅਪੀਲ**

**ਦਿੜ੍ਹਬਾ (ਜਸਵੀਰ ਲਾਡੀ)**-ਲੋਕ ਸਭਾ ਹਲਕਾ ਸੰਗਰੂਰ ਤੋਂ ਸ਼੍ਰੋਮਣੀ ਅਕਾਲੀ ਦਲ ਵੱਲੋਂ ਐਡਵੋਕੇਟ ਇਕਬਾਲ ਸਿੰਘ ਝੂੰਦਾਂ ਨੂੰ ਟਿਕਟ ਦਿੱਤੇ ਜਾਣ ਨਾਲ ਜਿੱਥੇ ਐਡਵੋਕੇਟ ਝੂੰਦਾਂ ਦੇ ਸਮਰਥਕ ਖੁਸ਼ੀ ਮਨਾ ਰਹੇ ਹਨ, ਉਥੇ ਹੀ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਦੀ ਟਿਕਟ ਕੱਟੇ ਜਾਣ 'ਤੇ ਢੀਂਡਸਾ ਸਮਰਥਕ ਨਾਰਾਜ਼ ਦਿਖਾਈ ਦੇ ਰਹੇ ਹਨ।ਢੀਂਡਸਾ ਸਮਰਥਕਾਂ ਨੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਸੰਗਰੂਰ ਲੋਕ ਸਭਾ ਹਲਕਾ ਤੋਂ ਢੀਂਡਸਾ ਦੀ ਟਿਕਟ ਕੱਟੇ ਜਾਣ ਦਾ ਵਿਰੋਧ ਕਰਦਿਆਂ ਪਾਰਟੀ ਦੇ ਕਈ ਸੀਨੀਅਰ ਆਗੂਆਂ ਹਰੀ ਨੰਦ ਛਾਜਲਾ, ਮਾ. ਰਣਜੀਤ ਸਿੰਘ ਛਾਜਲਾ, ਸਰਪੰਚ ਸੁਰਿੰਦਰ ਕੁਮਾਰ ਮੌਂਜੀ, ਮਾ. ਦਰਬਾਰਾ ਸਿੰਘ ਛਾਜਲੀ, ਮਾਸਟਰ ਸੁਖਦੇਵ ਸਿੰਘ ਨੀਲੋਵਾਲ, ਬਿਕਰਮਜੀਤ ਵਿੱਕੀ ਛਾਜਲੀ, ਦਰਸ਼ਨ ਸਿੰਘ ਕੰਬੋਜ, ਰਮੇਸ਼ਵਰ ਦਾਸ ਲੀਲਾ, ਜਥੇ. ਭਰਪੂਰ ਸਿੰਘ ਕਾਹਲ, ਲੱਖੀ ਸਰਪੰਚ ਗੋਬਿੰਦਗੜ੍ਹ ਜੇਜੀਆ, ਜੀਤ ਸਿੰਘ ਧਾਲੀਵਾਲ ਸਾਬਕਾ ਸਰਪੰਚ ਛਾਜਲੀ, ਅਮਰਜੀਤ ਸਿੰਘ ਸਹਾਰਨ ਛਾਜਲੀ, ਗੁਰਸੇਵਕ ਸਿੰਘ ਧਾਲੀਵਾਲ, ਸਾਬਕਾ ਸਰਪੰਚ ਅਮਰਜੀਤ ਸਿੰਘ ਸੰਗਤਪੁਰਾ, ਧਰਮਿੰਦਰ ਰੱਤਾਖੇੜਾ, ਸੁਖਵਿੰਦਰ ਸੁੱਖ ਫਲੇੜਾ, ਕੁਲਵਿੰਦਰ ਸਿੰਘ ਡਸਕਾ, ਗੁਰਮੀਤ ਸਿੰਘ ਡਸਕਾ ਤੇ ਹਰਿੰਦਰਵੀਰ ਸਿੰਘ ਕਾਕਾ ਫਤਿਹਗੜ੍ਹ ਨੇ ਕਿਹਾ ਕਿ ਪਰਮਿੰਦਰ ਸਿੰਘ ਢੀਂਡਸਾ ਵੱਲੋਂ ਸੰਗਰੂਰ ਤੇ ਬਰਨਾਲਾ, ਸੁਨਾਮ, ਲਹਿਰਾ ਹਲਕਿਆਂ ਵਿੱਚ ਕਰਵਾਏ ਗਏ ਵਿਕਾਸ ਕਾਰਜਾਂ ਕਰਕੇ ਅਤੇ ਨਰਮ ਸੁਭਾਅ ਤੇ ਹਰ ਇਕ ਦੇ ਦੁੱਖ ਸੁੱਖ ਵਿੱਚ ਵਿਚਰਨ ਕਰਕੇ ਉਨ੍ਹਾਂ ਦੀ ਲੋਕਪ੍ਰਿਯਤਾ ਹੈ। ਸ੍ਰ. ਢੀਂਡਸਾ ਪਰਵਾਰ ਦੀ ਅਕਾਲੀ ਦਲ 'ਚ ਵਾਪਸੀ ਨੇ ਪਾਰਟੀ 'ਚ ਨਵੀਂ ਜਾਨ ਫੂਕੀ ਸੀ ਤੇ ਉਹ ਸੰਗਰੂਰ ਲੋਕ ਸਭਾ ਸੀਟ ਲਈ ਸਭ ਤੋਂ ਮਜ਼ਬੂਤ ਉਮੀਦਵਾਰ ਸਨ ਤੇ ਉਨ੍ਹਾਂ ਦੀ ਜਿੱਤ ਪੱਕੀ ਸੀ।ਉਨ੍ਹਾਂ ਕਿਹਾ ਕਿ ਅਕਾਲੀ ਦਲ ਹਾਈ ਕਮਾਨ ਨੂੰ ਸੋਚ ਸਮਝ ਕੇ ਫ਼ੈਸਲਾ ਲੈਣਾ ਚਾਹੀਦਾ ਹੈ, ਕਿਤੇ ਇਹ ਨਾ ਹੋਵੇ ਕਿ ਅਕਾਲੀ ਦਲ ਆਪਣੀ ਜਿੱਤੀ ਹੋਈ ਸੀਟ ਗੁਆ ਬੈਠੇ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸੁਪਰੀਮੋ ਸੁਖਬੀਰ ਸਿੰਘ ਬਾਦਲ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰਨ। ਉਨ੍ਹਾਂ ਅੱਗੇ ਕਿਹਾ ਕਿ ਉਹ ਸ੍ਰ. ਢੀਂਡਸਾ ਦੇ ਨਾਲ ਹਨ, ਜਿਸ ਤਰ੍ਹਾਂ ਉਹ ਫੈਸਲਾ ਕਰਨਗੇ ਸਮਰਥਕ ਉਸ ਨੂੰ ਖੁਸ਼ੀ ਖੁਸ਼ੀ ਪ੍ਰਵਾਨ ਕਰਨਗੇ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Singh @ Chand Fatehpuri
ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

21-APR-PAGE-3.qxd 4/20/2024 11:05 PM Page 1



## ਜੀ ਐੱਸ ਕੇ ਐਥਰ ਟੂਵ੍ਹੀਲਰ ਸਕੂਟਰ ਸ਼ੋਅਰੂਮ ਦਾ ਜੋਧੇਵਾਲ ਬਸਤੀ 'ਚ ਉਦਘਾਟਨ

**ਲੁਧਿਆਣਾ**-ਵਾਤਾਵਰਣ ਨੂੰ ਸਾਫ-ਸੁਥਰਾ ਬਣਾਉਣ ਲਈ ਸਰਕਾਰ ਕਈ ਉਪਰਾਲੇ ਕਰ ਰਹੀ ਹੈ। ਵਾਤਾਵਣ ਨੂੰ ਮੁੱਖ ਰੱਖਦੇ ਹੋਏ ਜੋਧੇਵਾਲ ਬਸਤੀ ਨੇੜੇ ਇੰਡੀਅਨ ਪੈਟਰੋਲ ਪੰਪ ਵਿਖੇ ਜੀਐੱਸਕੇ ਐਥਰ ਟੂਵ੍ਹੀਲਰ ਸਕੂਟਰ ਸ਼ੋਅਰੂਮ ਦਾ ਉਦਘਾਟਨ ਕੀਤਾ ਗਿਆ। ਸ਼ੋਅਰੂਮ ਦੇ ਮੁੱਖੀ ਰਵਿੰਦਰ ਸਿੰਘ ਨੇ ਦੱਸਿਆ ਕਿ ਬੰਗਲੌਰ ਦੀ ਕੰਪਨੀ ਵੱਲੋਂ ਆਧੁਨਿਕ ਤਕਨੀਕ ਨਾਲ ਇਲੈਕਟਰਿਕ ਟੂਵ੍ਹੀਲਰ ਸਕੂਟਰ ਤਿਆਰ ਕਰਦੀ ਹੈ ਅਤੇ ਭਾਰਤ ਦੀ ਨੰ 1 ਕੰਪਨੀ ਹੈ ਤੇ ਇਸ ਦਾ ਉਤਪਾਦ ਭਾਰਤ ਵਿੱਚ ਹੀ ਹੁੰਦਾ ਹੈ। ਉਨ੍ਹਾਂ ਦਸਿਆ ਕਿ ਐਥਰ 450 ਸੀਰੀਜ਼ ਪੇਸ਼ ਕੀਤੇ ਜਾ ਰਹੇ ਹਨ। ਇਸ ਸਕੂਟਰ ਦੀਆਂ ਖਾਸੀਅਤ ਇਹ ਹੈ ਕਿ ਦਸ ਸੈਕੰਡ ਵਿੱਚ 70 ਕਿਲੋਮੀਟਰ ਦੀ ਸਪੀਡ ਤੇ ਚਲਦਾ ਹੈ।ਇਸ ਵਿੱਚ ਫਰੰਟ ਅਤੇ ਰੇਅਰ ਡਿਸਕ ਕੰਬੋ ਬਰੇਕ ਮਿਡ ਡਰਾਈਵ ਮੋਟਰ, ਬਲਿਊਟੁਥ ਆਟੋ ਇੰਡੀਕੇਟਰ ਕੱਟ ਆਫ, ਸਾਈਡ ਸਟੈਂਪ, ਡਿਊਲ ਡਿਸਕ ਬੈਰਕ, ਸੀਟ ਕਵਰ, ਐਥਰ ਹੈਲਮਟ ਅਤੇ ਛੇ ਅਲੱਗ-ਅਲੱਗ ਰੰਗਾਂ 'ਚ ਇਹ ਇਲੈਕਟਰਿਕ ਟੂਵ੍ਹੀਲਰ ਸਕੂਟਰ ਉਪਲੱਬਧ ਹੈ।

## ਅਨਮੋਲਦੀਪ ਕੌਰ ਨੇ ਇਲਾਕੇ ਦਾ ਨਾਂਅ ਰੁਸ਼ਨਾਇਆ



**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**—ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਦੀ ਪ੍ਰੀਖਿਆ ਵਿੱਚੋਂ 619 ਨੰਬਰ ਪ੍ਰਾਪਤ ਕਰਕੇ ਅਨਮੋਲਦੀਪ ਕੌਰ ਤਰਸਿੱਕਾ ਨੇ ਇਲਾਕੇ ਦਾ ਨਾਮ ਰੌਸ਼ਨ ਕੀਤਾ। ਅਨਮੋਲਦੀਪ ਕੌਰ ਦਾ ਮੂੰਹ ਮਿੱਠਾ ਕਰਵਾਉਂਦਿਆਂ ਪ੍ਰਿੰਸੀਪਲ ਬਚਿੱਤਰ ਸਿੰਘ ਤਰਸਿੱਕਾ ਨੇ ਕਿਹਾ ਕਿ ਇਹ ਸਾਡੇ ਇਲਾਕੇ ਤੇ ਧੀਆਂ ਲਈ ਬੜੀ ਮਾਣ ਵਾਲੀ ਗੱਲ ਹੈ। ਇਸ ਪ੍ਰਾਪਤੀ ਦਾ ਸਿਹਰਾ ਸੀਨੀਅਰ ਸੈਕੰਡਰੀ ਸਕੂਲ ਜੇਠੂਵਾਲ ਤੇ ਪ੍ਰਿੰ. ਹਰਭਜਨ ਸਿੰਘ ਜੇਠੂਵਾਲ ਤੇ ਜਸਪ੍ਰੀਤ ਸਿੰਘ ਆਦਿ ਨੂੰ ਜਾਂਦਾ ਹੈ।

## ਬ੍ਰਿਜਸਟੋਨ ਇੰਡੀਆ ਵੱਲੋਂ ਨਵਾਂ ਪ੍ਰੀਮੀਅਮ ਟਾਇਰ ਤੁਰਾਂਜਾ 6ਆਈ ਲਾਂਚ

**ਲੁਧਿਆਣਾ**:ਬ੍ਰਿਜਸਟੋਨ ਇੰਡੀਆ ਨੇ ਯਾਤਰੀ ਵਾਹਨਾਂ ਲਈ ਬ੍ਰਿਜਸਟੋਨ ਤੁਰਾਂਜਾ 6ਆਈ ਟਾਇਰ ਲਾਂਚ ਕੀਤਾ ਹੈ।ਤੁਰਾਂਜਾ 6ਆਈ ਯਾਤਰੀ ਰੇਡੀਅਲ ਕਾਰੋਬਾਰ ਵਿੱਚ ਪਹਿਲਾਂ ਐਲਾਨੇ ਗਏ ਵਿਸਤਾਰ ਦਾ ਨਤੀਜਾ ਹੈ।ਇਹ ਟਾਇਰ ਖਾਸ ਤੌਰ 'ਤੇ ਭਾਰਤੀ ਸੜਕਾਂ ਲਈ ਤਿਆਰ ਕੀਤਾ ਗਿਆ ਹੈ, ਜੋ ਕਿ ਬਿਹਤਰ ਈਂਧਨ ਕੁਸ਼ਲਤਾ ਅਤੇ ਟਿਕਾਊਪਣ ਦੇ ਨਾਲ ਪ੍ਰੀਮੀਅਮ ਆਰਾਮਦਾਇਕ ਸਵਾਰੀ ਅਨੁਭਵ ਪ੍ਰਦਾਨ ਕਰਦਾ ਹੈ। ਬ੍ਰਿਜਸਟੋਨ ਤੁਰਾਂਜਾ 6ਆਈ 14 ਇੰਚ ਤੋਂ 20 ਇੰਚ ਤੱਕ ਦੇ 36 ਐੱਸਕੇਯੂ (ਸਟਾਕ ਕੀਪਿੰਗ ਯੂਨਿਟ) ਵਿੱਚ ਉਪਲਬਧ ਹੈ।ਇਹ ਐੱਸਯੂਵੀ, ਸੇਡਾਨ, ਹੈਚਬੈਕ ਅਤੇ ਸੀਯੂਵੀ ਨੂੰ ਕਵਰ ਕਰਨ ਵਾਲੇ ਪ੍ਰੀਮੀਅਮ ਵਾਹਨਾਂ ਲਈ ਹੈ।ਬ੍ਰਿਜਸਟੋਨ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਹਿਰੋਸ਼ੀ ਯੋਸ਼ੀਜ਼ੇਨ ਨੇ ਕਿਹਾ ਕਿ ਤੁਰਾਂਜਾ 6ਆਈ ਤੇਜ਼ੀ ਨਾਲ ਵਧ ਰਹੇ ਭਾਰਤੀ ਬਾਜ਼ਾਰ ਲਈ ਸਭ ਤੋਂ ਵਧੀਆ ਤਕਨਾਲੋਜੀ ਦੀ ਪੇਸ਼ਕਸ਼ ਕਰਨ ਦੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ।

## ਫੈਟੀ ਲਿਵਰ ਦੀਆਂ ਬਿਮਾਰੀਆਂ ਤੋਂ ਕਰੋ ਬਚਾਓ : ਡਾ. ਪੁਨੀਤ ਸਿੰਗਲਾ

**ਲੁਧਿਆਣਾ**:ਇਸ ਸਾਲ ਵਿਸ਼ਵ ਲਿਵਰ ਦਿਵਸ ਦਾ ਥੀਮ ਹੈ-ਨਿਯਮਤ ਚੈਕਅੱਪ ਕਰਵਾਓ ਅਤੇ ਫੈਟੀ ਲੀਵਰ ਦੀਆਂ ਬਿਮਾਰੀਆਂ ਤੋਂ ਬਚੋ।ਮੇਰਿੰਗੋ ਏਸ਼ੀਆ ਹਸਪਤਾਲ ਦੇ ਲਿਵਰ ਟ੍ਰਾਂਸਪਲਾਂਟ ਅਤੇ ਐੱਚਪੀਬੀ ਸਰਜਰੀ ਵਿਭਾਗ ਦੇ ਐੱਚਓਡੀ ਅਤੇ ਡਾਇਰੈਕਟਰ ਡਾ. ਪੁਨੀਤ ਸਿੰਗਲਾ ਨੇ ਕਿਹਾ ਕਿ ਵਿਸ਼ਵ ਲਿਵਰ ਦਿਵਸ ਸਾਨੂੰ ਆਪਣੇ ਜਿਗਰ ਦੀ ਸਿਹਤ ਬਾਰੇ ਸੋਚਣ ਅਤੇ ਵਿਚਾਰ ਕਰਨ ਦੀ ਯਾਦ ਦਿਵਾਉਂਦਾ ਹੈ।ਜਿਗਰ ਦੀ ਸਿਹਤ ਨੂੰ ਸੁਧਾਰਨ ਅਤੇ ਬਿਮਾਰੀ ਨੂੰ ਰੋਕਣ ਲਈ ਕਿਰਿਆਸ਼ੀਲ ਉਪਾਅ ਕਰਨਾ ਇੱਕ ਅਜਿਹਾ ਕਦਮ ਹੈ ਜਿਸਦੀ ਡਾਕਟਰਾਂ ਅਤੇ ਸਰਜਨਾਂ ਦੁਆਰਾ ਸਿਫਾਰਸ਼ ਕੀਤੀ ਜਾਂਦੀ ਹੈ।ਸਿਹਤਮੰਦ ਜੀਵਨ ਸ਼ੈਲੀ ਦੀਆਂ ਆਦਤਾਂ ਨੂੰ ਅਪਣਾਉਣਾ, ਜਿਗਰ ਨੂੰ ਸਿਹਤਮੰਦ ਭੋਜਨ ਖਾਣਾ ਅਤੇ ਨਿਯਮਤ ਸਿਹਤ ਮੁਲਾਂਕਣ ਕਰਨਾ ਮਹੱਤਵਪੂਰਨ ਹੈ।ਜਿਗਰ ਦੀਆਂ ਬਿਮਾਰੀਆਂ ਦੀ ਰੋਕਥਾਮ ਵਿਅਕਤੀਆਂ ਨੂੰ ਸ਼ਕਤੀ ਪ੍ਰਦਾਨ ਕਰੇਗੀ ਅਤੇ ਜੀਵਨ ਦੀ ਗੁਣਵੱਤਾ ਲਈ ਅੰਗ ਦੀ ਸਿਹਤ ਦੀ ਰੱਖਿਆ ਕਰੇਗੀ।

## 'ਆਪ' ਆਗੂ ਸ਼ਮਸ਼ੇਰ ਸ਼ੇਰਾ ਸਾਥੀਆਂ ਸਣੇ ਭਾਜਪਾ 'ਚ ਸ਼ਾਮਲ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਵਾਰਡ ਨੰਬਰ 4 ਤੋਂ ਆਮ ਆਦਮੀ ਪਾਰਟੀ ਨੂੰ ਬਹੁਤ ਵੱਡਾ ਝਟਕਾ ਲੱਗਾ ਹੈ। 'ਆਪ' ਆਗੂ ਸ਼ਮਸ਼ੇਰ ਸਿੰਘ ਸ਼ੇਰਾ ਆਪਣੇ ਸਾਥੀਆਂ ਸਮੇਤ ਦਵਿੰਦਰ ਸਿੰਘ ਔਲਖ ਗੁੱਝਾਪੀਰ, ਬਾਬਾ ਪਲਵਿੰਦਰ ਸਿੰਘ ਔਲਖ ਗੁੱਝਾਪੀਰ ਦੀ ਅਗਵਾਈ ਹੇਠ ਭਾਜਪਾ ਵਿੱਚ ਸ਼ਾਮਲ ਹੋ ਗਏ।ਬੋਨੀ ਅਮਰਪਾਲ ਸਿੰਘ ਅਜਨਾਲਾ ਨੇ ਪਾਰਟੀ ਦੇ ਨਿਸ਼ਾਨ ਚਿੰਨ੍ਹ ਗਲ ਵਿਚ ਪਾ ਕੇ ਉਸ ਨੂੰ ਸਨਮਾਨਿਤ ਕੀਤਾ ।ਬੋਨੀ ਅਜਨਾਲਾ ਨੇ ਕਿਹਾ ਕਿ ਸ਼ੇਰਾ ਨੂੰ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।ਇਸ ਮੌਕੇ ਸਤਿੰਦਰ ਸਿੰਘ ਮਾਕੋਵਾਲ, ਦਿਲਾਵਰ ਸਿੰਘ ਔਲਖ ਗੁੱਝਾਪੀਰ, ਸੱਤਪਾਲ ਸਿੰਘ ਸੱਤਾ ਗੁੱਝਾਪੀਰ, ਬਲਵਿੰਦਰ ਸਿੰਘ ਔਲਖ, ਲਖਵਿੰਦਰ ਸਿੰਘ, ਜੋਗਾ ਸਿੰਘ, ਸਤਨਾਮ ਸਿੰਘ, ਗੁਰਬਿੰਦਰ ਸਿੰਘ, ਜਸਪਾਲ ਸਿੰਘ ਜੰਬਾ ਗੁੱਝਾਪੀਰ, ਭੋਲਾ ਸਿੰਘ ਮੰਡ, ਜਸਪਿੰਦਰ ਸਿੰਘ ਪਵਾਰ, ਕਾਲਾ ਸਿੰਘ ਸੁਰੇਪੁਰ, ਜਸਕਰਨ ਸਿੰਘ, ਮਨਿੰਦਰ ਸਿੰਘ, ਸੋਨੂੰ ਰੋੜੀ ਅਜਨਾਲਾ, ਸਰਵਣ ਸਿੰਘ ਆਦਿ ਹਾਜ਼ਰ ਸਨ।

## ਸ਼ੈੱਡ ਡਿੱਗਣ ਕਾਰਨ 50 ਹਜ਼ਾਰ ਦਾ ਮਾਲੀ ਨੁਕਸਾਨ

**ਗੁਰਦਾਸਪੁਰ, (ਜਨਕ ਮਹਾਜਨ)**-ਗੁਰਦਾਸਪੁਰ ਅੰਦਰ ਪੈਂਦੇ ਪਿੰਡ ਨੰਗਲ ਵਿਖੇ ਤੇਜ਼ ਹਨੇਰੀ ਚੱਲਣ ਨਾਲ ਘਰੇਲੂ ਸਮਾਨ ਰੱਖਣ ਅਤੇ ਪਸ਼ੂਆਂ 'ਤੇ ਪਾਈ ਟੀਨਾਂ ਵਾਲੀ ਸ਼ੈੱਡ ਡਿੱਗਣ ਨਾਲ ਹਜ਼ਾਰਾਂ ਰੁਪਏ ਦਾ ਨੁਕਸਾਨ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੀਪਕ ਕੁਮਾਰ ਪੁੱਤਰ ਬਿਹਾਰੀ ਲਾਲ ਵਾਸੀ ਨੰਗਲ ਨੇ ਦੱਸਿਆ ਕਿ ਕਰੀਬ ਤਿੰਨ ਦਿਨ ਪਹਿਲਾਂ ਹੀ ਉਨ੍ਹਾਂ ਵਲੋਂ ਪਸ਼ੂਆਂ ਅਤੇ ਹੋਰ ਸਾਮਾਨ ਰੱਖਣ ਵਾਸਤੇ ਸੀਮੈਂਟ ਦੀਆਂ ਚਾਦਰਾਂ ਪਾ ਕੇ ਇਕ ਸ਼ੈੱਡ ਬਣਾਈ ਸੀ। ਬੀਤੀ ਰਾਤ ਚੱਲੀ ਤੇਜ਼ ਹਨੇਰੀ ਕਾਰਨ ਸ਼ੈੱਡ ਉਡ ਗਈ ਜਿਸ ਨਾਲ ਦਾ 50 ਹਜ਼ਾਰ ਦੇ ਕਰੀਬ ਮਾਲੀ ਨੁਕਸਾਨ ਹੋ ਚੁੱਕਾ ਹੈ। ਪੀੜਤਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਕਿ ਤੇਜ਼ ਹਨੇਰੀ ਕਾਰਨ ਉਨ੍ਹਾਂ ਦੇ ਹੋਏ ਨੁਕਸਾਨ ਦਾ ਉਚਿਤ ਮੁਆਵਜ਼ਾ ਦਿੱਤਾ ਜਾਵੇ।

## ਸਿਮਰਨਪ੍ਰੀਤ ਕੌਰ 83 ਫੀਸਦੀ ਅੰਕਾਂ ਨਾਲ ਆਈ ਅੱਵਲ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਅਜਨਾਲਾ ਦੇ ਜੀਆਰਡੀ ਕਾਨਵੈਂਟ ਸਕੂਲ ਦੀ ਵਿਦਿਆਰਥਣ ਅਤੇ ਤੇਜਿੰਦਰ ਸਿੰਘ ਸੋਨੂੰ ਚੱਕੀ ਵਾਲਿਆਂ ਦੀ ਹੋਣਹਾਰ ਬੇਟੀ ਸਿਮਰਨਪ੍ਰੀਤ ਕੌਰ ਨੇ ਦਸਵੀਂ ਕਲਾਸ ਦੇ ਐਲਾਨੇ ਗਏ ਨਤੀਜਿਆਂ 'ਚ 83 ਪ੍ਰਤੀਸ਼ਤ ਅੰਕ ਲੈ ਕੇ ਪਹਿਲੀ ਪੁਜ਼ੀਸ਼ਨ ਹਾਸਿਲ ਕੀਤੀ। ਸ੍ਰੀ ਹੇਮਕੁੰਟ ਸਾਹਿਬ ਲੰਗਰ ਸੇਵਾ ਸੋਸਾਇਟੀ ਅਜਨਾਲਾ ਦੇ ਸੇਵਾਦਾਰ ਤੇ ਸਮਾਜ ਸੇਵਕ ਸੁਖਤਿੰਦਰ ਸਿੰਘ ਰਾਜੂ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਸੁਖਤਿੰਦਰ ਸਿੰਘ ਰਾਜੂ ਤੇ ਵਿਜੇ ਕੁਮਾਰ ਅਰੋੜਾ ਅਜਨਾਲੀ ਨੇ ਤਜਿੰਦਰ ਸਿੰਘ ਸੋਨੂੰ ਅਤੇ ਉਨ੍ਹਾਂ ਦੀ ਧਰਮ ਪਤਨੀ ਸੰਦੀਪ ਕੌਰ ਨੂੰ ਵਧਾਈਆਂ ਦਿੰਦਿਆਂ ਸਕੂਲ ਟੀਚਰ ਨੀਲਮ ਕੌਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਭ ਟੀਚਰ ਦੀ ਮਿਹਨਤ ਅਤੇ ਗੁਰਦਰਸ਼ਨ ਬਜਾਜ ਪ੍ਰਿੰ. ਦੀ ਮਿਹਨਤ ਰੰਗ ਲਿਆਈ ਹੈ।

## ਮੋਹਨਜੀਤ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਮਜੀਠਾ (ਸੋਇਮ ਆਨੰਦ)**-ਅੰਮ੍ਰਿਤਸਰ ਦੇ ਪਿੰਡ ਅਦਲੀਵਾਲ ਵਿਚ 7 ਮਈ 1938 ਨੂੰ ਜਨਮੇ ਤੇ ਦਿੱਲੀ ਵੱਸਦੇ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਉੱਘੇ ਦੁਮਾਲੜੇ ਲੇਖਕ-ਸ਼ਾਇਰ ਡਾ. ਮੋਹਨਜੀਤ ਦੇ ਸਦੀਵੀ ਵਿਛੋੜੇ ਨੇ ਲੇਖਕਾਂ ਤੇ ਸਾਹਿਤ ਪ੍ਰੇਮੀਆਂ ਦੇ ਦਿਲਾਂ ਵਿਚ ਡੂੰਘਾ ਗ਼ਮ ਪੈਦਾ ਕੀਤਾ ਹੈ।ਸਵੇਰੇ ਦਿੱਲੀ ਵਿਖੇ ਸਦੀਵੀ ਵਿਛੋੜਾ ਦੇ ਗਏ ਪੰਜਾਬੀ ਜ਼ੁਬਾਨ ਦੇ ਸੁਚਿਆਰੇ ਪੁੱਤਰ ਡਾ. ਮੋਹਨਜੀਤ ਨੇ ਬਹੁਤ ਮੁੱਲਵਾਨ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ 'ਚ ਪਾਈਆਂ। ਅੰਮ੍ਰਿਤਸਰ ਨਾਲ ਉਨ੍ਹਾਂ ਨੂੰ ਅੰਤਾਂ ਦਾ ਮੋਹ ਰਿਹਾ।ਉਨ੍ਹਾਂ ਦੇ ਵਿਛੋੜੇ 'ਤੇ ਪ੍ਰਗਤੀਸ਼ੀਲ ਲੇਖਕ ਸੰਘ ਅੰਮ੍ਰਿਤਸਰ, ਵਿਰਸਾ ਵਿਹਾਰ ਸੋਸਾਇਟੀ, ਪੰਜਾਬੀ ਸਾਹਿਤ ਸਭਾ ਚੋਗਾਵਾਂ, ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ, ਫੋਕਲੋਰ ਰਿਸਰਚ ਅਕਾਦਮੀ ਤੇ ਮਾਝਾ ਵਿਰਾਸਤ ਮੰਚ ਦੇ ਆਗੂਆਂ ਕੇਵਲ ਧਾਲੀਵਾਲ, ਭੁਪਿੰਦਰ ਸਿੰਘ ਸੰਧੂ, ਰਮੇਸ਼ ਯਾਦਵ, ਐੱਸ. ਪਰਸ਼ੋਤਮ, ਧਰਵਿੰਦਰ ਔਲਖ, ਡਾ. ਸੁਖਦੇਵ ਸਿੰਘ ਸੇਖੋਂ, ਕਮਲ ਗਿੱਲ, ਗੁਰਬਾਜ ਛੀਨਾ, ਡਾ ਰਾਣੀ, ਦਲਜੀਤ ਕੌਰ, ਨਿਰੰਜਣ ਸਿੰਘ ਗਿੱਲ, ਹਰਦਰਸ਼ਨ ਸਿੰਘ ਕਮਲ, ਗੁਰਪ੍ਰੀਤ ਸਿੰਘ ਕੰਵਲ, ਕੁਲਦੀਪ ਸਿੰਘ ਦਰਾਜਕੇ ਆਦਿ ਨੇ ਆਪਣੇ-ਆਪਣੇ ਜੀਵਨ ਕਾਲ ਵਿੱਚ ਡਾ. ਮੋਹਨਜੀਤ ਨਾਲ ਜੁੜੀਆਂ ਸਾਂਝਾਂ ਦਾ ਜ਼ਿਕਰ ਕਰਦਿਆਂ ਦਿਲੋਂ ਸ਼ਰਧਾਂਜਲੀ ਭੇਟ ਕੀਤੀ।

# ਪੰਜਾਬ ਖੇਤ ਮਜ਼ਦੂਰ ਸਭਾ ਦੀ ਪੰਜ ਮੈਂਬਰੀ ਕਮੇਟੀ ਦਾ ਗਠਨ



**ਤਰਨ ਤਾਰਨ ( ਪੱਤਰ ਪ੍ਰੇਰਕ)** ਪੰਜਾਬ ਖੇਤ ਮਜ਼ਦੂਰ ਸਭਾ ਦੀ ਮੀਟਿੰਗ ਪਿੰਡ ਰਟੋਲ ਵਿਖੇ ਸਾਥੀ ਦਿਲਬਾਗ ਸਿੰਘ ਦੀ ਪ੍ਰਧਾਨਗੀ ਹੇਠ ਕੀਤੀ ਗਈ।ਇਕੱਠ ਨੂੰ ਸੰਬੋਧਨ ਕਰਦਿਆ ਪੰਜਾਬ ਖੇਤ ਮਜ਼ਦੂਰ ਸਭਾ ਦੀ ਸੂਬਾ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾ, ਜਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾ, ਜਿਲ੍ਹਾ ਮੀਤ ਪ੍ਰਧਾਨ ਹੀਰਾ ਸਿੰਘ ਖਡੂਰ ਸਾਹਿਬ ਨੇ ਆਪਣੇ ਸਾਂਝੇ ਬਿਆਨ ਵਿੱਚ ਕਿਹਾ ਕਿ ਕੇਂਦਰ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਜਦੋ ਦੀ ਸੱਤਾ ਵਿੱਚ ਆਈ ਹੈ ਆਮ ਲੋਕਾਂ ਦਾ ਜਿਊਣਾ ਦੁੱਭਰ ਹੋ ਗਿਆ ਹੈ।ਦੇਸ਼ ਦੀ ਡਿੱਗ ਰਹੀ ਆਰਥਿਕਤਾ ਤੋਂ ਲੋਕਾ ਦਾ ਧਿਆਨ ਹਟਾਉਣ ਲਈ ਲੋਕਾਂ ਨੂੰ ਫਿਰਕੂ ਲੀਹਾਂ 'ਤੇ ਵੰਡਿਆ ਜਾ ਰਿਹਾ ਹੈ। ਲਗਾਤਾਰ ਵੱਧ ਰਹੀ ਮਹਿੰਗਾਈ, ਬੇਰੋਜ਼ਗਾਰੀ, ਨੋਟ ਬੰਦੀ, ਜੀ ਐਸ ਟੀ, ਕਰੋਨਾ ਦੌਰਾਨ ਕੁਪ੍ਰਬੰਧ ਨੇ ਆਮ ਲੋਕਾਂ ਤੇ ਛੋਟੇ ਕਾਰੋਬਾਰੀਆਂ ਨੂੰ ਹੋਰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਆਮ ਜਨਤਾ ਖੇਤ ਮਜ਼ਦੂਰ, ਕਿਸਾਨ, ਮਨਰੇਗਾ ਕਾਮੇ, ਨੌਜਵਾਨ, ਔਰਤਾਂ ਅਤੇ ਛੋਟੇ ਕਾਰੋਬਾਰੀ ਲੋਕਾਂ ਦੀਆ ਜਾਇਜ ਮੰਗਾਂ ਛੱਡ ਕੇ ਸਿਰਫ ਕਾਰਪੋਰੇਟ ਘਰਾਣਿਆਂ ਨੂੰ ਲਾਭ ਪਹੁੰਚਾਏ ਜਾ ਰਹੇ ਹਨ।ਉਹਨਾਂ ਪਿੰਡਾਂ ਦੇ ਖੇਤ ਮਜ਼ਦੂਰਾਂ ਨੂੰ ਅਪੀਲ ਕੀਤੀ ਕਿ ਇਹਨਾਂ ਖੇਤ ਮਜ਼ਦੂਰਾਂ ਦੇ ਭਖਦੇ ਮਸਲਿਆਂ ਨੂੰ ਲੈ ਕੇ ਮੋਦੀ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨਾ ਬਹੁਤ ਜ਼ਰੂਰੀ ਹੈ।ਇਸ ਮੌਕੇ ਪੰਜ ਮੈਂਬਰੀ ਕਮੇਟੀ ਦੀ ਚੋਣ ਕੀਤੀ ਗਈ।ਜਿਸ ਦੇ ਪ੍ਰਧਾਨ ਸਾਥੀ ਦਿਲਬਾਗ ਸਿੰਘ, ਜਰਨਲ ਸਕੱਤਰ ਜਗਜੀਤ ਸਿੰਘ, ਮੀਤ ਪ੍ਰਧਾਨ ਗੁਰਦਿੱਤ ਸਿੰਘ, ਮੀਤ ਸਕੱਤਰ ਬਲਵੰਤ ਸਿੰਘ, ਕੈਸ਼ੀਅਰ ਕੁਲਵੰਤ ਸਿੰਘ ਆਦਿ ਚੁਣੇ ਗਏ। ਹੋਰਨਾਂ ਤੋਂ ਇਲਾਵਾ ਬੀਬੀ ਅਮਰਜੀਤ ਕੌਰ, ਮਨਜੀਤ ਕੌਰ, ਬਲਜੀਤ ਕੌਰ, ਹਰਜੀਤ ਸਿੰਘ, ਜੋਬਨਜੀਤ ਸਿੰਘ ਆਦਿ ਹਾਜ਼ਰ ਸਨ ਕੀਤਾ।

# ਮੂਸੇ ਸਕੂਲ ਦੇ ਵਿਦਿਆਰਥੀਆਂ ਨੇ ਦਸਵੀਂ ਦੇ ਨਤੀਜਿਆਂ 'ਚ ਮਾਰੀਆਂ ਮੱਲਾਂ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ 'ਚ ਸਰਕਾਰੀ ਹਾਈ ਸਕੂਲ ਮੂਸੇ ਦੇ ਵਿਦਿਆਰਥੀਆਂ ਨੇ ਚੰਗੇ ਅੰਕ ਪ੍ਰਾਪਤ ਕਰਕੇ ਸਕੂਲ ਤੇ ਅਧਿਆਪਕਾਂ ਦਾ ਨਾਂਅ ਰੌਸ਼ਨ ਕੀਤਾ ਹੈ। ਸਕੂਲ ਮੁਖੀ ਗੁਲਬਾਗ ਸਿੰਘ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ ਸਕੂਲ ਦੀ ਦਸਵੀਂ ਜਮਾਤ ਦੀ ਵਿਦਿਆਰਥਣ ਨਵਪ੍ਰੀਤ ਕੌਰ ਪੁੱਤਰੀ ਸ੍ਰ. ਨਿਰਵੈਲ ਸਿੰਘ ਨੇ 92 ਫ਼ੀਸਦੀ ਅੰਕ, ਨਵਨੀਤ ਕੌਰ ਪੁੱਤਰੀ ਸ੍ਰ. ਸਵਰਨਜੀਤ ਸਿੰਘ ਨੇ 89 ਫ਼ੀਸਦੀ ਅੰਕ ਤੇ ਨਵਨੀਤ ਕੌਰ ਪੁੱਤਰੀ ਸ੍ਰ. ਪਰਮਜੀਤ ਸਿੰਘ ਨੇ 88 ਫ਼ੀਸਦੀ ਅੰਕ ਹਾਸਲ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ ਹੈ। ਦੱਸਣਯੋਗ ਹੈ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਸੁਸ਼ੀਲ ਕੁਮਾਰ ਤੁਲੀ ਵੱਲੋਂ ਵਿਸ਼ੇਸ਼ ਸੰਦੇਸ਼ ਰਾਹੀਂ ਸਕੂਲ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਵਧਾਈਆਂ ਭੇਜੀਆਂ ਗਈਆਂ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਕੂਲ ਮੁਖੀ ਗੁਲਬਾਗ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਸਕੂਲ ਦੇ ਦਸਵੀਂ ਜਮਾਤ ਦੇ ਨਤੀਜੇ ਸੌ ਫ਼ੀਸਦੀ ਰਹੇ ਹਨ।ਗੁਲਬਾਗ ਸਿੰਘ ਨੇ ਕਿਹਾ ਕਿ ਸਕੂਲ ਅਧਿਆਪਕਾਂ ਦੀ ਅਣਥੱਕ ਮਿਹਨਤ ਸਦਕਾ ਹੀ ਵਿਦਿਆਰਥੀਆਂ ਨੇ ਚੰਗੇ ਅੰਕ ਲੈ ਕੇ ਪ੍ਰੀਖਿਆਂ ਨੂੰ ਪਾਸ ਕੀਤਾ ਹੈ। ਇਸ ਮੌਕੇ ਉਨ੍ਹਾਂ ਦਸਵੀਂ ਜਮਾਤ ਦੇ ਸਾਰੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦਿਆਂ ਆਸ ਪ੍ਰਗਟਾਈ ਕਿ ਇਹ ਵਿਦਿਆਰਥੀ ਭਵਿੱਖ ਵਿੱਚ ਵੀ ਸਖ਼ਤ ਮਿਹਨਤ ਕਰਕੇ ਇਸੇ ਤਰ੍ਹਾਂ ਸਕੂਲ ਦਾ ਨਾਂਅ ਚਮਕਾਉਂਦੇ ਰਹਿਣਗੇ। ਇਸ ਮੌਕੇ ਐਸਐਸ ਮਾਸਟਰ ਅਮਰਬੀਰ ਸਿੰਘ, ਮੈਥ ਮਾਸਟਰ ਨਰਿੰਦਰ ਸਿੰਘ, ਐੱਸਐੱਸ ਅਧਿਆਪਕਾ ਗੁਰਪ੍ਰੀਤ ਕੌਰ, ਸਾਇੰਸ ਮਾਸਟਰ ਰਤਨ ਸਿੰਘ, ਮੈਥ ਮਾਸਟਰ ਉਪਦੀਪ ਸਿੰਘ, ਸਾਇੰਸ ਅਧਿਆਪਕਾ ਲਵਪ੍ਰੀਤ ਕੌਰ, ਸਾਇੰਸ ਅਧਿਆਪਕਾ ਅਮਨਜੋਤ ਕੌਰ, ਕਲਰਕ ਅਜੀਤ ਸਿੰਘ ਸਮੇਤ ਸਕੂਲ ਦਾ ਸਮੁੱਚਾ ਸਟਾਫ ਹਾਜ਼ਰ ਸੀ।

# ਪ੍ਰਾਈਵੇਟ ਨੌਕਰੀਪੇਸ਼ਾ ਨੌਜਵਾਨ ਦੀ ਨਿਕਲੀ ਪੰਜ ਲੱਖ ਦੀ ਲਾਟਰੀ

**ਗੁਰਦਾਸਪੁਰ (ਜਨਕ ਮਹਾਜਨ)**-ਗੀਤਾ ਭਵਨ ਰੋਡ 'ਤੇ ਬੱਬਰ ਇਲੈਕਟ੍ਰਾਨਿਕਸ ਦੇ ਰਾਜ ਸ਼੍ਰੀ ਲਾਟਰੀ ਸਟਾਲ ਤੋਂ ਇਕ ਵਿਅਕਤੀ ਨੇ 10 ਰੁਪਏ ਵਾਲੀ ਲਾਟਰੀ ਪਾਈ ਸੀ ਜਿਸ ਦਾ 5 ਲੱਖ ਰੁਪਏ ਵਾਲਾ ਲਾਟਰੀ ਬੰਪਰ ਨਿਕਲਿਆ ਹੈ। ਇਸ ਮੌਕੇ ਲਾਟਰੀ ਸਟਾਲ 'ਤੇ ਇਨਾਮ ਪ੍ਰਾਪਤ ਕਰਨ ਆਏ ਸਤਬੀਰ ਸਿੰਘ ਬਡਵਾਲ ਪੁੱਤਰ ਰਘੁਵੀਰ ਸਿੰਘ ਬਡਵਾਲ ਵਾਸੀ ਜੇਲ੍ਹ ਰੋਡ ਡਾਲਾ ਕਲੋਨੀ ਗੁਰਦਾਸਪੁਰ ਨੇ ਦੱਸਿਆ ਕਿ ਉਹ ਪ੍ਰਾਈਵੇਟ ਨੌਕਰੀ ਕਰਦਾ ਹੈ। ਇਸ ਮੌਕੇ ਲਾਟਰੀ ਸਟਾਲ ਦੇ ਮਾਲਕ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਸਟਾਲ ਤੋਂ ਪਹਿਲਾਂ ਵੀ ਕਈ ਲੋਕ ਇਨਾਮ ਪ੍ਰਾਪਤ ਕਰ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੰਪਨੀ ਵੱਲੋਂ ਪੁੱਜੇ ਅਧਿਕਾਰੀ ਦੀ ਹਾਜ਼ਰੀ ਵਿਚ ਲਾਟਰੀ ਧਾਰਕ ਨੂੰ ਉਸ ਦੀ ਰਕਮ ਦੇ ਦਿੱਤੀ ਗਈ ਹੈ। ਪੂਰੇ ਸ਼ਹਿਰ ਅੰਦਰ ਲਾਟਰੀ ਦੀ ਚਰਚਾ ਹੈ।

# ਭਗਤ ਪੂਰਨ ਸਿੰਘ ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਦਾ 10ਵੀਂ ਦਾ ਨਤੀਜਾ ਮਾਣਮੱਤਾ



## ਕੁਲਜੀਤ ਸਿੰਘ ਨੇ 634/650 ਅੰਕ ਲੈ ਕੇ ਸੰਸਥਾ ਦਾ ਨਾਂਅ ਰੁਸ਼ਨਾਇਆ

**ਅੰਮ੍ਰਿਤਸਰ (ਨਰਿੰਦਜੀਤ ਸਿੰਘ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਦੇ ਐਲਾਨੇ ਗਏ ਨਤੀਜਿਆਂ ਵਿੱਚ ਪਿੰਗਲਵਾੜਾ ਸੁਸਾਇਟੀ ਆਫ ਉਨਟਾਰੀਓ ਅਤੇ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ (ਰਜਿ:) ਅੰਮ੍ਰਿਤਸਰ ਦੇ ਸਾਂਝੇ ਪ੍ਰੋਜੈਕਟ ਅਧੀਨ ਚਲਦੇ ਭਗਤ ਪੂਰਨ ਸਿੰਘ ਆਦਰਸ਼ ਸੀ. ਸੈ. ਸਕੂਲ, ਮਾਨਾਂਵਾਲਾ ਕਲਾਂ ਦੇ ਪਿੰਗਲਵਾੜਾ ਸੰਸਥਾ ਵਿੱਚ ਪਲੇ-ਪੜ੍ਹੇ ਵਿਦਿਆਰਥੀ ਨੇ 12ਵਾਂ ਰੈਂਕ ਪ੍ਰਾਪਤ ਕਰਕੇ ਮੈਰਿਟ ਵਿਚ ਆਪਣਾ ਨਾਮ ਦਰਜ ਕਰਵਾਇਆ। ਸੰਸਥਾ ਦੇ ਮੁੱਖ ਸੇਵਾਦਾਰ ਡਾ. ਇੰਦਰਜੀਤ ਕੌਰ ਸ਼ਾਈਨਿੰਗ ਸਟਾਰ ਬੱਚੇ ਅਤੇ ਅਧਿਆਪਕਾਂ ਨੂੰ ਵਧਾਈ ਦੇਣ ਲਈ ਪੁੱਜੇ। ਉਨ੍ਹਾਂ ਕਿਹਾ ਕਿ ਕੁਲਜੀਤ ਸਿੰਘ ਨੇ ਪਿੰਗਲਵਾੜਾ ਸੰਸਥਾ ਅਤੇ ਆਪਣੇ ਅਧਿਆਪਕਾਂ ਦਾ 634/650 ਅੰਕ ਲੈ ਕੇ ਮਾਣ ਵਧਾਇਆ। ਇਸ ਮੌਕੇ ਸਕੂਲ ਦੇ ਪ੍ਰਿੰ. ਨਰੇਸ਼ ਕਾਲੀਆ ਨੇ ਗੱਲਬਾਤ ਕਰਦੇ ਹੋਏ ਦੱਸਿਆ ਕਿ ਕੁੱਲ 43 ਵਿਦਿਆਰਥੀਆਂ ਵਿੱਚੋਂ 28 ਵਿਦਿਆਰਥੀਆਂ ਨੇ 90% ਤੋਂ ਵੱਧ ਅੰਕ ਪ੍ਰਾਪਤ ਕੀਤੇ ਅਤੇ 15 ਵਿਦਿਆਰਥੀਆਂ ਨੇ 80-90% ਅੰਕ ਪ੍ਰਾਪਤ ਕੀਤੇ ਜਿਸ ਵਿੱਚ ਕੁਲਜੀਤ ਸਿੰਘ ਨੇ 650 ਵਿੱਚੋਂ 634 ਅੰਕ ਪ੍ਰਾਪਤ ਕਰਕੇ ਪਹਿਲੀ ਪੁਜ਼ੀਸ਼ਨ ਪ੍ਰਾਪਤ ਕੀਤੀ। ਹਰਪ੍ਰੀਤ ਕੌਰ, ਪਵਿੱਤਰ ਕੌਰ ਅਤੇ ਸੁਖਪ੍ਰੀਤ ਕੌਰ 650 ਵਿੱਚੋਂ 616 ਅੰਕ ਪ੍ਰਾਪਤ ਕਰਕੇ ਦੂਜੀ ਪੁਜ਼ੀਸ਼ਨ ਤੇ ਰਹੀਆਂ। ਰਵਨੀਤ ਕੌਰ 650 ਵਿੱਚੋਂ 615 ਅੰਕ ਪ੍ਰਾਪਤ ਕਰਕੇ ਤੀਜੀ ਪੁਜ਼ੀਸ਼ਨ ਤੇ ਰਹੀ। ਇਸ ਮੌਕੇ ਸੰਸਥਾ ਦੇ ਵਾਈਸ ਪ੍ਰਧਾਨ ਡਾ. ਜਗਦੀਪਕ ਸਿੰਘ, ਆਨਰੇਰੀ ਸੈਕਟਰੀ ਮੁਖਤਾਰ ਸਿੰਘ ਗੁਰਾਇਆ, ਰਾਜਬੀਰ ਸਿੰਘ, ਮੈਂਬਰ, ਰਜਿੰਦਰਪਾਲ ਸਿੰਘ, ਡਾਇਰੈਕਟਰ, ਡਾ. ਅਮਰਜੀਤ ਸਿੰਘ ਗਿੱਲ, ਪ੍ਰਸ਼ਾਸ਼ਕ ਮਾਨਾਂਵਾਲਾ ਬ੍ਰਾਂਚ ਨੇ ਆਪਣੇ ਸੰਬੋਧਨ ਵਿੱਚ ਬੱਚਿਆਂ ਤੇ ਸਮੂਹ ਸਟਾਫ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਭਵਿੱਖ ਵਿੱਚ ਵੀ ਉਹ ਅਜਿਹੀਆਂ ਮੱਲਾਂ ਮਾਰਦੇ ਰਹਿਣ। ਇਸ ਮੌਕੇ ਹਰਜੀਤ ਸਿੰਘ ਅਰੋੜਾ, ਪ੍ਰੀਤਇੰਦਰ ਕੌਰ, ਸੁਸਾਇਟੀ ਮੈਂਬਰ, ਜੈ ਸਿੰਘ, ਯੋਗੇਸ਼ ਸੂਰੀ, ਡਾ. ਅਮਨਦੀਪ ਕੌਰ, ਐਡਵੋਕੇਟ ਤਰਨਜੀਤ ਸਿੰਘ, ਹੋਸਟਲ ਵਾਰਡਨ ਹਰਤੇਜਪਾਲ ਕੌਰ, ਜਗਪ੍ਰੀਤ ਕੌਰ, ਕ੍ਰਿਸ਼ਨ ਕਾਂਤ, ਨਰਾਇਣ ਸਿੰਘ, ਰਾਜਦੀਪ ਸਿੰਘ, ਸੁਖਬੀਰ ਕੌਰ, ਅਨੁਪਮਾ ਸ਼ਰਮਾ, ਪੂਜਾ ਸ਼ਰਮਾ, ਅਰਵਿੰਦਰ ਕੌਰ, ਗਗਨਦੀਪ ਕੌਰ, ਜਤਿੰਦਰ ਸਿੰਘ, ਸਮੂਹ ਸਕੂਲ ਸਟਾਫ, ਵੱਖ-ਵੱਖ ਸਕੂਲਾਂ ਤੇ ਵਿਭਾਗਾਂ ਦੇ ਇੰਚਾਰਜ ਹਾਜ਼ਰ ਸਨ।

# ਫ਼ਸਲਾਂ ਦਾ ਮੁਆਵਜ਼ਾ ਦੇਣ ਦਾ ਵਾਅਦਾ ਸਿਰਫ਼ ਚੋਣ ਸਟੰਟ : ਬ੍ਰਹਮਪੁਰਾ/ਜਹਾਂਗੀਰ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਹਲਕਾ ਖਡੂਰ ਸਾਹਿਬ ਦੇ ਇੰਚਾਰਜ ਰਵਿੰਦਰ ਸਿੰਘ ਬ੍ਰਹਮਪੁਰਾ ਅਤੇ ਜਥੇਬੰਦਕ ਸਕੱਤਰ ਦਲਬੀਰ ਸਿੰਘ ਜਹਾਂਗੀਰ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਮੀਂਹ ਅਤੇ ਗੜੇਮਾਰੀ ਤੋਂ ਪ੍ਰਭਾਵਿਤ ਕਿਸਾਨਾਂ ਲਈ ਮੁਆਵਜ਼ੇ ਸਬੰਧੀ ਦਿੱਤੇ ਤਾਜ਼ਾ ਬਿਆਨ ਦੀ ਅਲੋਚਨਾ ਕਰਦਿਆਂ ਇਸ ਨੂੰ ਕਿਸਾਨ ਭਾਈਚਾਰੇ ਪ੍ਰਤੀ ਮਹਿਜ਼ ਇੱਕ ਚੋਣ ਸਟੰਟ ਕਰਾਰ ਦਿੱਤਾ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਪੰਜਾਬ ਦੇ ਕਿਸਾਨਾਂ ਦੀ ਭਲਾਈ ਨੂੰ ਪਹਿਲ ਦੇਣ ਦੀ ਬਜਾਏ ਵਿਵਾਦਾਂ ਵਿੱਚ ਘਿਰੇ ਅਰਵਿੰਦ ਕੇਜਰੀਵਾਲ ਨੂੰ ਖੁਸ਼ ਕਰਨ ਤੇ ਜ਼ਿਆਦਾ ਕੇਂਦ੍ਰਿਤ ਹਨ।ਕਿਸਾਨ ਆਗੂ ਦਿਲਬਾਗ ਸਿੰਘ ਅਤੇ ਹਰਭਿੰਦਰ ਸਿੰਘ ਦੀ ਮਾਤਾ ਬਲਵੀਰ ਕੌਰ ਦੇ ਅਕਾਲ ਚਲਾਣੇ 'ਤੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਨ ਲਈ ਖਡੂਰ ਸਾਹਿਬ ਦੇ ਪਿੰਡ ਮੱਲ ਚੱਕ ਦੇ ਦੌਰੇ ਦੌਰਾਨ ਬ੍ਰਹਮਪੁਰਾ ਨੇ ਮੁੱਖ ਮੰਤਰੀ ਮਾਨ ਦੇ ਵਾਅਦਿਆਂ ਤੋਂ ਅਸੰਤੁਸ਼ਟਤਾ ਪ੍ਰਗਟਾਈ ਅਤੇ ਮੌਕੇ 'ਤੇ ਮੌਜੂਦ ਮੀਡੀਆ ਨੂੰ ਸੰਬੋਧਨ ਕੀਤਾ।ਬ੍ਰਹਮਪੁਰਾ ਨੇ ਫ਼ਸਲਾਂ ਦੇ ਨੁਕਸਾਨ ਦਾ ਸਾਹਮਣਾ ਕਰ ਰਹੇ ਕਿਸਾਨਾਂ ਦੀ ਸਹਾਇਤਾ ਲਈ ਠੋਸ ਕਾਰਵਾਈਆਂ ਅਤੇ ਟਿਕਾਊ ਹੱਲਾਂ ਦੀ ਲੋੜ ਨੂੰ ਉਜਾਗਰ ਕੀਤਾ।ਉਨ੍ਹਾਂ ਕਿਹਾ ਕਿ ਸਾਡੇ ਕਿਸਾਨਾਂ ਦੀ ਭਲਾਈ ਨੂੰ ਚੋਣ ਪ੍ਰਚਾਰ ਦੌਰਾਨ ਸਿਰਫ਼ ਸਿਆਸੀ ਬਿਆਨਬਾਜ਼ੀ ਤੱਕ ਨਹੀਂ ਸੀਮਤ ਕੀਤਾ ਜਾ ਸਕਦਾ।ਉਨ੍ਹਾਂ ਮੁੱਖ ਮੰਤਰੀ ਮਾਨ ਅਤੇ ਸੱਤਾਧਾਰੀ ਪਾਰਟੀ ਨੂੰ ਕਿਸਾਨਾਂ ਦੇ ਹਿੱਤਾਂ ਨੂੰ ਰਾਜਨੀਤਿਕ ਸਵਾਰਥ ਤੋਂ ਉਪਰ ਉਠ ਕੇ ਪਹਿਲ ਦੇਣ ਦੀ ਅਪੀਲ ਕੀਤੀ।ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜਥੇਬੰਦਕ ਸਕੱਤਰ ਦਲਬੀਰ ਸਿੰਘ ਜਹਾਂਗੀਰ ਸਮੇਤ ਦਿਲਬਾਗ ਸਿੰਘ, ਇੰਦਰ ਸਿੰਘ, ਜੋਗਿੰਦਰ ਸਿੰਘ, ਬਲਵਿੰਦਰ ਸਿੰਘ ਮੰਗਾ, ਜਗਤਾਰ ਸਿੰਘ, ਜਸਵਿੰਦਰ ਸਿੰਘ ਸਾਬਕਾ ਸਰਪੰਚ, ਹਰਕੰਵਲਜੀਤ ਸਿੰਘ ਪੰਨੂ ਦੀਨੇਵਾਲ, ਸਰਵਨ ਸਿੰਘ ਦੀਨੇਵਾਲ ਅਤੇ ਕੋਮਲਪ੍ਰੀਤ ਨੇ ਵੀ ਕਿਸਾਨਾਂ ਦੇ ਹੱਕਾਂ ਲਈ ਹਾਂ ਪੱਖੀ ਹੁੰਗਾਰਾ ਦਿੱਤਾ।

# ਸੰਧੂ ਦੀ ਪ੍ਰਧਾਨਗੀ 'ਚ ਲੋਕ ਸਭਾ ਹਲਕਾ ਖਡੂਰ ਸਾਹਿਬ ਦੇ ਅਹੁਦੇਦਾਰਾਂ ਦੀ ਮੀਟਿੰਗ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਲੋਕ ਸਭਾ ਚੋਣਾਂ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਵੱਲੋਂ ਲੋਕ ਸਭਾ ਹਲਕਾ ਖਡੂਰ ਸਾਹਿਬ ਦੀ ਵਿਸ਼ਾਲ ਮੀਟਿੰਗ ਜ਼ਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਪ੍ਰਧਾਨਗੀ ਹੇਠ ਤਰਨਤਾਰਨ ਵਿਖੇ ਹੋਈ, ਜਿਸ ਵਿੱਚ ਲੋਕ ਸਭਾ ਉਮੀਦਵਾਰ ਮਨਜੀਤ ਸਿੰਘ ਮੰਨਾ, ਸੰਗਠਨ ਮੰਤਰੀ ਨਿਵਾਸੁਲੂ, ਕਨਵੀਨਰ ਮਨਜੀਤ ਸਿੰਘ ਰਾਏ, ਸੂਬਾ ਮੀਤ ਪ੍ਰਧਾਨ ਬਿਕਰਮਜੀਤ ਸਿੰਘ ਚੀਮਾ, ਪ੍ਰਭਾਰੀ ਨਰੇਸ਼ ਸ਼ਰਮਾ, ਕਪੂਰਥਲਾ ਜ਼ਿਲਾ ਪ੍ਰਧਾਨ ਰਣਜੀਤ ਸਿੰਘ ਖੋਜੇਵਾਲ, ਫਿਰੋਜ਼ਪੁਰ ਜ਼ਿਲਾ ਪ੍ਰਧਾਨ ਸ਼ਮਸ਼ੇਰ ਸਿੰਘ ਕਾਕੜ, ਅਵਤਾਰ ਸਿੰਘ ਜੀਰਾ ਅਤੇ ਹੋਰ ਸੀਨੀਅਰ ਲੀਡਰਸ਼ਿਪ ਨੇ ਸੰਬੋਧਨ ਕੀਤਾ।ਇਸ ਮੌਕੇ ਜ਼ਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਨੇ ਆਈ ਸਾਰੀ ਲੀਡਰਸ਼ਿਪ ਨੂੰ ਆਪਣੀ ਟੀਮ ਸਮੇਤ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਅਤੇ ਨੌਂ ਵਿਧਾਨ ਸਭਾ ਹਲਕਿਆਂ ਖਡੂਰ ਸਾਹਿਬ, ਖੇਮਕਰਨ, ਪੱਟੀ, ਤਰਨਤਾਰਨ, ਸੁਲਤਾਨਪੁਰ ਲੋਧੀ, ਕਪੂਰਥਲਾ, ਜੰਡਿਆਲਾ, ਬਾਬਾ ਬਕਾਲਾ, ਜ਼ੀਰਾ ਤੋਂ ਆਏ ਵੱਡੀ ਗਿਣਤੀ ਵਿੱਚ ਵਰਕਰਾਂ ਦਾ ਇੱਥੇ ਪੁੱਜਣ ਤੇ ਧੰਨਵਾਦ ਕੀਤਾ।ਇਸ ਮੌਕੇ ਸੰਗਠਨ ਮੰਤਰੀ ਨਿਵਾਸੁਲੂ ਵੱਲੋਂ ਸੰਗਠਨ ਦੇ ਢਾਂਚੇ ਦਾ ਸਮੁੱਚੇ ਆਗੂਆਂ ਤੋਂ ਫੀਡ ਬੈਕ ਲਿਆ।ਲੋਕ ਸਭਾ ਉਮੀਦਵਾਰ ਮਨਜੀਤ ਸਿੰਘ ਮੰਨਾ ਨੇ ਸਮੁੱਚੀ ਲੀਡਰਸ਼ਿਪ ਦਾ ਟਿਕਟ ਮਿਲਣ ਤੇ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਸਮੁੱਚੇ ਐੱਸਸੀ ਭਾਈਚਾਰੇ ਦਾ ਮਾਣ ਵਧਾਇਆ ਹੈ ਅਤੇ ਉਹ ਇਹ ਸੀਟ ਜਿੱਤ ਕੇ ਭਾਰਤੀ ਜਨਤਾ ਪਾਰਟੀ ਦੀ ਝੋਲੀ ਵਿੱਚ ਪਾਉਣਗੇ।ਕਲਸਟਰ ਹੈੱਡ ਬਿਕਰਮਜੀਤ ਸਿੰਘ ਚੀਮਾ ਨੇ ਮੈਨੇਜਮੈਂਟ ਦਾ ਸਾਰੀ ਜਾਣਕਾਰੀ ਆਗੂਆਂ ਨਾਲ ਸਾਂਝੀ ਕਰਦਿਆਂ ਉਨ੍ਹਾਂ ਦੀਆਂ ਡਿਊਟੀਆਂ ਅਤੇ ਕੰਮਾਂ ਬਾਰੇ ਜਾਣੂ ਕਰਵਾਇਆ।ਇਸ ਮੌਕੇ ਚੈਅਰਮੈਨ ਰਣਜੀਤ ਸਿੰਘ, ਸਹਿ ਪਰਬਾਰੀ ਅਨੂਪ ਸਿੰਘ ਭੁੱਲਰ, ਜ਼ਿਲਾ ਜਨਰਲ ਸਕੱਤਰ ਹਰਪ੍ਰੀਤ ਸਿੰਘ ਸਿੰਦਬਾਦ, ਜਨਰਲ ਸਕੱਤਰ ਸ਼ਿਵ ਕੁਮਾਰ ਸੋਨੀ, ਜਨਰਲ ਸਕੱਤਰ ਸੁਰਜੀਤ ਸਿੰਘ ਸਾਗਰ , ਮੀਤ ਪ੍ਰਧਾਨ ਰਾਣਾ ਗੁਲਬੀਰ ਸਿੰਘ, ਮੀਤ ਪ੍ਰਧਾਨ ਅਮਰਪਾਲ ਸਿੰਘ ਖਹਿਰਾ, ਮੀਤ ਪ੍ਰਧਾਨ ਨੇਤਰਪਾਲ ਸਿੰਘ, ਮੀਤ ਪ੍ਰਧਾਨ ਸਤਨਾਮ ਸਿੰਘ ਭੁੱਲਰ, ਮੀਤ ਪ੍ਰਧਾਨ ਰਿਤੇਸ਼ ਚੋਪੜਾ, ਸਕੱਤਰ ਗੌਰਵ ਚੋਪੜਾ, ਸਕੱਤਰ ਸਵਿੰਦਰ ਸਿੰਘ ਪੰਨੂ, ਸਕੱਤਰ ਵਿਨੀਤ ਪਾਸੀ, ਸਕੱਤਰ ਸੁਖਵੰਤ ਸਿੰਘ, ਸਕੱਤਰ ਹਰਮਨਜੀਤ ਸਿੰਘ ਕੱਲਾ, ਦਸਬਿੰਦਰ ਸਿੰਘ ਮੀਡੀਆ ਇੰਚਾਰਜ, ਯੁਵਾ ਮੋਰਚਾ ਪ੍ਰਧਾਨ ਦਿਨੇਸ਼ ਜੋਸ਼ੀ, ਐਸਸੀ ਮੋਰਚਾ ਪ੍ਰਧਾਨ ਗੁਲਜਾਰ ਸਿੰਘ ਜਹਾਂਗੀਰ, ਕਿਸਾਨ ਮੋਰਚਾ ਪ੍ਰਧਾਨ ਗੁਰਸਾਹਿਬ ਸਿੰਘ, ਸਰਕਲ ਪ੍ਰਧਾਨ ਪਵਨ ਕੁੰਦਰਾ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਅਹੁਦੇਦਾਰ ਹਾਜ਼ਰ ਸਨ।

# ਸ਼ੈਰੀ ਕਲਸੀ ਦੇ ਰੋਡ ਸ਼ੋਅ ਨੂੰ ਮਿਲਿਆ ਲਾਮਿਸਾਲ ਸਮਰਥਨ



**ਬਟਾਲਾ (ਤਰਲੋਕ ਬੱਗਾ)**-ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ਼ੈਰੀ ਕਲਸੀ ਵੱਲੋਂ ਅੱਜ ਚੋਣ ਮੁਹਿੰਮ ਦਾ ਆਗਾਜ਼ ਬਟਾਲਾ ਹਲਕੇ ਤੋਂ ਇੱਕ ਜ਼ਬਰਦਸਤ ਰੋਡ ਸ਼ੋਅ ਕੱਢ ਕੇ ਕਰ ਦਿੱਤਾ ਗਿਆ। ਇਤਿਹਾਸਿਕ ਗੁਰਦੁਆਰਾ ਸ੍ਰੀ ਅਚਲ ਸਾਹਿਬ ਅਤੇ ਪ੍ਰਾਚੀਨ ਮੰਦਰ ਅਚਲੇਸ਼ਵਰ ਧਾਮ ਵਿਖੇ ਨਤਮਸਤਕ ਹੋ ਕੇ ਸ਼ੈਰੀ ਕਲਸੀ ਨੇ ਚੋਣ ਮੁਹਿੰਮ ਦਾ ਆਗਾਜ਼ ਕਰਦਿਆਂ ਬਟਾਲਾ ਹਲਕੇ ਵਿੱਚ ਸ਼ਕਤੀ ਪ੍ਰਦਰਸ਼ਨ ਦੇ ਤੌਰ ਤੇ ਇੱਕ ਰੋਡ ਸ਼ੋਅ ਕੱਢਿਆ।ਇਸ ਸ਼ੋਅ ਵਿੱਚ ਬਟਾਲਾ ਹਲਕੇ ਨਾਲ ਸਬੰਧਤ ਹਜ਼ਾਰਾਂ ਦੀ ਗਿਣਤੀ ਵਿੱਚ ਵਰਕਰ ਕਾਰਾਂ, ਮੋਟਰਸਾਈਕਲਾਂ, ਸਕੂਟਰਾਂ ਅਤੇ ਹੋਰ ਆਪੋ ਆਪਣੇ ਵਹੀਕਲਾਂ ਤੇ ਪਹੁੰਚੇ ਅਤੇ ਬੜੀ ਹੀ ਗਰਮ ਜੋਸ਼ੀ ਨਾਲ ਸਵਾਗਤ ਕਰਦਿਆਂ ਫੁੱਲਾਂ ਨਾਲ ਲੱਦ ਦਿੱਤਾ।ਬਟਾਲਾ ਹਲਕੇ ਦੇ ਲੋਕਾਂ ਵੱਲੋਂ ਮਿਲੇ ਅਥਾਹ ਪਿਆਰ ਅਤੇ ਜ਼ਬਰਦਸਤ ਸਵਾਗਤ ਤੋਂ ਖੁਸ਼ ਹੋਏ ਵਿਧਾਇਕ ਕਲਸੀ ਨੇ ਸਾਰੇ ਹੀ ਲੋਕਾਂ ਦਾ ਧੰਨਵਾਦ ਕਰਦਿਆਂ ਹਰ ਵੇਲੇ ਲੋਕਾਂ ਦੀ ਸੇਵਾ ਵਿੱਚ ਸਮਰਪਿਤ ਰਹਿਣ ਦਾ ਆਪਣਾ ਵਾਅਦਾ ਮੁੜ ਦੁਹਰਾਇਆ ਅਤੇ ਪ੍ਰਣ ਲਿਆ ਕਿ ਉਹ ਬਟਾਲਾ ਹਲਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਦਿਨ-ਰਾਤ ਇੱਕ ਕਰ ਦੇਣਗੇ।

# ਬੇਅਦਬੀ ਦੇ ਦੋਸ਼ੀਆਂ ਨੂੰ ਦੋ ਦਿਨ 'ਚ ਸਾਹਮਣੇ ਲਿਆਵੇ ਸਰਕਾਰ : ਧਾਮੀ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਚੀਮਾ ਪੋਤਾ ਵਿਖੇ ਬੀਤੇ ਦਿਨੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦੀ ਘਟਨਾ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਖ਼ੁਦ ਪੁੱਜ ਕੇ ਇਸ ਘਟਨਾ ਦੀ ਸਮੁੱਚੀ ਜਾਣਕਾਰੀ ਪ੍ਰਾਪਤ ਕੀਤੀ।ਇਸ ਮੌਕੇ ਧਾਮੀ ਨੇ ਪਿੰਡ ਦੀ ਸੰਗਤ ਅਤੇ ਪੁਲਸ ਪ੍ਰਸ਼ਾਸਨ ਦੀ ਮੌਜੂਦਗੀ ਵਿਚ ਸਮੁੱਚੇ ਘਟਨਾਕ੍ਰਮ ਬਾਰੇ ਦੀਰਘ ਵਿਚਾਰ-ਵਟਾਂਦਰਾ ਕੀਤਾ ਅਤੇ ਸੰਬੋਧਨ ਕਰਦਿਆਂ ਪੁਲਸ ਪ੍ਰਸ਼ਾਸਨ ਦੇ ਹਾਜ਼ਰ ਅਧਿਕਾਰੀਆਂ ਨੂੰ ਇਸ ਘਟਨਾ ਦੇ ਦੋਸ਼ੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਲਈ ਦੋ ਦਿਨਾਂ ਦਾ ਸਮਾਂ ਦਿੱਤਾ।ਉਨ੍ਹਾਂ ਕਿਹਾ ਕਿ ਜੇਕਰ ਪੁਲਸ ਪ੍ਰਸ਼ਾਸਨ ਦੋ ਦਿਨਾਂ ਦੇ ਵਿਚ-ਵਿਚ ਦੋਸ਼ੀਆਂ ਨੂੰ ਸਾਹਮਣੇ ਨਹੀਂ ਲਿਆਉਂਦਾ ਤਾਂ ਖਾਲਸਾ ਪੰਥ ਨੂੰ ਇਨਸਾਫ਼ ਲਈ ਸੰਘਰਸ਼ ਦਾ ਰਾਹ ਅਪਨਾਉਣਾ ਪਵੇਗਾ।ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਹਰਬੰਸ ਸਿੰਘ ਮੰਝਪੁਰ, ਰਵਿੰਦਰ ਸਿੰਘ ਚੱਕ, ਹਲਕਾ ਆਗੂ ਸਰਬਜੋਤ ਸਿੰਘ ਸਾਬੀ, ਲਖਵਿੰਦਰ ਸਿੰਘ ਲੱਖੀ ਪ੍ਰਧਾਨ, ਮੈਨੇਜਰ ਅਵਤਾਰ ਸਿੰਘ, ਪ੍ਰਚਾਰਕ ਭਾਈ ਕਲਿਆਣ ਸਿੰਘ ਅਤੇ ਹੋਰ ਮੌਜੂਦ ਸਨ।



# ਸੌ ਫੀਸਦੀ ਨਤੀਜੇ 'ਤੇ ਕਲਾਸਵਾਲਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਨੂੰ ਮਾਣ



**ਕਾਦੀਆ (ਯਾਦਵਿੰਦਰ ਸਿੰਘ ਮਲਹੋਤਰਾ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ 'ਚ ਕਲਾਸਵਾਲਾ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਦਾ ਨਤੀਜਾ 100 ਫੀਸਦੀ ਰਿਹਾ।ਹਰੇਕ ਵਿਦਿਆਰਥੀ ਨੇ ਸਾਰੇ ਵਿਸ਼ਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਸਾਰੇ ਵਿਦਿਆਰਥੀ ਫਸਟ ਡਵੀਜ਼ਨ ਵਿੱਚ ਪਾਸ ਹੋਏ।ਮੈਡਮ ਸ਼ਾਲਿਨੀ ਦੱਤਾ ਦੀ ਰਹਿਨੁਮਾਈ ਹੇਠ ਪਹਿਲਾ ਸਥਾਨ ਅਨਮੋਲ ਕੌਰ ਸਪੁੱਤਰੀ ਕੁਲਵਿੰਦਰ ਸਿੰਘ ਨੇ 90% ਅੰਕ ਲੈ ਕੇ ਅਤੇ ਦੂਜਾ ਸਥਾਨ ਸੰਦੀਪ ਕੌਰ ਸਪੁੱਤਰੀ ਬਲਬੀਰ ਸਿੰਘ ਨੇ 89% ਅੰਕ ਲੈ ਕੇ ਅਤੇ ਤੀਜਾ ਸਥਾਨ ਪ੍ਰੀਆ ਸਪੁੱਤਰੀ ਰਜਿੰਦਰ ਕੁਮਾਰ ਨੇ 88% ਅੰਕ ਹਾਸਿਲ ਕਰਕੇ ਅਤੇ ਚੌਥਾ ਸਥਾਨ ਸਚਿਨ ਆਨੰਦ ਸਪੁੱਤਰ ਰਾਜ ਕੁਮਾਰ ਨੇ 87% ਅੰਕ ਪ੍ਰਾਪਤ ਕਰਕੇ ਇਲਾਕੇ, ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।ਇਸ ਮੌਕੇ ਪ੍ਰਿੰ, ਸ਼ਾਲਿਨੀ ਦੱਤਾ ਨੇ ਮਾਪਿਆਂ ਨੂੰ ਵਧਾਈ ਦਿੱਤੀ ।ਸਮੂਹ ਸਟਾਫ ਅਤੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਅਜਿਹੀ ਹੀ ਲਗਨ ਅੱਗੋਂ ਵੀ ਮਿਹਨਤ ਕਰਨ ਲਈ ਪ੍ਰੇਰਿਆ। ਇਸ ਮੌਕੇ ਵਾਈਸ ਪ੍ਰਿੰ. ਮੈਡਮ ਪਰਮਿੰਦਰ ਕੌਰ, ਹੈੱਡਮਾਸਟਰ ਸ: ਪਰਮਜੀਤ ਸਿੰਘ , ਮੈਡਮ ਸ਼ਰਨਬੀਰ ਕੌਰ, ਹਰਦੀਪ ਸਿੰਘ , ਧਿਆਨ ਸਿੰਘ ਅਤੇ ਸਮੂਹ ਸਕੂਲ ਸਟਾਫ ਹਾਜ਼ਰ ਸੀ।

# ਮਾਤਾ ਚਮੁੰਡਾ ਦੇਵੀ ਮੰਦਰ 'ਚ ਚਾਰ ਰੋਜ਼ਾ ਮੇਲਾ ਸ਼ਰਧਾਪੂਰਵਕ ਸੰਪੰਨ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**— ਇਤਿਹਾਸਕ ਕਸਬਾ ਚਵਿੰਡਾ ਦੇ ਮੰਦਿਰ 'ਚ ਚਾਰ ਰੋਜ਼ਾ ਮੇਲਾ ਸ਼ਰਧਾਪੂਰਵਕ ਸਮਾਪਤ ਹੋਇਆ। ਇਸ ਮੇਲੇ ਵਿੱਚ ਲੱਖਾਂ ਸ਼ਰਧਾਲੂ ਆ ਕੇ ਮਾਤਾ ਜੀ ਦੇ ਚਰਨਾਂ ਵਿੱਚ ਆਪਣਾ ਸੀਸ ਝੁਕਾਉਂਦੇ ਹਨ।ਚੇਤ ਮਹੀਨੇ ਇਹ ਮੇਲਾ 16 ਅਪ੍ਰੈਲ ਦਿਨ ਮੰਗਲਵਾਰ ਅਸ਼ਟਮੀ ਦੇ ਸ਼ੁੱਭ ਤਿਉਹਾਰ ਨਾਲ ਸ਼ੁਰੂ ਹੋਇਆ ਜੋ 19 ਅਪ੍ਰੈਲ ਦਿਨ ਸ਼ੁੱਕਰਵਾਰ ਨੂੰ ਸੰਪੰਨ ਹੋਇਆ।ਲੱਖਾਂ ਸ਼ਰਧਾਲੂਆਂ ਨੇ ਮਾਤਾ ਜੀ ਦੇ ਚਰਨਾਂ ਵਿੱਚ ਆਪਣਾ ਸੀਸ ਝੁਕਾਇਆ ਤੇ ਆਪਣੀਆਂ ਮਨੋਕਾਮਨਾਵਾਂ ਪੂਰੀਆਂ ਕੀਤੀਆਂ। ਮੰਦਿਰ ਦੇ ਰਿਸੀਵਰ-ਕਮ-ਤਹਿਸੀਲਦਾਰ ਤਰਲੋਚਨ ਸਿੰਘ ਵੱਲੋਂ ਸ਼ਰਧਾਲੂਆਂ ਦੇ ਰਹਿਣ ਅਤੇ ਖਾਣ-ਪੀਣ ਲਈ ਵਿਸ਼ੇਸ਼ ਇੰਤਜ਼ਾਮ ਕੀਤੇ ਹੋਏ ਸੀ।ਮਾਤਾ ਮੰਦਰ ਚਮੁੰਡਾ ਦੇਵੀ ਨੂੰ ਦੁਲਹਨ ਵਾਂਗ ਸਜਾਇਆ ਗਿਆ ਸੀ। ਇਸ ਚਾਰ ਰੋਜ਼ਾ ਚੱਲੇ ਮੇਲੇ ਵਿੱਚ ਪੁਲਸ ਥਾਣਾ ਕੱਥੂ ਨੰਗਲ ਦੇ ਐੱਸਐੱਚਓ ਸੁਰਿੰਦਰਪਾਲ ਸਿੰਘ ਅਤੇ ਪੁਲਸ ਚੌਕੀ ਚਵਿੰਡਾ ਦੇਵੀ ਦੇ ਇੰਚਾਰਜ ਨਰਿੰਦਰਪਾਲ ਸਿੰਘ ਵੱਲੋਂ ਮੇਲੇ ਦੀ ਆਮਦ ਨੂੰ ਦੇਖਦਿਆਂ ਭਾਰੀ ਪੁਲਸ ਫੋਰਸ ਨਾਲ ਮੰਦਰ ਅਤੇ ਕਸਬੇ ਵਿੱਚ ਪੁਖਤਾ ਇੰਤਜ਼ਾਮ ਕੀਤੇ ਗਏ ਸਨ ।ਇਸ ਮੌਕੇ ਮੰਦਰ ਦੇ ਸੁਪਰਵਾਈਜ਼ਰ ਲਵਜੀਤ ਸਿੰਘ ਲਵ, ਬਲਵਿੰਦਰ ਸ਼ਰਮਾ, ਰਿੰਕੂ ਬਾਵਾ, ਪੁਜਾਰੀ ਪੰਡਿਤ ਗੋਲੂ, ਪੰਡਿਤ ਸ਼ਾਮ, ਪੰਡਿਤ ਰਾਜੂ, ਪੰਡਿਤ ਅਭਿਸ਼ੇਕ, ਪੰਡਿਤ ਭਰਤ ਆਦਿ ਨੇ ਆਈਆਂ ਹੋਈਆਂ ਸੰਗਤਾਂ ਨੂੰ ਪੂਰੇ ਪਿਆਰ ਸਹਿਤ ਮਾਤਾ ਜੀ ਦੇ ਖੁੱਲ੍ਹੇ ਦਰਸ਼ਨ ਕਰਵਾਏ ।

# ਬਾਬਾ ਬੁੱਢਾ ਪਬਲਿਕ ਸਕੂਲ ਬੀੜ ਸਾਹਿਬ ਵਿਖੇ ਅੱਖਾਂ ਦਾ ਫਰੀ ਚੈੱਕਅੱਪ ਕੈਂਪ ਅੱਜ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਸਮਾਜਸੇਵੀ ਜਥੇਬੰਦੀ 'ਅਸਰ ਚੈਰੀਟੇਬਲ ਟਰੱਸਟ' ਯੂਕੇ ਦੇ ਮੁੱਖ ਪ੍ਰਬੰਧਕ ਇੰਦਰਪਾਲ ਸਿੰਘ ਤੇ ਬੀਬੀ ਹਰਮਿੰਦਰ ਕੌਰ ਵੱਲੋਂ ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਬਾਬਾ ਬੁੱਢਾ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਬੀੜ ਸਾਹਿਬ ਠੱਠਾ ਵਿਖੇ ਅੱਖਾਂ ਤੇ ਸਿਹਤ ਸੰਬੰਧੀ ਫਰੀ ਚੈੱਕਅਪ ਕੈਂਪ 21 ਅਪ੍ਰੈਲ ਦਿਨ ਐਤਵਾਰ ਸਮਾਂ ਸਵੇਰੇ 8 ਤੋਂ ਦੁਪਹਿਰ 12 ਵਜੇ ਤੱਕ ਲਗਾਇਆ ਜਾ ਰਿਹਾ ਹੈ।ਇਹ ਜਾਣਕਾਰੀ ਸਕੂਲ ਪ੍ਰਿੰ. ਤਰਨਜੀਤ ਸਿੰਘ ਨੇ ਦਿੱਤੀ। ਕੈਂਪ ਦੌਰਾਨ ਅੱਖਾਂ ਅਤੇ ਹੋਰ ਰੋਗਾਂ ਦੇ ਮਾਹਿਰ ਡਾਕਟਰਾਂ ਦੀ ਟੀਮ ਪਹੁੰਚ ਕੇ ਮਰੀਜ਼ਾਂ ਦਾ ਚੈਕਅੱਪ ਕਰੇਗੀ ਅਤੇ ਮਰੀਜ਼ਾਂ ਨੂੰ ਫਰੀ ਦਵਾਈਆਂ ਤੇ ਐਨਕਾਂ ਵੀ ਦਿੱਤੀਆਂ ਜਾਣਗੀਆਂ।ਫਰੀ ਅਪ੍ਰੇਸ਼ਨ ਵੀ ਕਰਵਾਏ ਜਾਣਗੇ। ਉਨ੍ਹਾਂ ਨੇ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਕੈਂਪ ਵਿੱਚ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚ ਕੇ ਟਰੱਸਟ ਵੱਲੋਂ ਦਿੱਤੀਆਂ ਜਾ ਰਹੀਆਂ ਫਰੀ ਸਿਹਤ ਸੇਵਾਵਾਂ ਦਾ ਲਾਭ ਉਠਾਓ।ਇਸ ਮੌਕੇ ਗੁਰਮੀਤ ਸਿੰਘ ਡੀਪੀਈ., ਮਨਿੰਦਰ ਸਿੰਘ, ਤਰਸੇਮ ਸਿੰਘ, ਜਗਮੀਤ ਸਿੰਘ, ਭੁਪਿੰਦਰ ਸਿੰਘ ਆਦਿ ਸਕੂਲ ਸਟਾਫ ਹਾਜ਼ਰ ਸੀ।

# ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਫਤਿਹ ਸਿੰਘ ਖਾਲਸਾ ਸੀ. ਸੈਕੰ. ਸਕੂਲ ਦਾ ਨਤੀਜਾ ਸੌ ਫੀਸਦੀ



**ਧਾਰੀਵਾਲ, (ਮਨਦੀਪ ਸਿੰਘ ਫਿੱਕੀ)**-ਸਾਹਿਬਜ਼ਾਦਾ ਜ਼ੋਰਾਵਰ ਸਿੰਘ ਫਤਿਹ ਸਿੰਘ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਧਾਰੀਵਾਲ ਦਾ 10ਵੀਂ ਜਮਾਤ ਦਾ ਨਤੀਜਾ ਸੌ ਫੀਸਦੀ ਰਿਹਾ। ਇਸ ਸਬੰਧੀ ਸਕੂਲ ਦੇ ਪ੍ਰਿੰ. ਡਾ: ਗਗਨਜੀਤ ਕੌਰ ਨੇ ਦੱਸਿਆ ਕਿ ਸਕੂਲ ਦੇ ਦਸਵੀਂ ਜਮਾਤ ਵਿੱਚ 96 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਸੀ, ਜਿਨ੍ਹਾਂ ਵਿੱਚੋਂ 7 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਉੱਪਰ ਅੰਕ, 48 ਵਿਦਿਆਰਥੀਆਂ ਨੇ 80 ਪ੍ਰਤੀਸ਼ਤ ਤੋਂ ਉੱਪਰ, 32 ਵਿਦਿਆਰਥੀਆਂ ਨੇ 70 ਪ੍ਰਤੀਸ਼ਤ ਤੋਂ ਉੱਪਰ ਅਤੇ 9 ਵਿਦਿਆਰਥੀਆਂ ਨੇ 60 ਪ੍ਰਤੀਸ਼ਤ ਤੋਂ ਉੱਪਰ ਅੰਕ ਪ੍ਰਾਪਤ ਕੀਤੇ ਹਨ। ਇਨ੍ਹਾਂ 'ਚੋਂ ਵਿਦਿਆਰਥੀ ਮਿਹਰ ਮਸੀਹ ਨੇ 92.7 ਪ੍ਰਤੀਸ਼ਤ, ਚਰਨਜੀਤ ਕੌਰ ਨੇ 91.5 ਪ੍ਰਤੀਸ਼ਤ, ਹਰਰੂਪ ਕੌਰ 91.2 ਪ੍ਰਤੀਸ਼ਤ, ਬਰਿੰਦਰ ਕੌਰ 90.6 ਪ੍ਰਤੀਸ਼ਤ, ਰਵਨੀਤ ਕੌਰ ਤੇ ਹਰਪ੍ਰੀਤ ਕੌਰ 90.1 ਪ੍ਰਤੀਸ਼ਤ, ਮੁਸਕਾਨਦੀਪ ਕੌਰ 90 ਪ੍ਰਤੀਸ਼ਤ, ਮਨਪ੍ਰੀਤ ਸਿੰਘ 89.3 ਪ੍ਰਤੀਸ਼ਤ, ਹਰਨੀਤ ਕੌਰ 88.9 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਆਪਣੇ ਮਾਤਾ-ਪਿਤਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਪ੍ਰਿੰ. ਡਾ: ਗਗਨਜੀਤ ਕੌਰ, ਪ੍ਰਧਾਨ ਗੁਰਦੇਵ ਸਿੰਘ ਸੋਹਲ ਐਡਵੋਕੇਟ, ਸਕੱਤਰ ਕੁਲਦੀਪ ਸਿੰਘ ਪਟਵਾਰੀ, ਗੁਰਜੀਤ ਸਿੰਘ ਲੇਹਲ, ਕੁਲਦੀਪ ਸਿੰਘ ਸੋਹਲ ਨੇ ਇਸ ਸ਼ਾਨਦਾਰ ਨਤੀਜੇ 'ਤੇ ਸਕੂਲ ਦੇ ਮਿਹਨਤੀ ਸਟਾਫ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਨੂੰ ਵਧਾਈ ਦਿੱਤੀ।

# ਰਾਮਗੜ੍ਹੀਆ ਬਰਾਦਰੀ ਵੱਲੋਂ ਭੁੱਲਰ ਨੂੰ ਵੋਟਾਂ ਨਾ ਪਾਉਣ ਦੀ ਅਪੀਲ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਤਰਨ ਤਾਰਨ ਰਾਮਗੜ੍ਹੀਆ ਬੁੰਗਾ ਵਿਖੇ ਉਚੇਚੇ ਤੌਰ ਇੰਦਰਜੀਤ ਸਿੰਘ ਬੱਬੂ (ਪੋਤਰੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ) ਇਕੱਤਰ ਸਭਾ 'ਚ ਸ਼ਾਮਲ ਹੋਏ। ਇਸ ਮੌਕੇ ਸੂਰਤ ਸਿੰਘ ਪੱਟੀ, ਗਿਆਨ ਸਿੰਘ ਬੰਬਰਾਹ ਅੰਮ੍ਰਿਤਸਰ, ਚਰਨਜੀਤ ਸਿੰਘ ਝੰਡੋਵਾਲਾ ਮੋਗਾ, ਗੁਰਪ੍ਰੀਤ ਸਿੰਘ ਮੋਗਾ, ਸਾਬਕਾ ਐੱਮਐੱਲਏ ਹਰਜਿੰਦਰ ਸਿੰਘ ਠੇਕੇਦਾਰ, ਇੰਦਰਜੀਤ ਸਿੰਘ ਮਰਹਾਣਾ, ਗੁਰਦੇਵ ਸਿੰਘ ਚੀਮਾ, ਬੂਆ ਸਿੰਘ ਪ੍ਰਧਾਨ ਸਵਰਨਕਾਰ ਤਰਨ ਤਾਰਨ, ਬੀਬੀ ਅਮਰਜੀਤ ਕੌਰ ਇੱਬਨ ਕਲਾਂ, ਗੁਰਮੇਜ ਸਿੰਘ, ਗੁਰਵਿੰਦਰ ਸਿੰਘ ਨਾਗੀ, ਅਮਰੀਕ ਸਿੰਘ, ਨਵਜੋਤ ਸਿੰਘ ਕਲਸੀ, ਮਾਸਟਰ ਕਰਮ ਸਿੰਘ ਅਤੇ ਹੋਰ ਸ਼ਹਿਰ ਦੇ ਪਤਵੰਤੇ ਹਾਜ਼ਰ ਸਨ। ਸਟੇਜ ਦੀ ਕਾਰਵਾਈ ਅਮਰਜੀਤ ਸਿੰਘ ਕਲਸੀ ਲੁਧਿਆਣੇ ਵਾਲੇ ਅਤੇ ਠੇਕੇਦਾਰ ਅਵਤਾਰ ਸਿੰਘ ਐਦਲ ਨੇ ਨਿਭਾਈ। ਇਸ ਸਭਾ ਵਿੱਚ ਇਹ ਫੈਸਲਾ ਕੀਤਾ ਗਿਆ ਕਿ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਹਟਾਇਆ ਜਾਵੇ ਅਤੇ ਲੋਕ ਸਭਾ ਤੋਂ ਕਿਸੇ ਹੋਰ ਨੂੰ ਟਿਕਟ ਦਿੱਤੀ ਜਾਵੇ। ਜੇ ਇਹ ਫੈਸਲਾ ਆਪ ਨੂੰ ਮਨਜ਼ੂਰ ਨਹੀਂ ਤਾਂ ਪੰਜਾਬ ਵਿੱਚ ਓਬੀਸੀ/ਬੀਸੀ ਵਰਗ ਆਪ ਪਾਰਟੀ ਦੇ ਉਮੀਦਵਾਰ ਨੂੰ ਵੋਟ ਨਾ ਪਾਈ ਜਾਵੇ ਕਿਉਂਕਿ ਲਾਲਜੀਤ ਸਿੰਘ ਭੁੱਲਰ ਨੇ ਰਾਮਗੜ੍ਹੀਆ ਸਮਾਜ ਨੂੰ ਗੁੱਲੀ ਘੜ ਅਤੇ ਸਵਰਨਕਾਰ ਬਰਾਦਰੀ ਦੇ ਵਿਰੁੱਧ ਮਾੜੇ ਸ਼ਬਦਾਂ ਦੀ ਵਰਤੋਂ ਕੀਤੀ ਹੈ। ਇਸ ਸਭਾ ਦਾ ਪ੍ਰਬੰਧ ਠੇਕੇਦਾਰ ਹਰਜੀਤ ਸਿੰਘ ਪ੍ਰਧਾਨ ਬੁੰਗਾ ਕਮੇਟੀ ਅਤੇ ਵਾਈਸ ਪ੍ਰਧਾਨ ਹੀਰਾ ਸਿੰਘ ਕੰਡਿਆਂ ਵਾਲੇ, ਜਨਰਲ ਸਕੱਤਰ ਰਾਮਗੜ੍ਹੀਆ ਸਭਾ ਠੇਕੇਦਾਰ ਅਵਤਾਰ ਸਿੰਘ ਐਦਲ, ਬਲਦੇਵ ਸਿੰਘ ਮੌਜੀ, ਸੁਖਵਿੰਦਰ ਸਿੰਘ ਪੱਪੂ, ਮਨਿੰਦਰ ਸਿੰਘ, ਨਵਜੋਤ ਸਿੰਘ ਕਲਸੀ ਤੇ ਹੋਰ ਸਭਾ ਦੇ ਮੈਂਬਰਾਂ ਨੇ ਇਸ ਮੀਟਿੰਗ ਨੂੰ ਪ੍ਰਵਾਨ ਕੀਤਾ। ਅਖੀਰ ਵਿੱਚ ਤਰਨ ਤਾਰਨ ਦੇ ਮਾਨਯੋਗ ਏਡੀਸੀ ਸਾਹਿਬ ਨੂੰ ਇੱਕ ਮੈਮੋਰੰਡਮ ਲਾਲਜੀਤ ਸਿੰਘ ਭੁੱਲਰ ਦੇ ਵਿਰੁੱਧ ਕਾਰਵਾਈ ਕਰਨ ਲਈ ਇੰਦਰਜੀਤ ਸਿੰਘ ਬੱਬੂ ਨੇ ਆਪਣੇ ਸਮਰਥਕਾਂ ਸਮੇਤ ਦਿੱਤਾ।

# ਜੂਨੀਅਰਜ਼ ਨੇ ਸੀਨੀਅਰਜ਼ ਨੂੰ ਦਿੱਤੀ ਵਿਦਾਇਗੀ ਪਾਰਟੀ

**ਪਠਾਨਕੋਟ (ਦਵਿੰਦਰ ਸਿੰਘ)**-ਏ ਬੀ ਕਾਲਜ ਪਠਾਨਕੋਟ ਵਿਖੇ ਬੀਏ ਕਲਾਸ ਦੇ ਚੌਥੇ ਸਮੈਸਟਰ ਦੇ ਵਿਦਿਆਰਥੀਆਂ ਵੱਲੋਂ ਆਪਣੇ ਸਿਨੀਅਰ ਸਮੈਸਟਰ ਛੇ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ।ਪ੍ਰੋਗਰਾਮ ਦੀ ਸ਼ੁਰੂਆਤ ਸ਼ਮ੍ਹਾ ਰੌਸ਼ਨ ਕਰਕੇ ਕੀਤੀ ਗਈ।ਰੰਗ-ਰੰਗ ਪ੍ਰੋਗਰਾਮ ਹੋਇਆ।ਅਧਿਆਪਕਾਂ ਨੇ ਵੀ ਪ੍ਰੋਗਰਾਮ ਵਿੱਚ ਸ਼ਮੂਲੀਅਤ ਕੀਤੀ।ਇਸ ਸਮਾਰੋਹ ਵਿੱਚ ਮਿਸ ਏ ਬੀ ਮਹਿਕ ਸ਼ਰਮਾ, ਮਿਸਟਰ ਏ ਬੀ ਸੁਮਿਤ, ਮਿਸ ਚਾਰਮਿੰਗ ਮਹਿਕ, ਮਿਸ ਪ੍ਰਫੈਕਟ ਪ੍ਰਿਆਂਸੀ ਬੱਤਰਾ, ਮਿਸ ਵੈੱਲ ਡ੍ਰੈੱਸ ਭੂਮਿਕਾ ਅਤੇ ਮਿਸਟਰ ਵੈੱਲ ਡ੍ਰੈੱਸ ਹਰਸ਼, ਮਿਸਟਰ ਪ੍ਰਫੈਕਟ ਯੁਵਰਾਜ, ਮਿਸਟਰ ਹੈਂਡਸਮ ਹਰਮੀਤ ਸਿੰਘ ਨੂੰ ਚੁਣਿਆ ਗਿਆ।ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੋ. ਕ੍ਰਿਸ਼ਨ ਗੁਪਾਲ, ਪ੍ਰੋ. ਰਵੀ ਰੰਜਨ, ਪ੍ਰੋ. ਅਨਿਲ ਡੋਗਰਾ, ਪ੍ਰੋ. ਬਲਜੋਤ ਸਿੰਘ, ਪ੍ਰੋ. ਸਿਮਰਜੀਤ ਸਿੰਘ, ਪ੍ਰੋ. ਹਿਮਾਂਸ਼ੂ, ਪ੍ਰੋ. ਹਰਸ਼, ਪ੍ਰੋ. ਚੰਦਰਦੀਪ, ਪ੍ਰੋ. ਵਨਿਤਾ, ਪ੍ਰੋ. ਆਂਚਲ, ਪ੍ਰੋ. ਮੋਨਿਕਾ, ਪ੍ਰੋ. ਨਿਧੀ, ਪ੍ਰੋ. ਮੀਤਾਕਸ਼ੀ, ਪ੍ਰੋ. ਅਲੰਕ੍ਰਿਤਾ, ਪ੍ਰੋ. ਸੰਦੀਪ, ਪ੍ਰੋ. ਕ੍ਰਿਸ਼ਨਾ, ਪ੍ਰੋ. ਰੋਜ਼ੀ, ਪ੍ਰੋ. ਸਾਕਸ਼ੀ ਠਾਕੁਰ, ਪ੍ਰੋ. ਸਾਧਵੀ ਅਤੇ ਪ੍ਰੋ. ਏਕਤਾ ਹਾਜ਼ਰ ਸਨ।



21-APRIL-PAGE-4.qxd 4/20/2024 10:58 PM Page 1



## ਬਿਜਲੀ ਮੁਲਾਜ਼ਮਾਂ 16 ਅਪ੍ਰੈਲ ਨੂੰ ਕਾਲੇ ਦਿਨ ਵਜੋਂ ਮਨਾਇਆ



ਦੋਰਾਹਾ (ਹਰਮਿੰਦਰ ਸੇਠ)-ਕਵਰਟੈਕਨੀਕਲ ਸਰਵਿਸਜ ਯੂਨੀਅਨ ਸਬ ਡਵੀਜ਼ਨ ਰਾਮਪੁਰ 3 ਸਿਟੀ ਦੋਰਾਹਾ ਦੇ ਆਗੂਆਂ ਬਲਵੀਰ ਸਿੰਘ, ਜਗਦੀਸ਼ ਸਿੰਘ ਨੇ ਪ੍ਰੈੱਸ ਨੂੰ ਸਾਂਝੇ ਰੂਪ ਵਿੱਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਟੈਕਨੀਕਲ ਸਰਵਿਸਜ਼ ਯੂਨੀਅਨ ਪੰਜਾਬ ਦੇ ਸੱਦੇ 'ਤੇ ਅੱਜ ਬਿਜਲੀ ਮੁਲਾਜ਼ਮਾਂ ਨੇ ਸਬ ਡਵੀਜ਼ਨ ਰਾਮਪੁਰ, ਸਿਟੀ ਦੋਰਾਹਾ ਦੇ ਦਫ਼ਤਰਾਂ ਅੱਗੇ ਬਿਜਲੀ ਬੋਰਡ ਨੂੰ ਸਾਮਰਾਜੀ ਦਿਸ਼ਾ-ਨਿਰਦੇਸ਼ਨ ਨਿੱਜੀਕਰਨ ਦੀਆਂ ਨੀਤੀਆਂ ਤਹਿਤ ਕੇਂਦਰ ਸਰਕਾਰ ਦੇ ਕੀਤੇ ਫੈਸਲੇ ਅਨੁਸਾਰ 16 ਅਪ੍ਰੈਲ 2010 ਅਕਾਲੀਆਂ ਦੀ ਬਾਦਲ ਸਰਕਾਰ ਸਮੇਂ ਤੋੜ ਕੇ ਬਣਾਈਆਂ ਦੋ ਕਾਰਪੋਰੇਸ਼ਨਾਂ ਖਿਲਾਫ ਇਕੱਠੇ ਹੋ ਕੇ ਕਾਲੇ ਝੰਡੇ ਚੜ੍ਹਾਏ ਅਤੇ 16 ਅਪ੍ਰੈਲ 2024 ਨੂੰ ਇਹ ਕਾਲਾ ਦਿਨ ਮਨਾਉਂਦੇ ਹੋਏ ਰੋਸ ਰੈਲੀ ਕੀਤੀ, ਜਿਸ ਵਿੱਚ ਵੱਖ ਵੱਖ ਯੂਨੀਅਨਾਂ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ, ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਦੇ ਸਾਥੀਆਂ ਨੇ ਭਾਗ ਲਿਆ।ਵੱਖ ਵੱਖ ਬੁਲਾਰਿਆਂ ਨੇ ਰੈਲੀ ਨੂੰ ਸੰਬੋਧਨ ਕਰਦੇ ਹੋਏ ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਜਸਵਿੰਦਰ ਸਿੰਘ ਪੀ.ਐੱਸ.ਈ.ਬੀ. ਇੰਪਲਾਇਜ਼ ਫੈਡਰੇਸ਼ਨ ਦੇ ਆਗੂ ਲਖਵੀਰ ਸਿੰਘ, ਦਲਵੀਰ ਸਿੰਘ, ਟੈਕਨੀਕਲ ਸਰਵਿਸਜ ਯੂਨੀਅਨ ਸਿਟੀ ਦੋਰਾਹਾ ਦੇ ਆਗੂ ਪਵਨ ਕੁਮਾਰ, ਬੇਅੰਤ ਸਿੰਘ, ਸਰਬਜੀਤ ਸਿੰਘ ਪਾਵਰਕਾਮ ਐਂਡ ਟ੍ਰਾਂਸਕੋ ਠੇਕਾ ਮੁਲਾਜ਼ਮ ਯੂਨੀਅਨ ਦੇ ਆਗੂ ਜਗਰੂਪ ਸਿੰਘ, ਗੁਰਦੀਪ ਸਿੰਘ ਨੇ ਸਰਕਾਰਾਂ ਤੇ ਮੈਨੇਜਮੈਂਟਾਂ ਤੋਂ ਮੰਗ ਕੀਤੀ ਕਿ ਸਾਰੇ ਸਰਕਾਰੀ ਤੇ ਅਰਧ ਸਰਕਾਰੀ ਅਦਾਰਿਆਂ ਸਮੇਤ ਪਾਵਰਕਾਮ ਐਂਡ ਟ੍ਰਾਂਸਕੋ ਅੰਦਰ ਨਿੱਜੀਕਰਨ ਦੀ ਨੀਤੀ ਬੰਦ ਕਰਕੇ ਅਦਾਰਿਆਂ ਦਾ ਪਹਿਲਾਂ ਵਾਲਾ ਸਰੂਪ 1948 ਐਕਟ ਦੇ ਤਹਿਤ ਬਹਾਲ ਕੀਤਾ ਜਾਵੇ ਤੇ 1.1.2004 ਤੋਂ ਬਾਅਦ ਭਰਤੀ ਕੀਤੇ ਮੁਲਾਜ਼ਮਾਂ ਉੱਪਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਜਾਵੇ। ਆਗੂਆਂ ਨੇ ਚਤਾਵਨੀ ਦਿੰਦੇ ਹੋਏ ਸਰਕਾਰਾਂ ਤੇ ਮੈਨੇਜਮੈਂਟਾਂ ਨੂੰ ਕਿਹਾ ਕਿ ਜੇਕਰ ਮੰਗਾਂ ਪ੍ਰਵਾਨ ਨਾ ਕੀਤੀਆਂ ਤਾਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਮੈਨੇਜਮੈਂਟ ਤੇ ਸਰਕਾਰਾਂ ਦੀ ਹੋਵੇਗੀ।

## ਕਾਂਗਰਸ ਤੇ 'ਆਪ' ਦੱਸਣ ਅੱਠ ਸਾਲਾਂ 'ਚ ਕਿੰਨੇ ਕਿਸਾਨਾਂ ਨੂੰ ਦਿੱਤੇ ਟਿਊਬਵੈੱਲ ਕੁਨੈਕਸ਼ਨ : ਐੱਨ ਕੇ ਸ਼ਰਮਾ

■ ਅਕਾਲੀ ਉਮੀਦਵਾਰ ਨੇ ਘਨੌਰ 'ਚ ਜਨ ਸਭਾਵਾਂ ਨੂੰ ਕੀਤਾ ਸੰਬੋਧਨ



ਰਾਜਪੁਰਾ (ਰਮੇਸ਼ ਕਟਾਰੀਆ) ਪਟਿਆਲਾ ਲੋਕ ਸਭਾ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐੱਨ. ਕੇ. ਸ਼ਰਮਾ ਨੇ ਕਿਹਾ ਹੈ ਕਿ ਦੇਸ਼ ਵਿੱਚ ਕੇਵਲ ਪ੍ਰਕਾਸ਼ ਸਿੰਘ ਬਾਦਲ, ਚੌਧਰੀ ਦੇਵੀ ਲਾਲ ਤੇ ਚਰਨ ਸਿੰਘ ਹੀ ਕਿਸਾਨ ਹਿਤੈਸ਼ੀ ਆਗੂ ਰਹੇ ਹਨ।ਅੱਜ ਪੰਜਾਬ ਵਿੱਚ ਕੁੱਲ 14 ਲੱਖ ਟਿਊਬਵੈੱਲ ਕੁਨੈਕਸ਼ਨ ਹਨ, ਜਿਨ੍ਹਾਂ ਵਿੱਚੋਂ 13 ਲੱਖ ਕੁਨੈਕਸ਼ਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਵੇਲੇ ਦਿੱਤੇ ਗਏ ਹਨ।ਲੋਕ ਸਭਾ ਚੋਣਾਂ ਵਿੱਚ ਵੋਟਾਂ ਮੰਗਣ ਉੱਤਰੇ ਆਮ ਆਦਮੀ ਪਾਰਟੀ ਤੇ ਕਾਂਗਰਸ ਦੇ ਉਮੀਦਵਾਰ ਇਹ ਦੱਸਣ ਕਿ ਪਿਛਲੇ ਅੱਠ ਸਾਲਾਂ ਵਿੱਚ ਪਟਿਆਲਾ ਲੋਕ ਸਭਾ ਹਲਕੇ ਵਿੱਚ ਕਿੰਨੇ ਕਿਸਾਨਾਂ ਨੂੰ ਟਿਊਬਵੈੱਲ ਕੁਨੈਕਸ਼ਨ ਦਿੱਤੇ ਗਏ ਹਨ।ਐੱਨ ਕੇ ਸ਼ਰਮਾ ਹਲਕਾ ਘਨੌਰ ਦੇ ਪਿੰਡ ਸ਼ੇਖੂਪੁਰ ਵਿੱਚ ਅਕਾਲੀ ਆਗੂ ਭੁਪਿੰਦਰ ਸਿੰਘ ਸ਼ੇਖੂਪੁਰਾ ਵੱਲੋਂ ਕਰਵਾਏ ਗਏ ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ।ਉਨ੍ਹਾ ਕਿਹਾ ਕਿ ਦੇਸ਼ ਦੇ ਕਿਸਾਨਾਂ ਨੂੰ ਜੇਕਰ ਅੱਜ ਕੁਝ ਫ਼ਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਮਿਲ ਰਿਹਾ ਹੈ ਤਾਂ ਇਸ ਵਿੱਚ ਸਭ ਤੋਂ ਵੱਡਾ ਯੋਗਦਾਨ ਪ੍ਰਕਾਸ਼ ਸਿੰਘ ਬਾਦਲ, ਦੇਵੀ ਲਾਲ ਤੇ ਚਰਨ ਸਿੰਘ ਦਾ ਹੈ।ਕਾਂਗਰਸ ਤੇ ਆਮ ਆਦਮੀ ਪਾਰਟੀ ਦੀਆਂ ਸਰਕਾਰਾਂ ਨੇ ਬਦਲਵੀਆਂ ਫ਼ਸਲਾਂ ਦੀ ਪੈਦਾਵਾਰ ਲਈ ਤਾਂ ਕਿਹਾ ਹੈ, ਪਰ ਉਨ੍ਹਾਂ ਦੀ ਖਰੀਦ ਲਈ ਅੱਠ ਸਾਲਾਂ ਵਿੱਚ ਕੋਈ ਨੀਤੀ ਨਹੀਂ ਬਣਾਈ। ਸ਼ਰਮਾ ਨੇ ਪਟਿਆਲਾ ਹਲਕੇ ਵਿੱਚ ਆਉਣ ਵਾਲੇ ਹੜ੍ਹਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਪਟਿਆਲਾ ਲੋਕ ਸਭਾ ਅਧੀਨ ਆਉਂਦੇ ਕਈ ਵਿਧਾਨ ਸਭਾ ਹਲਕੇ ਹਰ ਸਾਲ ਹੜ੍ਹਾਂ ਨਾਲ ਪ੍ਰਭਾਵਿਤ ਹੁੰਦੇ ਹਨ।ਫ਼ਸਲਾਂ ਬਰਬਾਦ ਹੋ ਜਾਂਦੀਆਂ ਹਨ।ਪ੍ਰਨੀਤ ਕੌਰ ਇੱਥੋਂ ਚਾਰ ਵਾਰ ਸੰਸਦ ਮੈਂਬਰ ਰਹਿ ਚੁੱਕੀ ਹਨ, ਪਰ ਅੱਜ ਤੱਕ ਇਸ ਸਮੱਸਿਆ ਦਾ ਹੱਲ ਨਹੀਂ ਕਰਵਾਇਆ। ਸ਼ਰਮਾ ਨੇ ਕਿਸਾਨਾਂ ਤੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇੱਕ ਵਾਰ ਉਨ੍ਹਾਂ ਨੂੰ ਲੋਕ ਸਭਾ ਵਿੱਚ ਭੇਜਣ ਤਾਂ ਸਭ ਤੋਂ ਪਹਿਲਾਂ ਉਹ ਘੱਗਰ ਤੋਂ ਆਉਣ ਵਾਲੇ ਹੜ੍ਹਾਂ ਤੋਂ ਮੁਕਤ ਕਰਨਗੇ। ਇਸ ਮੌਕੇ ਅਕਾਲੀ ਆਗੂ ਜਰਨੈਲ ਸਿੰਘ ਕਰਤਾਰਪੁਰ, ਕਮਲਦੀਪ ਸਿੰਘ, ਲਾਲ ਸਿੰਘ ਮਰਦਾਂਪੁਰ, ਭਜਨ ਸਿੰਘ ਖੋਖਰ, ਮਾਸਟਰ ਦਵਿੰਦਰ ਸਿੰਘ ਟਹਿਲਪੁਰਾ, ਸੁੱਚਾ ਸਿੰਘ, ਪ੍ਰਕਾਸ਼ ਸਿੰਘ ਆਲਮਪੁਰ, ਸੁੱਚਾ ਸਿੰਘ ਘਨੌਰ, ਹਰਵਿੰਦਰ ਸਿੰਘ ਮਹਿਮੂਦਪੁਰ, ਪ੍ਰੀਤਮ ਸਿੰਘ ਖਾਨਪੁਰ, ਅਮਰੀਕ ਸਿੰਘ ਲੋਚਵਾਂ ਸਮੇਤ ਕਈ ਪਤਵੰਤੇ ਹਾਜ਼ਰ ਸਨ।

## ਦਸਵੀਂ ਦੇ ਨਤੀਜਿਆਂ 'ਚ ਲੜਕੀਆਂ ਨੇ ਇੱਕ ਵਾਰ ਫਿਰ ਮੁੰਡਿਆਂ ਨੂੰ ਪਛਾੜਿਆ

■ ਪੰਜਾਬ ਭਰ 'ਚੋਂ ਸੋਫੀਆ ਤੇ ਜਸਪ੍ਰੀਤ ਕੌਰ ਨੇ ਕੀਤਾ 19ਵਾਂ ਰੈਂਕ ਪ੍ਰਾਪਤ



ਮਾਲੇਰਕੋਟਲਾ (ਅਸਗਰ ਪਰਿਹਾਰ) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਜਮਾਤ ਦੇ ਐਲਾਨੇ ਗਏ ਨਤੀਜਿਆਂ 'ਚ ਜ਼ਿਲ੍ਹਾ ਮਾਲੇਰਕੋਟਲਾ ਦੇ ਪ੍ਰਾਈਵੇਟ ਤੇ ਸਰਕਾਰੀ ਸਕੂਲ ਦੀਆਂ ਲੜਕੀਆਂ ਨੇ ਇੱਕ ਵਾਰ ਫਿਰ ਮੁੰਡਿਆਂ ਨੂੰ ਪਛਾੜਦੇ ਹੋਏ ਬਾਜ਼ੀ ਮਾਰਦਿਆਂ ਵਧੀਆ ਨੰਬਰ ਹਾਸਲ ਕਰਕੇ ਮਾਲੇਰਕੋਟਲੇ ਦਾ ਨਾਮ ਪੰਜਾਬ ਭਰ ਅੰਦਰ ਰੌਸ਼ਨ ਕੀਤਾ ਹੈ।ਮਾਲੇਰਕੋਟਲਾ ਦੀਆਂ ਟਾਪ ਕਰਨ ਵਾਲੀਆਂ ਦੋ ਲੜਕੀਆਂ ਨੇ ਸੂਬੇ ਭਰ 'ਚੋਂ 19ਵਾਂ ਰੈਂਕ ਹਾਸਲ ਕੀਤਾ ਹੈ।ਮਿਲੀ ਜਾਣਕਾਰੀ ਮੁਤਾਬਕ ਅਲ-ਫਲਾਹ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮਾਲੇਰਕੋਟਲਾ ਦੀ ਵਿਦਿਆਰਥਣ ਸੋਫੀਆ ਪੁੱਤਰੀ ਮਹੰਮਦ ਮੁਸ਼ਤਾਕ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਕੰਨਿਆ) ਦੀ ਵਿਦਿਆਰਥਣ ਜਸਪ੍ਰੀਤ ਕੌਰ ਪੁੱਤਰੀ ਬਲਜੀਤ ਸਿੰਘ ਨੇ 96.46 ਫੀਸਦੀ ਅੰਕ ਪ੍ਰਾਪਤ ਕਰਕੇ ਪੰਜਾਬ ਭਰ 'ਚੋਂ 19ਵਾਂ ਰੈਂਕ ਹਾਸਲ ਕਰਦਿਆਂ ਮਾਲੇਰਕੋਟਲਾ ਜ਼ਿਲ੍ਹੇ ਭਰ 'ਚੋਂ ਟਾਪ ਕਰਕੇ ਆਪਣੇ ਸਕੂਲ ਤੇ ਮਾਪਿਆਂ ਦਾ ਨਾਮ ਸੂਬੇ ਅੰਦਰ ਰੌਸ਼ਨ ਕੀਤਾ ਹੈ।ਇਨ੍ਹਾਂ ਬੱਚਿਆਂ ਦੇ ਮੈਰਿਟ ਸੂਚੀ ਵਿੱਚ ਨਾਂ ਸ਼ਾਮਲ ਹੋਣ 'ਤੇ ਜਿੱਥੇ ਮਾਪਿਆਂ ਵੱਲੋਂ ਭਾਰੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਗਿਆ, ਉਥੇ ਹੀ ਉਕਤ ਸਕੂਲ ਦੇ ਪ੍ਰਬੰਧਕਾਂ ਨੇ ਵੀ ਆਪਣੇ ਵਿਦਿਆਰਥੀਆਂ ਦੇ ਸਕੂਲ ਦਾ ਨਾਂ ਰੌਸ਼ਨ ਕਰਨ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਨ੍ਹਾਂ ਬੱਚੀਆਂ ਨੂੰ ਸਕੂਲ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਜਾਵੇਗਾ।ਸਕੂਲ ਪ੍ਰਿੰਸੀਪਲ ਮੈਡਮ ਰਿਹਾਨਾ ਨਕਵੀ ਨੇ ਕਿਹਾ ਕਿ ਅਲ-ਫਲਾਹ ਸਕੂਲ ਦੇ ਬੱਚੇ ਹਮੇਸ਼ਾ ਹੀ ਮੈਰਿਟ 'ਚ ਅਪਣਾ ਨਾਮ ਦਰਜ ਕਰਵਾਉਂਦੇ ਆ ਰਹੇ ਹਨ, ਕਿਉਂਕਿ ਸਕੂਲ ਵੱਲੋਂ ਪੜ੍ਹਾਈ ਬਾਰੇ ਕਦੇ ਵੀ ਸਮਝੌਤਾ ਨਹੀਂ ਕੀਤਾ ਜਾਂਦਾ ਤੇ ਬੱਚਿਆਂ ਨੂੰ ਸਮੇਂ-ਸਮੇਂ ਪੜ੍ਹਾਈ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

## ਕਾਤਰਾਂ

### ਸ਼ਹੀਦ ਭਗਤ ਸਿੰਘ ਸਕੂਲ ਦਾ ਨਤੀਜਾ ਸੌ ਫੀਸਦੀ



ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਸ਼ਹੀਦ ਭਗਤ ਸਿੰਘ ਪਬਲਿਕ ਹਾਈ ਸਕੂਲ ਦੇ ਬੱਚਿਆਂ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਸਕੂਲ ਪ੍ਰਬੰਧਕ ਦਰਸ਼ਨ ਜੈਨ ਦੁਆਰਾ ਦਿੱਤੀ ਜਾਣਕਾਰੀ ਅਨੁਸਾਰ ਵਿਦਿਆਰਥਣ ਅੰਜਲੀ ਮਾਨ ਨੇ 606/650 (93.23 ਪ੍ਰਤੀਸ਼ਤ) ਅੰਕ, ਸੂਰਜ ਕੁਮਾਰ ਨੇ 584/650 (89.85 ਪ੍ਰਤੀਸ਼ਤ) ਤੇ ਅੰਕਿਤਾ ਕੁਮਾਰੀ ਨੇ 573/650 (88.15 ਪ੍ਰਤੀਸ਼ਤ) ਅੰਕ ਪ੍ਰਾਪਤ ਕਰਕੇ ਸਕੂਲ 'ਚੋਂ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਜਤਿਨ ਚੋਪੜਾ ਨੇ 572/650 (88 ਪ੍ਰਤੀਸ਼ਤ), ਵਰਸ਼ਾ ਰਾਣੀ ਨੇ 565/650 (86.92 ਪ੍ਰਤੀਸ਼ਤ), ਮਹਿਕ ਨੇ 564/650 (86.77 ਪ੍ਰਤੀਸ਼ਤ), ਵਿੱਦਿਆ ਰਾਣੀ ਨੇ 554/650 (85.23 ਪ੍ਰਤੀਸ਼ਤ), ਭੂਮਿਕਾ ਨੇ 538/650 (82.77 ਪ੍ਰਤੀਸ਼ਤ), ਯੁਵਰਾਜ ਸਿੰਘ ਨੇ 534/650 (82.31 ਪ੍ਰਤੀਸ਼ਤ) ਤੇ ਪਿਯੂਸ਼ ਸ਼ਰਮਾ ਨੇ 525/650 (80.77 ਪ੍ਰਤੀਸ਼ਤ) ਅੰਕ ਲੈ ਕੇ ਵਧੀਆ ਕਾਰਗੁਜ਼ਾਰੀ ਦਿਖਾਈ। ਪ੍ਰਿੰਸੀਪਲ ਸ੍ਰੀਮਤੀ ਅਨੀਤਾ ਜੈਨ ਨੇ ਦੱਸਿਆ ਕਿ ਸਕੂਲ ਦਾ ਨਤੀਜਾ 100 ਫੀਸਦੀ ਰਿਹਾ। ਸ੍ਰੀਮਤੀ ਜੈਨ ਨੇ ਹੋਣਹਾਰ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ।

### ਰੇਲਵੇ ਅੰਡਰਬ੍ਰਿਜ ਬਾਰੇ ਸਥਿਤੀ ਹੋਈ ਸਾਫ, ਟੈਂਡਰ ਖੁੱਲ੍ਹੇ



ਮਲੋਟ (ਗੁਰਮੀਤ ਸਿੰਘ ਮੱਕੜ)-ਲੰਬੇ ਸਮੇਂ ਤੋਂ ਸ਼ਹਿਰ ਵਾਸੀ ਮਲੋਟ ਵਿਖੇ ਅੰਡਰਬ੍ਰਿਜ ਦੀ ਉਸਾਰੀ ਦੀ ਮੰਗ ਕਰ ਰਹੇ ਹਨ। ਪਿਛਲੇ ਦਿਨੀਂ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਵੀ ਇਸ ਬਾਰੇ ਦੱਸਿਆ ਸੀ ਕਿ ਇਹ ਪਾਸ ਹੋ ਚੁੱਕਿਆ ਹੈ ਤੇ ਫ਼ਿਰ ਲੋਕਾਂ ਵੱਲੋਂ ਇਹ ਕਿਸ ਸਾਈਡ ਬਣੇਗਾ, ਬਾਰੇ ਕਿਆਸ ਲਗਾਏ ਜਾ ਰਹੇ ਸਨ। ਇਸ ਬਾਰੇ ਪ੍ਰਸ਼ੋਤਮ ਬਾਂਸਲ ਨੇ ਆਰ.ਟੀ.ਆਈ. ਐਕਟ ਅਧੀਨ ਰੇਲਵੇ ਤੋਂ ਮੰਗੀ ਸੂਚਨਾ 'ਤੇ ਰੇਲਵੇ ਵੱਲੋਂ ਦੱਸਿਆ ਗਿਆ ਕਿ ਇਸ ਅੰਡਰਬ੍ਰਿਜ ਦੇ ਟੈਂਡਰ ਖੁੱਲ੍ਹ ਚੁੱਕੇ ਹਨ ਤੇ ਇਹ 4 ਮੀਟਰ ਉੱਚਾ ਤੇ 2.75 ਮੀਟਰ ਚੌੜਾ ਅੰਡਰਬ੍ਰਿਜ ਬਿਰਲਾ ਰੋਡ ਵਾਲੀ ਸਾਈਡ 'ਤੇ ਉਸਾਰਿਆ ਜਾਵੇਗਾ।

### ਗਹਿਣੇ ਤੇ ਹੋਰ ਸਾਮਾਨ ਚੋਰੀ ਕਰਨ ਵਾਲਾ ਕਾਬੂ

ਬਰੇਟਾ (ਰੀਤਵਾਲ)-ਬੀਤੀ 05 ਅਪ੍ਰੈਲ ਨੂੰ ਪਿੰਡ ਗੋਬਿੰਦਪੁਰਾ ਦੇ ਗੁਰਵਿੰਦਰ ਸਿੰਘ ਪੁੱਤਰ ਨਿਰੰਜਨ ਸਿੰਘ ਦੇ ਘਰ ਵਿੱਚ ਚੋਰਾਂ ਵੱਲੋਂ ਕੰਧ ਟੱਪ ਕੇ ਚੋਰੀ ਕੀਤੀ ਗਈ ਸੀ, ਜਿਸ 'ਚ ਬਰੇਟਾ ਪੁਲਸ ਨੇ ਇੱਕ ਚੋਰ ਨੂੰ ਕਾਬੂ ਕਰਕੇ ਵੱਡੀ ਕਾਮਯਾਬੀ ਹਾਸਲ ਕੀਤੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਮੁਖੀ ਬਲਤੇਜ ਸਿੰਘ ਨੇ ਦੱਸਿਆ ਕਿ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਚੋਰੀ ਕਰਨ ਵਾਲੇ ਅਰੋਪੀ ਚਰਨ ਦਾਸ ਪੁੱਤਰ ਸੁਖਦੇਵ ਸਿੰਘ ਵਾਸੀ ਲਹਿਰਾਗਾਗਾ ਨੂੰ ਗ੍ਰਿਫ਼ਤਾਰ ਕਰਕੇ ਦੋਸ਼ੀ ਨਾਮਜ਼ਦ ਕੀਤਾ ਹੈ, ਜਿਸ ਤੋਂ ਪੁੱਛ-ਪੜਤਾਲ ਕਰਨ ਉਪਰੰਤ ਸੋਨੇ ਦੇ ਗਹਿਣੇ 03 ਤੋਲੇ 01 ਗ੍ਰਾਮ ਤੇ ਹੋਰ ਕੀਮਤੀ ਸਾਮਾਨ ਬਰਾਮਦ ਕੀਤਾ ਗਿਆ ਹੈ।ਬਰੇਟਾ ਪੁਲਸ ਨੇ ਅਰੋਪੀ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ।

### ਅੱਜ ਮੀਟ-ਆਂਡੇ ਦੀਆਂ ਦੁਕਾਨਾਂ ਬੰਦ ਰੱਖਣ ਦੇ ਹੁਕਮ

ਮਾਲੇਰਕੋਟਲਾ (ਅਸਗਰ ਪਰਿਹਾਰ)-ਜ਼ਿਲ੍ਹਾ ਮੈਜਿਸਟਰੇਟ ਮਾਲੇਰਕੋਟਲਾ-ਕਮ-ਡਿਪਟੀ ਕਮਿਸ਼ਨਰ ਡਾ. ਪੱਲਵੀ ਨੇ ਫ਼ੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ 21 ਅਪ੍ਰੈਲ ਐਤਵਾਰ ਨੂੰ ਭਗਵਾਨ ਮਹਾਂਵੀਰ ਜੈਯੰਤੀ ਮੌਕੇ ਜ਼ਿਲ੍ਹਾ ਮਾਲੇਰਕੋਟਲਾ ਦੀ ਹਦੂਦ ਅੰਦਰ ਜ਼ਿਲ੍ਹਾ ਮਾਲੇਰਕੋਟਲਾ ਵਿੱਚ ਮੀਟ, ਮੱਛੀ ਤੇ ਅੰਡਿਆਂ ਦੀਆਂ ਦੁਕਾਨਾਂ, ਰੇਹੜੀਆਂ, ਨਾਨ-ਵੈਜੀਟੇਰੀਅਨ ਹੋਟਲ/ ਢਾਬੇ ਤੇ ਅਹਾਤੇ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਹਨ।ਐੱਸ. ਐੱਸ. ਜੈਨ ਸਭਾ ਮਾਲੇਰਕੋਟਲਾ ਅਨੁਸਾਰ 21 ਅਪ੍ਰੈਲ ਨੂੰ ਮਹਾਂਵੀਰ ਜੈਯੰਤੀ ਦਾ ਦਿਹਾੜਾ ਅਹਿੰਸਾ ਦਿਵਸ ਵਜੋਂ ਮਨਾਇਆ ਜਾਣਾ ਹੈ।ਇਸ ਦਿਨ ਕਿਸੇ ਜਾਨਵਰ ਦੀ ਹੱਤਿਆ ਕਰਨਾ ਧਾਰਮਿਕ ਰੀਤੀ ਰਿਵਾਜ਼ਾਂ ਅਨੁਸਾਰ ਅਸ਼ੁੱਭ ਹੈ।ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ 21 ਅਪ੍ਰੈਲ ਨੂੰ ਜ਼ਿਲ੍ਹਾ ਮਾਲੇਰਕੋਟਲਾ ਵਿੱਚ ਮੀਟ, ਮੱਛੀ ਤੇ ਅੰਡਿਆਂ ਦੀਆਂ ਦੁਕਾਨਾਂ, ਰੇਹੜੀਆਂ, ਨਾਨ-ਵੈਜੀਟੇਰੀਅਨ ਹੋਟਲ /ਢਾਬੇ ਤੇ ਅਹਾਤੇ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਹਨ।

## ਸਰਕਾਰੀ ਸਕੂਲ ਸ਼ੇਖਪੁਰਾ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ

ਤਲਵੰਡੀ ਸਾਬੋ (ਜਗਦੀਪ ਗਿੱਲ)-ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਦੇ ਐਲਾਨੇ ਗਏ ਨਤੀਜੇ ਵਿੱਚ ਸ਼ਹੀਦ ਜਗਰਾਜ ਸਿੰਘ ਸਰਕਾਰੀ ਸਕੂਲ ਸ਼ੇਖਪੁਰਾ ਦੇ ਵਿਦਿਆਰਥੀਆਂ ਨੇ ਚੰਗੇ ਅੰਕ ਪ੍ਰਾਪਤ ਕਰਕੇ ਮੱਲਾਂ ਮਾਰੀਆਂ।ਜਮਾਤ ਇੰਚਾਰਜ ਮਾਸਟਰ ਵੀਰ ਸਿੰਘ ਤੇ ਮਾਸਟਰ ਗਗਨਦੀਪ ਸਿੰਘ ਨੇ ਦੱਸਿਆ ਕਿ ਇਸ ਸਾਲ ਸਕੂਲ ਦੇ 40 ਵਿਦਿਆਰਥੀ ਦਸਵੀਂ ਦੇ ਬੋਰਡ ਦੇ ਪੇਪਰਾਂ ਵਿੱਚ ਅਪੀਅਰ ਹੋਏ ਤੇ 40 ਵਿਦਿਆਰਥੀ ਹੀ ਚੰਗੇ ਅੰਕਾਂ ਨਾਲ ਪਾਸ ਹੋਏ, ਜਿਨ੍ਹਾਂ ਵਿੱਚੋਂ ਗੁਰਸੇਵਕ ਸਿੰਘ ਪੁੱਤਰ ਬੇਅੰਤ ਸਿੰਘ ਸ਼ੇਖਪੁਰਾ ਨੇ 90% ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਹੋਮ ਪ੍ਰਕਾਸ਼ ਸਿੰਘ 88% ਅੰਕਾਂ ਨਾਲ ਦੂਜੇ ਸਥਾਨ ਤੇ ਹੋਮਪ੍ਰੀਤ ਕੌਰ 85% ਅੰਕ ਪ੍ਰਾਪਤ ਕਰਕੇ ਤੀਜੇ ਸਥਾਨ 'ਤੇ ਰਹੀ।ਸਕੂਲ ਪ੍ਰਿੰਸੀਪਲ ਸ੍ਰੀ ਭੀਮ ਸੈਨ ਨੇ ਵਿਦਿਆਰਥੀਆਂ ਤੇ ਮਾਪਿਆਂ ਨੂੰ ਚੰਗੇ ਨਤੀਜਿਆਂ ਲਈ ਵਧਾਈਆਂ ਦਿੱਤੀਆਂ ਤੇ ਨਾਲ ਹੀ ਉਨ੍ਹਾਂ ਸਮੂਹ ਅਧਿਆਪਕਾਂ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ।ਇਸ ਮੌਕੇ ਸਮੂਹ ਸਕੂਲ ਸਟਾਫ ਵੱਲੋਂ ਨਤੀਜਿਆਂ 'ਤੇ ਖੁਸ਼ੀ ਜ਼ਾਹਰ ਕਰਦਿਆਂ ਵਿਦਿਆਰਥੀਆਂ ਨੂੰ ਅੱਗੇ ਤੋਂ ਹੋਰ ਮਿਹਨਤ ਕਰਨ ਲਈ ਕਿਹਾ।



## ਮੋਟਰਸਾਈਕਲ ਮਾਰਚ ਕਰਕੇ ਡਾ. ਅੰਬੇਡਕਰ ਦਾ ਜਨਮ ਦਿਵਸ ਮਨਾਇਆ

ਉੱਘੇ ਗੀਤਕਾਰ ਜੰਗ ਚਾਪੜਾ ਦਾ ਗੀਤ 'ਰੰਗ ਬਾਬਾ ਸਾਹਿਬ ਦੇ' ਦਾ ਪੋਸਟਰ ਰਿਲੀਜ਼



ਦੋਰਾਹਾ (ਹਰਮਿੰਦਰ ਸੇਠ)-ਸ੍ਰੀ ਗੁਰੂ ਰਵਿਦਾਸ ਲੰਗਰ ਕਮੇਟੀ ਪਾਇਲ ਵੱਲੋਂ ਕੁਲਦੀਪ ਸਿੰਘ ਬੰਟੀ, ਤਰਲੋਚਨ ਸਿੰਘ, ਭਿੰਦਰ ਸਿੰਘ, ਲਾਡੀ ਸਿੰਘ ਆਦਿ ਦੀ ਅਗਵਾਈ ਵਿੱਚ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ 133ਵਾਂ ਜਨਮ ਦਿਵਸ ਵਾਰਡ ਨੰਬਰ 11 ਦੀ ਧਰਮਸ਼ਾਲਾ ਤੋਂ ਲੈ ਕੇ ਪਾਇਲ ਸ਼ਹਿਰ ਵਿੱਚ ਨੌਜਵਾਨਾਂ ਨੇ ਮੋਟਰਸਾਈਕਲਾਂ ਤੇ ਗੱਡੀਆਂ ਵਿੱਚ ਮਾਰਚ ਕੀਤਾ ਅਤੇ ਡਾਕਟਰ ਅੰਬੇਡਕਰ ਸਾਹਿਬ ਅਮਰ ਰਹੇ ਦੇ ਨਾਰੇ ਲਗਾਏ ਗਏ ਅਤੇ ਥਾਂ ਥਾਂ ਮਾਰਚ ਦਾ ਸਵਾਗਤ ਕੀਤਾ ਗਿਆ। ਉੱਘੇ ਸਮਾਜ ਸੇਵੀ ਤੇ ਅੰਬੇਡਕਰੀ ਚਿੰਤਕ ਗੁਰਦੀਪ ਸਿੰਘ ਕਾਲੀ ਵੱਲੋਂ ਬੱਸ ਸਟੈਂਡ ਪਾਇਲ ਵਿੱਚ ਮਾਰਚ ਦਾ ਸਵਾਗਤ ਕੀਤਾ ਗਿਆ ਤੇ ਲੱਡੂ ਵੀ ਵੰਡੇ ਗਏ। ਇਸ ਮੌਕੇ ਉੱਘੇ ਸਮਾਜ ਸੇਵੀ ਫਤਿਹ ਅੰਬੇਡਕਰੀ ਚਿੰਤਕ ਗੁਰਦੀਪ ਸਿੰਘ ਕਾਲੀ ਨੇ ਕਿਹਾ ਕਿ ਅੱਜ ਦੇਸ਼ ਵਿੱਚ ਜੋ ਮਾਹੌਲ ਬਣਿਆ ਹੋਇਆ ਹੈ, ਇਸ ਦਾ ਵੱਡਾ ਕਾਰਨ ਇਹ ਹੈ ਕਿ ਦੇਸ਼ ਅੰਦਰ ਡਾਕਟਰ ਅੰਬੇਡਕਰ ਦੇ ਸੰਵਿਧਾਨ ਦੀ ਗੱਲ ਨਹੀਂ ਹੋ ਰਹੀ, ਸੰਵਿਧਾਨ ਨੂੰ ਲਾਗੂ ਕਰਨ ਵਾਲੇ ਕਈ ਬੇਈਮਾਨ ਹਨ। ਐੱਸ ਸੀ/ਐੱਸ ਟੀ/ਓਬੀਸੀ ਸਮਾਜ, ਜੋ ਵੱਡੀ ਗਿਣਤੀ ਵਿੱਚ ਹੈ, ਉਨ੍ਹਾਂ ਨੂੰ ਜਾਗਰੂਕ ਹੋ ਕੇ ਇਨ੍ਹਾਂ ਸੰਵਿਧਾਨ ਖਤਮ ਕਰਨ ਵਾਲੀਆਂ ਰਾਜਨੀਤਕ ਪਾਰਟੀਆਂ ਨੂੰ ਛੱਡਣਾ ਹੋਵੇਗਾ ਅਤੇ ਅੰਬੇਡਕਰੀ ਸੋਚ ਵਾਲੀਆਂ ਪਾਰਟੀਆਂ ਨੂੰ ਅਪਣਾਉਣਾ ਹੋਵੇਗਾ, ਤਦ ਜਾ ਕੇ ਐੱਸ ਸੀ/ਐੱਸ ਟੀ/ਓਬੀਸੀ ਲੋਕਾਂ ਦੀ ਦੁਰਦਸ਼ਾ ਸੁਧਰੇਗੀ ਤੇ ਰਾਜਭਾਗ 'ਤੇ ਕਾਬਜ਼ ਹੋਣਾ ਪਵੇਗਾ। ਇਸ ਮੌਕੇ ਗੁਰਦੀਪ ਸਿੰਘ ਕਾਲੀ ਵੱਲੋਂ ਉੱਘੇ ਗੀਤਕਾਰ ਜੰਗ ਚਾਪੜਾ ਵੱਲੋਂ ਡਾਕਟਰ ਅੰਬੇਡਕਰ ਸਾਹਿਬ ਦੇ 133ਵੇਂ ਜਨਮ ਦਿਹਾੜੇ 'ਤੇ ਬਾਬਾ ਸਾਹਿਬ ਨੂੰ ਸਮਰਪਿਤ ਗੀਤ 'ਰੰਗ ਬਾਬਾ ਸਾਹਿਬ ਦੇ' ਦਾ ਪੋਸਟਰ ਵੀ ਜਾਰੀ ਕੀਤਾ ਗਿਆ। ਇਸ ਮੌਕੇ ਰਣਜੀਤ ਸਿੰਘ ਜੀਤਾ, ਗੁਰਮੁੱਖ ਸਿੰਘ, ਹਰਵਿੰਦਰ ਸਿੰਘ, ਕੁਲਦੀਪ ਸਿੰਘ, ਦੀਦਾਰ ਦਰਵੇਸ਼, ਗੁਰੀ ਗੁਰਦੀਪ ਕਾਲਾ, ਸੋਹਨ ਸਿੰਘ, ਕੁਲਵਿੰਦਰ ਸਿੰਘ, ਕਾਕਾ, ਲੱਡੂ ਪਾਲ ਸਿੰਘ ਮਿਸਤਰੀ, ਕੁਲਵੰਤ ਸਿੰਘ ਪੱਲਾ, ਕਮਲਜੀਤ ਸਿੰਘ ਕਾਲਾ, ਗੁਰਵਿੰਦਰ ਸਿੰਘ ਗਿੰਧੂ, ਪਰਮੇਸ਼ਵਰ ਸਿੰਘ ਆਦਿ ਵੱਡੀ ਗਿਣਤੀ ਵਿੱਚ ਔਰਤਾਂ, ਬੱਚੇ ਤੇ ਨੌਜਵਾਨ ਸ਼ਾਮਲ ਸਨ।

## ਦਸਮੇਸ਼ ਸਕੂਲ ਦੇ ਵਿਦਿਆਰਥੀਆਂ ਨੂੰ ਅੱਗ ਤੋਂ ਸੁਰੱਖਿਆ ਬਾਰੇ ਕੀਤਾ ਜਾਗਰੂਕ



ਸਰਦੂਲਗੜ੍ਹ (ਅਵਤਾਰ ਜਟਾਣਾ) ਦਸਮੇਸ਼ ਕਾਨਵੈਂਟ ਸਕੂਲ ਤੇ ਦਸਮੇਸ਼ ਇੰਟਰਨੈਸ਼ਨਲ ਸਕੂਲ ਸਰਦੂਲਗੜ੍ਹ ਵਿਖੇ 'ਅੱਗ ਬੁਝਾਊ' ਦਫਤਰ ਸਰਦੂਲਗੜ੍ਹ ਵੱਲੋਂ ਫਾਇਰ ਅਫਸਰ ਸ੍. ਊਧਮ ਸਿੰਘ ਦੀ ਅਗਵਾਈ ਵਿੱਚ ਹਰਵਿੰਦਰ ਸਿੰਘ, ਮਨਿੰਦਰ ਸਿੰਘ, ਗੁਰਜੀਤ ਸਿੰਘ, ਗੁਰਜੰਟ ਸਿੰਘ, ਕੁਲਵਿੰਦਰ ਸਿੰਘ, ਹਰਪਾਲ ਸਿੰਘ ਤੇ ਬੂਟਾ ਸਿੰਘ ਦੀ ਟੀਮ ਵੱਲੋਂ ਵਿਦਿਆਰਥੀਆਂ, ਅਧਿਆਪਕਾਂ ਤੇ ਵੈਨ ਡਰਾਈਵਰਾਂ ਨੂੰ ਅੱਗ ਲੱਗਣ ਦੀ ਸਥਿਤੀ ਵਿੱਚ ਕਿਸ ਤਰ੍ਹਾਂ ਸਥਿਤੀ 'ਤੇ ਕਾਬੂ ਪਾਉਣਾ ਹੈ, ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰਸੋਈ ਸਿਲੰਡਰ ਤੋਂ ਫੈਲੀ ਅੱਗ ਨੂੰ ਰੈਗੂਲੇਟਰ ਕੋਲੋਂ ਕਿਸ ਤਰੀਕੇ ਨਾਲ ਕਾਬੂ ਪਾਉਣਾ ਹੈ ਅਤੇ ਸਾਇੰਸ ਲੈਬ, ਕੰਪਿਊਟਰ ਲੈਬ, ਇਲੈਕਟਰੋਨਿਕ, ਸ਼ਾਟ ਸਰਕਟ ਤੇ ਵੈਨਾਂ ਵਿੱਚ ਫੈਲੀ ਅੱਗ ਨੂੰ ਕਿਵੇਂ ਬੁਝਾਉਣਾ ਹੈ। ਟੀਮ ਵੱਲੋਂ ਅੱਗ ਬੁਝਾਉਣ ਦੇ ਤਰੀਕਿਆਂ ਦਾ ਪ੍ਰੈਕਟੀਕਲ ਕਰਕੇ ਦਿਖਾਇਆ ਗਿਆ ਤੇ ਫਾਇਰ ਬ੍ਰਿਗੇਡ ਨੂੰ ਐਮਰਜੈਂਸੀ ਵਿੱਚ ਸਾਇਡ ਦੇਣੀ ਚਾਹੀਦੀ ਹੈ, ਇਸ ਬਾਰੇ ਵਿਦਿਆਰਥੀਆਂ ਨੂੰ ਵਿਸਥਾਰ ਨਾਲ ਜਾਣਕਾਰੀ ਦਿੱਤੀ। ਸਕੂਲਾਂ ਦੇ ਡਾਇਰੈਕਟਰ ਪ੍ਰਿੰਸੀਪਲ ਭੁਪਿੰਦਰ ਸਿੰਘ ਸੰਧੂ ਨੇ ਅੱਗ ਬੁਝਾਊ ਟੀਮ ਵੱਲੋਂ ਕੀਤੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

## ਬੀ ਐੱਫ ਜੀ ਆਈ ਵਿਖੇ 'ਗ੍ਰਾਮੀਣ ਜਨ-ਚੇਤਨਾ' ਪ੍ਰੋਗਰਾਮ



ਬਠਿੰਡਾ (ਪਰਵਿੰਦਰ ਜੀਤ ਸਿੰਘ) ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼ (ਬੀ.ਐੱਫ.ਜੀ.ਆਈ.) ਬਠਿੰਡਾ ਵਿਖੇ ਪੇਂਡੂ ਭਾਈਚਾਰੇ ਨੂੰ ਹੁਨਰ ਵਿਕਾਸ ਤੇ ਉੱਚ ਸਿੱਖਿਆ ਦੁਆਰਾ ਸਸ਼ਕਤ ਕਰਨ ਲਈ ਜਨ ਚੇਤਨਾ ਪ੍ਰੋਗਰਾਮ ਦੀ ਸ਼ੁਰੂਆਤ ਹੋ ਚੁੱਕੀ ਹੈ।ਇਸ ਪਹਿਲਕਦਮੀ ਦੇ ਤਹਿਤ ਅੱਜ ਪਹਿਲਾ 'ਗ੍ਰਾਮੀਣ ਜਨ ਚੇਤਨਾ' ਪ੍ਰੋਗਰਾਮ ਕੀਤਾ ਗਿਆ, ਜਿਸ ਨੂੰ ਪੇਂਡੂ ਭਾਈਚਾਰੇ ਵੱਲੋਂ ਬਹੁਤ ਵੱਡਾ ਹੁੰਗਾਰਾ ਮਿਲਿਆ ਹੈ। ਬੀ.ਐੱਫ.ਜੀ.ਆਈ. ਦੇ ਅਸਿਸਟੈਂਟ ਡਾਇਰੈਕਟਰ (ਐਡਮਨ) ਸ. ਰਜਿੰਦਰ ਸਿੰਘ ਧਨੋਆ ਨੇ ਸਾਰੇ ਆਏ ਹੋਏ ਮਹਿਮਾਨਾਂ ਦਾ ਨਿੱਘਾ ਸਵਾਗਤ ਕਰਦਿਆਂ ਦੱਸਿਆ ਕਿ ਬੀ.ਐੱਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਦੀ ਪ੍ਰੇਰਨਾ ਸਦਕਾ ਤੇ ਕੈਂਪਸ ਡਾਇਰੈਕਟਰ ਪ੍ਰੋ. (ਡਾ.) ਐੱਮ. ਪੀ. ਪੂਨੀਆ ਦੀ ਰਹਿਨੁਮਾਈ ਹੇਠ ਬਾਬਾ ਫ਼ਰੀਦ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਵੱਲੋਂ 40 ਨਵੀਆਂ ਪਹਿਲਕਦਮੀਆਂ ਦੀ ਸ਼ੁਰੂਆਤ ਕੀਤੀ ਗਈ ਹੈ।ਇਨ੍ਹਾਂ ਵਿੱਚੋਂ ਜਨ ਚੇਤਨਾ ਪ੍ਰੋਗਰਾਮ ਇੱਕ ਅਜਿਹੀ ਪਹਿਲਕਦਮੀ ਹੈ, ਜਿਸ ਨਾਲ ਪੇਂਡੂ ਭਾਈਚਾਰੇ ਨੂੰ ਹੁਨਰ ਵਿਕਾਸ ਤੇ ਉੱਚ ਸਿੱਖਿਆ ਦੁਆਰਾ ਸਸ਼ਕਤ ਕਰਨਾ ਮੁੱਖ ਏਜੰਡਾ ਹੈ।ਉਨ੍ਹਾਂ ਦੱਸਿਆ ਕਿ ਇਸ ਮੰਤਵ ਨੂੰ ਪੂਰਾ ਕਰਨ ਲਈ ਜਿੱਥੇ ਸਾਰਿਆਂ ਦੇ ਸਹਿਯੋਗ ਦੀ ਲੋੜ ਹੈ, ਉੱਥੇ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਬੀ.ਐੱਫ.ਜੀ.ਆਈ. ਕਿਸ ਤਰ੍ਹਾਂ ਆਪਣਾ ਯੋਗਦਾਨ ਪਾ ਸਕਦਾ ਹੈ।ਉਨ੍ਹਾਂ ਨੇ ਜਨ ਚੇਤਨਾ ਪ੍ਰੋਗਰਾਮ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ।ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਤਹਿਤ ਪੇਂਡੂ ਨੌਜਵਾਨਾਂ ਤੇ ਲੜਕੀਆਂ ਦੇ ਹੁਨਰ ਵਿਕਾਸ ਨਾਲ ਰੋਜ਼ਗਾਰ ਅਤੇ ਸਵੈ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨ ਲਈ ਮੁਫ਼ਤ ਸਿਖਲਾਈ ਕੋਰਸ ਕਰਵਾਏ ਜਾਣਗੇ। ਇਸ ਪ੍ਰੋਗਰਾਮ ਵਿੱਚ ਨੇੜਲੇ 13 ਪਿੰਡਾਂ ਤੋਂ ਸਰਪੰਚ, ਪੰਚਾਇਤ ਮੈਂਬਰ, ਸਮਾਜ ਸੇਵੀ, ਰਿਟਾ. ਪ੍ਰਿੰਸੀਪਲ, ਤਰਕਸ਼ੀਲ ਸੁਸਾਇਟੀ ਦੇ ਮੈਂਬਰ, ਲੇਖਕ, ਨੌਜਵਾਨ ਕਲੱਬਾਂ ਦੇ ਮੈਂਬਰ, ਅਗਾਂਹਵਧੂ ਕਿਸਾਨ ਅਤੇ ਆਮ ਲੋਕਾਂ ਨੇ ਸ਼ਿਰਕਤ ਕੀਤੀ ਤੇ ਆਪਣੇ ਵਿਚਾਰ ਸਾਂਝੇ ਕੀਤੇ।ਕੈਂਪਸ ਡਾਇਰੈਕਟਰ ਪ੍ਰੋ. (ਡਾ.) ਐੱਮ.ਪੀ. ਪੂਨੀਆ ਨੇ ਸਾਰੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।ਅੰਤ ਵਿੱਚ ਉਨ੍ਹਾਂ ਨੇ ਸਾਰੇ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਵੀ ਕੀਤਾ।

## ਕਾਂਗਰਸ ਉਮੀਦਵਾਰ ਸ਼ਾਨਦਾਰ ਜਿੱਤਾਂ ਦਰਜ ਕਰਨਗੇ : ਭਾਰਤੀ, ਸ਼ਰਮਾ



ਅਮਲੋਹ (ਲਖਵੀਰ ਸਿੰਘ, ਹਰਚਰਨ ਉੱਪਲ)-ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਦੀ ਭਾਜਪਾ ਸਰਕਾਰ ਨੇ ਜਿਹੜੇ ਵਾਅਦੇ ਪੰਜਾਬ ਵਾਸੀਆਂ ਨਾਲ ਕੀਤੇ ਸਨ, ਉਹ ਪੂਰੇ ਨਹੀਂ ਹੋਏ ਜਿਸ ਕਰਕੇ ਦੇਸ਼ ਵਾਸੀਆਂ ਦਾ ਭਾਜਪਾ ਤੋਂ ਮੋਹ ਭੰਗ ਹੋ ਗਿਆ ਹੈ, ਉੱਥੇ ਹੀ ਭਾਜਪਾ ਵਾਲੇ ਇਸ ਵਾਰ 400 ਪਾਰ ਦਾ ਨਾਅਰਾ ਦੇ ਰਹੇ ਹਨ। ਇਸ ਵਾਰ ਕੇਵਲ 150 ਸੀਟਾਂ ਦਾ ਅੰਕੜਾ ਵੀ ਪਾਰ ਨਹੀਂ ਕਰ ਸਕਣਗੇ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਯੂਥ ਕਾਂਗਰਸ ਲੋਕ ਸਭਾ ਹਲਕਾ ਫ਼ਤਹਿਗੜ੍ਹ ਸਾਹਿਬ ਦੇ ਸੋਸ਼ਲ ਮੀਡੀਆ ਕੋਆਰਡੀਨੇਟਰ ਵਿਸ਼ਾਲ ਭਾਰਤੀ ਤੇ ਯੂਥ ਕਾਂਗਰਸ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਪ੍ਰਧਾਨ ਅਮਿਤ ਜੈ ਚੰਦ ਸ਼ਰਮਾ ਨੇ ਕਾਂਗਰਸ ਪਾਰਟੀ ਦਫਤਰ ਅਮਲੋਹ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ।ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵੱਲੋਂ ਯੂਥ ਕਾਂਗਰਸ ਦੀ ਜਿਹੜੀ ਡਿਊਟੀ ਗਾਰੰਟੀਆਂ ਨੂੰ ਘਰ ਘਰ ਲੈ ਕੇ ਜਾਣ ਦੀ ਲਗਾਈ ਗਈ ਹੈ, ਜਿਸ ਨੂੰ ਲੈ ਕੇ ਨੌਜਵਾਨਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ ਤੇ ਯੂਥ ਕਾਂਗਰਸ ਆਪਣੀ ਡਿਊਟੀ ਨੂੰ ਅੱਗੇ ਹੋ ਕੇ ਨਿਭਾਏਗਾ।ਕਾਂਗਰਸ ਨੇ ਨੌਜਵਾਨਾਂ ਲਈ ਪੰਜ ਗਰੰਟੀਆਂ ਦਿੱਤੀਆਂ ਹਨ, ਜਿਨ੍ਹਾਂ ਨੂੰ ਸਰਕਾਰ ਬਣਦੇ ਪੂਰਾ ਕੀਤਾ ਜਾਵੇਗਾ ਤੇ ਇਨ੍ਹਾਂ ਗਰੰਟੀਆਂ ਦਾ ਨੌਜਵਾਨਾਂ ਵੱਲੋਂ ਸਵਾਗਤ ਵੀ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ, ਜੋ ਕਹਿੰਦੀ ਹੈ, ਉਹ ਕਰਦੀ ਹੈ, ਕਿਉਂਕਿ ਡਾ. ਮਨਮੋਹਨ ਸਿੰਘ ਦੀ ਸਰਕਾਰ ਦੇ ਰਾਜ ਸਮੇਂ ਜਿਹੜੇ ਵਾਅਦੇ ਦੇਸ਼ ਵਾਸੀਆਂ ਨਾਲ ਕੀਤੇ ਸਨ, ਉਨ੍ਹਾਂ ਨੂੰ ਪੂਰਾ ਕੀਤਾ ਗਿਆ ਸੀ, ਉੱਥੇ ਹੀ ਹੁਣ ਵੀ ਕਾਂਗਰਸ ਸਰਕਾਰ ਬਣਦਿਆਂ ਹੀ ਗਾਰੰਟੀਆਂ ਨੂੰ ਪੂਰਾ ਕਰੇਗੀ।ਇਸ ਮੌਕੇ ਯੂਥ ਕਾਂਗਰਸ ਅਮਲੋਹ ਦੇ ਪ੍ਰਧਾਨ ਲਵਪ੍ਰੀਤ ਸਿੰਘ ਭੱਟੀ, ਵਿਕਾਸ ਕੁਮਾਰ, ਨਿਸਿਤ ਨਾਗਰਾ, ਪੀ ਏ ਮਨਪ੍ਰੀਤ ਸਿੰਘ ਮਿੰਟਾ, ਕਰਨਵੀਰ ਸਿੰਘ, ਕਰਨ ਸ਼ਰਮਾ, ਜਸਵੀਰ ਸਿੰਘ, ਨਵਦੀਪ ਸਿੰਘ, ਅੰਮ੍ਰਿਤਪਾਲ ਸਿੰਘ, ਅਜੇ ਸ਼ਰਮਾ, ਸਮਰ ਪਰਤਾਪ ਸਿੰਘ, ਕੁਲਦੀਪ ਸਿੰਘ ਕਾਹਨਪੁਰਾ ਆਦਿ ਹਾਜ਼ਰ ਸਨ।

## ਲੋਕ ਜਨ ਸ਼ਕਤੀ ਪਾਰਟੀ ਦੇ ਉਮੀਦਵਾਰ ਚਮਕੀਲਾ ਸਿੰਘ ਦੀ ਪਾਤੜਾਂ ਫੇਰੀ ਨੂੰ ਭਰਵਾਂ ਹੁੰਗਾਰਾ



ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)-ਲੋਕ ਜਨ ਸ਼ਕਤੀ ਪਾਰਟੀ ਦੇ ਲੋਕ ਸਭਾ ਹਲਕਾ ਪਟਿਆਲਾ ਦੇ ਉਮੀਦਵਾਰ ਚਮਕੀਲਾ ਸਿੰਘ ਵੱਲੋਂ ਹਲਕੇ ਵਿੱਚ ਲਗਾਤਾਰ ਚੋਣ ਪ੍ਰਚਾਰ ਤੇਜ਼ ਕੀਤਾ ਹੋਇਆ ਹੈ, ਜਦੋਂਕਿ ਵਿਰੋਧੀ ਧਿਰਾਂ ਵਾਲੇ ਹਾਲੇ ਵਰਕਰ ਮੀਟਿੰਗਾਂ ਵਿੱਚ ਹੀ ਲੱਗੇ ਹੋਏ ਹਨ। ਬੀਤੀ ਕੱਲ੍ਹ ਚਮਕੀਲਾ ਸਿੰਘ ਦੀ ਪਾਤੜਾਂ ਫੇਰੀ ਨੂੰ ਉਸ ਸਮੇਂ ਵੱਡਾ ਹੁੰਗਾਰਾ ਮਿਲਿਆ, ਜਦੋਂ ਵੱਡੀ ਗਿਣਤੀ ਵਿੱਚ ਪਾਤੜਾਂ ਵਾਸੀਆਂ ਨੇ ਲੋਕ ਜਨ ਸ਼ਕਤੀ ਪਾਰਟੀ ਦਾ ਪੱਲਾ ਫੜਿਆ।ਇਸ ਮੌਕੇ ਚਮਕੀਲਾ ਸਿੰਘ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੋਕ ਜਨ ਸ਼ਕਤੀ ਪਾਰਟੀ ਭਾਰਤ ਦੇ ਲੋਕਾਂ ਦੀ ਆਪਣੀ ਪਾਰਟੀ ਹੈ, ਜੋ ਕਿ ਗਰੀਬਾਂ, ਦਲਿਤ ਭਾਈਚਾਰੇ ਤੇ ਕਿਸਾਨਾਂ ਲਈ ਹਰ ਵੇਲੇ ਮਦਦਗਾਰ ਸਾਬਿਤ ਹੋਈ ਹੈ।ਉਨ੍ਹਾ ਕਿਹਾ ਕਿ ਪੰਜਾਬ ਵਿੱਚ ਹੁਣ ਤੱਕ ਜਿੰਨੀਆਂ ਵੀ ਪਾਰਟੀਆਂ ਦੀ ਸਰਕਾਰ ਆਈ ਹੈ, ਉਨ੍ਹਾਂ ਨੇ ਪੰਜਾਬ ਨੂੰ ਲੁੱਟਿਆ ਹੀ ਹੈ ਤੇ ਪੰਜਾਬ 'ਤੇ ਕਰਜ਼ੇ ਦਾ ਬੋਝ ਪਾਇਆ ਹੈ।ਉਨ੍ਹਾ ਆਪ ਪਾਰਟੀ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਪੰਜਾਬ 'ਚ ਝੂਠ ਬੋਲ ਕੇ ਆਪਣੀ ਸਰਕਾਰ ਬਣਾਈ ਹੈ ਤੇ ਜੋ ਭਗਵੰਤ ਮਾਨ ਨੇ ਪੰਜਾਬ ਦੇ ਲੋਕਾਂ ਨਾਲ ਵਾਅਦੇ ਕੀਤੇ ਸੀ, ਉਨ੍ਹਾਂ ਉੱਪਰ ਖ਼ਰੇ ਨਹੀਂ ਉੱਤਰੇ।ਉਨ੍ਹਾ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਦੇ ਸਹੀ ਵਿਕਾਸ ਤੇ ਚੰਗੇ ਭਵਿੱਖ ਲਈ ਲੋਕਾਂ ਦੀ ਆਪਣੀ ਲੋਕ ਜਨ ਸ਼ਕਤੀ ਪਾਰਟੀ ਨੂੰ ਅੱਗੇ ਲਿਆਉਣ ਤੇ ਪਾਰਟੀ ਦੇ ਉਮੀਦਵਾਰਾਂ ਨੂੰ ਬਹੁਮਤ ਨਾਲ ਜਿਤਾਉਣ।ਇਸ ਮੌਕੇ ਬਲਦੇਵ ਸਿੰਘ, ਜਗਪਾਲ ਸਿੰਘ, ਕੁਲਵੰਤ ਸਿੰਘ ਬਿਸ਼ਨਪੁਰਾ, ਲਛਮੀ ਦੇਵੀ, ਅਕਵਿੰਦਰ ਕੌਰ, ਅਨੁਰਾਧਾ, ਬਬਲੀ ਆਦਿ ਸਮੇਤ ਵੱਡੀ ਗਿਣਤੀ ਵਿੱਚ ਪਾਤੜਾਂ ਵਾਸੀ ਮੌਜੂਦ ਰਹੇ।

## ਸਵਾਮੀ ਰੂਪ ਚੰਦ ਜੈਨ ਸਕੂਲ ਦਾ ਨਤੀਜਾ ਸ਼ਾਨਦਾਰ



ਜਗਰਾਉਂ (ਅਮਿਤ ਖੰਨਾ)-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਵਾਮੀ ਰੂਪ ਚੰਦ ਜੈਨ ਸਕੂਲ ਦੇ ਵਿਦਿਆਰਥੀਆਂ ਦਾ 10ਵੀਂ ਕਲਾਸ ਦਾ ਨਤੀਜਾ ਸ਼ਾਨਦਾਰ ਰਿਹਾ। ਪ੍ਰਿੰਸੀਪਲ ਸ੍ਰੀਮਤੀ ਰਾਜਪਾਲ ਕੌਰ ਨੇ ਦੱਸਿਆ ਕਿ ਵਿਦਿਆਰਥਣਾਂ ਰਮਨਦੀਪ ਕੌਰ ਨੇ 96.9% ਅੰਕ ਲੈ ਕੇ ਸਕੂਲ ਵਿੱਚੋਂ ਪਹਿਲਾ, ਤਾਨੀਆ ਸ਼ਰਮਾ ਨੇ 94.3% ਅੰਕ ਲੈ ਕੇ ਸਕੂਲ ਵਿੱਚੋਂ ਦੂਜਾ, ਸਿਮਰਨ ਜੋਤ ਕੌਰ ਨੇ 93.1 ਪ੍ਰਤੀਸ਼ਤ ਅੰਕ ਲੈ ਕੇ ਤੀਜਾ, ਸਿਮਰਨ ਜੋਤ ਕੌਰ ਤੇ ਕੀਰਤੀ ਨੇ 93% ਅੰਕ ਲੈ ਕੇ ਚੌਥਾ, ਨਿਸ਼ਠਾ ਨੇ 92.4% ਅੰਕ ਲੈ ਕੇ ਪੰਜਵਾਂ, ਸ਼ਿਖਾ ਨੇ 92 ਪ੍ਰਤੀਸ਼ਤ ਅੰਕ ਲੈ ਕੇ ਛੇਵਾਂ, ਜੈਸਮੀਨ ਕੌਰ ਨੇ 91% ਅੰਕ ਲੈ ਕੇ ਸੱਤਵਾਂ ਤੇ ਗੈਵੀ ਪ੍ਰਤਾਪ ਸਿੰਘ ਨੇ 90.3 ਪ੍ਰਤੀਸ਼ਤ ਅੰਕ ਲੈ ਕੇ ਅੱਠਵਾਂ ਸਥਾਨ ਹਾਸਲ ਕੀਤਾ। ਸਕੂਲ ਪ੍ਰਿੰਸੀਪਲ ਰਾਜਪਾਲ ਕੌਰ ਨੇ ਸਾਰੇ ਸਟਾਫ ਨੂੰ ਚੰਗੇ ਨਤੀਜੇ ਆਉਣ 'ਤੇ ਵਧਾਈ ਦਿੱਤੀ ਤੇ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਤੇ ਮੂੰਹ ਮਿੱਠਾ ਕਰਵਾਉਂਦੇ ਹੋਏ ਦਿਨ ਦੁੱਗਣੀ ਰਾਤ ਚੌਗੁਣੀ ਤਰੱਕੀ ਕਰਨ ਦੀਆਂ ਸ਼ੁੱਭ ਇੱਛਾਵਾਂ ਦਿੱਤੀਆਂ।

## ਪ੍ਰੈੱਸ ਕਲੱਬ ਨੇ ਨਵ-ਨਿਯੁਕਤ ਐੱਸ ਐੱਮ ਓ ਨੂੰ ਕੀਤਾ ਸਨਮਾਨਤ



ਕੋਟਕਪੂਰਾ (ਰਛਪਾਲ ਭੁੱਲਰ)-ਪੱਤਰਕਾਰਾਂ ਦੀ ਸਮਾਜ ਸੇਵੀ ਸੰਸਥਾ ਕਰ ਹੋ ਭਲਾ ਪ੍ਰੈੱਸ ਕਲੱਬ (ਰਜਿ.) ਜ਼ਿਲ੍ਹਾ ਫਰੀਦਕੋਟ ਵੱਲੋਂ ਸਿਵਲ ਹਸਪਤਾਲ ਫਰੀਦਕੋਟ ਦੇ ਨਵ-ਨਿਯੁਕਤ ਐੱਸ ਐੱਮ ਓ ਡਾ. ਵਿਸ਼ਵਦੀਪ ਗੋਇਲ ਨੂੰ ਸਿਹਤ ਦੇ ਖੇਤਰ ਵਿੱਚ ਚੰਗੀਆਂ ਸੇਵਾਵਾਂ ਦੇਣ ਬਦਲੇ ਸਨਮਾਨਤ ਕੀਤਾ ਗਿਆ। ਇਸ ਸਮੇਂ ਪ੍ਰਧਾਨ ਚਰਨ ਦਾਸ ਗਰਗ ਨੇ ਡਾ: ਵਿਸ਼ਵਦੀਪ ਗੋਇਲ ਨੂੰ ਸਿਵਲ ਹਸਪਤਾਲ ਫ਼ਰੀਦਕੋਟ ਦੇ ਸੀਨੀਅਰ ਮੈਡੀਕਲ ਅਫ਼ਸਰ ਵਜੋਂ ਚਾਰਜ ਸੰਭਾਲਣ 'ਤੇ ਵਧਾਈ ਦਿੰਦਿਆਂ ਕਿਹਾ ਕਿ ਡਾ: ਵਿਸ਼ਵਦੀਪ ਗੋਇਲ ਨੇ ਪਹਿਲਾਂ ਇਸ ਹਸਪਤਾਲ 'ਚ ਬਤੌਰ ਆਰਥੋਪੀਡਿਕ ਸਪੈਸ਼ਲਿਸਟ ਵਜੋਂ ਸੇਵਾਵਾਂ ਨਿਭਾਅ ਕੇ ਪ੍ਰਸਿੱਧੀ ਹਾਸਲ ਕੀਤੀ ਹੈ ਤੇ ਹੁਣ ਸੀਨੀਅਰ ਮੈਡੀਕਲ ਅਫਸਰ ਵਜੋਂ ਸਿਹਤ ਦੇ ਖੇਤਰ ਵਿੱਚ ਚੰਗੇ ਕਦਮ ਚੁੱਕ ਰਹੇ ਹਨ।ਕਲੱਬ ਦੇ ਮੀਤ ਪ੍ਰਧਾਨ ਸ਼ਾਮ ਸੁੰਦਰ ਅਰੋੜਾ ਨੇ ਦੱਸਿਆ ਕਿ ਜਿੱਥੇ ਡਾਕਟਰ ਵਿਸ਼ਵਦੀਪ ਗੋਇਲ ਨੇ ਪਹਿਲਾਂ ਵੀ ਆਯੂਸ਼ਮਾਨ ਕਾਰਡ ਤਹਿਤ ਲੋੜਵੰਦ ਮਰੀਜ਼ਾਂ ਨੂੰ ਗੋਡੇ ਬਦਲਣ ਦੀ ਸਹੂਲਤ ਪ੍ਰਦਾਨ ਕਰਨ ਵਿੱਚ ਆਪਣੀਆਂ ਸ਼ਲਾਘਾਯੋਗ ਸੇਵਾਵਾਂ ਦਿੱਤੀਆਂ ਹਨ, ਉੱਥੇ ਹੀ ਹੁਣ ਡਾ: ਗੋਇਲ ਹੈਲਥ ਫਾਰ ਸੁਸਾਇਟੀ ਰਾਹੀਂ ਲੋੜਵੰਦ ਲੋਕਾਂ ਦੀ ਮਦਦ ਕਰ ਰਹੇ ਹਨ ਅਤੇ ਜ਼ਿਲ੍ਹਾ ਵਾਸੀ ਲੋੜਵੰਦ ਲੋਕਾਂ ਦੀ ਮਦਦ ਕਰਨ ਕਰਕੇ ਉਨ੍ਹਾਂ 'ਤੇ ਮਾਣ ਮਹਿਸੂਸ ਕਰਦੇ ਹਨ।

ਉਨ੍ਹਾਂ ਕਿਹਾ ਕਿ ਇਸੇ ਕਾਰਨ ਅੱਜ ਉਨ੍ਹਾਂ ਨੂੰ ਸਾਡੀ ਸੰਸਥਾ ਵੱਲੋਂ ਮਰੀਜ਼ਾਂ ਨੂੰ ਬਿਹਤਰ ਸਿਹਤ ਸੇਵਾਵਾਂ ਦੇਣ ਲਈ ਸਨਮਾਨਤ ਕੀਤਾ ਗਿਆ ਹੈ।ਇਸ ਸਮੇਂ ਕਲੱਬ ਦੇ ਚੇਅਰਮੈਨ ਡਾ: ਜਸਕਰਨ ਸਿੰਘ ਸੰਧਵਾ, ਮੀਤ ਪ੍ਰਧਾਨ ਰਾਜੂ ਕੰਡਾ, ਜਨਰਲ ਸਕੱਤਰ ਕਮਲ ਕਟਾਰੀਆ, ਪੱਤਰਕਾਰ ਮੋਹਿਤ ਮਹਿਤਾ, ਪੱਤਰਕਾਰ ਰਾਜੀਵ ਕੁਮਾਰ ਜੈਤੋ, ਜਤਿੰਦਰ ਮਿੱਤਲ ਪੱਤਰਕਾਰ ਬਾਜਾਖਾਨਾ ਤੋਂ ਇਲਾਵਾ ਹੋਰ ਕਲੱਬ ਮੈਂਬਰ ਹਾਜ਼ਰ ਸਨ।

## ਦਸਵੀਂ ਦੇ ਨਤੀਜਿਆਂ 'ਚ ਖਾਈ ਫੇਮੇ ਕੀ ਸਕੂਲ ਦੇ ਵਿਦਿਆਰਥੀਆਂ ਨੇ ਮਾਰੀਆਂ ਮੱਲਾਂ



ਮਮਦੋਟ (ਹਰਪਾਲ ਸਿੰਘ ਸੋਢੀ) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜੇ ਦੌਰਾਨ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਖਾਈ ਫੇਮੇ ਕੀ ਦੀਆਂ ਵਿਦਿਆਰਥਣਾਂ ਨੇ ਮੈਰਿਟ ਵਿੱਚ ਆ ਕੇ ਆਪਣਾ, ਆਪਣੇ ਮਾਤਾ-ਪਿਤਾ ਤੇ ਅਧਿਆਪਕਾਂ ਦਾ ਨਾਮ ਰੌਸ਼ਨ ਕੀਤਾ। ਇਹ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਸਤਿੰਦਰਜੀਤ ਕੌਰ ਨੇ ਦੱਸਿਆ ਕਿ ਦਸਵੀਂ ਦੇ ਇਮਤਿਹਾਨ ਵਿੱਚ ਕੁੱਲ 92 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ, ਜਿਨ੍ਹਾਂ ਵਿੱਚੋਂ ਦੋ ਵਿਦਿਆਰਥੀਆਂ ਨੇ ਸੂਬੇ ਦੀ ਮੈਰਿਟ ਵਿੱਚ ਆਪਣਾ ਨਾਮ ਦਰਜ ਕਰਵਾਇਆ, ਗੁਰਅਸ਼ੀਸ਼ ਕੌਰ ਪੁੱਤਰੀ ਗੁਰਮੇਲ ਸਿੰਘ ਨੇ 650 ਵਿੱਚੋਂ 628 ਅੰਕ ਪ੍ਰਾਪਤ ਕੀਤੇ ਤੇ ਅਮਨਦੀਪ ਕੌਰ ਪੁੱਤਰੀ ਜਸਵਿੰਦਰ ਸਿੰਘ ਨੇ 650 ਵਿੱਚੋਂ 627 ਅੰਕ ਪ੍ਰਾਪਤ ਕੀਤੇ।ਇਸ ਦੇ ਨਾਲ ਹੀ ਕੰਵਲਜੀਤ ਕੌਰ ਪੁੱਤਰੀ ਕਾਲਾ ਸਿੰਘ 625 ਅੰਕ ਪ੍ਰਾਪਤ ਕੀਤੇ।

ਇਸ ਤੋਂ ਇਲਾਵਾ 10 ਵਿਦਿਆਰਥੀਆਂ ਨੇ 90% ਤੋਂ ਵੱਧ, 43 ਵਿਦਿਆਰਥੀਆਂ ਨੇ 80% ਤੋਂ ਵੱਧ, 29 ਵਿਦਿਆਰਥੀਆਂ ਨੇ 70% ਤੋਂ ਵੱਧ ਅੰਕ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਪ੍ਰਿੰਸੀਪਲ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਤਾ-ਪਿਤਾ ਤੇ ਅਧਿਆਪਕਾਂ ਨੂੰ ਵਧਾਈ ਦਿੱਤੀ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਤੇ ਲਗਨ ਨਾਲ ਵਿਦਿਆਰਥੀਆਂ ਨੂੰ ਪੜ੍ਹਾਈ ਕਰਾਉਣ ਲਈ ਪ੍ਰੇਰਿਤ ਕੀਤਾ।

## ਡੀ ਟੀ ਐੱਫ ਵੱਲੋਂ ਨਾਭਾ ਬਲਾਕ ਦੇ ਭਰਵੇਂ ਅਜਲਾਸ 'ਚ ਨਵੀਂ ਕਮੇਟੀ ਦੀ ਚੋਣ

■ ਰਾਮ ਸ਼ਰਨ ਅਲੋਹਰਾਂ ਦੀ ਬਲਾਕ ਪ੍ਰਧਾਨ ਤੇ ਭਜਨ ਸਿੰਘ ਨੌਹਰਾ ਦੀ ਸਕੱਤਰ ਵਜੋਂ ਮੁੜ ਚੋਣ




ਨਾਭਾ (ਵਰਿੰਦਰ ਵਰਮਾ) ਜਨਤਕ-ਜਮਹੂਰੀ ਸਿੱਖਿਆ ਪ੍ਰਬੰਧ ਲਈ ਸੰਘਰਸ਼ਸ਼ੀਲ ਤੇ ਨਵੀਆਂ ਆਰਥਿਕ ਨੀਤੀਆਂ ਖਿਲਾਫ ਅਧਿਆਪਕ ਹਿੱਤਾਂ ਲਈ ਮੋਹਰੀ ਸਫਾਂ ਵਿੱਚ ਜੂਝਣ ਵਾਲੀ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ ਟੀ ਐੱਫ) ਦੇ ਜਥੇਬੰਦਕ ਢਾਂਚੇ ਦੀ ਚੋਣ ਪ੍ਰਕਿਰਿਆ ਤਹਿਤ ਨਾਭਾ ਬਲਾਕ ਦਾ ਚੋਣ ਅਜਲਾਸ ਕੀਤਾ ਗਿਆ।ਇਸ ਮੌਕੇ ਇਲਾਕੇ ਦੇ ਸਰਕਾਰੀ ਸਕੂਲਾਂ ਦੇ ਵੱਡੀ ਗਿਣਤੀ ਅਧਿਆਪਕ ਮੈਂਬਰਾਂ ਨੇ ਬਤੌਰ ਡੈਲੀਗੇਟ ਹਿੱਸਾ ਲਿਆ ਤੇ ਰਾਮ ਸ਼ਰਨ ਅਲੋਹਰਾਂ ਦੀ ਬਲਾਕ ਪ੍ਰਧਾਨ, ਭਜਨ ਸਿੰਘ ਨੌਹਰਾ ਦੀ ਬਲਾਕ ਸਕੱਤਰ, ਹਰਬੰਸ ਸਿੰਘ ਗੁਰਦਿੱਤਪੁਰਾ ਵਿੱਤ ਸਕੱਤਰ, ਮੀਤ ਪ੍ਰਧਾਨ ਵਜੋਂ ਮੈਡਮ ਜਤਿੰਦਰ ਕੌਰ, ਲਖਵੀਰ ਸਿੰਘ ਤੇ ਗੁਰਮੀਤ ਸਿੰਘ ਮੰਡੌਰ, ਸਾਦਿਕ ਮੁਹੰਮਦ ਦੀ ਪ੍ਰੈੱਸ ਸਕੱਤਰ ਵਜੋਂ ਸਰਵਸੰਮਤੀ ਨਾਲ ਚੋਣ ਕਰਨ ਤੋਂ ਇਲਾਵਾ ਕੁਲਦੀਪ ਗੋਬਿੰਦਪੁਰਾ, ਪਵਨ ਕੁਮਾਰ, ਹੈਡਮਿਸਟ੍ਰੈੱਸ ਜੈਕੀ ਬਾਂਸਲ, ਹੈੱਡਮਾਸਟਰ ਪਰਮਿੰਦਰ ਸਿੰਘ, ਬਾਗੀਸ਼ ਕੁਮਾਰ, ਯੁਵਰਾਜ ਸ਼ਰਮਾ, ਨਰਿੰਦਰ ਸਿੰਘ ਬਿਸ਼ਨਗੜ੍ਹ, ਕੇਵਲ ਸਿੰਘ ਪਹਾੜਪੁਰ ਦੀ ਕਮੇਟੀ ਮੈਂਬਰਾਂ ਵਜੋਂ ਚੋਣ ਕੀਤੀ ਗਈ।ਇਸ ਮੌਕੇ ਡੀ.ਟੀ.ਐੱਫ. ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਨੇ ਹਾਜ਼ਰ ਡੈਲੀਗੇਟਾਂ ਦਾ ਸਵਾਗਤ ਕਰਦਿਆਂ ਸਿੱਖਿਆ ਦੇ ਖੇਤਰ ਨੂੰ ਦਰਪੇਸ਼ ਚੁਣੌਤੀਆਂ ਖਿਲਾਫ਼ ਤੇ ਅਧਿਆਪਕ ਮਸਲਿਆਂ ਦੇ ਵਾਜਿਬ ਹੱਲ ਲਈ ਇਕਜੁੱਟਤਾ ਨਾਲ ਸੰਘਰਸ਼ ਵਿੱਢਣ ਦਾ ਸੱਦਾ ਦਿੱਤਾ।ਭਜਨ ਸਿੰਘ ਨੌਹਰਾ ਨੇ ਜਥੇਬੰਦਕ ਸਰਗਰਮੀਆਂ ਦੀ ਰਿਪੋਰਟ ਤੇ ਭਵਿੱਖ ਦੇ ਕਾਰਜਾਂ ਦਾ ਚੌਖਟਾ ਪੇਸ਼ ਕੀਤਾ ਗਿਆ।ਡੀ ਟੀ ਐੱਫ ਵੱਲੋਂ ਨਵੀਂ ਸਿੱਖਿਆ ਨੀਤੀ 2020 ਖ਼ਿਲਾਫ਼ ਮੋਹਰੀ ਭੂਮਿਕਾ ਵਿੱਚ ਅਧਿਆਪਕ ਸਫਾਂ ਨੂੰ ਲਾਮਬੰਦ ਕਰਕੇ ਲਗਾਤਾਰ ਸੰਘਰਸ਼ੀ ਪਿੜ ਮਘਾਉਣ, ਜਮਹੂਰੀ ਹੱਕਾਂ ਤੇ ਫੈਡਰਲ ਢਾਂਚੇ ਦੀ ਰਾਖੀ ਲਈ ਕੀਤੀਆਂ ਲਗਾਤਾਰ ਸਰਗਰਮੀਆਂ ਬਾਰੇ ਚਰਚਾ ਕੀਤੀ ਗਈ।ਹਾਊਸ ਵੱਲੋਂ ਇਸ ਰਿਪੋਰਟ ਨੂੰ ਸਰਵਸੰਮਤੀ ਨਾਲ ਪ੍ਰਵਾਨ ਕੀਤਾ ਗਿਆ। ਡੀ.ਟੀ.ਐੱਫ. ਆਗੂ ਮੈਡਮ ਜੈਕੀ ਬਾਂਸਲ ਨੇ ਸੰਬੋਧਨ ਕਰਦਿਆਂ ਅਧਿਆਪਕਾਂ ਨੂੰ ਨਵੀਂ ਸਿੱਖਿਆ ਨੀਤੀ 2020 ਦੇ ਨਿੱਜੀਕਰਨ, ਕੇਂਦਰੀਕਰਨ ਤੇ ਭਗਵਾਂਕਰਨ ਪੱਖੀ ਮਾਰੂ ਅਸਰਾਂ ਤੋਂ ਸੁਚੇਤ ਕਰਦਿਆਂ ਸੰਘਰਸ਼ਾਂ ਦੇ ਮੈਦਾਨ ਮੱਲਣ ਦੀ ਲੋੜ ਤੋਂ ਜਾਣੂ ਕਰਵਾਇਆ।ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਸੂਬਾਈ ਜਨਰਲ ਸਕੱਤਰ ਹਰਦੀਪ ਟੋਡਰਪੁਰ ਨੇ ਸ਼ਹੀਦ ਭਗਤ ਸਿੰਘ ਦੀ ਇਨਕਲਾਬੀ ਵਿਚਾਰ ਧਾਰਾ ਤੋਂ ਪ੍ਰੇਰਨਾ ਲੈ ਕੇ ਮੌਜੂਦਾ ਸਿੱਖਿਆ ਮਾਰੂ ਨੀਤੀਆਂ ਖਿਲਾਫ਼ ਸੰਘਰਸ਼ ਅੱਗੇ ਵਧਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਇਸਤਰੀ ਜਾਗ੍ਰਤੀ ਮੰਚ ਪੰਜਾਬ ਦੇ ਜਨਰਲ ਸਕੱਤਰ ਅਮਨ ਦਿਓਲ, ਪੰਜਾਬ ਸਟੂਡੈਂਟ ਯੂਨੀਅਨ ਦੇ ਗੁਰਧਿਆਨ ਸਿੰਘ ਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਧਰਮਵੀਰ ਸਿੰਘ ਹਰੀਗੜ੍ਹ ਨੇ ਭਰਾਤਰੀ ਸੰਦੇਸ਼ ਦਿੰਦਿਆਂ ਨਵੀਂ ਚੁਣੀ ਕਮੇਟੀ ਨੂੰ ਸ਼ੁੱਭ-ਇੱਛਾਵਾਂ ਦਿੱਤੀਆਂ।ਚੋਣ ਅਜਲਾਸ ਦੇ ਅੰਤ ਵਿੱਚ ਡੀ.ਟੀ.ਐੱਫ. ਨਾਭਾ ਦੇ ਪ੍ਰਧਾਨ ਰਾਮ ਸ਼ਰਨ ਅਲੋਹਰਾਂ ਨੇ ਹਾਜ਼ਰ ਅਧਿਆਪਕਾਂ ਤੇ ਭਰਾਤਰੀ ਜਥੇਬੰਦੀਆਂ ਦਾ ਧੰਨਵਾਦ ਕੀਤਾ ਅਤੇ 28 ਅਪ੍ਰੈਲ ਨੂੰ ਪਟਿਆਲਾ ਵਿਖੇ ਹੋਣ ਜਾ ਰਹੇ ਜ਼ਿਲ੍ਹਾ ਚੋਣ ਅਜਲਾਸ ਲਈ ਸਮੁੱਚੀ ਬਲਾਕ ਕਮੇਟੀ ਤੇ ਹੋਰ ਸਰਗਰਮ ਅਧਿਆਪਕਾਂ ਨੂੰ ਵਧ ਚੜ੍ਹ ਕੇ ਹਿੱਸਾ ਬਣਾਉਣ ਦਾ ਐਲਾਨ ਕੀਤਾ।

## ਰਾਜਿੰਦਰ ਦੀਪਾ ਨੇ ਪਾਰਟੀ ਵਰਕਰਾਂ ਨਾਲ ਕੀਤੀ ਮੀਟਿੰਗ



ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)-ਕਸਬੇ ਦੇ ਨਜ਼ਦੀਕੀ ਪਿੰਡ ਸ਼ਾਹਪੁਰ ਕਲਾਂ ਵਿਖੇ ਪਾਰਟੀ ਦੇ ਸੀਨੀਅਰ ਆਗੂ ਪਰਮਿੰਦਰ ਸਿੰਘ ਪੱਪੂ ਦੇ ਗ੍ਰਹਿ ਵਿਖੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਾਜਿੰਦਰ ਦੀਪਾ ਵੱਲੋਂ ਪਾਰਟੀ ਉਮੀਦਵਾਰ ਐਡਵੋਕੇਟ ਇਕਬਾਲ ਸਿੰਘ ਝੂੰਦਾ ਦੇ ਹੱਕ ਵਿੱਚ ਪਾਰਟੀ ਵਰਕਰਾਂ ਨਾਲ ਮੀਟਿੰਗ ਕੀਤੀ। ਇਸ ਮੌਕੇ ਰਾਜਿੰਦਰ ਦੀਪਾ ਨੇ ਕਿਹਾ ਕਿ ਆਪ ਪਾਰਟੀ ਇਕੱਲੇ ਪੰਜਾਬ ਵਿੱਚੋਂ ਹੀ ਨਹੀਂ, ਪੂਰੇ ਦੇਸ਼ ਵਿੱਚੋਂ ਖਤਮ ਹੋਣ ਕਿਨਾਰੇ ਹੈ, ਕਿਉਂਕਿ ਰਾਜਨੀਤੀ ਦੇ ਇਤਿਹਾਸ 'ਚ ਸ਼ਾਇਦ ਪਹਿਲੀ ਵਾਰ ਹੋਇਆ ਕਿ ਇਮਾਨਦਾਰੀ ਦਾ ਢੰਡੋਰਾ ਪਿੱਟਣ ਵਾਲੀ ਸਰਕਾਰ ਦਾ ਮੌਜੂਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਕੁਰੱਪਸ਼ਨ ਦੇ ਦੋਸ਼ ਵਿੱਚ ਜੇਲ੍ਹ 'ਚ ਬੰਦ ਹੈ। ਉਨ੍ਹਾ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਨੇ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦੇ ਨਾ ਪੂਰੇ ਕਰਕੇ ਕੇਵਲ ਪੰਜਾਬੀਆਂ ਨੂੰ ਹੀ ਨਹੀਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹੋਰਨਾਂ ਪਾਰਟੀਆਂ 'ਚੋਂ ਲਿਆ ਕੇ ਲੋਕ ਸਭਾ ਦੀਆਂ ਟਿਕਟਾਂ ਦੇ ਕੇ ਆਪਣੀ ਪਾਰਟੀ ਦੇ ਮਿਹਨਤੀ ਵਲੰਟੀਅਰਾਂ ਤੇ ਆਗੂਆਂ ਨਾਲ ਵੱਡਾ ਧੋਖਾ ਕੀਤਾ ਹੈ। ਇਸ ਮੌਕੇ ਦਰਸ਼ਨ ਸਿੰਘ ਬਲਾਕ ਪ੍ਰਧਾਨ, ਸੁਰਿੰਦਰ ਸਿੰਘ ਘਾਸੀਵਾਲ, ਮੱਖਣ ਸਿੰਘ ਸ਼ਾਹਪੁਰ, ਚਮਕੌਰ ਸਿੰਘ, ਜਸਵੀਰ ਸਿੰਘ ਬਲਾਕ ਸੰਮਤੀ ਮੈਂਬਰ, ਬਲਕਾਰ ਸਿੰਘ, ਜਗਤਾਰ ਸਿੰਘ, ਪ੍ਰਵੀਨ, ਸੁਖਬੀਰ ਸਿੰਘ ਟੇਲਰ ਮਾਸਟਰ, ਅਮਰਨਾਥ ਆਦਿ ਮੌਜੂਦ ਸਨ।

# ਈਰਾਨ, ਇਜ਼ਰਾਈਲ ਤੇ ਫਲਸਤੀਨ 'ਚ ਜੰਗ ਬੰਦ ਹੋਵੇ : ਡਾ. ਅਰੁਣ ਮਿੱਤਰਾ

## ਵੱਖ-ਵੱਖ ਜਥੇਬੰਦੀਆਂ ਵੱਲੋਂ ਸ਼ਾਂਤੀ ਪ੍ਰਦਰਸ਼ਨ




**ਲੁਧਿਆਣਾ (ਭਾਟੀਆ, ਕਸ਼ੂਰੀਆ)**

ਮੱਧ ਪੂਰਬ ਵਿੱਚ ਜੰਗ ਵਧਣ ਦੀ ਸੂਰਤ ਵਿੱਚ ਪੂਰੀ ਦੁਨੀਆ ਨੂੰ ਤਬਾਹਕੁਨ ਸਥਿਤੀ ਵੱਲ ਧੱਕੇ ਜਾਣ ਦਾ ਖ਼ਦਸ਼ਾ ਪ੍ਰਗਟਾਉਂਦਿਆਂ ਲੁਧਿਆਣਾ ਵਿੱਚ ਵੱਖ-ਵੱਖ ਜਥੇਬੰਦੀਆਂ, ਜਿਨ੍ਹਾਂ ਵਿੱਚ ਇੰਡੀਅਨ ਡਾਕਟਰਜ਼ ਫ਼ਾਰ ਪੀਸ ਐਂਡ ਡਿਵੈਲਪਮੈਂਟ (ਆਈ.ਡੀ.ਪੀ.ਡੀ.), ਭਾਰਤ ਜਨ ਗਿਆਨ ਵਿਗਿਆਨ ਜੱਥਾ (ਬੀ.ਜੇ.ਜੀ.ਵੀ.ਜੇ.) ਤੇ ਸੋਸ਼ਲ ਥਿੰਕਰਜ਼ ਫੋਰਮ (ਐੱਸ.ਟੀ.ਐੱਫ.) ਸ਼ਾਮਲ ਸਨ, ਨੇ ਸ਼ਾਂਤੀ ਲਈ ਪ੍ਰਦਰਸ਼ਨ ਕੀਤਾ।ਫਲਸਤੀਨ 'ਤੇ ਇਜ਼ਰਾਈਲ ਦੇ ਹਮਲੇ ਅਤੇ ਈਰਾਨ ਤੇ ਇਜ਼ਰਾਈਲ ਵਿਚਕਾਰ ਆਉਣ ਵਾਲੀ ਜੰਗ ਨੂੰ ਤੁਰੰਤ ਬੰਦ ਕਰਨ ਦੀ ਮੰਗ ਲਈ ਆਰਤੀ ਚੌਕ, ਲੁਧਿਆਣਾ ਵਿਖੇ ਇੱਕ ਰੈਲੀ ਕੀਤੀ ਗਈ।ਡਾ: ਅਰੁਣ ਮਿੱਤਰਾ ਪ੍ਰਧਾਨ ਆਈ.ਡੀ.ਪੀ.ਡੀ. ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਈਰਾਨ ਦੇ ਇਸਫਾਹਾਨ ਸਥਿਤ ਪ੍ਰਮਾਣੂ ਕੇਂਦਰ 'ਤੇ ਇਜ਼ਰਾਇਲੀ ਹਮਲੇ ਤੋਂ ਬਾਅਦ ਸਥਿਤੀ ਬਹੁਤ ਗੰਭੀਰ ਰੂਪ ਧਾਰਨ ਕਰ ਗਈ ਹੈ।ਅਸੀਂ ਪਹਿਲਾਂ ਹੀ ਗਾਜ਼ਾ ਵਿੱਚ ਲਗਭਗ 35000 ਲੋਕਾਂ ਦੀ ਨਸਲਕੁਸ਼ੀ ਵੇਖ ਚੁੱਕੇ ਹਾਂ, ਜਿਨ੍ਹਾਂ ਵਿੱਚ ਜ਼ਿਆਦਾਤਰ ਔਰਤਾਂ ਤੇ ਬੱਚੇ ਸਨ। ਇਜ਼ਰਾਈਲ ਦੇ ਵਿਰਾਸਤ ਮੰਤਰੀ ਅਮੀਚਾਈ ਇਲੀਆਹੂ ਦਾ ਇਹ ਬਿਆਨ ਕਿ ਪਰਮਾਣੂ ਹਥਿਆਰ ਇੱਕ ਵਿਕਲਪ ਹੈ, ਬਹੁਤ ਖਤਰਨਾਕ ਤੇ ਗੈਰ-ਜ਼ਿੰਮੇਵਾਰਾਨਾ ਹੈ।ਇੱਕ ਹੋਰ ਇਜ਼ਰਾਈਲੀ ਮੰਤਰੀ ਇਟਾਮਾਰ ਬੇਨ ਗਵੀਰ ਨੇ ਜੇਲ੍ਹਾਂ ਵਿੱਚ ਭੀੜ-ਭੜੱਕੇ ਨੂੰ ਘੱਟ ਕਰਨ ਲਈ ਫਲਸਤੀਨੀ ਕੈਦੀਆਂ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਹੈ।ਇਹ ਮੰਦਭਾਗਾ ਹੈ ਕਿ ਇਜ਼ਰਾਈਲੀ ਸਰਕਾਰ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਤੇ ਵੱਡੇ ਪੱਧਰ 'ਤੇ ਵਿਸ਼ਵ ਭਾਈਚਾਰੇ ਦੀ ਅਪੀਲ ਨੂੰ ਨਜ਼ਰ ਅੰਦਾਜ਼ ਕਰ ਰਹੀ ਹੈ।ਅਮਰੀਕੀ ਸਰਕਾਰ ਇਜ਼ਰਾਈਲ ਨੂੰ ਹਥਿਆਰਾਂ ਦੀ ਸਪਲਾਈ ਜਾਰੀ ਰੱਖ ਕੇ ਦੋਹਰੇ ਮਾਪਦੰਡ ਅਪਣਾ ਰਹੀ ਹੈ।ਡਾਕਟਰ ਮਿੱਤਰਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰਮਾਣੂ ਹਥਿਆਰਾਂ ਦੀ ਵਕਾਲਤ ਕਰਨ ਵਾਲੇ ਬਿਆਨ ਦੀ ਨਿਖੇਧੀ ਕੀਤੀ। ਉਨ੍ਹਾ ਕਿਹਾ ਕਿ ਯੂਕਰੇਨ ਵਿੱਚ ਪਹਿਲਾਂ ਹੀ ਬਹੁਤ ਜ਼ਿਆਦਾ ਤਣਾਅ ਹੈ।ਰੈਲੀ ਵਿੱਚ ਵੱਖ-ਵੱਖ ਬੁਲਾਰਿਆਂ ਨੇ ਮੱਧ ਪੂਰਬ ਦੇ ਖੇਤਰ ਵਿੱਚ ਤੁਰੰਤ ਸ਼ਾਂਤੀ ਦੀ ਮੰਗ ਕੀਤੀ, ਕਿਉਂਕਿ ਇਸ ਦੇ ਗੰਭੀਰ ਪ੍ਰਭਾਵ ਦੁਨੀਆ ਭਰ ਵਿੱਚ ਅਤੇ ਖਾਸ ਕਰਕੇ ਦੱਖਣੀ ਏਸ਼ੀਆ ਵਿੱਚ ਪੈਣਗੇ।

ਰੈਲੀ ਨੂੰ ਪ੍ਰੋਫੈਸਰ ਜਗਮੋਹਨ ਸਿੰਘ, ਡਾਕਟਰ ਅੰਕੁਸ਼ ਕੁਮਾਰ, ਸ਼ੁਭਦੀਪ ਕੌਰ, ਡਾ: ਕੁਸਮ ਲਤਾ, ਰਣਜੀਤ ਸਿੰਘ, ਸੁਰਿੰਦਰ ਸਿੰਘ ਕੈਲੇ ਨੇ ਵੀ ਸੰਬੋਧਨ ਕੀਤਾ। ਇਨ੍ਹਾਂ ਤੋਂ ਇਲਾਵਾ ਕਾਮਰੇਡ ਚਰਨ ਸਿੰਘ ਸਰਾਭਾ, ਵਿਜੇ ਕੁਮਾਰ, ਰਮੇਸ਼ ਰਤਨ, ਡਾਕਟਰ ਗੁਲਜਾਰ ਭੰਦੇਰ, ਡਾਕਟਰ ਹਰਪ੍ਰੀਤ ਕੰਗ, ਡਾਕਟਰ ਤੇਜਿੰਦਰ ਸਿੰਘ ਤੂਰ, ਚਮਕੌਰ ਸਿੰਘ, ਸਵਰੂਪ ਸਿੰਘ, ਅਨੋਦ ਕੁਮਾਰ, ਡਾਕਟਰ ਕੇ ਨਗੇਸ਼, ਕੇਵਲ ਸਿੰਘ ਬਨਵੈਤ, ਮਲਕੀਤ ਸਿੰਘ ਮਾਲੜਾ, ਦਾਨ ਸਿੰਘ, ਡਾਕਟਰ ਗੁਰਪ੍ਰੀਤ ਰਤਨ, ਕੁਲਦੀਪ ਸਿੰਘ ਬਿੰਦਰ, ਅਸ਼ੋਕ ਕੁਮਾਰ, ਸੰਜੀਤ ਰਾਮ ਪ੍ਰਮੁੱਖ ਤੌਰ 'ਤੇ ਸ਼ਾਮਲ ਹੋਏ।

# ਮੰਡੀਆਂ 'ਚ ਨਹੀਂ ਲੱਗ ਰਹੀ ਬੋਲੀ, ਕਿਸਾਨ ਪ੍ਰੇਸ਼ਾਨ



**ਮੂਨਕ (ਰਾਜਪਾਲ ਸਿੰਗਲਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਬਲਾਕ ਲਹਿਰਾਗਾਗਾ ਦੀਆਂ ਵੱਖ ਵੱਖ ਮੰਡੀਆਂ ਵਿੱਚ ਮਾਰਕੀਟ ਕਮੇਟੀ ਦੇ ਇੰਸਪੈਕਟਰਾਂ ਦਾ ਘਿਰਾਓ ਕੀਤਾ ਗਿਆ।ਪ੍ਰੈੱਸ ਨੋਟ ਜਾਰੀ ਕਰਦਿਆਂ ਬਲਾਕ ਪ੍ਰਧਾਨ ਧਰਮਿੰਦਰ ਸਿੰਘ, ਸੂਬਾ ਸਿੰਘ ਸੰਗਤਪੁਰਾ ਤੇ ਪ੍ਰੈੱਸ ਸਕੱਤਰ ਹਰਜਿੰਦਰ ਸਿੰਘ ਨੰਗਲਾ ਨੇ ਦੱਸਿਆ ਕਿ ਕਣਕ ਦੀ ਕਟਾਈ ਦਾ ਸੀਜ਼ਨ ਸਿਖਰਾਂ 'ਤੇ ਹੈ, ਪ੍ਰੰਤੂ ਮੰਡੀਆਂ ਵਿੱਚ ਸਰਕਾਰੀ ਬੋਲੀ ਨਾ ਮਾਤਰ ਲੱਗ ਰਹੀ।ਬੀਤੀ ਰਾਤ ਸੰਗਤਪੁਰਾ, ਘੜੇਨਾਵ ਤੇ ਅੱਜ ਰਾਮਗੜ੍ਹ ਸੰਧੂਆਂ ਵਿਖੇ ਕਿਸਾਨਾਂ ਵੱਲੋਂ ਪਿੰਡ ਇਕਾਈਆਂ ਦੇ ਪ੍ਰਧਾਨਾਂ ਦੀ ਅਗਵਾਈ ਹੇਠ ਇੰਸਪੈਕਟਰਾਂ ਦਾ ਘਿਰਾਓ ਜਾਰੀ ਹੈ।ਕਿਸਾਨਾਂ ਦਾ ਕਹਿਣਾ ਹੈ ਕਿ ਆੜ੍ਹਤੀਆਂ ਵੱਲੋਂ ਵੱਖ ਵੱਖ ਕੰਪਨੀਆਂ ਜਿਵੇਂ ਮਾਰਕਫੈੱਡ, ਐੱਫ ਸੀ ਆਈ, ਪਨਗਰੇਨ ਤੇ ਵੇਅਰਹਾਊਸ ਇੰਸਪੈਕਟਰਾਂ ਨਾਲ ਮਿਲੀਭੁਗਤ ਕਰਕੇ ਸਾਨੂੰ ਮੰਡੀਆਂ ਵਿੱਚ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ, ਤਾਂ ਕਿ ਕਿਸਾਨ ਆਪਣੀ ਫਸਲ ਪ੍ਰਾਈਵੇਟ ਅਦਾਰਿਆਂ ਨੂੰ ਵੇਚ ਸਕੇ। ਇਹੀ ਹਾਲ ਨੰਗਲਾ, ਸੇਖੂਵਾਸ, ਸੰਗਤੀਵਾਲਾ, ਖੋਖਰ ਕਲਾਂ, ਲਹਿਲ ਕਲਾਂ ਆਦਿ ਪਿੰਡਾਂ ਦਾ ਹੈ।ਕਿਸਾਨਾਂ ਨੇ ਸਰਕਾਰ 'ਤੇ ਇਲਜ਼ਾਮ ਲਾਉਂਦਿਆਂ ਕਿਹਾ ਕਿ ਪਹਿਲਾਂ ਕਦੇ ਵੀ ਕਣਕ ਦਾ ਮਾਰਚਰ ਨਹੀਂ ਚੈੱਕ ਕੀਤਾ ਜਾਂਦਾ ਸੀ, ਪਰ ਮੌਕੇ ਦੀ ਸਰਕਾਰ ਸਰਕਾਰੀ ਮੰਡੀਆਂ ਦਾ ਭੋਗ ਪਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਉਪਰੋਂ ਮੌਸਮ ਦੀ ਖਰਾਬੀ ਨੇ ਕਿਸਾਨਾਂ ਦੀ ਜਾਨ ਸੁੱਕਣੇ ਪਾਈ ਹੋਈ ਹੈ।ਮੰਡੀਆਂ ਵਿੱਚ ਕਣਕ ਦੇ ਅੰਬਾਰ ਲੱਗੇ ਹੋਣ ਕਰਕੇ 50 ਪ੍ਰਸੈਂਟ ਕਣਕ ਖੇਤਾਂ ਵਿੱਚ ਖੁੱਲ੍ਹੇ ਅਸਮਾਨ ਹੇਠ ਖੜੀ ਹੈ।ਮੰਡੀਆਂ ਵਿੱਚ ਮਾਰਕੀਟ ਕਮੇਟੀ ਦੀ ਨਲਾਇਕੀ ਉਦੋਂ ਵੇਖਣ ਨੂੰ ਮਿਲੀ, ਜਦੋਂ ਮੀਂਹ ਪੈਣ ਲੱਗ ਪਿਆ ਤੇ ਮੰਡੀ ਵਿੱਚ ਕਣਕ ਦੀਆਂ ਢੇਰੀਆਂ ਢੱਕਣ ਲਈ ਕੋਈ ਤਰਪਾਲ ਨਾ ਮਿਲੀ ਅਤੇ ਨਾ ਹੀ ਮੰਡੀ ਵਿੱਚ ਬੈਠੇ ਕਿਸਾਨਾਂ, ਕੰਮ ਕਰ ਰਹੇ ਮਜ਼ਦੂਰਾਂ ਲਈ ਅਰਾਮ ਘਰ ਦਾ ਪ੍ਰਬੰਧ।ਸਰਕਾਰ ਹਰ ਪਾਸੇ ਤੋਂ ਫੇਲ੍ਹ ਹੋਈ ਦਿਖਾਈ ਦੇ ਰਹੀ ਹੈ।ਕਿਸਾਨਾਂ ਨੇ ਸਰਕਾਰ ਤੋਂ ਮੰਗ ਕੀਤੀ ਕਿ ਕਣਕ ਦਾ ਬਿਨਾਂ ਮਾਰਚਰ ਚੈੱਕ ਕੀਤੇ ਸਰਕਾਰੀ ਖਰੀਦ ਕੀਤੀ ਜਾਵੇ।ਮੰਡੀਆਂ ਵਿੱਚ ਪਾਣੀ, ਤਰਪਾਲਾਂ, ਆਰਾਮ ਘਰਾਂ ਤੇ ਬਾਥਰੂਮਾਂ ਪ੍ਰਬੰਧ ਕੀਤਾ ਜਾਵੇ।ਇਸ ਮੌਕੇ ਬਲਾਕ ਆਗੂਆਂ ਤੋਂ ਇਲਾਵਾ ਪਿੰਡ ਇਕਾਈਆਂ ਦੇ ਅਹੁਦੇਦਾਰਾਂ ਸਮੇਤ ਸੈਂਕੜੇ ਕਿਸਾਨ ਹਾਜ਼ਰ ਸਨ।

## ਤਾਰਾ ਦੇਵੀ ਜਿੰਦਲ ਸਕੂਲ ਦਾ ਨਤੀਜਾ ਸੌ ਫੀਸਦੀ



**ਜਗਰਾਉਂ (ਅਮਿਤ ਖੰਨਾ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਜਮਾਤ ਦੇ ਨਤੀਜੇ ਐਲਾਨੇ ਗਏ। ਸ੍ਰੀਮਤੀ ਤਾਰਾ ਦੇਵੀ ਜਿੰਦਲ ਆਰਿਆ ਵਿੱਦਿਆ ਮੰਦਰ ਸਕੂਲ ਦਾ ਨਤੀਜਾ ਸਤ-ਪ੍ਰਤੀਸ਼ਤ ਰਿਹਾ। ਸਾਰੇ ਬੱਚੇ ਬਹੁਤ ਚੰਗੇ ਨੰਬਰਾਂ ਨਾਲ ਪਾਸ ਹੋਏ, ਜਿਸ ਵਿੱਚ ਅਰਸ਼ਪ੍ਰੀਤ ਕੌਰ ਨੇ 92.46% ਅੰਕ ਲੈ ਕੇ ਸਕੂਲ ਵਿੱਚ ਪਹਿਲਾ ਸਥਾਨ ਬਲਜੋਤ ਕੌਰ ਬਿੰਦਰਾ ਤੇ ਨੇਹਾ ਦੋਹਾਂ ਨੇ 90.76% ਅੰਕ ਲੈ ਕੇ ਸਕੂਲ ਵਿੱਚ ਦੂਜਾ ਸਥਾਨ, ਨਵਦੀਪ ਕੌਰ ਨੇ 90.15% ਅੰਕ ਲੈ ਕੇ ਸਕੂਲ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਂ ਰੋਸ਼ਨ ਕੀਤਾ। ਗੁਰਵਿੰਦਰ ਸਿੰਘ 88.30%, ਕਾਜਲ 88.23%, 86.46%, 84.92%, ਅਦਿੱਤਿਆ 84.30% ਅਰਸ਼ਦੀਪ ਕੌਰ 80.30% ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੈਡਮ ਸ੍ਰੀਮਤੀ ਨਿਧੀ ਗੁਪਤਾ ਵੱਲੋਂ ਬੱਚਿਆਂ ਨੂੰ ਇਨਾਮ ਦੇ ਕੇ ਸਨਮਾਨਤ ਕੀਤਾ ਗਿਆ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ।

## ਦਸਮੇਸ਼ ਮਿਸ਼ਨ ਸਕੂਲ ਦੀ ਕਮਲਦੀਪ ਕੌਰ ਨੇ ਮੈਰਿਟ 'ਚ 18ਵਾਂ ਸਥਾਨ ਮੱਲਿਆ



**ਕੋਟਕਪੂਰਾ (ਰਛਪਾਲ ਭੁੱਲਰ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ ਦਸਮੇਸ਼ ਮਿਸ਼ਨ ਸੀਨੀਅਰ ਸੈਕੰਡਰੀ ਸਕੂਲ ਹਰੀ ਨੌ ਦੀ ਕਮਲਦੀਪ ਕੌਰ ਪੁੱਤਰੀ ਗੁਰਤੇਜ ਸਿੰਘ ਨੇ 96.6% ਅੰਕ ਪ੍ਰਾਪਤ ਕਰਕੇ ਪੰਜਾਬ ਦੀ ਮੈਰਿਟ ਵਿੱਚ 18ਵਾਂ ਸਥਾਨ ਤੇ ਸਕੂਲ ਮੈਰਿਟ ਵਿੱਚ ਪਹਿਲਾ ਸਥਾਨ ਹਾਸਲ ਕੀਤਾ।ਸਕੂਲ ਮੈਰਿਟ ਵਿੱਚ ਸ਼ਿਵਾਨੀ ਕਟਾਰੀਆ ਪੁੱਤਰੀ ਸੁਖਵਿੰਦਰ ਸਿੰਘ ਕਟਾਰੀਆ ਨੇ 95.3% ਅੰਕ ਪ੍ਰਾਪਤ ਕਰਕੇ ਦੂਜਾ ਤੇ ਸਨਦੀਪ ਕੌਰ ਪੁੱਤਰੀ ਜਗਤਾਰ ਸਿੰਘ ਨੇ 95.2% ਅੰਕ ਹਾਸਲ ਕਰਕੇ ਤੀਜਾ ਸਥਾਨ ਹਾਸਲ ਕੀਤਾ।ਸਕੂਲ ਪ੍ਰਿੰਸੀਪਲ ਸ੍ਰੀਮਤੀ ਸਤਵਿੰਦਰ ਕੌਰ, ਵਾਇਸ ਪ੍ਰਿੰਸੀਪਲ ਸ੍ਰੀਮਤੀ ਸੋਮਾ ਦੇਵੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਸਕੂਲ ਵਿੱਚ 61 ਵਿਦਿਆਰਥੀਆਂ ਵਿੱਚੋਂ 14 ਵਿਦਿਆਰਥੀਆਂ ਨੇ 90% ਤੋਂ ਉੱਪਰ, 23 ਵਿਦਿਆਰਥੀਆਂ ਨੇ 80% ਤੋਂ ਉੱਪਰ ਤੇ ਬਾਕੀ ਸਾਰੇ ਵਿਦਿਆਰਥੀਆਂ ਨੇ ਬਹੁਤ ਵਧੀਆ ਅੰਕ ਪ੍ਰਾਪਤ ਕਰਕੇ ਆਪਣਾ, ਆਪਣੇ ਮਾਪਿਆਂ, ਸਕੂਲ ਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ ਹੈ।ਇਸ ਖ਼ੁਸ਼ੀ ਮੌਕੇ ਡਾਇਰੈਕਟਰ ਪ੍ਰਿੰਸੀਪਲ ਸੁਰਿੰਦਰ ਕੌਰ, ਮੈਨੇਜਿੰਗ ਡਾਇਰੈਕਟਰ ਬਲਜੀਤ ਸਿੰਘ ਨੇ ਮੈਰਿਟ ਵਿੱਚ ਆਉਣ ਵਾਲੀ ਵਿਦਿਆਰਥਣ ਕਮਲਦੀਪ ਕੌਰ ਨੂੰ 11000 ਰੁਪਏ ਨਕਦ ਰਾਸ਼ੀ ਤੇ ਟਰਾਫੀ ਦੇ ਕੇ ਸਨਮਾਨਤ ਕੀਤਾ।ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਸ੍ਰੀ ਬ੍ਰਿਜ ਮੋਹਨ ਸਿੰਘ, ਉੱਪ ਜ਼ਿਲ੍ਹਾ ਅਫ਼ਸਰ ਪਰਦੀਪ ਦਿਉੜਾ ਤੇ ਜ਼ਿਲ੍ਹਾ ਮੀਡੀਆ ਕੋ-ਆਰਡੀਨੇਟਰ ਜਸਬੀਰ ਜੱਸੀ ਨੇ ਮਾਪਿਆਂ, ਵਿਦਿਆਰਥੀਆਂ ਤੇ ਸਕੂਲ ਸਟਾਫ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।

# ਕਿਸਾਨ ਆਗੂ 'ਤੇ ਹਮਲਾ ਕਰਨ ਵਾਲਿਆਂ ਨੂੰ ਫੌਰੀ ਗ੍ਰਿਫਤਾਰ ਕੀਤਾ ਜਾਵੇ : ਲਿਬਰੇਸ਼ਨ



**ਰਾਏਕੋਟ/ਲੁਧਿਆਣਾ (ਐੱਮ. ਐੱਸ. ਭਾਟੀਆ)**-ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਨੇ ਜਗਰਾਉਂ ਪੁਲਸ ਤੋਂ ਮੰਗ ਕੀਤੀ ਹੈ ਕਿ ਪਾਰਟੀ ਤੇ ਪੰਜਾਬ ਕਿਸਾਨ ਯੂਨੀਅਨ ਦੇ ਜਾਣੇ ਪਛਾਣੇ ਆਗੂ ਤੇ ਲੁਧਿਆਣਾ ਜ਼ਿਲ੍ਹੇ ਦੇ ਪ੍ਰਧਾਨ ਕਾਮਰੇਡ ਬੂਟਾ ਸਿੰਘ ਚੱਕਰ 'ਤੇ ਹਮਲਾ ਕਰਨ ਵਾਲੇ ਸਮਾਜ ਵਿਰੋਧੀ ਅਨਸਰਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ।ਲਿਬਰੇਸ਼ਨ ਦੇ ਸੂਬਾਈ ਬੁਲਾਰੇ ਕਾਮਰੇਡ ਸੁਖਦਰਸ਼ਨ ਸਿੰਘ ਨੱਤ, ਪੰਜਾਬ ਕਿਸਾਨ ਯੂਨੀਅਨ ਦੇ ਜਨਰਲ ਸਕੱਤਰ ਗੁਰਨਾਮ ਸਿੰਘ ਭੀਖੀ ਸੂਬਾਈ ਆਗੂ ਡਾਕਟਰ ਗੁਰਚਰਨ ਸਿੰਘ ਵੜਿੰਗ ਰਾਏਕੋਟ ਤੇ ਸ਼ਮਸ਼ੇਰ ਸਿੰਘ ਅਸੀਂ ਕਲਾਂ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਪਿੰਡ ਚਕਰ ਦਾ ਸਰਪੰਚ ਤੇ ਬਲਾਕ ਸੰਮਤੀ ਮੈਂਬਰ ਰਹਿ ਚੁੱਕਾ ਕਾਮਰੇਡ ਬੂਟਾ ਸਿੰਘ ਪਿੰਡ ਦੇ ਸਾਂਝੇ ਮਾਮਲਿਆਂ ਤੋਂ ਲੈ ਕੇ ਕਿਸਾਨਾਂ ਮਜ਼ਦੂਰਾਂ ਦੇ ਸਾਰੇ ਹੱਕੀ ਸੰਘਰਸ਼ਾਂ ਵਿੱਚ ਹਮੇਸ਼ਾ ਆਗੂ ਭੂਮਿਕਾ ਨਿਭਾਉਣ ਵਾਲਾ ਇਕ ਸਰਗਰਮ ਤੇ ਨਿਰਸੁਆਰਥ ਇਨਸਾਨ ਹੈ।ਉਸ ਦੀਆਂ ਸੱਚੀਆਂ ਤੇ ਖਰੀਆਂ ਗੱਲਾਂ ਤੇ ਸਰਗਰਮੀਆਂ ਤੋਂ ਖੁੰਦਕ ਖਾ ਕੇ ਪਿੰਡ ਵਿੱਚ ਗਲਤ ਤੇ ਮਾੜੇ ਕੰਮ ਕਰਦੇ ਕੁਝ ਅਨਸਰਾਂ ਨੇ 18 ਅਪ੍ਰੈਲ ਰਾਤ ਵੇਲੇ ਉਨ੍ਹਾਂ ਉਤੇ ਮਾਰੂ ਹਮਲਾ ਕੀਤਾ ਗਿਆ, ਜਿਸ ਵਿੱਚ ਬੂਟਾ ਸਿੰਘ ਨੂੰ ਕਾਫੀ ਸੱਟਾਂ ਲੱਗੀਆਂ ਹਨ।ਬੇਸ਼ੱਕ ਪੁਲਸ ਨੇ ਕੇਸ ਦਰਜ ਕਰ ਲਿਆ ਹੈ, ਪਰ ਹਾਲੇ ਤੱਕ ਦੋਸ਼ੀਆਂ ਨੂੰ ਗ੍ਰਿਫਤਾਰ ਨਹੀਂ ਕੀਤਾ ਗਿਆ।ਇਸ ਹਮਲੇ ਦੀ ਸਖਤ ਨਿੰਦਾ ਕਰਦੇ ਹੋਏ ਅਸੀਂ ਪੁਲਸ ਜ਼ਿਲਾ ਜਗਰਾਓਂ ਦੇ ਅਫਸਰਾਂ ਤੋਂ ਮੰਗ ਕਰਦੇ ਹਾਂ ਕਿ ਹਮਲਾਵਰਾਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇ ਤੇ ਬੂਟਾ ਸਿੰਘ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾਵੇ।ਵਰਨਾ ਪਾਰਟੀ ਤੇ ਕਿਸਾਨ ਜਥੇਬੰਦੀਆਂ ਨੂੰ ਇਸ ਮੁੱਦੇ 'ਤੇ ਤਿੱਖਾ ਸੰਘਰਸ਼ ਛੇੜਨ ਲਈ ਮਜਬੂਰ ਹੋਣਾ ਪਵੇਗਾ।

# ਰਵਾਇਤੀ ਹਾਕਮਾਂ ਨੇ ਹਮੇਸ਼ਾ ਨਿੱਜੀ ਸਵਾਰਥਾਂ ਨੂੰ ਤਰਜੀਹ ਦਿੱਤੀ : ਕਰਮਜੀਤ ਅਨਮੋਲ

## ਆਪ ਉਮੀਦਵਾਰ ਕਰਮਜੀਤ ਅਨਮੋਲ ਦੇ ਹੱਕ 'ਚ ਮੋਟਰਸਾਈਕਲ ਰੈਲੀ



**ਮੋਗਾ (ਇਕਬਾਲ ਸਿੰਘ ਖਹਿਰਾ)**-ਲੋਕ ਸਭਾ ਹਲਕਾ ਫ਼ਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਅਨਮੋਲ ਦੇ ਹੱਕ ਵਿੱਚ ਮੋਗਾ ਦੇ ਪਿੰਡ ਲੰਢੇਕੇ ਤੋਂ ਮੋਟਰਸਾਈਕਲ ਰੈਲੀ ਕੱਢੀ ਗਈ, ਜੋ ਮੋਗਾ ਦੇ ਮੁੱਖ ਬਜ਼ਾਰਾਂ ਵਿੱਚ ਪੁੱਜੀ, ਜਿੱਥੇ ਲੋਕਾਂ ਵੱਲੋਂ ਕਰਮਜੀਤ ਅਨਮੋਲ 'ਤੇ ਫੁੱਲਾਂ ਦੀ ਵਰਖਾ ਕੀਤੀ ਗਈ। ਇਸ ਮੌਕੇ ਉਨ੍ਹਾਂ ਨਾਲ ਫਿਲਮ ਅਦਾਕਾਰ ਬੀਨੂੰ ਢਿੱਲੋਂ, ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ, ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ, ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਵਿਧਾਇਕ ਅੰਮ੍ਰਿਤਪਾਲ ਸਿੰਘ ਸੁੱਖਾਨੰਦ, ਜ਼ਿਲ੍ਹਾ ਪ੍ਰਧਾਨ ਹਰਮਨਜੀਤ ਸਿੰਘ ਬਰਾੜ, ਮਾਰਕੀਟ ਕਮੇਟੀ ਦੇ ਚੇਅਰਮੈਨ ਹਰਜਿੰਦਰ ਸਿੰਘ ਰੋਡੇ, ਨਗਰ ਨਿਗਮ ਮੇਅਰ ਬਲਜੀਤ ਸਿੰਘ ਚਾਨੀ, ਪ੍ਰੇਮ ਚੰਦ ਚੱਕੀਵਾਲਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਮ ਆਦਮੀ ਪਾਰਟੀ ਦੇ ਆਗੂ ਤੇ ਵਰਕਰ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਮੀਦਵਾਰ ਕਰਮਜੀਤ ਅਨਮੋਲ ਨੇ ਕਿਹਾ ਕਿ ਜੇਕਰ ਲੋਕ ਸਭਾ ਹਲਕਾ ਫਰੀਦਕੋਟ ਦੇ ਲੋਕਾਂ ਨੇ ਮੌਕਾ ਦਿੱਤਾ ਤਾਂ ਉਹ ਕੇਂਦਰ ਕੋਲੋਂ ਕੋਟਕਪੂਰਾ-ਮੋਗਾ ਤੇ ਰਾਜਪੁਰਾ-ਮੁਹਾਲੀ ਰੇਲ ਲਿੰਕ ਦੇ ਲਟਕੇ ਪ੍ਰੋਜੈਕਟਾਂ ਨੂੰ ਪੂਰਾ ਕਰਵਾਉਣਗੇ ਤਾਂ ਕਿ ਇਸ ਇਲਾਕੇ ਸਮੇਤ ਪੂਰਾ ਮਾਲਵਾ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨਾਲ ਸਿੱਧਾ ਜੁੜ ਸਕੇ। ਅਨਮੋਲ ਨੇ ਵਿਦੇਸ਼ਾਂ 'ਚ ਵੱਸਦੇ ਐੱਨ.ਆਰ.ਆਈ. ਪੰਜਾਬੀਆਂ ਦੀ ਸਹੂਲਤਾਂ ਲਈ ਦਿੱਲੀ ਦੀ ਥਾਂ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਚੰਡੀਗੜ੍ਹ ਏਅਰਪੋਰਟ ਤੋਂ ਸਿੱਧੀਆਂ ਇੰਟਰਨੈਸ਼ਨਲ ਉਡਾਣਾਂ ਸ਼ੁਰੂ ਕਰਾਉਣ ਦਾ ਵੀ ਵਾਅਦਾ ਕੀਤਾ। ਕਰਮਜੀਤ ਅਨਮੋਲ ਨੇ ਕਿਹਾ ਕਿ ਰਿਵਾਇਤੀ-ਸੱਤਾਧਾਰੀ ਪਾਰਟੀਆਂ ਦੇ ਹਾਕਮਾਂ ਨੇ ਹਮੇਸ਼ਾ ਪਰਿਵਾਰਵਾਦ ਤੇ ਨਿੱਜੀ ਹਿੱਤਾਂ ਨੂੰ ਤਰਜੀਹ ਦਿੱਤੀ ਹੈ। ਜੇਕਰ ਉਨ੍ਹਾਂ ਦੀ ਨੀਅਤ ਸਹੀ ਹੁੰਦੀ ਤਾਂ ਮੋਗਾ-ਕੋਟਕਪੂਰਾ ਤੇ ਰਾਜਪੁਰਾ-ਮੋਹਾਲੀ ਰੇਲ ਲਿੰਕ ਪ੍ਰੋਜੈਕਟ ਕਦੋਂ ਦਾ ਪੂਰਾ ਹੋ ਜਾਣਾ ਸੀ। ਉਨ੍ਹਾਂ ਕਿਹਾ ਕਿ ਜਦੋਂ ਭਗਵੰਤ ਮਾਨ ਪਾਰਲੀਮੈਂਟ ਵਿੱਚ ਸਨ ਤਾਂ ਉਨ੍ਹਾਂ ਨੇ ਇਹ ਮੁੱਦਾ ਕਈ ਵਾਰ ਉਠਾਇਆ, ਪ੍ਰੰਤੂ ਉਨ੍ਹਾਂ ਤੋਂ ਬਾਅਦ ਕਿਸੇ ਨੇ ਵੀ ਇਸ ਮੁੱਦੇ ਦੀ ਪੈਰਵੀ ਨਹੀਂ ਕੀਤੀ। ਅਨਮੋਲ ਨੇ ਕਿਹਾ ਕਿ ਜੇਕਰ ਮੋਗਾ-ਕੋਟਕਪੂਰਾ ਤੇ ਰਾਜਪੁਰਾ-ਮੋਹਾਲੀ ਰੇਲ ਲਿੰਕ ਰਾਹੀਂ ਸਸਤੀ ਸਹੂਲਤ ਲੋਕਾਂ ਨੂੰ ਮਿਲ ਜਾਂਦੀ ਤਾਂ ਪੁਰਾਣੇ ਹਾਕਮਾਂ ਦੀਆਂ ਬੱਸਾਂ ਫੇਲ੍ਹ ਹੋ ਜਾਂਦੀਆਂ।

ਉਨ੍ਹਾਂ ਕਿਹਾ ਕਿ ਅੱਜ ਪੰਜਾਬ ਦੀ ਵੱਡੀ ਅਬਾਦੀ ਵਿਦੇਸ਼ਾਂ ਵਿੱਚ ਰਹਿ ਰਹੀ ਹੈ ਤੇ ਲਗਾਤਾਰ ਆਉਂਦੀ ਜਾਂਦੀ ਰਹਿੰਦੀ ਹੈ, ਪਰ ਸਭ ਨੂੰ ਦਿੱਲੀ ਤੋਂ ਇੰਟਰਨੈਸ਼ਨਲ ਉਡਾਨਾਂ ਲੈਣੀਆਂ ਪੈਂਦੀਆਂ ਹਨ। ਜਿਸ ਨਾਲ ਸਮੇਂ ਤੇ ਪੈਸੇ ਦੀ ਬਰਬਾਦੀ ਹੁੰਦੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਉਹ ਸ੍ਰੀ ਅੰਮ੍ਰਿਤਸਰ ਤੇ ਚੰਡੀਗੜ੍ਹ ਤੋਂ ਅਮਰੀਕਾ, ਕੈਨੇਡਾ, ਇੰਗਲੈਂਡ ਤੇ ਆਸਟ੍ਰੇਲੀਆ ਸਮੇਤ ਹੋਰ ਮੁਲਕਾਂ ਲਈ ਸਿੱਧੀਆਂ ਉਡਾਣਾਂ ਸ਼ੁਰੂ ਕਰਵਾਉਣ ਲਈ ਹਰ ਸੰਭਵ ਯਤਨ ਕਰਨਗੇ।


ਕਰਮਜੀਤ ਅਨਮੋਲ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਸਰਕਾਰ ਦੀਆਂ ਪ੍ਰਾਪਤੀਆਂ ਦੀ ਗੱਲ ਕਰੀਏ ਤਾਂ ਪਿਛਲੇ 2 ਸਾਲਾਂ ਵਿੱਚ ਪੰਜਾਬ ਦੀ ਭਲਾਈ ਲਈ ਕੀਤੇ ਕੰਮਾਂ ਤੋਂ ਪੰਜਾਬ ਦੀ ਦੇ ਲੋਕ ਭਲੀਭਾਂਤ ਜਾਣੂ ਹਨ। ਕਰਮਜੀਤ ਅਨਮੋਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਹੁਣ ਪੂਰੇ ਹਿੰਦੁਸਤਾਨ ਦੀ ਲੜਾਈ ਲੜ ਰਿਹਾ ਹੈ। ਇਸ ਲਈ ਆਪ ਉਮੀਦਵਾਰਾਂ ਦੇ ਹੱਥ ਮਜ਼ਬੂਤ ਕਰਕੇ ਪਾਰਲੀਮੈਂਟ ਵਿੱਚ ਭੇਜਣਾ ਜ਼ਰੂਰੀ ਹੈ, ਤਾਂ ਜੋ ਮੋਦੀ ਸਰਕਾਰ ਦੀ ਤਾਨਾਸ਼ਾਹੀ ਦਾ ਤਖ਼ਤਾ ਪਲਟਾਇਆ ਜਾ ਸਕੇ। ਉੱਘੇ ਫਿਲਮ ਅਦਾਕਾਰਾਂ ਬੀਨੂੰ ਢਿੱਲੋਂ ਨੇ ਕਿਹਾ ਕਿ ਕਰਮਜੀਤ ਅਨਮੋਲ ਬਹੁਤ ਹੀ ਚੰਗਾ ਇਨਸਾਨ ਹੈ ਤੇ ਇਸ ਬਾਰੇ ਪੂਰੀ ਫਿਲਮ ਇੰਡਸਟਰੀ ਭਲੀਭਾਂਤ ਜਾਣੂੰ ਹੈ। ਉਨ੍ਹਾਂ ਕਿਹਾ ਕਿ ਕਰਮਜੀਤ ਹਮੇਸ਼ਾ ਹੀ ਲੋੜਵੰਦਾਂ ਨਾਲ ਡੱਟ ਕੇ ਖੜ੍ਹਨ ਵਾਲਾ ਇਨਸਾਨ ਹੈ, ਮੈਨੂੰ ਪੂਰਾ ਭਰੋਸਾ ਹੈ ਕਿ ਕਰਮਜੀਤ ਅਨਮੋਲ ਫ਼ਰੀਦਕੋਟ ਹਲਕੇ ਦੀ ਨੁਹਾਰ ਬਦਲਣ ਵਿੱਚ ਕੋਈ ਕਸਰ ਨਹੀਂ ਛੱਡੇਗਾ ਤੇ ਆਪਣੇ ਹਲਕੇ ਅਤੇ ਪੰਜਾਬ ਦੇ ਵਿਕਾਸ ਲਈ ਦਿਨ-ਰਾਤ ਇੱਕ ਕਰ ਦੇਵੇਗਾ। ਉਨ੍ਹਾਂ ਕਿਹਾ ਕਿ ਕਰਮਜੀਤ ਬੇਹੱਦ ਗ਼ਰੀਬੀ ਵਿੱਚੋਂ ਬੜੀ ਮਿਹਨਤ ਨਾਲ ਉੱਭਰਿਆ ਹੋਇਆ ਪੇਂਡੂ ਇਨਸਾਨ ਹੈ, ਜਿਸ ਨੂੰ ਗ਼ਰੀਬਾਂ, ਕਿਸਾਨਾਂ, ਮਜ਼ਦੂਰਾਂ ਤੇ ਖੇਤੀ ਦੀਆਂ ਜ਼ਰੂਰਤਾਂ ਦਾ ਪੂਰਾ ਪਤਾ ਹੈ ਤੇ ਉਨ੍ਹਾਂ ਹਲਕਾ ਫਰੀਦਕੋਟ ਦੇ ਲੋਕਾਂ ਨੂੰ ਹਰਗਿਜ਼ ਨਿਰਾਸ਼ ਨਹੀਂ ਹੋਣ ਦੇਵੇਗਾ।

## ਸਰਕਾਰੀ ਕੰਨਿਆ ਸਮਾਰਟ ਸਕੂਲ ਦਾ ਨਤੀਜਾ 100% ਰਿਹਾ



**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਜਮਾਤ ਦੇ ਐਲਾਨੇ ਨਤੀਜੇ ਤਹਿਤ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਛੀਵਾੜਾ ਸਾਹਿਬ ਦਾ ਨਤੀਜਾ 100% ਰਿਹਾ, ਜਿਸ ਵਿੱਚ ਨਵਦੀਪ ਕੌਰ 580/650 (89.23%) ਪਹਿਲੇ, ਜੈਸਮੀਨ ਕੌਰ 517/650 (79.54%) ਦੂਜੇ ਤੇ ਅੰਜਲੀ ਕੁਮਾਰੀ 504/650 (77.54%) ਅੰਕ ਹਾਸਲ ਕਰਕੇ ਤੀਜੇ ਸਥਾਨ 'ਤੇ ਰਹੀ।ਸਕੂਲ ਦੇ ਇੰਚਾਰਜ ਹਰਦੀਪ ਕੌਰ ਨੇ ਬੱਚਿਆਂ ਨੂੰ ਵਧਾਈ ਦੇ ਪਾਤਰ ਦੱਸਿਆ, ਜਿਨ੍ਹਾਂ ਨੇ ਸਖਤ ਮਿਹਨਤ ਕਰਕੇ ਇੰਨੇ ਚੰਗੇ ਅੰਕ ਪ੍ਰਾਪਤ ਕੀਤੇ ਅਤੇ ਨਾਲ ਹੀ ਸਮੂਹ ਸਟਾਫ ਨੂੰ ਵਧਾਈ ਦੇ ਪਾਤਰ ਦੱਸਿਆ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਇੰਨੇ ਵਧੀਆ ਤਰੀਕੇ ਨਾਲ ਮਿਹਨਤ ਕਰਵਾਈ। ਸਕੂਲ ਦੇ ਇੰਚਾਰਜ ਹਰਦੀਪ ਕੌਰ ਨੇ ਭਵਿੱਖ ਵਿੱਚ ਵੀ ਬੱਚਿਆਂ ਨੂੰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਇੰਚਾਰਜ ਹਰਦੀਪ ਕੌਰ ਨੇ ਮਾਪਿਆਂ ਨੂੰ ਬੇਨਤੀ ਕੀਤੀ ਕਿ ਆਪਣੇ ਬੱਚਿਆਂ ਦਾ ਦਾਖਲਾ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਛੀਵਾੜਾ ਸਾਹਿਬ ਵਿਖੇ ਕਰਵਾਓ ਤਾਂ ਜੋ ਬੱਚੇ ਆਪਣੇ ਵਧੀਆ ਅੰਕ ਹਾਸਲ ਕਰਕੇ ਆਪਣੀ ਜ਼ਿੰਦਗੀ ਵਿੱਚ ਉੱਚਾ ਮੁਕਾਮ ਹਾਸਲ ਕਰ ਸਕਣ।

## ਦਯਾਨੰਦ ਮਾਡਲ ਹਾਈ ਸਕੂਲ ਦਾ ਨਤੀਜਾ ਸ਼ਾਨਦਾਰ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀ ਬੋਰਡ ਪ੍ਰੀਖਿਆ ਦੇ ਐਲਾਨੇ ਗਏ ਨਤੀਜਿਆਂ ਵਿੱਚ ਦਯਾਨੰਦ ਮਾਡਲ ਹਾਈ ਸਕੂਲ ਸਮਾਣਾ ਦਾ ਨਤੀਜਾ ਸ਼ਾਨਦਾਰ ਰਿਹਾ ਹੈ।ਇਸ ਨਤੀਜੇ ਵਿੱਚ ਸਕੂਲ ਦੇ ਵਿਦਿਆਰਥੀ ਸਮੀਰ ਨੇ 14ਵਾਂ ਸਥਾਨ ਪ੍ਰਾਪਤ ਕਰਕੇ ਸਕੂਲ ਸ਼ਹਿਰ ਤੇ ਆਪਣੇ ਮਾਤਾ-ਪਿਤਾ ਦਾ ਨਾਮ ਰੋਸ਼ਨ ਕੀਤਾ ਹੈ ਅਤੇ ਸਕੂਲ ਦੇ 14 ਹੋਰ ਵਿਦਿਆਰਥੀਆਂ ਨੇ 90 ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ।ਇਸ ਮੌਕੇ ਸਕੂਲ ਦੇ ਪ੍ਰਧਾਨ ਯਸ਼ਪਾਲ ਸਿੰਗਲਾ ਤੇ ਸਕੂਲ ਪਿੰਸੀਪਲ ਰੇਖਾ ਸਿੰਗਲਾ ਨੇ ਸਮੂਹ ਵਿਦਿਆਰਥੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਅਤੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਮੱਲਾਂ ਮਾਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਇਨ੍ਹਾਂ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ।ਇਸ ਮੌਕੇ ਸੰਸਥਾ ਦੇ ਮੰਤਰੀ ਨਰੈਣ ਦਾਸ, ਰਜਿੰਦਰ ਹੈਪੀ, ਰਜਿੰਦਰ ਗੁਪਤਾ, ਧਰਮ ਪਾਲ ਆਰੀਆ ਤੇ ਸਕੂਲ ਅਧਿਆਪਕ ਮੌਜੂਦ ਰਹੇ।

# ਖੁਦਕੁਸ਼ੀ ਦੇ ਮਾਮਲੇ 'ਚ ਪਤਨੀ ਖਿਲਾਫ ਕੇਸ ਦਰਜ



ਮ੍ਰਿਤਕ ਨਰਿੰਦਰ ਕੁਮਾਰ ਦੀ ਫਾਈਲ ਤਸਵੀਰ।

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪਿੰਡ ਤਲਾਣੀਆਂ ਦੇ 25 ਸਾਲਾ ਨੌਜਵਾਨ ਵੱਲੋਂ ਕਥਿਤ ਤੌਰ 'ਤੇ ਕੀਤੀ ਗਈ ਖੁਦਕੁਸ਼ੀ ਦੇ ਮਾਮਲੇ 'ਚ ਪੁਲਸ ਵੱਲੋਂ ਮ੍ਰਿਤਕ ਦੀ ਪਤਨੀ ਨੂੰ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ। ਪ੍ਰਾਪਤ ਜਾਣਕਾਰੀ ਅਨੁਸਾਰ ਕਾਕਾ ਸਿੰਘ ਵਾਸੀ ਪਿੰਡ ਤਲਾਣੀਆਂ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਦੇ ਲੜਕੇ ਨਰਿੰਦਰ ਕੁਮਾਰ (25) ਨੇ ਦਸੰਬਰ 2022 ਵਿੱਚ ਆਪਣੀ ਮਰਜ਼ੀ ਨਾਲ ਪ੍ਰਿਅੰਕਾ ਵਾਸੀ ਨਾਭਾ ਨਾਲ ਵਿਆਹ ਕਰਵਾਇਆ ਸੀ, ਪਰ ਵਿਆਹ ਤੋਂ ਬਾਅਦ ਉਸ ਦੀ ਨੂੰਹ ਪ੍ਰਿਅੰਕਾ ਨੇ ਆਪਣੇ ਪਤੀ ਨਰਿੰਦਰ ਕੁਮਾਰ ਨਾਲ ਲੜਾਈ ਝਗੜਾ ਕਰਨਾ ਸ਼ੁਰੂ ਕਰ ਦਿੱਤਾ।ਨਰਿੰਦਰ ਕੁਮਾਰ ਨੇ ਉਨ੍ਹਾਂ ਨੂੰ ਦੱਸਿਆ ਕਿ ਪ੍ਰਿਅੰਕਾ ਉਸ ਨੂੰ ਬਹੁਤ ਤੰਗ ਪ੍ਰੇਸ਼ਾਨ ਕਰਦੀ ਹੈ ਤੇ ਉਸ 'ਤੇ ਹੱਥ ਵੀ ਚੁੱਕਦੀ ਹੈ, ਜਿਸ ਕਰਕੇ ਉਹ ਬਹੁਤ ਪ੍ਰੇਸ਼ਾਨ ਰਹਿੰਦਾ ਹੈ।ਕਾਕਾ ਸਿੰਘ ਨੇ ਪੁਲਸ ਨੂੰ ਦੱਸਿਆ ਕਿ 17 ਅਪ੍ਰੈਲ ਦੀ ਸ਼ਾਮ ਨੂੰ ਨਰਿੰਦਰ ਕੁਮਾਰ ਨਾਭਾ ਵਿਖੇ ਪੇਕੇ ਘਰ ਗਈ ਹੋਈ ਪ੍ਰਿਅੰਕਾ ਨੂੰ ਲੈਣ ਲਈ ਗਿਆ ਸੀ, ਜਿੱਥੋਂ 18 ਅਪ੍ਰੈਲ ਨੂੰ ਰਾਤ ਕਰੀਬ 9 ਵਜੇ ਨਰਿੰਦਰ ਕੁਮਾਰ ਵਾਪਸ ਘਰ ਆਇਆ ਤੇ ਚੁੱਪ ਚਾਪ ਆਪਣੇ ਕਮਰੇ ਵਿੱਚ ਚਲਾ ਗਿਆ, ਜਿਸ ਤੋਂ ਬਾਅਦ ਉਸ ਦੀ ਭਤੀਜੀ ਨੂੰ ਪ੍ਰਿਅੰਕਾ ਦਾ ਫੋਨ ਆਇਆ ਕਿ ਨਰਿੰਦਰ ਕੁਮਾਰ ਉਸ ਦਾ ਫੋਨ ਨਹੀਂ ਚੁੱਕ ਰਿਹਾ, ਜਿਸ 'ਤੇ ਉਸ ਦੀ ਭਤੀਜੀ ਮਨਦੀਪ ਕੌਰ ਨੇ ਚੁਬਾਰੇ 'ਚ ਜਾ ਕੇ ਦੇਖਿਆ ਤਾਂ ਨਰਿੰਦਰ ਬੈੱਡ 'ਤੇ ਪਿਆ ਸੀ, ਜਿਸ ਦੇ ਬੁੱਲ੍ਹ, ਹੱਥ, ਪੈਰ ਤੇ ਨਹੁੰ ਨੀਲੇ ਹੋਏ ਪਏ ਸਨ, ਜਿਸ ਨੂੰ ਉਨ੍ਹਾਂ ਵੱਲੋਂ ਚੁੱਕ ਕੇ ਹਸਪਤਾਲ ਲਿਜਾਇਆ ਗਿਆ ਤਾਂ ਡਾਕਟਰਾਂ ਨੇ ਨਰਿੰਦਰ ਕੁਮਾਰ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

ਮ੍ਰਿਤਕ ਦੇ ਪਿਤਾ ਕਾਕਾ ਸਿੰਘ ਨੇ ਦੋਸ਼ ਲਗਾਏ ਹਨ ਕਿ ਉਸ ਦੀ ਨੂੰਹ ਪ੍ਰਿਅੰਕਾ ਵੱਲੋਂ ਤੰਗ ਪ੍ਰੇਸ਼ਾਨ ਕੀਤੇ ਜਾਣ ਕਾਰਨ ਹੀ ਉਸ ਦੇ ਲੜਕੇ ਨਰਿੰਦਰ ਕੁਮਾਰ ਨੇ ਖੁਦਕੁਸ਼ੀ ਕੀਤੀ ਹੈ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਪ੍ਰਿਅੰਕਾ ਵਾਸੀ ਨਾਭਾ ਵਿਰੁੱਧ ਅ/ਧ 306 ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕਰਕੇ ਸਹਾਇਕ ਥਾਣੇਦਾਰ ਪਵਨ ਕੁਮਾਰ ਵੱਲੋਂ ਮਾਮਲੇ ਦੀ ਤਫਤੀਸ਼ ਕੀਤੀ ਜਾ ਰਹੀ ਹੈ।

# ਵਾਰਡ ਨੰਬਰ 13 'ਚ ਅਕਾਲੀ ਵਰਕਰਾਂ ਵੱਲੋਂ ਨੁੱਕੜ ਮੀਟਿੰਗ

## ਰੋਜ਼ੀ ਬਰਕੰਦੀ ਤੇ ਮਨਜਿੰਦਰ ਬਿੱਟੂ ਨੇ ਅਕਾਲੀ ਦਲ ਦਾ ਸਾਥ ਦੇਣ ਦੀ ਕੀਤੀ ਅਪੀਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਸਥਾਨਕ ਬਰਕੰਦੀ ਰੋਡ ਸਥਿਤ ਵਾਰਡ ਨੰਬਰ 13 ਦੇ ਸ੍ਰੀ ਗੁਰੂ ਰਾਮਦਾਸ ਨਗਰ ਗਲੀ ਨੰ. 2 'ਚ ਸੀਨੀਅਰ ਅਕਾਲੀ ਆਗੂ ਗੁਰਸਾਹਿਬ ਸਿੰਘ ਦੇ ਗ੍ਰਹਿ ਵਿਖੇ ਸਾਬਕਾ ਵਿਧਾਇਕ ਤੇ ਹਲਕਾ ਇੰਚਾਰਜ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਤੇ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ ਵੱਲੋਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਨੁੱਕੜ ਮੀਟਿੰਗ ਕੀਤੀ ਗਈ।ਮੀਟਿੰਗ ਦੌਰਾਨ ਹਾਜ਼ਰ ਅਕਾਲੀ ਵਰਕਰਾਂ ਨਾਲ ਰਾਜਸੀ ਵਿਚਾਰਾਂ ਕਰਦਿਆਂ ਹਲਕਾ ਇੰਚਾਰਜ ਰੋਜ਼ੀ ਬਰਕੰਦੀ ਨੇ ਕਿਹਾ ਕਿ ਪੰਜਾਬ ਦੀ ਜਨਤਾ ਮੌਜੂਦਾ ਸਰਕਾਰ ਤੇ ਇਸ ਦੇ ਚੁਣੇ ਹੋਏ ਨੁਮਾਇੰਦਿਆਂ ਦੀ ਕਾਰਗੁਜ਼ਾਰੀ ਤੋਂ ਪੂਰੀ ਤਰ੍ਹਾਂ ਖਫਾ ਹੈ ਤੇ ਪੰਜਾਬ ਦੀ ਜਨਤਾ ਨਾਲ ਝੂਠੇ ਵਾਅਦੇ ਕਰ ਕੇ ਸੱਤਾ 'ਚ ਆਈ ਸਰਕਾਰ ਨੂੰ ਲੋਕ ਸਭਾ ਚੋਣਾਂ 'ਚ ਮੂੰਹ ਤੋੜਵਾਂ ਜਵਾਬ ਦੇਣ ਲਈ ਪੂਰੀ ਤਰ੍ਹਾਂ ਤਿਆਰ ਹੈ।ਇਸ ਮੌਕੇ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ ਨੇ ਸ਼੍ਰੋਮਣੀ ਅਕਾਲੀ ਦਲ ਦੇ ਹੱਥ ਮਜ਼ਬੂਤ ਕਰਨ ਤੇ ਪੰਜਾਬ ਨੂੰ ਬਚਾਉਣ ਲਈ ਵੋਟ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਇਸ ਵੇਲੇ ਪੰਜਾਬ ਸਿਹਤ ਸਹੂਲਤਾਂ, ਸਿੱਖਿਆ, ਰੁਜ਼ਗਾਰ, ਇਨਸਾਫ ਆਦਿ ਤੋਂ ਵਾਂਝਾ ਹੋ ਗਿਆ ਹੈ, ਜਿਸ ਨੂੰ ਮੁੜ ਲੀਹਾਂ 'ਤੇ ਲਿਆਉਣ ਲਈ ਦੂਜੀਆਂ ਪਾਰਟੀਆਂ ਤੋਂ ਸੁਚੇਤ ਰਹਿ ਕੇ ਸ਼੍ਰੋਮਣੀ ਅਕਾਲੀ ਦਲ ਦਾ ਡੱਟ ਕੇ ਸਾਥ ਦੇਣ ਵਿੱਚ ਹੀ ਸਭ ਦੀ ਭਲਾਈ ਹੈ।ਇਸ ਮੌਕੇ ਬਿੰਦਰ ਗੋਨਿਆਣਾ ਜ਼ਿਲ੍ਹਾ ਜਨਰਲ ਸਕੱਤਰ, ਹਰਮਨਜੀਤ ਸਿੰਘ ਸੱਕਾਂਵਾਲੀ, ਬੇਅੰਤ ਸਿੰਘ ਬਿੰਨੀ ਮਨੇਸ, ਬਲਵਿੰਦਰ ਸਿੰਘ, ਗੁਰਮੇਲ ਸਿੰਘ, ਰਿੰਪਾ ਬਰਕੰਦੀ, ਜਗਮੋਹਣ ਸਿੰਘ, ਜਸਪਾਲ ਸਿੰਘ ਛਾਬੜਾ ਪੀਏ, ਹਰਮੀਤ ਸਿੰਘ ਪੀਏ, ਸੇਵਕ ਸਿੰਘ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਪੰਜਾਬੀ ਸਾਹਿਤ ਅਕਾਦਮੀ ਵੱਲੋਂ ਮੋਹਨਜੀਤ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ



**ਲੁਧਿਆਣਾ (ਐੱਮ ਐੱਸ ਭਾਟੀਆ)**-ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਅਹੁਦੇਦਾਰ ਤੇ ਸਮੂਹ ਮੈਂਬਰਾਂ ਨੇ ਅਕਾਦਮੀ ਦੇ ਜੀਵਨ ਮੈਂਬਰ ਤੇ ਪ੍ਰਸਿੱਧ ਵਿਦਵਾਨ ਸ੍ਰੀ ਮੋਹਨਜੀਤ ਦੇ ਦੇਹਾਂਤ 'ਤੇ ਡੂੰਘੇ ਦੁੱਖ ਤੇ ਅਫ਼ਸੋਸ ਦਾ ਪ੍ਰਗਟਾਵਾ ਕੀਤਾ ਹੈ।ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਸ੍ਰੀ ਮੋਹਨਜੀਤ ਉੱਘੇ ਚਿੰਤਕ, ਕਵੀ ਤੇ ਅਨੁਵਾਦਕ ਸਨ।ਉਨ੍ਹਾਂ ਦੱਸਿਆ ਮੋਹਨਜੀਤ ਨੂੰ 2018 'ਚ 'ਕੋਨੇ ਦਾ ਸੂਰਜ' ਪੁਸਤਕ ਨੂੰ ਸਾਹਿਤ ਅਕਾਦਮੀ ਐਵਾਰਡ ਮਿਲਿਆ ਸੀ।ਉਨ੍ਹਾਂ ਕਿਹਾ ਸ੍ਰੀ ਮੋਹਨਜੀਤ ਦੇ ਦੇਹਾਂਤ ਨਾਲ ਪੰਜਾਬੀ ਸਾਹਿਤ ਜਗਤ ਤੇ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ।ਇਸ ਦੁੱਖ ਦੀ ਘੜੀ 'ਚ ਪੰਜਾਬੀ ਸਾਹਿਤ ਅਕਾਦਮੀ ਪਰਿਵਾਰ ਨਾਲ ਗਹਿਰੀ ਸੰਵੇਦਨਾ ਪ੍ਰਗਟ ਕਰਦੀ ਹੈ।ਅਕਾਦਮੀ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਅਫ਼ਸੋਸ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਸ੍ਰੀ ਮੋਹਨਜੀਤ ਨੇ ਸਹਿਕਦਾ ਸ਼ਹਿਰ, ਵਰਵਰੀਕ, ਤੁਰਦੇ ਫਿਰਦੇ ਮਸਖਰੇ, ਕੀ ਨਾਰੀ ਕੀ ਨਦੀ, ਡਾਟਾਂ ਵਾਲੇ ਬੂਹੇ, ਓਹਲੇ ਵਿਚ ਉਜਿਆਰਾ, ਗੋਰੀ ਲਿਖਤ ਵਾਲਾ ਵਰਕਾ, ਹਵਾ ਪਿਆਜ਼ੀ ਪੁਸਤਕਾਂ ਸਾਹਿਤ ਦੀ ਝੋਲੀ ਪਾਈਆਂ ਤੇ ਮੋਹਨਜੀਤ ਬਹੁਤ ਹੀ ਜ਼ਹੀਨ ਸ਼ਾਇਰ ਸਨ।ਸ਼ੋਕ ਦਾ ਪ੍ਰਗਟਾਵਾ ਕਰਨ ਵਾਲਿਆਂ ਵਿੱਚ ਹੋਰਨਾਂ ਤੋਂ ਇਲਾਵਾ ਸੀਨੀ. ਮੀਤ ਪ੍ਰਧਾਨ ਡਾ. ਪਾਲ ਕੌਰ, ਡਾ. ਸੁਖਦੇਵ ਸਿੰਘ ਸਿਰਸਾ, ਪ੍ਰੋ. ਗੁਰਭਜਨ ਸਿੰਘ ਗਿੱਲ, ਪ੍ਰੋ. ਰਵਿੰਦਰ ਭੱਠਲ, ਡਾ. ਲਖਵਿੰਦਰ ਜੌਹਲ, ਡਾ. ਗੁਰਇਕਬਾਲ, ਸੁਰਿੰਦਰ ਕੈਲੇ, ਡਾ. ਅਰਵਿੰਦਰ ਕੌਰ ਕਾਕੜਾ, ਜਸਪਾਲ ਮਾਨਖੇੜਾ, ਡਾ. ਗੁਰਚਰਨ ਕੌਰ ਕੋਚਰ, ਡਾ. ਹਰਵਿੰਦਰ ਸਿਰਸਾ, ਤਰਲੋਚਨ ਲੋਚੀ ਤੇ ਸਮੂਹ ਮੈਂਬਰ ਪ੍ਰਬੰਧਕੀ ਬੋਰਡ ਮੈਂਬਰ ਸ਼ਾਮਲ ਹਨ।

## ਸਰਕਾਰੀ ਕੰਨਿਆ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ



**ਕੋਟ ਈਸੇ ਖਾਂ (ਅਰੋੜਾ)**-ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕੋਟ ਈਸੇ ਖਾਂ ਦਾ ਨਤੀਜਾ ਸ਼ਾਨਦਾਰ ਰਿਹਾ।ਸਾਰੇ ਵਿਦਿਆਰਥੀ ਚੰਗੇ ਨੰਬਰਾਂ ਨਾਲ ਪਾਸ ਹੋਏ।ਸੁਮਨਦੀਪ ਕੌਰ ਨੇ 93% ਅੰਕਾਂ ਨਾਲ ਪਹਿਲਾ ਸਥਾਨ ਪ੍ਰਾਪਤ ਕੀਤਾ, ਆਸਤਾ ਨੇ 90% ਅੰਕਾਂ ਨਾਲ ਦੂਜਾ ਤੇ ਡੋਲੀ ਖੋਖਰ ਨੇ 89% ਅੰਕਾਂ ਨਾਲ ਤੀਸਰਾ ਸਥਾਨ ਪ੍ਰਾਪਤ ਕੀਤਾ।ਸੁਮਨਦੀਪ ਕੌਰ ਨੇ ਗਣਿਤ ਵਿਸ਼ੇ ਵਿੱਚੋਂ 100 ਅੰਕਾਂ ਵਿੱਚੋਂ 100 ਅੰਕ ਪ੍ਰਾਪਤ ਕੀਤੇ ਤੇ ਡੋਲੀ ਖੋਖਰ ਨੇ ਸਾਇੰਸ ਵਿਸ਼ੇ ਵਿੱਚੋਂ 100 ਅੰਕਾਂ ਵਿੱਚੋਂ 100 ਅੰਕ ਪ੍ਰਾਪਤ ਕੀਤੇ। ਸਕੂਲ ਦਾ ਨਤੀਜਾ 100% ਰਿਹਾ।ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਕਿਰਨਪਾਲ ਕੌਰ ਤੇ ਸਮੂਹ ਸਟਾਫ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

## ਸਰਕਾਰੀ ਹਾਈ ਸਕੂਲ ਲਲੌਛੀ ਦੇ ਬੋਰਡ ਦਾ ਨਤੀਜਾ ਸ਼ਾਨਦਾਰ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸ.ਹ.ਸ. ਲਲੌਛੀ ਦੇ ਜਮਾਤ ਦਸਵੀਂ ਸੈਸ਼ਨ 2023-24 ਦੇ ਵਿਦਿਆਰਥੀਆਂ ਦਾ ਨਤੀਜਾ 100% ਰਿਹਾ।ਸਕੂਲ ਮੁਖੀ ਸ੍ਰੀਮਤੀ ਸਿਮਰਨਜੀਤ ਕੌਰ ਨੇ ਦੱਸਿਆ ਕਿ ਇਸ ਵਾਰ ਕੁੱਲ 39 ਵਿਦਿਆਰਥੀਆਂ ਨੇ ਦਸਵੀਂ ਜਮਾਤੀ ਪ੍ਰੀਖਿਆ ਦਿੱਤੀ, ਜਿਸ ਵਿੱਚ ਸਾਰੇ ਵਿਦਿਆਰਥੀਆਂ ਨੇ ਸ਼ਾਨਦਾਰ ਅੰਕ ਹਾਸਲ ਕੀਤੇ।ਸਕੂਲ ਵਿੱਚੋਂ ਡਿੰਪਲ ਪੁੱਤਰੀ ਸ੍ਰੀ ਗੁਰਪਾਲ ਚੰਦ ਵੱਲੋਂ 579/650 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ ਤੇ ਗੁਰਲੀਨ ਕੌਰ ਅਤੇ ਹਰਸਿਮਰਨ ਕੌਰ ਵੱਲੋਂ ਕ੍ਰਮਵਾਰ 571/650 ਤੇ 540/650 ਅੰਕ ਪ੍ਰਾਪਤ ਕਰਕੇ ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ।ਸਕੂਲ ਮੁਖੀ ਵੱਲੋਂ ਸਮੂਹ ਸਟਾਫ਼ ਨੂੰ ਵਧਾਈ ਦਿੱਤੀ ਗਈ ਤੇ ਅਗਲੇ ਸੈਸ਼ਨ ਲਈ ਹੋਰ ਮਿਹਨਤ ਕਰਨ ਲਈ ਕਿਹਾ ਗਿਆ ਤਾਂ ਜੋ ਅਗਲੇ ਸੈਸ਼ਨ ਵਿੱਚ ਵਿਦਿਆਰਥੀ ਹੋਰ ਵਧੇਰੇ ਨੰਬਰ ਪ੍ਰਾਪਤ ਕਰਕੇ ਚੰਗੀਆਂ ਪੁਜ਼ੀਸ਼ਨਾਂ ਹਾਸਲ ਕਰਨ।

# ਬੀ ਕੇ ਯੂ (ਕ੍ਰਾਂਤੀਕਾਰੀ) ਅਬਾਦਕਾਰ ਕਿਸਾਨਾਂ ਦੇ ਹੱਕ 'ਚ ਡਟੀ

## ਅਰਨੋ ਦੇ ਅਬਾਦਕਾਰਾਂ ਦਾ ਉਜਾੜਾ ਨਾ ਹੋਣ ਦੇਣ ਦਾ ਐਲਾਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**

ਪੰਚਾਇਤ ਵਿਭਾਗ ਵੱਲੋਂ ਦਹਾਕਿਆਂ ਤੋਂ ਪਿੰਡ ਅਰਨੋ ਦੀ ਜ਼ਮੀਨ ਨੂੰ ਆਬਾਦ ਕਰਕੇ ਕਾਸ਼ਤ ਕਰਦੇ ਆ ਰਹੇ ਕਿਸਾਨਾਂ ਨੂੰ ਚਕੌਤਾ ਭਰਨ ਦੇ ਨੋਟਿਸ ਜਾਰੀ ਕੀਤੇ ਜਾਣ ਮਗਰੋਂ ਕਾਸ਼ਤਕਾਰਾਂ ਵਿੱਚ ਭਾਰੀ ਰੋਸ ਹੈ।ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ) ਨੇ ਨੋਟਿਸਾਂ ਖਿਲਾਫ਼ ਧਰਨਾ ਦਿੰਦਿਆਂ ਪੰਜਾਬ ਸਰਕਾਰ ਤੇ ਪੰਚਾਇਤ ਵਿਭਾਗ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਹ ਕਿਸਾਨ ਵਿਰੋਧੀ ਹਰਕਤਾਂ ਤੋਂ ਬਾਜ਼ ਨਾ ਆਏ ਤਾਂ ਜਥੇਬੰਦੀ ਅਬਾਦਕਾਰਾਂ ਦੇ ਹੱਕ 'ਚ ਤਿੱਖਾ ਸੰਘਰਸ਼ ਆਰੰਭਣ ਲਈ ਮਜਬੂਰ ਹੋਵੇਗੀ।

ਜਥੇਬੰਦੀ ਦੇ ਸੂਬਾ ਆਗੂ ਰਣਜੀਤ ਸਿੰਘ ਸਵਾਜਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਇਕ ਪਾਸੇ ਕਿਸਾਨ ਹਿਤੈਸ਼ੀ ਹੋਣ ਦਾ ਦਾਅਵਾ ਕਰਦੀ ਹੈ, ਦੂਜੇ ਪਾਸੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪਿੰਡ ਅਰਨੋ ਦੀ ਜ਼ਮੀਨ ਨੂੰ ਆਬਾਦ ਕਰਕੇ ਕਾਸ਼ਤ ਕਰਦੇ ਆਬਾਦਕਾਰਾਂ ਨੂੰ ਉਸ ਸਮੇਂ ਉਜਾੜਨ ਦੇ ਮਨਸੂਬੇ ਘੜ ਜਾ ਰਹੇ ਹਨ, ਜਦੋਂ ਕਣਕ ਦੀ ਫ਼ਸਲ ਪੱਕ ਕੇ ਤਿਆਰ ਹੋ ਗਈ ਹੈ।ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਜਥੇਬੰਦੀ ਅਬਾਦਕਾਰਾਂ ਦੇ ਹੱਕਾਂ 'ਤੇ ਡਾਕਾ ਨਹੀਂ ਪੈਣ ਦੇਵੇਗੀ।ਜ਼ਿਲ੍ਹਾ ਪ੍ਰਧਾਨ ਗੁਰਨਾਮ ਸਿੰਘ ਢੈਠਲ ਨੇ ਪੰਜਾਬ ਸਰਕਾਰ ਤੋਂ ਬਿਨਾਂ ਦੇਰੀ ਅਬਾਦਕਾਰ ਕਿਸਾਨਾਂ ਨੂੰ ਮਾਲਕੀ ਹੱਕ ਦੇਣ ਮੰਗ ਕਰਦਿਆਂ ਲੋਕਾਂ ਨੂੰ ਸਰਕਾਰ ਦੇ ਲੋਕ ਮਾਰੂ ਹੱਲਿਆਂ ਦਾ ਮੁਕਾਬਲਾ ਟਾਕਰਾ ਲਈ ਕਿਸਾਨੀ ਝੰਡੇ ਹੇਠ ਲਾਮਬੰਦ ਹੋਣ ਦਾ ਸੱਦਾ ਦਿੱਤਾ ਹੈ।ਬਲਾਕ ਪ੍ਰਧਾਨ ਬਿਕਰਮ ਸਿੰਘ ਅਰਨੋ ਨੇ ਕਿਹਾ ਕਿ ਜਥੇਬੰਦੀ ਅਬਾਦਾਕਾਰਾਂ ਦਾ ਉਜਾੜਾ ਰੋਕਣ ਲਈ ਹਰ ਕੁਰਬਾਨੀ ਕਰਨ ਲਈ ਦ੍ਰਿੜ੍ਹ ਹੈ।ਉਨ੍ਹਾਂ ਸਰਕਾਰ ਤੇ ਪ੍ਰਸ਼ਾਸਨ ਨੂੰ ਤਾੜਨਾ ਕੀਤੀ ਕਿ ਜੇਕਰ ਗ਼ਰੀਬ ਲੋਕਾਂ ਦਾ ਉਜਾੜਾ ਕਰਨ ਤੋਂ ਬਾਜ਼ ਨਾ ਆਏ ਤਾਂ ਜਥੇਬੰਦੀ ਸੂਬਾ ਪੱਧਰੀ ਸੰਘਰਸ਼ ਵਿੱਢਣ ਲਈ ਮਜਬੂਰ ਹੋਵੇਗੀ।ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਬਲਜੀਤ ਸਿੰਘ, ਮੀਤ ਪ੍ਰਧਾਨ ਯਾਦਵਿੰਦਰ ਸਿੰਘ ਕੂਕਾ, ਕੇਹਰ ਸਿੰਘ, ਅਜੀਤ ਸਿੰਘ ਮਤੋਲੀ, ਮਹਿੰਦਰ ਸਿੰਘ ਅਰਨੋ ਤੇ ਔਰਤਾਂ ਸ਼ਾਮਲ ਸਨ।

ਮਾਮਲੇ ਸਬੰਧੀ ਬੀਡੀਪੀਓ ਪਾਤੜਾਂ ਨੇ ਕਿਹਾ ਕਿ 28 ਵਿਅਕਤੀਆਂ ਦੇ 198 ਏਕੜ ਜ਼ਮੀਨ ਦਾ ਕੇਸ ਕੁਲੈਕਟਰ ਮੁਹਾਲੀ ਦੀ ਅਦਾਲਤ ਵਿੱਚ ਚੱਲ ਰਿਹਾ ਸੀ, ਜਿਸ ਦਾ ਫ਼ੈਸਲਾ ਉਕਤ ਅਦਾਲਤ ਵੱਲੋਂ ਪੰਚਾਇਤ ਵਿਭਾਗ ਦੇ ਹੱਕ ਵਿੱਚ ਕੀਤੇ ਜਾਣ ਬਾਅਦ ਕਾਸ਼ਤਕਾਰਾਂ ਨੂੰ ਚਕੌਤਾ ਭਰਨ ਦੀ ਹਦਾਇਤ ਕੀਤੀ ਗਈ ਹੈ।ਜੇਕਰ ਕਾਸ਼ਤਕਾਰ ਨੇ ਚਕੌਤਾ ਨਾ ਭਰਿਆ ਤਾਂ ਵਿਭਾਗ ਵੱਲੋਂ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਟ੍ਰਾਈਡੈਂਟ ਗਰੁੱਪ ਨੇ 'ਕਰਮਯੋਗੀ ਦੀ ਉਡਾਨ' ਮੁਹਿੰਮ ਦੀ ਕੀਤੀ ਸ਼ੁਰੂਆਤ



**ਬਰਨਾਲਾ (ਰਾਜਿੰਦਰ ਬਰਾੜ, ਗੁਰਮੀਤ ਸਿੰਘ)**-ਟ੍ਰਾਈਡੈਂਟ ਗਰੁੱਪ ਟੈਕਸਟਾਈਲ ਨਿਰਮਾਣ ਵਿੱਚ ਇੱਕ ਗਲੋਬਲ ਲੀਡਰ ਨੇ ਟ੍ਰਾਈਡੈਂਟ ਦੇ ਮਿਸ਼ਨ ਦਿਵਸ 'ਤੇ 'ਕਰਮਯੋਗੀ ਦੀ ਉਡਾਨ' ਨਾਮ ਦੀ ਇੱਕ ਦਿਲਚਸਪ ਨਵੀਂ ਮੁਹਿੰਮ ਸ਼ੁਰੂ ਕੀਤੀ ਹੈ।ਟ੍ਰਾਈਡੈਂਟ ਦੇ ਗੁਮਨਾਮ ਨਾਇਕਾਂ ਦਾ ਸਨਮਾਨ ਕਰਦੇ ਹੋਏ, ਇਹ ਮੁਹਿੰਮ ਇਨ੍ਹਾਂ ਕਰਮਯੋਗੀਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ਨੂੰ ਦਰਸਾਏਗੀ ਤੇ ਇਹ ਉਜਾਗਰ ਕਰੇਗੀ ਕਿ ਕਿਵੇਂ ਉਨ੍ਹਾਂ ਨੇ ਸਾਰੀਆਂ ਔਕੜਾਂ ਨੂੰ ਪਾਰ ਕੀਤਾ ਤੇ ਆਪਣੀ ਹਿੰਮਤ ਅਤੇ ਮਜ਼ਬੂਤ ਇੱਛਾ ਸ਼ਕਤੀ ਨਾਲ ਸਫਲਤਾ ਦਾ ਝੰਡਾ ਲਹਿਰਾਇਆ ਕਰਮਯੋਗੀ ਦੀ ਉਡਾਨ ਟ੍ਰਾਈਡੈਂਟ ਗਰੁੱਪ ਦੇ ਇੱਕ ਸਸ਼ਕਤ ਤੇ ਸਮਾਵੇਸ਼ੀ ਭਾਈਚਾਰੇ ਨੂੰ ਉਤਸ਼ਾਹਤ ਕਰਨ ਲਈ ਇਕ ਅਟੁੱਟ ਸਮਰਪਣ ਨੂੰ ਦਰਸਾਉਂਦਾ ਹੈ।ਇਹ ਮੁਹਿੰਮ ਪ੍ਰਭਾਵਸ਼ਾਲੀ ਵੀਡੀਓਜ਼ ਦੀ ਲੜੀ ਰਾਹੀਂ ਟ੍ਰਾਈਡੈਂਟ ਫੈਮਿਲੀ ਨੈੱਟਵਰਕ ਦੇ ਗੁਮਨਾਮ ਨਾਇਕਾਂ ਦੀਆਂ ਪ੍ਰਭਾਵਸ਼ਾਲੀ ਤੇ ਕਮਾਲ ਦੀਆਂ ਕਹਾਣੀਆਂ ਨੂੰ ਉਜਾਗਰ ਕਰੇਗਾ ਗੋਲਡਨ ਹਾਰਟਸ, ਗੋਲਡਨ ਟ੍ਰਾਈਡੈਂਟ ਥੀਮ ਦੀ ਭਾਵਨਾ ਤੋਂ ਪ੍ਰੇਰਿਤ, ਇਹ ਮੁਹਿੰਮ ਜੋਸ਼ ਟਾਕਸ ਦੇ ਸਹਿਯੋਗ ਨਾਲ ਚਲਾਈ ਜਾਵੇਗੀ ਤੇ ਇਹ ਟ੍ਰਾਈਡੈਂਟ ਪਰਿਵਾਰ ਦੇ ਹਰੇਕ ਮੈਂਬਰ ਦੁਆਰਾ ਪ੍ਰਦਰਸ਼ਤ ਜੋਸ਼ ਭਰੀ ਵਚਨਬੱਧਤਾ ਤੇ ਸਮਰਪਣ ਦਾ ਪ੍ਰਤੀਕ ਹੈ।ਕਰਮਯੋਗੀ ਵਜੋਂ ਜਾਣਿਆ ਜਾਂਦਾ ਆਦਮੀ, ਸੇਵਾ ਤੇ ਹਮਦਰਦੀ ਦੀ ਡੂੰਘੀ ਭਾਵਨਾ ਰੱਖਦਾ ਹੈ ਤੇ ਟ੍ਰਾਈਡੈਂਟ ਸਮੂਹ ਦੇ ਮੂਲ ਮੁੱਲਾਂ ਨੂੰ ਵੀ ਦਰਸਾਉਂਦਾ ਹੈ।ਟ੍ਰਾਈਡੈਂਟ ਗਰੁੱਪ ਦੀ ਇਸ ਨਵੀਂ ਪਹਿਲਕਦਮੀ 'ਤੇ ਟਿੱਪਣੀ ਕਰਦੇ ਹੋਏ ਹਰਸ਼ਵਰਧਨ ਸਿੰਘ ਚੌਹਾਨ ਚੀਫ ਮਾਰਕੇਟਿੰਗ ਅਫਸਰ ਟ੍ਰਾਈਡੈਂਟ ਗਰੁੱਪ ਨੇ ਕਿਹਾ ਕਿ 'ਕਰਮਯੋਗੀ ਦੀ ਉਡਾਨ' ਮੁਹਿੰਮ ਟ੍ਰਾਈਡੈਂਟ ਭਾਈਚਾਰੇ ਦੇ ਗੁਮਨਾਮ ਨਾਇਕਾਂ ਦਾ ਜਸ਼ਨ ਹੈ।ਨਾਇਕ ਜਿਨ੍ਹਾਂ ਦੇ ਸਮਰਪਣ ਅਤੇ ਨਿਰਸਵਾਰਥਤਾ ਨੇ 'ਗੋਲਡਨ ਹਾਰਟਸ, ਗੋਲਡਨ ਟ੍ਰਾਈਡੈਂਟ' ਦੀ ਭਾਵਨਾ ਨੂੰ ਮੂਰਤੀਮਾਨ ਕੀਤਾ ਹੈ।'ਮਨਮੋਹਕ ਵੀਡੀਓਜ਼' ਦੀ ਇਸ ਲੜੀ ਦੇ ਜ਼ਰੀਏ, ਅਸੀਂ ਇਨ੍ਹਾਂ ਵਿਅਕਤੀਆਂ ਦੀਆਂ ਕਹਾਣੀਆਂ 'ਤੇ ਰੌਸ਼ਨੀ ਪਾਉਣਾ ਚਾਹੁੰਦੇ ਹਾਂ, ਜਿਨ੍ਹਾਂ ਦੀ ਅਟੁੱਟ ਵਚਨਬੱਧਤਾ ਨੇ ਟ੍ਰਾਈਡੈਂਟ ਭਾਈਚਾਰੇ 'ਤੇ ਅਮਿੱਟ ਛਾਪ ਛੱਡੀ ਹੈ। ਉਨ੍ਹਾ ਕਿਹਾ ਕਿ ਮੁਹਿੰਮ ਦੇ ਸੰਕਲਪ 'ਤੇ ਟਿੱਪਣੀ ਕਰਦੇ ਹੋਏ, ਜੋਸ਼ ਟਾਕਸ ਦੇ ਪਾਰਟਨਰਸ਼ਿਪ ਦੇ ਮੁਖੀ, ਵਰੁਣ ਖੇੜਾ ਨੇ ਕਿਹਾ, 'ਅਸੀਂ ਸਕਾਰਾਤਮਕ ਬਦਲਾਅ ਨੂੰ ਪ੍ਰਭਾਵਿਤ ਕਰਨ ਲਈ ਕਹਾਣੀਆਂ ਦੀ ਸ਼ਕਤੀ ਨੂੰ ਦੇਖਿਆ ਹੈ ਤੇ ਅਸੀਂ ਇਸ ਵਿੱਚ ਪੂਰੀ ਤਰ੍ਹਾਂ ਵਿਸ਼ਵਾਸ ਕਰਦੇ ਹਾਂ। ਟ੍ਰਾਈਡੈਂਟ ਗਰੁੱਪ ਨਾਲ ਸਾਡਾ ਸਹਿਯੋਗ ਉਨ੍ਹਾਂ ਦੇ 'ਕਰਮਯੋਗੀਆਂ' ਦੀਆਂ ਸ਼ਾਨਦਾਰ ਕਹਾਣੀਆਂ ਨੂੰ ਉਜਾਗਰ ਕਰਨ ਤੇ ਉਨ੍ਹਾਂ ਨੂੰ ਰੋਲ ਮਾਡਲ ਵਜੋਂ ਉਜਾਗਰ ਕਰਨ ਦਾ ਇੱਕ ਮੌਕਾ ਹੈ, ਜੋ ਹੋਰਾਂ ਨੂੰ ਉਨ੍ਹਾਂ ਦੇ ਭਾਈਚਾਰਿਆਂ ਵਿੱਚ ਤਬਦੀਲੀ ਦੀ ਅਗਵਾਈ ਕਰਨ ਲਈ ਪ੍ਰੇਰਿਤ ਕਰ ਸਕਦੇ ਹਨ। ਇਸ ਮੁਹਿੰਮ ਦੇ ਤਹਿਤ ਚੁਣੇ ਗਏ ਦਸ ਕਰਮਯੋਗੀਆਂ ਦੇ ਪ੍ਰੇਰਨਾਦਾਇਕ ਜੀਵਨ ਵੀਡੀਓਜ਼ ਨੂੰ ਉਨ੍ਹਾਂ ਦੀਆਂ ਅਸਾਧਾਰਣ ਕਹਾਣੀਆਂ ਦੇ ਸਾਰ ਨੂੰ ਹਾਸਲ ਕਰਨ ਲਈ ਧਿਆਨ ਨਾਲ ਤਿਆਰ ਕੀਤਾ ਗਿਆ ਹੈ।ਇਹ ਵੀਡੀਓਜ਼ ਅੱਜ ਤੋਂ ਜਾਰੀ ਕੀਤੀਆਂ ਜਾਣਗੀਆਂ, ਜੋ ਦਰਸ਼ਕਾਂ ਨੂੰ ਇਨ੍ਹਾਂ ਅਸਾਧਾਰਨ ਵਿਅਕਤੀਆਂ ਦੀ ਦ੍ਰਿੜ੍ਹਤਾ, ਇੱਛਾ ਸ਼ਕਤੀ ਤੇ ਹਿੰਮਤ ਨਾਲ ਪ੍ਰੇਰਿਤ ਕਰਦੀਆਂ ਹਨ।

## ਵਾਈ ਐੱਸ ਪਬਲਿਕ ਸਕੂਲ ਥਾਂਦੇਵਾਲਾ ਦਾ ਨਤੀਜਾ ਸ਼ਾਨਦਾਰ




**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਵਾਈ. ਐੱਸ. ਪਬਲਿਕ ਸੀਨੀਅਰ ਸੈਕੰਡਰੀ ਸਕੂਲ ਥਾਂਦੇਵਾਲਾ ਦਾ 5ਵੀਂ ਜਮਾਤ ਦਾ ਨਤੀਜਾ ਸ਼ਾਨਦਾਰ ਰਿਹਾ ਹੈ।ਉਕਤ ਜਾਣਕਾਰੀ ਸਕੂਲ ਦੇ ਚੇਅਰਮੈਨ ਸ੍ਰ. ਜਸਵਿੰਦਰ ਸਿੰਘ, ਪ੍ਰਿੰਸੀਪਲ ਬੀਰਪਾਲ ਕੌਰ ਨੇ ਦਿੱਤੀ।ਉਨ੍ਹਾਂ ਦੱਸਿਆ ਕਿ ਸੁਖਮਨੀ ਕੌਰ ਨੇ 500 'ਚੋਂ 490 ਅੰਕ ਲੈ ਕੇ ਸਕੂਲ 'ਚੋਂ ਪਹਿਲਾ, ਮਨਜੋਤ ਕੌਰ ਨੇ 500 'ਚੋਂ 486 ਅੰਕ ਲੈ ਕੇ ਦੂਜਾ ਤੇ ਮਹਿਕਪ੍ਰੀਤ ਕੌਰ ਨੇ 500 'ਚੋਂ 484 ਅੰਕ ਲੈ ਕੇ ਤੀਜਾ ਸਥਾਨ ਹਾਸਲ ਕੀਤਾ।ਇਸ ਤੋਂ ਇਲਾਵਾ ਸਕੂਲ ਦੇ ਬਾਕੀ ਵਿਦਿਆਰਥੀ ਵੀ ਚੰਗੇ ਅੰਕ ਲੈ ਕੇ ਪਾਸ ਹੋਏ ਹਨ।ਸ਼ਾਨਦਾਰ ਨਤੀਜਾ ਆਉਣ 'ਤੇ ਸਕੂਲ ਦੇ ਸਮੁੱਚੇ ਸਟਾਫ ਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ।

## ਹੋਲੀ ਹਾਰਟ ਸਕੂਲ ਦਾ ਦਸਵੀਂ ਦਾ ਨਤੀਜਾ ਸੌ ਫੀਸਦੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਹੋਲੀ ਹਾਰਟ ਪਬਲਿਕ ਸਕੂਲ ਲਹਿਰਾ ਮੁਹੱਬਤ ਦਾ ਦਸਵੀਂ ਜਮਾਤ ਦਾ ਨਤੀਜਾ ਸੌ ਫੀਸਦੀ ਰਿਹਾ। ਸਕੂਲ ਦੇ ਸਾਰੇ ਹੀ ਵਿਦਿਆਰਥੀ ਵਧੀਆ ਅੰਕ ਲੈ ਕੇ ਪਾਸ ਹੋਏ। ਸਕੂਲ 'ਚੋਂ ਸਹਿਜਪ੍ਰੀਤ ਕੌਰ ਨੇ 88% (572/650) ਅੰਕਾਂ ਨਾਲ ਪਹਿਲਾ ਤੇ ਅਕਿਤਿਆ ਨੇ 76.6% (498/650) ਅੰਕਾਂ ਨਾਲ ਦੂਜਾ ਸਥਾਨ ਹਾਸਲ ਕੀਤਾ। ਸਕੂਲ ਦੇ ਐੱਮ. ਡੀ. ਅਜੇ ਜਿੰਦਲ ਤੇ ਮੁੱਖ ਅਧਿਆਪਕ ਦਹੂਦ ਸਿੰਘ ਨੇ ਰਿਜ਼ਲਟ ਵਧੀਆ ਆਉਣ 'ਤੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਸਰਕਾਰੀ ਸਕੂਲ ਚੱਕ ਸੈਦੋਕੇ ਦਾ ਨਤੀਜਾ ਸੌ ਫੀਸਦੀ ਰਿਹਾ



**ਜਲਾਲਾਬਾਦ (ਜੀਤ ਕੁਮਾਰ)**-ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਦਸਵੀਂ ਜਮਾਤ ਦਾ ਸਾਲ 2023-24 ਦੇ ਘੋਸ਼ਿਤ ਨਤੀਜੇ ਦੇ ਦੌਰਾਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਸੈਦੋਕੇ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਸਾਰੇ ਵਿਦਿਆਰਥੀਆਂ ਨੇ ਸ਼ਾਨਦਾਰ ਅੰਕ ਪ੍ਰਾਪਤ ਕਰਕੇ ਇਲਾਕੇ ਤੇ ਸਕੂਲ ਦਾ ਨਾਮ ਰੋਸ਼ਨ ਕੀਤਾ ਹੈ। ਪ੍ਰਿੰਸੀਪਲ ਸ੍ਰੀਮਤੀ ਅਨੀਤਾ ਰਾਣੀ ਨੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਇਸੇ ਤਰ੍ਹਾਂ ਹੀ ਨਤੀਜੇ ਦੀ ਰੀਤ ਨੂੰ ਬਰਕਰਾਰ ਰੱਖਿਆ ਜਾਵੇਗਾ ਤੇ ਇਲਾਕੇ ਦੇ ਮਾਨ ਨੂੰ ਹੋਰ ਵਧਾਇਆ ਜਾਵੇਗਾ।

# ਦਲਜੀਤ ਸਿੰਘ ਚੀਮਾ ਨੇ ਕੀਤੀ ਹਲਕਾ ਡੇਰਾ ਬਾਬਾ ਨਾਨਕ 'ਚ ਪਲੇਠੀ ਮੀਟਿੰਗ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)- ਡੇਰਾ ਬਾਬਾ ਨਾਨਕ ਤੋਂ ਸ਼ੋਮਣੀ ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਰਵੀਕਰਨ ਸਿੰਘ ਕਾਹਲੋਂ ਵੱਲੋਂ ਅੱਜ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ਼ੋਮਣੀ ਅਕਾਲੀ ਦਲ ਬਾਦਲ ਦੇ ਉਮੀਦਵਾਰ ਡਾਕਟਰ ਦਲਜੀਤ ਸਿੰਘ ਚੀਮਾ ਦੇ ਹੱਕ ਵਿੱਚ ਡੇਰਾ ਬਾਬਾ ਨਾਨਕ ਦੇ ਯੁਵਰਾਜ ਗਾਰਡਨ ਵਿਖੇ ਪਲੇਠੀ ਮੀਟਿੰਗ ਕੀਤੀ ਗਈ ।ਇਸ ਮੀਟਿੰਗ ਵਿੱਚ ਹਲਕਾ ਡੇਰਾ ਬਾਬਾ ਨਾਨਕ ਦੇ ਸੀਨੀਅਰ ਅਕਾਲੀ ਆਗੂਆਂ ਤੇ ਵਰਕਰਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ । ਇਸ ਮੀਟਿੰਗ ਤੋਂ ਪਹਿਲਾਂ ਦਲਜੀਤ ਸਿੰਘ ਚੀਮਾ ਅਤੇ ਰਵੀਕਰਨ ਸਿੰਘ ਕਾਹਲੋਂ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਡੇਰਾ ਬਾਬਾ ਨਾਨਕ ਵਿਖੇ ਨਤਮਸਤਕ ਹੋਏ ।ਗੁਰਦੁਆਰਾ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਾਈ ਬਲਜੀਤ ਸਿੰਘ ਤਲਵੰਡੀ ਰਾਮਾ ਅਤੇ ਹੈਡ ਗ੍ਰੰਥੀ ਭਾਈ ਗੁਰਦੇਵ ਸਿੰਘ ਵੱਲੋਂ ਦਲਜੀਤ ਸਿੰਘ ਚੀਮਾ ਤੇ ਰਵੀਕਰਨ ਸਿੰਘ ਕਾਹਲੋਂ ਨੂੰ ਸਿਰਪਾਉ ਸਾਹਿਬ ਤੇ ਸ੍ਰੀ ਸਾਹਿਬ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ ।ਯੁਵਰਾਜ ਗਾਰਡਨ ਵਿਖੇ ਰੱਖੀ ਗਈ ਚੋਣ ਮੀਟਿੰਗ ਨੂੰ ਸੰਬੋਧਨ ਕਰਦਿਆਂ ਰਵੀਕਰਨ ਸਿੰਘ ਕਾਹਲੋਂ ਸਮੇਤ ਵੱਖ ਵੱਖ ਬੁਲਾਰਿਆਂ ਨੇ ਡਾਕਟਰ ਦਲਜੀਤ ਸਿੰਘ ਚੀਮਾ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਹਲਕਾ ਡੇਰਾ ਬਾਬਾ ਨਾਨਕ ਤੋਂ ਚੋਣਾਂ ਦੌਰਾਨ ਉਨ੍ਹਾਂ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਪਾਰਲੀਮੈਂਟ ਵਿੱਚ ਭੇਜਣਗੇ। ਇਸ ਮੌਕੇ ਅਕਾਲੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਉਮੀਦਵਾਰ ਡਾ. ਚੀਮਾ ਨੇ ਕਿਹਾ ਕਿ ਰਵੀਕਰਨ ਸਿੰਘ ਕਾਹਲੋਂ ਵੱਲੋਂ ਰੱਖੀ ਗਈ ਚੋਣ ਮੀਟਿੰਗ ਕਾਨਫਰੰਸ ਦਾ ਰੂਪ ਧਾਰਨ ਕਰ ਗਈ ਹੈ ।ਉਨ੍ਹਾਂ ਕਿਹਾ ਕਿ ਪਹਿਲਾਂ ਡੇਰਾ ਬਾਬਾ ਨਾਨਕ ਹਲਕੇ ਦੇ ਲੋਕਾਂ ਦੀ ਸੇਵਾ ਰਵੀਕਰਨ ਸਿੰਘ ਕਾਹਲੋਂ ਦੇ ਪਿਤਾ ਮਰਹੂਮ ਨਿਰਮਲ ਸਿੰਘ ਕਾਹਲੋਂ ਕਰਦੇ ਸਨ ਤੇ ਹੁਣ ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲਦਿਆਂ ਉਨ੍ਹਾਂ ਦੇ ਹੋਣਹਾਰ ਸਪੁੱਤਰ ਰਵੀਕਰਨ ਸਿੰਘ ਕਾਹਲੋਂ ਵੱਲੋਂ ਕੀਤੀ ਜਾ ਰਹੀ ਹੈ। ਇਸ ਪਰਵਾਰ ਦਾ ਪਿਆਰ ਅੱਜ ਮੈਨੂੰ ਮੀਟਿੰਗ ਤੋਂ ਦੇਖਣ ਨੂੰ ਮਿਲ ਰਿਹਾ ਹੈ ।ਉਨ੍ਹਾਂ ਕਿਹਾ ਕਿ ਮੈਂ ਇਸ ਸਰਹੱਦੀ ਜ਼ਿਲ੍ਹਾ ਗੁਰਦਾਸਪੁਰ ਦਾ ਜੰਮਪਲ ਹਾਂ, ਜਿਸ ਕਰਕੇ ਸਰਹੱਦੀ ਤੇ ਕੰਢੀ ਇਲਾਕੇ ਦੇ ਲੋਕਾਂ ਦੀਆਂ ਮੁਸ਼ਕਲਾਂ ਨੂੰ ਮੈਂ ਭਲੀਭਾਂਤ ਜਾਣਦਾ ਹਾਂ। ਉਨ੍ਹਾਂ ਪਾਰਟੀ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਸਾਰੇ ਮੱਤਭੇਦ ਭੁਲਾ ਕਿ ਤੇ ਮੈਨੂੰ ਪਾਰਲੀਮੈਂਟ ਵਿੱਚ ਭੇਜਣ ਤਾਂ ਜੋ ਮੈਂ ਉਨ੍ਹਾਂ ਦੀ ਅਵਾਜ਼ ਬਣ ਕੇ ਸੰਸਦ ਵਿੱਚ ਗੂੰਜ ਸਕਾਂ ।ਇਸ ਮੌਕੇ ਜਸਬੀਰ ਸਿੰਘ ਘੁੰਮਣ, ਗੁਰਇਕਬਾਲ ਸਿੰਘ ਮਾਹਲ, ਗੁਰਪ੍ਰਤਾਪ ਸਿੰਘ ਖੁਸ਼ਹਾਲਪੁਰ, ਐਡਵੋਕੇਟ ਪ੍ਰਮੀਤ ਸਿੰਘ ਬੇਦੀ, ਜਥੇਦਾਰ ਅਮਰੀਕ ਸਿੰਘ ਖਲੀਲਪੁਰ, ਜਥੇਦਾਰ ਰਜਿੰਦਰ ਸਿੰਘ ਵੇਰੋਕੇ, ਬੀਬੀ ਬਲਵਿੰਦਰ ਕੌਰ ਵਡਾਲਾ ਬਾਂਗਰ, ਜਗਰੂਪ ਸਿੰਘ ਸ਼ਾਹਪੁਰ, ਐਡਵੋਕੇਟ ਯੁਵਰਾਜ ਸਿੰਘ ਬੇਦੀ, ਮਨਮੋਹਨ ਸਿੰਘ ਪੱਖੋਕੇ, ਸੁੱਚਾ ਸਿੰਘ ਮੰਮਣ, ਬਲਰਾਜ ਸਿੰਘ ਰੰਧਾਵਾ, ਰਸ਼ਪਾਲ ਸਿੰਘ ਢਿੱਲੋਂ, ਜੋਗਾ ਸਿੰਘ ਮਾਨ, ਸਤਬੀਰ ਸਿੰਘ ਬਿੱਟੂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਡੇਰਾ ਬਾਬਾ ਨਾਨਕ ਹਲਕੇ ਦੇ ਅਕਾਲੀ ਵਰਕਰ ਤੇ ਆਗੂ ਹਾਜ਼ਰ ਸਨ ।

## ਡਿਪਟੀ ਕਮਿਸ਼ਨਰ ਨੇ ਦਾਣਾ ਮੰਡੀ ਭਿੱਖੀਵਿੰਡ ਵਿਖੇ ਕਣਕ ਦੀ ਖਰੀਦ ਸ਼ੁਰੂ ਕਰਵਾਈ



ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ) ਡਿਪਟੀ ਕਮਿਸ਼ਨਰ ਤਰਨ ਤਾਰਨ ਸੰਦੀਪ ਕੁਮਾਰ ਵੱਲੋਂ ਦਾਣਾ ਮੰਡੀ ਭਿੱਖੀਵਿੰਡ ਵਿੱਚ ਕਣਕ ਦੀ ਆਮਦ ਦਾ ਜਾਇਜ਼ਾ ਲੈਣ ਉਪਰੰਤ ਕਣਕ ਦੀ ਖ਼ਰੀਦ ਸ਼ੁਰੂ ਕਰਵਾ ਦਿੱਤੀ ਹੈ।ਇਸ ਮੌਕੇ ਉਨ੍ਹਾਂ ਨਾਲ ਏ.ਡੀ.ਸੀ ਜਨਰਲ ਤਰਨ ਤਾਰਨ ਤੋਂ ਇਲਾਵਾ ਸੰਬੰਧਤ ਵਿਭਾਗਾਂ ਤੇ ਖਰੀਦ ਏਜੰਸੀਆਂ ਦੇ ਨੁਮਾਇੰਦੇ ਵੀ ਹਾਜ਼ਰ ਸਨ।ਇਸ ਮੌਕੇ ਡਿਪਟੀ ਕਮਿਸ਼ਨਰ ਤਰਨ ਤਾਰਨ ਸੰਦੀਪ ਕੁਮਾਰ ਨੇ ਦਾਣਾ ਮੰਡੀ ਭਿੱਖੀਵਿੰਡ ਵਿਖੇ ਕਣਕ ਦੀ ਖਰੀਦ ਸ਼ੁਰੂ ਕਰਵਾਉਣ ਉਪਰੰਤ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਲ੍ਹੇ ਦੀਆਂ ਦਾਣਾ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਪ੍ਰਕਿਰਿਆ ਦਾ ਕੰਮ ਬੜੇ ਸੁਚਾਰੂ ਤਰੀਕੇ ਨਾਲ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਲ੍ਹੇ ਦੇ ਸਮੂਹ ਖਰੀਦ ਕੇਂਦਰਾਂ ਵਿੱਚ ਕਣਕ ਦੀ ਨਿਰਵਿਘਨ ਤੇ ਸਚਾਰੂ ਖਰੀਦ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਹਾਲੇ ਕਣਕ ਦੀ ਖ਼ਰੀਦ ਦਾ ਸ਼ੁਰੂਆਤੀ ਦੌਰ ਚੱਲ ਰਿਹਾ ਹੈ ਤੇ ਉਨ੍ਹਾਂ ਦੇ ਅੱਜ ਦੇ ਦੌਰੇ ਦਾ ਮਕਸਦ ਪਕਮੀਆਂ ਪੇਸ਼ੀਆਂ ਨੂੰ ਦੂਰ ਕਰਨਾ ਹੈ।ਇਸ ਮੌਕੇ ਉਨ੍ਹਾਂ ਅਧਿਕਾਰੀਆਂ ਤੇ ਠੇਕੇਦਾਰਾਂ ਨੂੰ ਖ਼ਾਸ ਤੌਰ 'ਤੇ ਹਦਾਇਤ ਦਿੱਤੀ ਕਿ ਕਣਕ ਦੀ ਖ਼ਰੀਦ ਸੰਬੰਧੀ ਕਿਸਾਨਾਂ ਤੇ ਆੜ੍ਹਤੀਆਂ ਨੂੰ ਕਿਸੇ ਵੀ ਪ੍ਰਕਾਰ ਦੀ ਮੁਸ਼ਕਲ ਨਾ ਆਉਣ ਦਿੱਤੀ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਸਮੂਹ ਖਰੀਦ ਕੇਂਦਰਾਂ ਵਿੱਚ ਕਣਕ ਦੀ ਆਮਦ, ਖ਼ਰੀਦ, ਲਿਫਟਿੰਗ ਦਾ ਕੰਮ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ ਤੇ ਇਨ੍ਹਾਂ ਪ੍ਰਬੰਧਾਂ ਨੂੰ ਇਸੇ ਤਰ੍ਹਾਂ ਬਰਕਰਾਰ ਰੱਖਿਆ ਜਾਵੇਗਾ ਤੇ ਜੇਕਰ ਕਿਸੇ ਨੂੰ ਵੀ ਕੋਈ ਮੁਸ਼ਕਲ ਪੇਸ਼ ਆਵੇਗੀ, ਉਸਦਾ ਹੱਲ ਸੰਬੰਧਤ ਅਧਿਕਾਰੀਆਂ ਵੱਲੋਂ ਤੁਰੰਤ ਕੀਤਾ ਜਾਵੇਗਾ।ਇਸ ਮੌਕੇ ਡਿਪਟੀ ਕਮਿਸ਼ਨਰ ਵੱਲੋਂ ਆਪਣੇ ਕਣਕ ਦੀ ਫ਼ਸਲ ਵੇਚਣ ਆਏ ਕਿਸਾਨ ਨਾਲ ਗੱਲਬਾਤ ਕੀਤੀ ਗਈ ਅਤੇ ਖ਼ਰੀਦ ਪ੍ਰੀਕ੍ਰਿਆ ਸੰਬੰਧੀ ਜਾਣਕਾਰੀ ਇਕੱਤਰ ਕੀਤੀ ਗਈ। ਇਸ ਮੌਕੇ ਉਨ੍ਹਾਂ ਕਿਸਾਨਾਂ ਤੋਂ ਮੰਡੀ ਵਿਖੇ ਆ ਰਹੀਆਂ ਮੁਸ਼ਕਲਾਂ ਬਾਰੇ ਵੀ ਪੁੱਛਿਆ ਗਿਆ।ਹਾਜ਼ਰ ਕਿਸਾਨਾਂ ਵੱਲੋਂ ਖ਼ਰੀਦ ਦੇ ਪ੍ਰਬੰਧਾਂ ਨੂੰ ਲੈ ਕੇ ਤਸੱਲੀ ਪ੍ਰਗਟਾਈ ਗਈ। ਇਸ ਮੌਕੇ ਮਾਰਕੀਟ ਕਮੇਟੀ ਦਫਤਰ ਭਿੱਖੀਵਿੰਡ ਦੇ ਸੈਕਟਰੀ ਅਨਿਲ ਅਰੋੜਾ, ਨਗਰ ਪੰਚਾਇਤ ਭਿੱਖੀਵਿੰਡ ਦੇ ਪ੍ਰਧਾਨ ਸਕੱਤਰ ਸਿੰਘ ਡਲੀਰੀ ਤੋਂ ਇਲਾਵਾ ਮਾਰਕੀਟ ਕਮੇਟੀ ਦਫ਼ਤਰ ਭਿੱਖੀਵਿੰਡ ਦੇ ਸੁਪਰਵਾਈਜ਼ਰ ਗੁਰਮੀਤ ਸਿੰਘ ਤੋਂ ਇਲਾਵਾ ਹੋਰ ਵੀ ਅਧਿਕਾਰੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

## ਜਿਹੜੇ ਕੰਮ ਸੱਤਰ ਸਾਲਾਂ 'ਚ ਨਹੀਂ ਹੋਏ ਮਾਨ ਸਰਕਾਰ ਨੇ ਦੋ ਸਾਲਾਂ 'ਚ ਹੀ ਕਰ ਵਿਖਾਏ: ਜੱਗਾ ਮਜੀਠਾ



ਮਜੀਠਾ (ਸੋਇਮ ਆਨੰਦ)- ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਜਿਜੇਆਣੀ ਵਿਖੇ ਆਮ ਆਦਮੀ ਪਾਰਟੀ ਦੇ ਵਰਕਰਾਂ ਦੀ ਇੱਕ ਵਿਸ਼ੇਸ਼ ਚੋਣ ਮੀਟਿੰਗ ਮਾਰਕੀਟ ਕਮੇਟੀ ਦੇ ਚੇਅਰਮੈਨ ਬਲਜੀਤ ਸਿੰਘ ਜਿਜੇਆਣੀ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਅੰਮ੍ਰਿਤਸਰ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਮੁੱਖ ਮਹਿਮਾਨ ਅਤੇ ਹਲਕਾ ਮਜੀਠਾ ਦੇ ਇੰਚਾਰਜ ਜਗਵਿੰਦਰ ਪਾਲ ਸਿੰਘ ਜੱਗਾ ਮਜੀਠਾ ਵਿਸ਼ੇਸ਼ ਤੌਰ 'ਤੇ ਸ਼ਾਮਿਲ ਹੋਏ। ਸੰਬੋਧਨ ਕਰਦਿਆਂ ਜੱਗਾ ਮਜੀਠਾ ਨੇ ਕਿਹਾ ਕਿ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪਿਛਲੇ ਦੋ ਸਾਲਾਂ ਵਿੱਚ ਜਿਹੜੇ ਲੋਕ ਭਲਾਈ ਦੇ ਕੰਮ ਕੀਤੇ, ਪਿਛਲੀਆਂ ਸਰਕਾਰਾਂ ਨੇ 70 ਸਾਲਾਂ 'ਚ ਨਹੀਂ ਕਰਵਾਏ। ਇਸ ਮੌਕੇ ਕੁਲਦੀਪ ਸਿੰਘ ਧਾਲੀਵਾਲ ਨੇ ਵਿਰੋਧੀ ਪਾਰਟੀਆਂ 'ਤੇ ਤੰਜ ਕੱਸਦਿਆਂ ਕਿਹਾ ਕਿ ਆਪ ਦੇ ਸੁਪ੍ਰੀਮੋ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਗਏ ਕੰਮਾਂ ਤੋਂ ਬੁਖਲਾਹਟ ਵਿੱਚ ਆਣ ਕੇ ਪਾਰਟੀਆਂ ਗਲਤ ਬਿਆਨਬਾਜ਼ੀਆਂ ਕਰ ਰਹੀਆਂ ਹਨ। ਇਨ੍ਹਾਂ ਨੇ ਸੱਤਰ ਸਾਲ ਪੰਜਾਬ ਦੀ ਜਨਤਾ ਨੂੰ ਬਹੁਤ ਲੁੱਟਿਆ ਤੇ ਕੁੱਟਿਆ ਹੈ। ਧਾਲੀਵਾਲ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਪੰਜਾਬ ਨੂੰ ਸੱਤਾ ਦੇ ਪਹਿਲੇ ਸਾਲ ਹੀ ਕਈ ਅਹਿਮ ਸਹੂਲਤਾਂ ਨਾਲ ਨਿਵਾਜਿਆ ਹੈ।ਇਸ ਮੌਕੇ ਧਾਲੀਵਾਲ, ਬਲਜਿੰਦਰ ਸਿੰਘ ਢਿੱਲੋਂ, ਜ਼ਿਲਾ ਪਰਧਾਨ ਤੇ ਹਲਕਾ ਇਚਾਰਜ ਜਗਵਿੰਦਰ ਪਾਲ ਸਿੰਘ ਜੱਗਾ ਮਜੀਠਾ, ਆਕਾਸ਼ਦੀਪ ਸਿੰਘ ਮਜੀਠਾ, ਸਤਿੰਦਰ ਸਿੰਘ ਸ਼ਾਹ, ਕਾਬੁਲ ਸਿੰਘ ਮਜੀਠਾ, ਲਾਲੀ ਢਿੰਗ ਨੰਗਲ, ਬਲਾਕ ਪ੍ਰਧਾਨਾਂ ਵਿੱਚ ਚੇਅਰਮੈਨ ਬਲਜੀਤ ਸਿੰਘ ਜਿਜੇਆਣੀ, ਪਰਿਤਪਾਲ ਸਿੰਘ ਬੱਲ, ਰਾਜਬੀਰ ਸਿੰਘ ਰੋੜੀ, ਬਲਵਿੰਦਰ ਸਿੰਘ ਕੱਥੂਨੰਗਲ, ਨਿਸ਼ਾਨਬੀਰ ਸਿੰਘ, ਭੁਪਿੰਦਰ ਸਿੰਘ ਭਗਵਾਂ, ਵਿਜੇ ਮਸੀਹ ਸਪਾਰੀਵਿੰਡ, ਰਸ਼ਪਾਲ ਸਿੰਘ ਬਾਜਵਾ, ਰਾਜ ਕੁਮਾਰ ਲੱਧੜ, ਗੁਰਮੁੱਖ ਸਿੰਘ ਮੁੱਗੋਸੋਹੀ, ਸੁਖਚੈਨ ਸਿੰਘ ਤਲਵੰਡੀ, ਜਸਪਾਲ ਸਿੰਘ ਭੰਗਾਲੀ, ਸੁਰਿੰਦਰ ਸਿੰਘ ਹੀਰੋ ਕੈਰੋਂਨੰਗਲ, ਮੰਗਲ ਮਸੀਹ ਟਰਪਈ, ਬੰਟੀ ਢਿੰਗਨੰਗਲ, ਪਰਮਿੰਦਰ ਸਿੰਘ ਰਮੁਾਣਾ, ਤਰਸੇਮ ਸਿੰਘ ਰੁਮਾਣਾ, ਭਗਵਾਨ ਸਿੰਘ ਬੋੜੇਵਾਲ, ਅਮਰਜੀਤ ਸਿੰਘ ਜਿਜੇਆਣੀ, ਪਰਤਾਪ ਸਿੰਘ, ਰਾਜਵਿੰਦਰ ਕੌਰ, ਸਤਿੰਦਰ ਸਿੰਘ ਮਰੜੀ, ਲਖਵਿੰਦਰ ਸਿੰਘ ਬੇਗੇਵਾਲ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਆਪ ਵਰਕਰ ਹਾਜ਼ਰ ਸਨ ।

## ਗੁਰੂ ਨਾਨਕ ਦੇਵ ਪਬਲਿਕ ਹਾਈ ਸਕੂਲ ਕੋਟਲਾ ਤਰਖਾਣਾਂ ਦਾ ਨਤੀਜਾ ਸ਼ਾਨਦਾਰ ਰਿਹਾ



ਮੱਤੇਵਾਲ (ਦਵਿੰਦਰ ਸਿੰਘ ਤਰਸਿੱਕਾ)- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਕਲਾਸ ਦੇ ਐਲਾਨੇ ਗਏ ਨਤੀਜੇ ਦੌਰਾਨ ਗੁਰੂ ਨਾਨਕ ਦੇਵ ਪਬਲਿਕ ਹਾਈ ਸਕੂਲ ਕੋਟਲਾ ਤਰਖਾਣਾਂ ਦਾ ਨਤੀਜਾ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸ਼ਾਨਦਾਰ ਰਿਹਾ।

ਇਸ ਮੌਕੇ ਪ੍ਰਿੰਸੀਪਲ ਮੈਡਮ ਰਾਜਪ੍ਰੀਤ ਕੌਰ ਨੇ ਦੱਸਿਆ ਕਿ ਕਾਲਾਸ ਦੇ ਨਤੀਜੇ ਦੌਰਾਨ ਦਮਨਜੋਤ ਕੌਰ ਨੇ 85% ਅੰਕ ਹਾਸਲ ਕਰਕੇ ਸਕੂਲ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ, ਪ੍ਰੀਆ ਅਤੇ ਗੁਰ ਸਾਹਿਬ ਸਿੰਘ ਨੇ 82% ਅੰਕ ਪ੍ਰਾਪਤ ਕਰਕੇ ਦੂਸਰਾ ਸਥਾਨ ਹਾਸਿਲ ਕੀਤਾ ਅਤੇ ਅਤੇ ਗੁਰਪ੍ਰੀਤ ਸਿੰਘ ਨੇ 81% ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ ਬਾਕੀ ਵਿਦਿਆਰਥੀਆਂ ਨੇ ਵੀ 80% ਤੋਂ ਉੱਪਰ ਅੰਕ ਪ੍ਰਾਪਤ ਕਰਕੇ ਚੰਗੀਆਂ ਪੁਜ਼ੀਸ਼ਨਾਂ ਵਿੱਚ ਦਸਵੀਂ ਪਾਸ ਕਰਕੇ ਸਕੂਲ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਸਕੂਲ ਮੈਨੇਜਰ ਸਰਦਾਰ ਜੋਗਿੰਦਰ ਸਿੰਘ ਨੇ ਸਕੂਲ ਦੇ ਨਤੀਜੇ ਤੇ ਤਸੱਲੀ ਪ੍ਰਗਟਾਉਂਦਿਆਂ ਕਿਹਾ ਕਿ ਸਕੂਲ ਸਟਾਫ ਦੀ ਸਖਤ ਮਿਹਨਤ ਸਦਕਾ ਹੀ ਹਰ ਸਾਲ ਸਕੂਲ ਦਾ ਨਤੀਜਾ ਸ਼ਾਨਦਾਰ ਰਹਿੰਦਾ ਹੈ। ਮੈਨੇਜਰ ਸਾਹਿਬ ਨੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਆਪਣੇ ਉਜਵਲ ਭਵਿੱਖ ਲਈ ਸਖਤ ਮਿਹਨਤ ਕਰਨ ਕਿਉਂਕਿ ਕਿਸੇ ਵੀ ਖੇਤਰ ਵਿੱਚ ਕੀਤੀ ਮਿਹਨਤ ਕਦੇ ਵਿਅਰਥ ਨਹੀਂ ਜਾਂਦੀ।

ਇਸ ਮੌਕੇ ਚੰਗੀਆਂ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਸਮੇਂ ਸਕੂਲ ਸਟਾਫ ਦੇ ਬੱਚੇ ਵੀ ਹਾਜ਼ਰ ਸਨ।

## ਭ੍ਰਿਸ਼ਟਾਚਾਰ ਦੇ ਦੋਸ਼ 'ਚ ਐੱਸ ਐੱਚ ਓ 'ਤੇ ਮੁਕੱਦਮਾ ਦਰਜ

ਚੰਡੀਗੜ੍ਹ (ਕ੍ਰਿਸ਼ਨ ਗਰਗ)- ਹਰਿਆਣਾ ਐਂਟੀ ਕੁਰੱਪਸ਼ਨ ਬਿਊਰੋ ਦੀ ਟੀਮ ਵੱਲੋਂ ਪਾਣੀਪਤ ਜ਼ਿਲ੍ਹਾ ਵਿਚ ਕੰਮ ਕਰ ਰਹੇ ਇੰਸਪੈਕਟਰ ਬਿਲਾਸਾਰਾਮ ਅਤੇ ਨਿੱਜੀ ਵਿਅਕਤੀ ਧਰਮੇਂਦਰ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਮੁਕੱਦਮਾ ਦਰਜ ਕੀਤਾ ਗਿਆ। ਇਸ ਮਾਮਲੇ ਵਿਚ ਦੋਸ਼ੀ ਧਰਮੇਂਦਰ ਨੂੰ ਦੇਰ ਸ਼ਾਮ 100000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਗ੍ਰਿਫਤਾਰ ਕੀਤਾ ਗਿਆ ਜਦੋਂ ਕਿ ਦੋਸ਼ੀ ਇੰਸਪੈਕਟਰ ਬਿਲਾਸਾਰਾਮ ਮੌਕੇ ਤੋਂ ਫਰਾਰ ਹੋ ਗਿਆ।ਬਿਊਰੋ ਦੇ ਬੁਲਾਰੇ ਨੇ ਇਸ ਬਾਰੇ ਵਿਚ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਏ ਸੀ ਬੀ ਦੀ ਟੀਮ ਨੂੰ ਸ਼ਿਕਾਇਤ ਪ੍ਰਾਪਤ ਹੋਈ ਕਿ ਪਾਣੀਪਤ ਦੇ ਸੈਕਟਰ 13/17 ਪੁਲਸ ਥਾਣੇ ਵਿਚ ਕੰਮ ਕਰ ਰਹੇ ਐਸ ਐਚ ਓ ਬਿਲਾਸਾਰਾਮ ਅਤੇ ਨਿੱਜੀ ਵਿਅਕਤੀ ਧਰਮੇਂਦਰ ਵੱਲੋਂ ਸ਼ਿਕਾਇਤਕਰਤਾ ਦੇ ਦੋਸਤ ਦਾ ਨਾਂਅ ਐਫ ਆਈ ਆਰ ਵਿੱਚੋਂ ਕੱਢਣ ਦੇ ਬਦਲੇ ਵਿਚ 100000 ਰੁਪਏ ਦੀ ਰਿਸ਼ਵਤ ਦੀ ਮੰਗ ਕੀਤੀ ਜਾ ਰਹੀ ਹੈ। ਬਿਊਰੋ ਕਰਨਾਲ ਦੀ ਟੀਮ ਨੇ ਮਾਮਲੇ ਦੀ ਜਾਂਚ ਪੜਤਾਲ ਕਰਦੇ ਹੋਏ ਦੋਵਾਂ ਦੋਸ਼ੀਆਂ ਨੂੰ ਫੜਨ ਲਈ ਯੋਜਨਾ ਬਣਾਈ ਅਤੇ ਦੋਸ਼ੀ ਧਰਮੇਂਦਰ ਨੂੰ 100000 ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥਾਂ ਗ੍ਰਿਫਤਾਰ ਕੀਤਾ ਗਿਆ ਜਦੋਂ ਕਿ ਹੋਰ ਦੋਸ਼ੀ ਇੰਸਪੈਕਟਰ ਮੌਕੇ ਤੋਂ ਫਰਾਰ ਹੋ ਗਿਆ।

### Family Court, Nabha

(U/o 5 Rule 20 CPC)
In the Court of
**Sh. Muneesh Arora**
Principal Judge, Family Court, Nahba
CNR No. PBPTFF3-000294-2023
Next Date : 16.05.2024

Jagsir Singh
Vs.
Kamlesh Kaur

Publication issued to : Kamlesh Kaur D/o Harbans Singh R/o Peerkhana Road, Ravidasia Mandir, Khanna, Distt. Ludhiana 81968-72623, 75080-05893

in above titled case, the defendant (s)/respondent (s) could not be served. It is ordered that defendant (s) respondant (s) should appear in person or through counsel on 16.05.2024 at 10:00 A.M.

For details logon to https://highcourtchd.gov.in/?trs=district notice&district=Patiala

Principal Judge, Family Court, Nahba
Dated this day of 12.04.2024

### ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਨਾਇਬ ਤਹਿਸੀਲਦਾਰ-ਕਮ-ਏ ਸੀ-1, ਗੁਰਾਇਆ

ਵਿਸ਼ਾ : ਵਸੀਅਤ ਰਜਿਸਟ੍ਰੇਸ਼ਨ ਐਕਟ 1908 ਦੀ ਧਾਰਾ 40 ਦੇ ਅਧੀਨ ਰਜਿਸਟਰ ਕਰਨ ਸੰਬੰਧੀ

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਸ੍ਰੀ ਐਰਨ ਜਨਜੀਤ ਸਿੰਘ ਪੁੱਤਰ ਲੇਟ ਸ੍ਰੀ ਸੁਰਜੀਤ ਸਿੰਘ ਵਾਸੀ ਪਿੰਡ ਗੋਹਾਵਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਨੇ ਦਰਖਾਸਤ ਦਿੱਤੀ ਕਿ ਉਸ ਦੇ ਪਿਤਾ ਸੁਰਜੀਤ ਸਿੰਘ ਪੁੱਤਰ ਲੇਟ ਲਛਮਣ ਸਿੰਘ ਵਾਸੀ ਪਿੰਡ ਗੋਹਾਵਰ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ ਦੀ ਮੌਤ 23/02/2024 ਨੂੰ ਹੋ ਚੁੱਕੀ ਹੈ। ਉਨ੍ਹਾ ਨੇ ਆਪਣੀ ਮੌਤ ਤੋਂ ਪਹਿਲਾਂ ਮਿਤੀ 30/09/2023 ਨੂੰ ਇੱਕ ਅਣ-ਰਜਿਸਟਰਡ ਵਸੀਅਤ ਆਪਣੇ ਪੁੱਤਰ ਸ੍ਰੀ ਐਰਨ ਜਨਜੀਤ ਸਿੰਘ ਯਾਨੀ ਮੇਰੇ ਹੱਕ ਵਿੱਚ ਕੀਤੀ ਸੀ। ਇਹ ਵਸੀਅਤ ਧਾਰਾ 40 ਦੇ ਅਧੀਨ ਰਜਿਸਟਰਡ ਕੀਤੀ ਜਾਵੇ।

ਇਹ ਵਸੀਅਤ ਰਜਿਸਟ੍ਰੇਸ਼ਨ ਐਕਟ 1908 ਦੀ ਧਾਰਾ 40 ਦੇ ਅਧੀਨ ਰਜਿਸਟਰਡ ਕੀਤੀ ਜਾਣੀ ਹੈ। ਜੇਕਰ ਇਸ ਵਸੀਅਤ ਦੇ ਰਜਿਸਟਰਡ ਹੋਣ ਵਿੱਚ ਕਿਸੇ ਨੂੰ ਵੀ ਇਤਰਾਜ਼ ਹੋਵੇ ਤਾਂ 21 ਦਿਨਾਂ ਦੇ ਅੰਦਰ-ਅੰਦਰ ਆਪਣੇ ਇਤਰਾਜ਼ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਹਾਜ਼ਰ ਆ ਕੇ ਪੇਸ਼ ਕਰ ਸਕਦਾ ਹੈ। ਇਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਵਸੀਅਤ ਰਜਿਸਟਰਡ ਕਰਨ ਦੀ ਅਗਲੀ ਕਾਰਵਾਈ ਆਰੰਭੀ ਜਾਵੇਗੀ।

ਸਹੀ/- ਸਬ-ਰਜਿਸਟਰਾਰ, ਗੁਰਾਇਆ
ਨੰਬਰ 32, ਆਰ ਸੀ/ਮਿਤੀ 15/04/2024

### Court Notice

(U/o 5 Rule 20 CPC)
In the Court of
**Mrs. Manzra Dutta**
Civil Judge (Junior Division)
Kharar
CNR No. PBSAA0-001208-2023
Next Date : 07-05-2024

Jaspreet Singh Bajwa
Vs.
Ribka

Publication issued to : Ribka W/o Maan Singh R/o H.No. 19, Rehmat Enclave, Sector 124, Harpalpur, Kharar, Tehsil Kharar, Distt. SAS Nagar, Mohali, Punjab

in above titled case, the defendant (s)/respondent (s) could not be served. It is ordered that defendant (s) respondant (s) should appear in person or through counsel on 07.05.2024 at 10:00 A.M.

For details logon to https://highcourtchd.gov.in/?trs=district notice&district=SAS Nagar

Civil Judge (Junior Division), Kharar
Dated this day of 19.04.2024

### Court Notice

In the Court of
Sh. Akbar Khan
Judicial Magistrate, Ist Class-3, Patiala
CNR No. PBPT03-001190-2020
Next Date : 02-05-2024

State Bank of India
Vs.
Manpreet Singh

Publication issued to : Manpreet Singh S/o Baljit Singh R/o H.No. 99, Kartar Colony, Near Naina Devi Mandir, Ablowal, Patiala

in above titled case, the accused could not be served. It is ordered that accused should appear in person or through counsel on 02.05.2024 at 10:00 A.M.

For details logon to https://highcourtchd.gov.in/?trs=district notice&district=Patiala

Judicial Magistrate, Ist Class-3, Patiala
Dated this day of 15.04.2024

### Court Notice

(U/o 5 Rule 20 CPC)
(Under Guardian and Ward Act)
In the Court of
**Sh. Harvinder Singh**
Civil Judge (Senior Division)
Sangrur
CNR No. PBSG02-000405-2024
Next Date : 20-05-2024

Pooja Rani
Vs.
General Public

Notice to : General Public

in above titled case, the defendant (s)/respondent (s) could not be served. It is ordered that defendant (s) respondant (s) should appear in person or through counsel on 20.05.2024 at 10:00 A.M.

For details logon to https://highcourtchd.gov.in/?trs=district notice&district=Sangrur

Civil Judge (Senior Division), Sangrur
Dated this day of 20.04.2024

### ਉਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

**ਈ-ਨਿਵਿਦਾ ਸੂਚਨਾ**

ਮੰਡਲ ਇੰਜੀਨੀਅਰ-ਤੀਜਾ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਟੈਂਡਰ ਬੋਲੀ ਅੰਤਮ ਮਿਤੀ 13.05.2024 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਂਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਨਿਵਿਦਾ ਪ੍ਰਕਾਰ | ਨਿਵਿਦਾ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁਲ੍ਹਾ | ਕੰਮ | ਦੋ ਬੋਲੀ ਪ੍ਰਣਾਲੀ |
| ਨਿਵਿਦਾ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਦੀ ਮਿਤੀ ਅਤੇ ਸਮਾਂ |
| 19.04.2024 | 29.04.2024 | 13.05.2024 / 15:00 ਵਜੇ |

| ਲੜੀ ਨੰਬਰ | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | |
|---|---|---|---|---|
| 1. | 25-2024-25-ADEN-II-ASR | ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ ਅੰਮ੍ਰਿਤਸਰ ਦੇ ਤਹਿਤ ਆਉਣ ਵਾਲੇ ਅੰਮ੍ਰਿਤਸਰ-ਖੇਮਕਰਨ ਸੇਕਸ਼ਨ ਵਿਚ ਰੇਲਵੇ ਟ੍ਰੈਕ ਕਿਮੀ 6.934 ਤੇ ਸਹਾਇਕ ਮੰਡਲ ਇੰਜੀਨੀਅਰ-ਸੈਕਿੰਡ/ ਦੇ ਤਹਿਤ ਪੁਸ਼ਿੰਗ ਵਿਧੀ ਦੁਆਰਾ ਅੰਦਰੂਨੀ ਅਕਾਰ 2 x 5.0 ਮੀਟਰ x 5.0 ਮੀਟਰ (ਦਾਨਾ ਮੰਡੀ ਤੋਂ ਚੌਂਕੀ ਕੋਟ ਮਿਤ ਸਿੰਘ ਤਕ ਟਵਿਨ ਆਰਸੀਸੀ ਬਾਕਸ) ਦੇ ਰੋਡ ਅੰਡਰ ਬ੍ਰਿਜ ਦਾ ਨਿਰਮਾਣ। | | |
| | ਵਿਗਿਆਪਨ ਮੁੱਲ (ਰੁ) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | 10,27,85,136.56/- | 6,63,900.00/- | 90 ਦਿਨ | 12 ਮਹੀਨੇ |
| | ਸਮਾਨ ਨੇਚਰ ਦਾ ਕੰਮ : - ਬਾਕਸ ਪੁਸ਼ਿੰਗ/ਪਾਈਪ ਪੁਸ਼ਿੰਗ ਵਿਧੀ ਨਾਲ ਪੁਲ/ਸੀਮਿਤ ਉਚਾਈ ਵਾਲੇ ਸਬਵੇ ਦਾ ਨਿਰਮਾਣ''। | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ। 2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜੀ ਵਰਜਨ ਹੀ ਮਾਨਯ ਹੋਣਗੇ। ਨਿਵਿਦਾ ਸੂਚਨਾ ਪੱਤਰ ਨੰ.:- 25-2024-25-ADEN-II-ASR Date: 19.04.2024 1187/2024

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਕਲਾਸੀਫਾਈਡ ਇਸ਼ਤਿਹਾਰ

### Lost & Found

I, Sant Ram S/o Ram Sewak R/o BV III 206/26, New Laxmipura, Jalandhar declare that I have lost Registry Sale deed No. 4126 Dt. 14/11/1985 in the name of Radhey Shyam & Geeta Rani. If anybody found. Please contact me 94175-01629 (9851)

### ਲੋੜ ਹੈ

ਚੀਫ਼ ਖ਼ਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ, ਜੀ.ਟੀ.ਰੋਡ, ਅੰਮ੍ਰਿਤਸਰ ਨੂੰ ਇੰਟਰਨਲ ਆਡੀਟਰ (ਚਾਰਟਡ ਅਕਾਊਂਟੈਂਟ) ਦੀ ਲੋੜ ਹੈ. ਘੱਟੋ ਘੱਟ ਪੰਜ ਸਾਲ ਦਾ ਤਜਰਬਾ ਰੱਖਣ ਵਾਲੇ ਚਾਹਵਾਨ ਉਮੀਦਵਾਰ ਸਮੁੱਚੇ ਪੰਜਾਬ ਅਤੇ ਚੰਡੀਗੜ੍ਹ ਵਿਖੇ ਦੀਵਾਨ ਅਧੀਨ ਚੱਲ ਰਹੇ ਅਦਾਰਿਆਂ ਲਈ ਮਿਤੀ 25-04-2024 ਤੱਕ ckd_ca@chiefkhalsadiwan.com ਤੇ ਅਪਲਾਈ ਕਰ ਸਕਦੇ ਹਨ।

### ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 2/874, 5 ਬੀ ਐੱਚ ਪੀ, ਜੋ ਸ੍ਰੀ ਸੁਖਜਿੰਦਰ ਸਿੰਘ ਪੁੱਤਰ ਸਕੱਤਰ ਸਿੰਘ ਪਿੰਡ ਝਾਮਕੇ ਵਿਖੇ ਚਲਦਾ ਹੈ, ਬਦਲ ਕੇ ਮਨਪ੍ਰੀਤ ਕੌਰ ਪਤਨੀ ਸੁਖਜੀਤ ਸਿੰਘ ਵਾਸੀ ਬੱਲ, ਤਹਿਸੀਲ ਬਟਾਲਾ ਦੇ ਨਾਂਅ ਕਰਨਾ ਹੈ, ਜਿਸ ਕਿਸੇ ਨੂੰ ਇਤਰਾਜ਼ ਹੋਵੇ ਉਹ 15 ਦਿਨਾਂ ਦੇ ਅੰਦਰ-ਅੰਦਰ ਦਫਤਰ ਐੱਸ ਡੀ ਓ ਪੱਛਮ ਸ/ਡ ਉਮਰਪੁਰਾ, ਬਟਾਲਾ ਨੂੰ ਲਿਖਤੀ ਅਰਜ਼ੀ ਦੇਵੇ।

ਮੈਂ, ਰਵੀ ਗਿੱਲ ਪੁੱਤਰ ਲੇਟ ਬਲਵੀਰ ਮਸੀਹ ਵਾਸੀ ਹਰਦੋਬਥਵਾਲਾ ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰੀ ਮਾਤਾ ਕਮਲੇਸ਼, ਭੈਣ ਮਮਤਾ ਤੇ ਦਾਦੀ ਸੀਮਾ ਨਾਲ ਸਬੰਧਤ ਰਜਿਸਟਰੀ ਜਿਸ ਦਾ ਵਸੀਕਾ ਨੰਬਰ 241 ਹੈ ਜੋ ਕਿ ਗਲਤੀ ਨਾਲ ਲਿਖ ਦਿੱਤਾ ਗਿਆ ਹੈ ਪਰ ਉਸ ਸੀ ਜਗਾ ਵਸੀਕਾ ਨੰਬਰ 1627 ਮਿਤੀ 23-08-22 ਨੂੰ ਸਹੀ ਸਮਝਿਆ ਜਾਵੇ। ਉਕਤ ਰਜਿਸਟਰੀ 08-04-2024 ਨੂੰ ਮੇਰੇ ਕੋਲੋਂ ਗੁਮ ਹੋ ਗਈ ਸੀ। ਸਬੰਧਤ ਨੋਟ ਕਰਨ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ. ਏ ਪੀ 24-0343 ਐੱਕਸ ਸ੍ਰੀ ਲਖਬੀਰ ਸਿੰਘ ਪੁੱਤਰ ਸ੍ਰੀ ਪ੍ਰੀਤਮ ਸਿੰਘ ਪਿੰਡ ਰਾਹਲ-ਚਾਹਲ ਦੇ ਨਾਂਅ 'ਤੇ ਚੱਲਦਾ ਹੈ। ਇਸ ਕੁਨੈਕਸ਼ਨ ਦੇ ਨਾਂਅ ਦੀ ਬਦਲੀ ਕਰਨ ਵਾਸਤੇ ਸ੍ਰੀ ਰੁਪਿੰਦਰ ਸਿੰਘ+ਬਿਕਰਮਜੀਤ ਸਿੰਘ ਪੁੱਤਰ ਸਰੂਪ ਸਿੰਘ ਪਿੰਡ ਰਾਹਲ-ਚਾਹਲ ਨੇ ਉਪ ਮੰਡਲ ਸਰਹਾਲੀ ਨੂੰ ਬਿਨੈ ਪੱਤਰ ਦਿੱਤਾ ਹੈ। ਜੇਕਰ ਕਿਸੇ ਨੂੰ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ-ਅੰਦਰ ਉਪ ਮੰਡਲ ਸਰਹਾਲੀ ਨੂੰ ਲਿਖਤੀ ਤੌਰ 'ਤੇ ਸ਼ਿਕਾਇਤ ਕਰੋ, ਨਹੀਂ ਤਾਂ ਇਹ ਕੁਨੈਕਸ਼ਨ ਦੀ ਨਾਅ ਬਦਲੀ ਕਰ ਦਿੱਤੀ ਜਾਵੇਗੀ। ਬਾਅਦ ਵਿੱਚ ਕੋਈ ਇਤਰਾਜ਼ ਸਵੀਕਾਰ ਨਹੀਂ ਕੀਤਾ ਜਾਵੇਗਾ ਅਤੇ ਮਹਿਕਮੇ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ। (ਨਾਰੰਗ)

### ਬੇਦਖਲੀ ਨੋਟਿਸ

ਮੈਂ, ਜੁਗਰਾਜ ਸਿੰਘ ਪੁੱਤਰ ਲੇਟ ਸ੍ਰੀ ਸਵਰਨ ਸਿੰਘ ਵਾਸੀ ਮਕਾਨ ਨੰ. 37, ਕਰੋਲ ਬਾਗ, ਨੇੜੇ ਅਰਬਨ ਅਸਟੇਟ ਫੇਸ-2, ਜਲੰਧਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਭੁਪਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (9849)

ਮੈਂ, ਤੀਰਥ ਸਿੰਘ ਪੁੱਤਰ ਭਜਨ ਸਿੰਘ ਵਾਸੀ ਮੰਨਣ ਪੱਤੀ, ਪਿੰਡ ਸਿੰਘਾਂਵਾਲਾ, ਤਹਿਸੀਲ ਵਾ ਜ਼ਿਲ੍ਹਾ ਮੋਗਾ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਗਦੀਪ ਸਿੰਘ ਉਰਫ ਦੀਪੂ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। (ਮੋਗਾ)

ਮੈਂ, ਕੁਲਦੀਪ ਸਿੰਘ ਪੁੱਤਰ ਚਰਨ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਮਜੀਠਾ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਨਿਸ਼ਾਨਬੀਰ ਸਿੰਘ ਅਤੇ ਉਸ ਦੀ ਪਤਨੀ ਸੁਮਨਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਨਾਰੰਗ)

ਮੈਂ, ਵਿਜਯ ਕੁਮਾਰ ਪੁੱਤਰ ਸ੍ਰੀ ਰਾਮ ਨਾਥ ਵਾਸੀ ਮਕਾਨ ਨੰ. 2367, ਗਲੀ ਨੰ. 3, ਤੁੰਗਪਾਈ, ਅਬਾਦੀ ਧਰਮਪੁਰਾ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਕੁਆਰਾ ਲੜਕਾ ਵਿਵੇਕ ਕੁਮਾਰ ਉਰਫ ਵਿੱਕੀ (34) ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਨਾਰੰਗ)

ਮੈਂ, ਸੁਮਨ ਪਤਨੀ ਬਲਬੀਰ ਕੁਮਾਰ ਵਾਸੀ ਮਕਾਨ ਨੰਬਰ ਈ.ਸੀ. 98, ਕਾਜ਼ੀ ਮੁਹੱਲਾ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਹਲਫੀਆ ਬਿਆਨ ਕਰਦੀ ਹਾਂ ਕਿ ਮੇਰਾ ਛੋਟਾ ਲੜਕਾ ਗੋਰਵ ਵਾ ਇਸਦੀ ਪਤਨੀ ਮਾਨਸੀ, ਜੋਕਿ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਦੋਹਾਂ ਅਤੇ ਇਨ੍ਹਾਂ ਦੀ ਸੰਤਾਨ ਨਮਨ ਨੂੰ ਆਪਣੀ ਚੱਲ-ਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਕੋਈ ਵੀ ਇਨ੍ਹਾਂ ਨਾਲ ਕਿਸੇ ਕਿਸਮ ਦਾ ਲੈਣ-ਦੇਣ ਕਰੇਗਾ ਉਹ ਖੁੱਦ ਜ਼ਿੰਮੇਵਾਰ ਹੋਵੇਗਾ। ਸਾਰੇ ਸੰਬੰਧਤ ਨੋਟ ਕਰਨ।

ਮੈਂ, ਕੁਲਵਿੰਦਰ ਸਿੰਘ ਪੁੱਤਰ ਰਾਮ ਪ੍ਰਕਾਸ਼ ਵਾਸੀ ਪਿੰਡ ਕੰਗਮਾਈ, ਡਾਕਖਾਨਾ ਹਰਿਆਣਾ, ਤਹਿਸੀਲ ਤੇ ਜ਼ਿਲ੍ਹਾ ਹੁਸ਼ਿਆਰਪੁਰ ਸੂਚਿਤ ਕਰਦਾ ਹਾਂ ਕਿ ਮੇਰੀ ਲੜਕੀ ਹਰਪ੍ਰੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਅਸੀਂ ਜਮਾਲ ਪੁੱਤਰ ਅਲੀ ਹੁਸੈਨ ਅਤੇ ਸਰਜਹਾਂ ਪਤਨੀ ਜਮਾਲ ਦੋਵੇਂ ਵਾਸੀ ਮਕਾਨ ਨੰ. 1087, ਡਾ. ਬੀ ਆਰ ਅੰਬੇਦਕਰ ਗਲੀ, ਬੂਟਾ ਮੰਡੀ, ਜਲੰਧਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਅਲਾਉਦੀਨ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਰੇਖਾ ਰਾਣੀ ਪਤਨੀ ਲਛਮਣ ਰਾਮ ਵਾਸੀ ਬਾਜ਼ੀਗਰ ਬਸਤੀ ਬਡਬਰ ਤਹਿਸੀਲ ਵਾ ਜ਼ਿਲ੍ਹਾ ਬਰਨਾਲਾ ਸਵੈ ਘੋਸ਼ਣਾ ਕਰਦੀ ਹਾਂ ਕਿ ਮੇਰੀ ਲੜਕੀ ਰੀਨੂ ਰਾਣੀ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋ ਬੇਦਖਲ ਕਰਦੀ ਹਾਂ। ਇਸ ਦਾ ਮੇਰੇ ਪਰਿਵਾਰ ਅਤੇ ਰਿਸ਼ਤੇਦਾਰਾਂ ਨਾਲ ਕੋਈ ਸੰਬਧ ਨਹੀਂ ਹੈ। ਇਸ ਨਾਲ ਲੈਣ-ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਨਰਿੰਦਰ ਕੌਰ ਪਤਨੀ ਗੁਰਮੇਲ ਰਾਮ ਵਾਸੀ ਪਿੰਡ ਰਾਓਵਾਲੀ, ਨੂਰਪੁਰ, ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਰਿੰਕੀ ਰਾਣੀ ਜੋ ਕਿ ਅਜੇ ਕੁੰਆਰੀ ਹੈ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ, ਦਿਲਬਰ ਸਿੰਘ ਪੁੱਤਰ ਮਦਨ ਸਿੰਘ ਵਾਸੀ ਗਲੀ ਨੰ. 3, ਨਿਊ ਸ਼ਿਵ ਨਗਰ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਨਸੀਬ ਕੌਰ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਮੈਂ ਰੂਪ ਲਾਲ ਪੁੱਤਰ ਸੋਹਨ ਲਾਲ ਵਾਸੀ ਪਿੰਡ ਖੋਥੜਾ ਜਿਲਾ ਸ਼ਹੀਦ ਭਗਤ ਸਿੰਘ ਨਗਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਦਲਜੀਤ ਕੁਮਾਰ ਅਤੇ ਉਸਦੀ ਪਤਨੀ ਮਨਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ ਇਸ ਲਈ ਮੈਂ ਉਨਾਂ ਨੂੰ ਆਪਣੀ ਚੱਲ ਅੱਚਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

### Change of Name

I, Tanya Sili D/o Sh. Rakesh Kumar Now W/o Eshan Sidana R/o 330, Chotti Baradari, Part-1, Jalandhar, have changed my name from Tanya Sili to Tanya Sidana W/o Eshan Sidana. Concerned please note. (9850)

I, Gurcharan Singh S/o Piara Singh R/o H.No. 73, Guru Nanakpura West, P.O. Chugitti, Jalandhar, have changed my name from Gurcharan Singh to Gurcharan Singh Ajimal. All concerned please note. (9847)

I,Paul Singh S/O Jagat Singh R/O VPO Mehta,Tehsil Baba Bakala,Distt.Amritsar,Punjab have changed my name from Paul Singh to Pal Singh.Concerned note.

I, Harpreet Kaur W/O Gurdeep Singh Village Khirawali, Kapurthala , Punjab, India, That I Have Changed My Name From Harpreet To Harpreet Kaur All Concerned Be Noted.

I, Sukhbir Singh S/O Malook Singh R/O Village Suba Jadid Firozepur 152002 Have Changed My Name To Sukhbeer Singh

I, Jugal Kishor Arora S/o Ram Chand R/o H.No.4599 A, Ranjit Pura District Amritsar have changed my name from Jugal Kishor Arora to Jugal Kishore Arora

I, Aarti Arora W/o Aman Arora R/o H.No.4599 A, Ranjit Pura District Amritsar have changed my name from Aarti Arora to Arti Arora

I, Baljinder Pal Singh S/o Kirpal Singh R/o Village Mallian Distt Amritsar have changed my name from Baljinder Pal Singh to Baljinderpal Singh

I, Harminder Kaur Alias Raminder Kaur W/o Jagpreet Singh R/o H.No.L12/115, Gali No.1, Kot Harnam Dass, Sultanwind Road, Amritsar have changed my name to Raminder Kaur

I, Gubaj Singh Alias Baj Singh S/o Mukhtar Singh R/o VPO Ranian Distict Amritsar have changed my name to Gurbaj Singh

I Paramjeet Kaur W/O Mukhtar Singh R/O Vpo Adda Chabhal Bhikhiwind Road Tarn Taran Have Changed My Name From Paramjeet Kaur To Parmjeet Kaur

I, Varinder Jeet Singh S/O Mukhtar Singh R/O Vpo Adda Chabhal Bhikhiwind Road Tarn Taran Have Changed My Name From Varinder Jeet Singh To Varinderjeet Singh

I, Gurpinder Kaur W/O Mandeep Singh R/O Hno.2 Darshan Niwas Cooperative Colony Majitha Road Amritsar Have Changed My Name From Gurpinder Kaur To Ritu After Marriage

I, Santosh W/O Manoranjan Lal Bery R/O Hno 47-A Rani Ka Bagh Amritsar Have Changed My Name From Santosh To Santosh Bery

I, Paramjeet Kaur W/O Mukhtar Singh R/O Vpo Adda Chabhal Bhikhiwind Road Tarn Taran Have Changed My Name From Paramjeet Kaur To Parmjeet Kaur

I, Varinder Jeet Singh S/O Mukhtar Singh R/O Vpo Adda Chabhal Bhikhiwind Road Tarn Taran Have Changed My Name From Varinder Jeet Singh To Varinderjeet Singh

I, Gurpinder Kaur W/O Mandeep Singh R/O Hno.2 Darshan Niwas Cooperative Colony Majitha Road Amritsar Have Changed My Name From Gurpinder Kaur To Ritu After Marriage

I, Santosh W/O Manoranjan Lal Bery R/O Hno 47-A Rani Ka Bagh Amritsar Have Changed My Name From Santosh To Santosh Bery

I, hitherto known as Rani W/o Deepak Masih R/o Ward No. 05 Guru Nanak Nagar Bhogpur District Jalandhar, Punjab, 144201, have suffixed Masih as my surname and now my given name is Rani and my surname is Masih. (Parshotam)

I, Rachna Jain D/o Sh. Bodh Raj Jain Now W/o Abhishek Gupta R/o B-14/392 Vakilan Bazar, Near Telephone Exchange Hoshiarpur Punjab have changed my name from Rachna Jain to Rachna Gupta W/o Abhishek Gupta. Concerned note. (Hitesh)

I,Janak Raj Sharma S/O Tara Chand R/O 2006,Purani Mandi, Guru Bazar, Chheharta, Amritsar,Punjab have changed my name from Janak Raj Sharma to Janak Raj.Concerned note. (Kamal)

I Tamanna D/o Harnek Singh R/o Ward Number 13 Mohalla Vikas Nagar Shahkot Teh. Shahkot Distt Jalandhar Have Changed My name to Tamanna Kaur. Concerned Note.

I, Gitansh S/o Suresh Kumar R/o H.No. 311/21 Near Chawla Factory, Nagra, Jalandhar, Punjab, India have changed my name from Gitansh to Gitansh Vaid. All concerned please note.

I, Rajni Bala W/o Ajay Dhawan R/o WS-122, Sattran Mohalla, Basti Sheikh, Jalandhar, Punjab, India have changed my name from Rajni Bala to Rajni Dhawan. All concerned please note.

I, hitherto Known as GAYATRI D/o LUCKY R/o H.No. E.S. 526/74, Abadpura Distt: Jalandhar (Pb)-144001 have Changed my name and shall hereafter be known as GAYATRI FARMY. All Concerned please note.

### ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਲੋਕ ਸਭਾ ਚੋਣਾਂ ਸੰਬੰਧੀ ਪੁਲਸ ਪ੍ਰਸ਼ਾਸਨ ਵੱਲੋਂ ਫਲੈਗ ਮਾਰਚ



ਕਰਤਾਰਪੁਰ (ਹਰਮੇਸ਼ ਦੱਤ)- ਅੰਕੁਰ ਗੁਪਤਾ ਸੀਨੀਅਰ ਪੁਲਸ ਕਪਤਾਨ ਜਲੰਧਰ ਦਿਹਾਤੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਮਿਸ ਜਗਰੂਪ ਕੌਰ ਪੁਲਸ ਕਪਤਾਨ ਦੀ ਅਗਵਾਈ ਅਤੇ ਉਪ ਪੁਲਸ ਕਪਤਾਨ ਸਬ ਡਵੀਜ਼ਨ ਕਰਤਾਰਪੁਰ ਪਲਵਿੰਦਰ ਸਿੰਘ ਦੀ ਦੇਖ ਰੇਖ ਹੇਠ ਲੋਕ ਸਭਾ ਚੋਣਾਂ ਦੇ ਸੰਬੰਧ ਵਿੱਚ ਤਿੰਨੋ ਥਾਣਿਆਂ ਦੇ ਐਸ ਐਚ ਓ, ਥਾਣੇ ਦੇ ਮੁਲਾਜ਼ਮਾਂ ਅਤੇ ਬੀ ਐਸ ਐਫ ਦੀ ਪੈਰਾਮਿਲਟਰੀ ਫੋਰਸ ਨੂੰ ਨਾਲ ਲੈ ਕੇ ਕਰਤਾਰਪੁਰ ਸ਼ਹਿਰ ਅਤੇ ਨਾਲ ਦੇ ਪਿੰਡਾਂ ਵਿੱਚ ਅੱਜ ਫਲੈਗ ਮਾਰਚ ਕੱਢਿਆ ਗਿਆ। ਅੰਕੁਰ ਗੁਪਤਾ ਨੇ ਦੱਸਿਆ ਕਿ ਇਹ ਫਲੈਗ ਮਾਰਚ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਸੰਬੰਧ ਵਿੱਚ ਜ਼ਿਲ੍ਹਾ ਜਲੰਧਰ ਦੇ ਅਧੀਨ ਪੈਂਦੇ ਵੱਖ ਵੱਖ ਥਾਣਿਆਂ ਦੇ ਡੀ ਐਸ ਪੀ, ਐਸ ਐਚ ਓ ਥਾਣੇ ਦੇ ਮੁਲਾਜ਼ਮਾਂ ਅਤੇ ਬੀ ਐਸ ਐਫ ਦੀ ਪੈਰਾਮਿਲਟਰੀ ਫੋਰਸ ਨੂੰ ਨਾਲ ਲੈ ਕੇ ਕੱਢਿਆ ਜਾ ਰਿਹਾ ਹੈ ਤਾਂ ਕਿ ਜੋ ਨਸ਼ਾ ਤਸਕਰਾਂ, ਸ਼ਰਾਰਤੀ ਅਨਸਰਾਂ ਅਤੇ ਚੋਰਾਂ ਉੱਪਰ ਠੱਲ੍ਹ ਪਾਈ ਜਾ ਸਕੇ। ਕਰਤਾਰਪੁਰ ਫਲੈਗ ਮਾਰਚ ਦੌਰਾਨ ਉਨ੍ਹਾਂ ਨੇ ਕਰਤਾਰਪੁਰ ਦੇ ਤਿੰਨੇ ਥਾਣਿਆਂ ਦੇ ਐਸ ਐਚ ਨੂੰ ਕਿਹਾ ਕਿ ਉਹ ਆਪਣੇ ਏਰੀਏ 'ਚ ਮੁਲਾਜ਼ਮਾਂ ਦੀ ਗਸ਼ਤ ਨੂੰ ਵਧਾਉਣ ਅਤੇ ਵੱਖ ਵੱਖ ਪੁਆਇੰਟਾਂ 'ਤੇ ਨਾਕੇ ਲਗਵਾਉਣ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਥਾਣੇ ਦਾ ਕੋਈ ਵੀ ਮੁਲਾਜ਼ਮ ਛੁੱਟੀ ਲੈ ਕੇ ਐਮਰਜੰਸੀ ਘਰ ਜਾਣਾ ਚਾਹੁੰਦਾ ਹੈ ਤਾਂ ਉਹ ਆਪਣੇ ਸਬ ਡਵੀਜ਼ਨ ਦੇ ਉਪ ਪੁਲਸ ਕਪਤਾਨ ਪਲਵਿੰਦਰ ਸਿੰਘ ਨੂੰ ਦੱਸ ਕੇ ਜਾਵੇਗਾ।

## ਪੁਲਸ ਵੱਲੋਂ ਭਗੌੜਾ ਗ੍ਰਿਫਤਾਰ



ਕਰਤਾਰਪੁਰ (ਹਰਮੇਸ਼ ਦੱਤ)- ਸਬ ਇੰਸਪੈਕਟਰ ਜੋਗਿੰਦਰ ਸਿੰਘ ਮੁੱਖ ਅਫਸਰ ਥਾਣਾ ਕਰਤਾਰਪੁਰ ਦੀ ਪੁਲਸ ਟੀਮ ਨੇ 1 ਪੀ.ਓ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਜੋਗਿੰਦਰ ਸਿੰਘ ਨੇ ਦੱਸਿਆ ਕਿ ਸੀਨੀਅਰ ਅਫਸਰਾਨ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ 19 ਅਪ੍ਰੈਲ ਨੂੰ ਏ ਐਸ ਆਈ ਬੋਧ ਰਾਜ ਸਮੇਤ ਪੁਲਸ ਪਾਰਟੀ ਵਲੋਂ ਥਾਣਾ ਕਰਤਾਰਪੁਰ ਦੇ ਮੁਕੱਦਮੇ ਵਿੱਚ ਲੋੜੀਂਦੇ ਪੀ.ਓ ਨਿਸ਼ਾਨ ਸਿੰਘ ਉਰਫ ਸੋਨੂ ਪੁੱਤਰ ਦਲੀਪ ਸਿੰਘ ਵਾਸੀ ਤਪਾ ਮੁਕੰਦਰਪੁਰ ਥਾਣਾ ਪੂਰਨਪੁਰ ਜ਼ਿਲ੍ਹਾ ਪੀਲੀਭੀਤ ਉਤਰ ਪ੍ਰਦੇਸ਼ ਨੂੰ ਮੁਕਦਮਾ ਨੰਬਰ 175 ਮਿਤੀ 18.11.2008 ਜੁਰਮ 25-54-59 ਆਰਮਜ਼ ਐਕਟ ਥਾਣਾ ਕਰਤਾਰਪੁਰ ਵਿੱਚੋਂ ਦੌਰਾਨੇ ਸਮਾਇਤ ਮਾਣਯੋਗ ਅਦਾਲਤ ਵਿੱਚੋਂ ਗੈਰ ਹਾਜ਼ਰ ਹੋਣ ਕਰਕੇ ਬਾ ਅਦਾਲਤ ਹਰੀਤ ਕੌਰ ਕਾਲਰਾ ਨੇ 6 ਫਰਵਰੀ 2012 ਨੂੰ ਪੀ.ਓ ਘੋਸ਼ਿਤ ਕੀਤਾ ਸੀ ਜਿਸ ਨੂੰ ਅੱਜ ਗ੍ਰਿਫਤਾਰ ਕੀਤਾ ਗਿਆ।

## ਮੇਲੇ 'ਚ ਬੁਰਜ ਖਲੀਫਾ ਢਹਿਣ ਕਾਰਨ ਨੌਜਵਾਨ ਦੀ ਮੌਤ, ਇਕ ਗੰਭੀਰ ਜ਼ਖਮੀ



ਗੁਰਦਾਸਪੁਰ (ਜਨਕ ਮਹਾਜਨ)- ਗੁਰਦਾਸਪੁਰ ਦੇ ਹਰਦੋਛੰਨੀ ਰੋਡ 'ਤੇ ਚੱਲ ਰਹੇ ਦੁਬਈ ਮੇਲੇ ਵਿੱਚ ਬੀਤੇ ਦਿਨੀਂ ਚੱਲ ਰਹੀ ਤੇਜ਼ ਹਵਾ ਕਾਰਨ ਮੇਲੇ ਵਿੱਚ ਦੁਬਈ ਦੀ ਬਣਾਈ ਨਕਲੀ ਬੁਰਜ ਖਿਲੀਫਾ ਇਮਾਰਤ ਡਿੱਗਣ ਕਾਰਨ ਇੱਕ 29 ਸਾਲਾ ਨੌਜਵਾਨ ਅਰਵਿੰਦਰ ਕੁਮਾਰ ਦੀ ਮੌਤ ਹੋ ਗਈ ਅਤੇ ਇੱਕ ਨੌਜਵਾਨ ਜ਼ਖ਼ਮੀ ਹੋ ਗਿਆ। ਇਮਾਰਤ ਡਿੱਗਣ ਦੇ ਨਾਲ ਪੂਰੇ ਮੇਲੇ ਵਿੱਚ ਹਫੜਾ ਦਫੜੀ ਮੱਚ ਗਈ ਅਤੇ ਮੇਲੇ ਨੂੰ ਬੰਦ ਕਰਾ ਦਿੱਤਾ ਗਿਆ। ਮੌਕੇ 'ਤੇ ਪਹੁੰਚੇ ਪੁਲਸ ਅਧਿਕਾਰੀਆਂ ਨੇ ਮਾਮਲੇ ਦੀ ਜਾਂਚ ਪੜਤਾਲ ਸ਼ੁਰੂ ਕਰ ਦਿੱਤੀ ਹੈ ਅਤੇ ਮ੍ਰਿਤਕ ਦੇਹ ਨੂੰ ਪੋਸਟਮਾਰਟਮ ਦੇ ਲਈ ਸਿਵਲ ਹਸਪਤਾਲ ਵਿਖੇ ਭੇਜ ਦਿੱਤਾ ਗਿਆ ਹੈ। ਐੱਸਐੱਚਓ ਸਦਰ ਅਮਨਦੀਪ ਸਿੰਘ ਨੇ ਦੱਸਿਆ ਕਿ ਟਾਵਰ ਡਿੱਗਣ ਦੇ ਨਾਲ ਇੱਕ ਨੌਜਵਾਨ ਦੀ ਮੌਤ ਹੋਈ ਹੈ ਅਤੇ ਇੱਕ ਜ਼ਖਮੀ ਹੋਇਆ ਹੈ। ਜ਼ਖਮੀ ਦਾ ਇਲਾਜ ਗੁਰਦਾਸਪੁਰ ਦੇ ਸਿਵਲ ਹਸਪਤਾਲ ਵਿਖੇ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਮੇਲਾ 5 ਵਜੇ ਤੋਂ ਬਾਅਦ ਸ਼ੁਰੂ ਹੁੰਦਾ ਹੈ ਪਰ ਇਹ ਕੁਝ ਨੌਜਵਾਨ ਪਹਿਲਾਂ ਹੀ ਮੇਲੇ ਅੰਦਰ ਦਾਖਲ ਹੋ ਗਏ ਸਨ। ਉਨ੍ਹਾਂ ਕਿਹਾ ਮੇਲੇ ਦੇ ਪ੍ਰਬੰਧਕ ਨਾਲ ਵੀ ਗੱਲ ਕੀਤੀ ਜਾਵੇਗੀ। ਜੇਕਰ ਕੋਈ ਦੋਸ਼ੀ ਹੋਵੇਗਾ ਤਾਂ ਉਸ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।

## ਸੈਮਸੰਗ ਨੇ ਨਿਓ ਕਿਉਐਲਈਡੀ 8 ਕੇ , ਨਿਓ 4 ਕੇ ਟੀਵੀ ਲਾਂਚ

ਅੰਮ੍ਰਿਤਸਰ : ਸੈਮਸੰਗ, ਭਾਰਤ ਦੀ ਸਭ ਤੋਂ ਵੱਡੀ ਖਪਤਕਾਰ ਇਲੈਕਟ੍ਰੋਨਿਕਸ ਕੰਪਨੀ ਨੇ ਅੱਜ ਬੈਂਗਲੂਰੂ ਦੇ ਸੈਮਸੰਗ ਓਪੇਰਾ ਹਾਊਸ ਵਿਖੇ ਆਯੋਜਿਤ ਅਨਬਾਕਸ ਐਂਡ ਡਿਸਕਵਰ ਈਵੈਂਟ ਵਿੱਚ ਆਪਣੇ ਅਤਿ-ਪ੍ਰੀਮੀਅਮ ਨਿਓ ਕਿਉਐਲਈਡੀ 8ਕੇ, ਨਿਓ ਕਿਉਐਲਈਡੀ 4ਕੇ ਅਤੇ ਓਐਲਈਡੀ ਟੀਵੀ ਲਾਂਚ ਕਰਕੇ ਏਆਈ ਟੀਵੀ ਦੇ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਦਾ ਐਲਾਨ ਕੀਤਾ । ਓਐਲਈਡੀ ਟੀਵੀ ਦੀ ਨਿਓ ਕਿਉਐਲਈਡੀ 8ਕੇ, ਨਿਓ ਕਿਉਐਲਈਡੀ 4ਕੇ ਅਤੇ 2024 ਸੀਰੀਜ਼ ਸ਼ਕਤੀਸ਼ਾਲੀ, ਏਆਈ-ਅਧਾਰਿਤ ਹੱਲਾਂ ਨਾਲ ਤੁਹਾਡੇ ਘਰ ਦੇ ਮਨੋਰੰਜਨ ਨੂੰ ਹੋਰ ਵਧਾਏਗੀ। ਇਸ ਮੌਕੇ ਸੈਮਸੰਗ ਦੱਖਣ-ਪੱਛਮੀ ਏਸ਼ੀਆ ਦੇ ਪ੍ਰਧਾਨ ਅਤੇ ਸੀਈਓ ਜੇਬੀ ਪਾਰਕ ਨੇ ਕਿਹਾ, ਸੈਮਸੰਗ ਖਪਤਕਾਰਾਂ ਦੀ ਜੀਵਨ ਸ਼ੈਲੀ ਨੂੰ ਬਿਹਤਰ ਬਣਾਉਣ ਲਈ ਆਪਣੇ ਉਤਪਾਦਾਂ ਵਿੱਚ ਆਰਟੀਫਿਸ਼ੀਅਲ ਇੰਟੈਲੀਜੈਂਸ ( ਏਆਈ ) ਦੀ ਨਵੀਂ ਕ੍ਰਾਂਤੀਕਾਰੀ ਤਕਨਾਲੋਜੀ ਦੀ ਵਰਤੋਂ ਕਰ ਰਿਹਾ ਹੈ।

### ਨਾਂਅ ਦੀ ਬਦਲੀ

ਮੈ ਭੁਪਿੰਦਰ ਸਿੰਘ ਪੁੱਤਰ ਸੁਖਬੀਰ ਸਿੰਘ ਰਿਹਾਇਸ਼ ਮਕਾਨ ਨੰਬਰ 81 ਗੁਰਬਚਨ ਨਗਰ ਨਜਦੀਕ ਮਿਲਕ ਪਲਾਂਟ ਜਲੰਧਰ ਬਿਆਨ ਕਰਦਾ ਹਾਂ ਕਿ ਮੈ ਆਪਣਾ ਨਾਮ ਭੁਪਿੰਦਰ ਸਿੰਘ ਤੋਂ ਬਦਲ ਕੇ ਪਪਿੰਦਰ ਸਿੰਘ ਰੱਖ ਲਿਆ ਹੈ ਸਬੰਧਿਤ ਨੋਟ ਕਰਨ

ਮੈਂ, ਮਿਲਾਪ ਪੁੱਤਰ ਜਨਕ ਰਾਜ ਵਾਸੀ 1733 ਗਲੀ ਨੰ 04, ਵਾਰਡ ਨੰ: 15, ਮੁਸਤਫਾਬਾਦ ਅੰਮ੍ਰਿਤਸਰ ਜਿਲ੍ਹਾ ਅੰਮ੍ਰਿਤਸਰ ਇਹ ਬਿਆਨ ਕਰਦਾ ਹਾਂ ਕਿ ਮੈਂ ਆਪਣਾ ਨਾਮ ਮਿਲਾਪ ਤੋ ਬਦਲ ਕੇ ਮਿਲਾਪ ਸ਼ਰਮਾ ਰੱਖ ਲਿਆ ਹੈ।ਸੰਬੰਧਤ ਨੋਟ ਕਰਨ।

### ਬੇਦਖਲੀ ਨੋਟਿਸ

ਮੈਂ, ਸੀਰੋ ਪਤਨੀ ਲੇਟ ਹਰਬੰਸ ਸਿੰਘ ਵਾਸੀ ਪਿੰਡ ਬਾਜ਼ੀਗਰ ਕੁੱਲੀਆਂ, ਸਦਾਨਾ, ਡਾਕਖਾਨਾ ਝਰੋਲੀ, ਤਹਿਸੀਲ ਦੀਨਾਨਗਰ, ਜ਼ਿਲ੍ਹਾ ਗੁਰਦਾਸਪੁਰ। ਮੇਰੀ ਲੜਕੀ ਅੰਜਲੀ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। (ਡੋਗਰਾ)

### Public Notice

I, Sarwan Singh S/o Sulakhan Singh R/o Vill. Bakhatpur, P.O. Bhumbli, Distt. Gurdaspur, Punjab, declare that my given name as Sarwan and my surname as Singh. (Dogra)

### Change of Name

I, hitherto Known as JASKARAN S/o SURINDER PAL R/o Vill. Sagranwali P.O. Bhatnura Lubana Distt: Jalandhar (Pb.)-144201 have Changed my name and shall hereafter be known as JASKARAN PAL. All Concerned please note.

I, Rakesh Kumar S/o Gian Chand R/o Near Railway Station Bhogpur, Distt: Jalandhar (Pb.) India-144201 have Changed my name Rakesh Kumar to Rajesh Behal. All Concerned please note.

## ਸ਼ਮਸ਼ਾਨਘਾਟ ਉੜਮੜ 'ਚੋਂ 10 ਪੱਖੇ ਤੇ ਅਸਥੀਆਂ ਵਾਲਾ ਡੱਬਾ ਚੋਰੀ


ਟਾਂਡਾ ਉੜਮੁੜ। 20 ਮਾਰਚ ( ਉਂਕਾਰ ਸਿੰਘ, ਜਸਵਿੰਦਰ ਸੰਧ )- ਸ਼ਮਸ਼ਾਨਘਾਟ ਉੜਮੜ ਤੋਂ ਚੋਰਾਂ ਵੱਲੋਂ 10 ਪੱਖੇ ਅਤੇ ਅਸਥੀਆਂ ਰੱਖਣ ਵਾਲਾ ਡੱਬਾ ਚੋਰੀ ਕਰ ਲਿਆ ਗਿਆ। ਸਹਾਰਾ ਵੈਲਫੇਅਰ ਕਲੱਬ ਦੇ ਪ੍ਰਧਾਨ ਲਾਟੀ ਮਔਦਾਨ ਅਤੇ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਨੇ ਦੱਸਿਆ ਕਿ ਬੀਤੀ ਰਾਤ ਚੋਰਾਂ ਵੱਲੋਂ ਬਾਬਾ ਬੂਟਾ ਭਗਤ ਮੰਦਰ ਉੜਮੁੜ ਨਜ਼ਦੀਕ ਪੈਂਦੇ ਸ਼ਮਸ਼ਾਨਘਾਟ ਵਿਖੇ ਚੋਰਾਂ ਵੱਲੋਂ 10 ਦੇ ਕਰੀਬ ਪੱਖੇ ਅਤੇ ਅਸਥੀਆਂ ਰੱਖਣ ਲਈ ਬਣਾਇਆ ਗਿਆ ਲੋਹੇ ਦਾ ਬਕਸਾ ਚੋਰੀ ਕਰ ਲਿਆ ਗਿਆ । ਉਹਨਾਂ ਦੱਸਿਆ ਕਿ ਇਸ ਤੋਂ ਕੁਝ ਮਹੀਨੇ ਪਹਿਲਾਂ ਵੀ ਚੋਰਾਂ ਵੱਲੋਂ ਇਨਵਰਟਰ ਦਾ ਬੈਟਰਾ ਚੋਰੀ ਕਰ ਲਿਆ ਗਿਆ ਸੀ। ਕਲੱਬ ਦੇ ਸਕੱਤਰ ਸੇਵਾ ਸਿੰਘ, ਨਵਦੀਪ ਕੁਮਾਰ ਸ਼ਿਤਰੂ, ਰਕੇਸ਼ ਡੇਜ਼ੀ, ਤਰਸੇਮ ਪੱਪੂ, ਮਹਿੰਦਰ ਪਾਲ ਮਦਾਨ ਅਤੇ ਬੱਬੂ ਸੰਧਾਵਾਲੀਆ ਨੇ ਇਸ ਨੂੰ ਅਤੀ ਨੀਚ ਘਟਨਾ ਦੱਸਦੇ ਹੋਏ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਨ੍ਹਾਂ ਚੋਰਾਂ ਨੂੰ ਤੁਰੰਤ ਕਾਬੂ ਕਰਕੇ ਸਜ਼ਾ ਦਿੱਤੀ ਜਾਵੇ। ਕਲੱਬ ਪ੍ਰਧਾਨ ਲਾਟੀ ਮੈਦਾਨ ਅਤੇ ਚੇਅਰਮੈਨ ਸੁਖਵਿੰਦਰ ਸਿੰਘ ਅਰੋੜਾ ਨੇ ਦੱਸਿਆ ਕਿ ਇਸ ਸਬੰਧੀ ਥਾਣਾ ਟਾਂਡਾ ਨੂੰ ਸੂਚਨਾ ਦੇ ਦਿੱਤੀ ਗਈ ਹੈ।

## ਨਵੇਂ ਵੋਟਰ 4 ਮਈ ਤੱਕ ਬਣਾ ਸਕਦੇ ਹਨ ਆਪਣੀ ਵੋਟ : ਮੁੱਖ ਚੋਣ ਅਧਿਕਾਰੀ

ਚੰਡੀਗੜ੍ਹ, (ਕ੍ਰਿਸ਼ਨ ਗਰਗ)- ਲੋਕ ਸਭਾ ਚੋਣਾਂ 2024 ਦੌਰਾਨ ਚੋਣ ਪ੍ਰਕਿਰਿਆ ਨੂੰ ਵਧੇਰੇ ਕੁਸ਼ਲ, ਪਾਰਦਰਸ਼ੀ ਬਣਾਉਣ ਅਤੇ ਵੋਟਰਾਂ ਨੂੰ ਜਾਗਰੂਕ ਕਰਨ ਤੇ ਉਨ੍ਹਾਂ ਦੇ ਕੀਮਤੀ ਸੁਝਾਅ ਲੈਣ ਲਈ ਆਪਣੀ ਕਿਸਮ ਦੀ ਪਹਿਲਕਦਮੀ ਤਹਿਤ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਅੱਜ ਟਾਕ ਟੂ ਯੂਅਰ ਸੀ.ਈ.ਓ. ਪੰਜਾਬ ਵਿਸ਼ੇ ਤਹਿਤ ਫੇਸਬੁੱਕ ਲਾਈਵ ਸੈਸ਼ਨ ਦੌਰਾਨ ਪੰਜਾਬ ਦੇ ਲੋਕਾਂ ਨਾਲ ਰਾਬਤਾ ਬਣਾਇਆ। ਇਸ ਸੈਸ਼ਨ ਦੌਰਾਨ ਮੁੱਖ ਚੋਣ ਅਧਿਕਾਰੀ ਨੇ ਵੋਟਰਾਂ ਦੇ ਵੱਖ-ਵੱਖ ਸਵਾਲਾਂ ਦੇ ਜਵਾਬ ਦਿੱਤੇ ਅਤੇ ਇਸ ਵਾਰ 70 ਪਾਰ ਦੇ ਟੀਚੇ ਦੀ ਪ੍ਰਾਪਤੀ ਲਈ ਉਨ੍ਹਾਂ ਨੂੰ ਵੋਟਿੰਗ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕਰਦਿਆਂ ਚੋਣ ਜ਼ਾਬਤੇ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਸਬੰਧੀ ਕਮਿਸ਼ਨ ਨੂੰ ਰਿਪੋਰਟ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਦੀ ਵੋਟ ਪ੍ਰਤੀਸ਼ਤਤਾ 65.96 ਫੀਸਦ ਰਹੀ ਸੀ ਅਤੇ ਹੁਣ ਲੋਕ ਸਭਾ ਚੋਣਾਂ 2024 ਦੌਰਾਨ ਇਹ ਟੀਚਾ 70 ਫੀਸਦ ਮਿੱਥਿਆ ਗਿਆ ਹੈ। ਸਿਬਿਨ ਸੀ ਨੇ ਇਹ ਵੀ ਦੱਸਿਆ ਕਿ ਨੌਜਵਾਨ ਵੋਟਰ ਆਪਣੀ ਵੋਟ 4 ਮਈ ਤੱਕ ਬਣਾ ਸਕਦੇ ਹਨ।

# ਡੈਮੋਕ੍ਰੇਟਿਕ ਆਸ਼ਾ ਵਰਕਰਜ਼ ਤੇ ਫੈਸਿਲੀਟੇਟਰ ਯੂਨੀਅਨ ਵੱਲੋਂ ਵਿਸ਼ਾਲ ਰੈਲੀ

## ਸੇਵਾ-ਮੁਕਤੀ ਉਮਰ 65 ਸਾਲ ਕਰਨ ਤੇ ਪੈਨਸ਼ਨ ਦੇਣ ਦੀ ਮੰਗ




**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਪੰਜਾਬ ਸਰਕਾਰ ਵੱਲੋਂ 58 ਸਾਲ ਤੋਂ ਵੱਡੀ ਉਮਰ ਦੀਆਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਅਚਾਨਕ ਵਿਭਾਗ ਤੋਂ ਫਾਰਗ ਕਰਨ ਦੇ ਵਿਰੋਧ ਵਿੱਚ ਡੈਮੋਕ੍ਰੇਟਿਕ ਆਸ਼ਾ ਵਰਕਰਜ਼ ਫੈਸਿਲੀਟੇਟਰ ਯੂਨੀਅਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵੱਲੋਂ ਅੱਜ ਸਿਵਲ ਸਰਜਨ ਦਫਤਰ ਵਿਖੇ ਜ਼ਿਲ੍ਹਾ ਪੱਧਰੀ ਵਿਸ਼ਾਲ ਰੈਲੀ ਕੀਤੀ ਗਈ ਅਤੇ ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜਿਆ ਗਿਆ। ਰੈਲੀ ਵਿੱਚ ਬੋਲਦਿਆਂ ਜਥੇਬੰਦੀ ਦੇ ਸੂਬਾ ਜਨਰਲ ਸਕੱਤਰ ਸ਼ੰਕੁਤਲਾ ਦੇਵੀ, ਬਲਵਿੰਦਰ ਕੌਰ ਬਾਗੋਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਆਸ਼ਾ ਵਰਕਰਾਂ ਤੇ ਫੈਸਿਲੀਟੇਟਰਾਂ ਵੱਲੋਂ ਕੀਤੀ ਗਈ 17 ਸਾਲ ਦੀ ਲੰਬੀ ਸੇਵਾ ਨੂੰ ਅਣਗੌਲਿਆਂ ਕਰਕੇ ਉਨ੍ਹਾ ਦੀ ਸੇਵਾ ਮੁਕਤੀ ਦੀ ਉਮਰ 58 ਸਾਲ ਤੈਅ ਕਰਕੇ 31 ਮਾਰਚ ਤੋਂ ਬਾਅਦ ਖਾਲੀ ਹੱਥ ਘਰੀਂ ਤੋਰਨ ਦਾ ਫੁਰਮਾਨ ਜਾਰੀ ਕਰ ਦਿੱਤਾ ਗਿਆ ਹੈ ਜਿਸ ਨਾਲ ਪੰਜਾਬ ਅੰਦਰ ਹਜ਼ਾਰਾਂ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਜ਼ਬਰਦਸਤ ਧੱਕਾ ਵੱਜਾ ਹੈ। ਇਫਟੂ ਦੇ ਸੂਬਾ ਪ੍ਰਧਾਨ ਕੁਲਵਿੰਦਰ ਵੜੈਚ, ਡੀ ਟੀ ਐਫ ਦੇ ਸੂਬਾ ਸਕੱਤਰ ਮੁਕੇਸ਼ ਕੁਮਾਰ ਗੁਜਰਾਤੀ, ਇਸਤਰੀ ਜਾਗ੍ਰਤੀ ਮੰਚ ਦੇ ਸੂਬਾ ਪ੍ਰਧਾਨ ਬੀਬੀ ਗੁਰਬਖਸ਼ ਕੌਰ ਸੰਘਾ, ਬਲਵੀਰ ਕੁਮਾਰ ਸਾਬਕਾ ਜ਼ਿਲ੍ਹਾ ਪ੍ਰਧਾਨ ਡੀ.ਟੀ. ਐਫ, ਸ਼ੰਕਰ ਦਾਸ ਬੰਗਾ ਨੇ ਕਿਹਾ ਕਿ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਵਾਅਦਾ ਕੀਤਾ ਸੀ ਕਿ ਸਰਕਾਰ ਬਣਦਿਆਂ ਹੀ ਆਸ਼ਾ ਵਰਕਰਾਂ ਦੇ ਮਿਹਨਤਾਨੇ ਵਿੱਚ ਦੁੱਗਣਾ ਵਾਧਾ ਕੀਤਾ ਜਾਵੇਗਾ ਅਤੇ ਘੱਟੋ ਘੱਟ ਉਜਰਤਾਂ ਦੇ ਘੇਰੇ ਵਿੱਚ ਲਿਆਂਦਾ ਜਾਵੇਗਾ ਪ੍ਰੰਤੂ ਦੁੱਗਣਾ ਵਾਧਾ ਕਰਨ ਦੀ ਬਜਾਏ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਨੂੰ ਖਾਲੀ ਹੱਥੀਂ ਘਰ ਤੋਰਨ ਦਾ ਫੁਰਮਾਨ ਜਾਰੀ ਕਰਕੇ ਉਹਨਾ ਨਾਲ ਦੁੱਗਣਾ ਧਰੋਹ ਕਮਾਇਆ ਹੈ। ਜਥੇਬੰਦੀ ਦੀਆਂ ਆਗੂ ਬਲਵਿੰਦਰ ਕੌਰ ਜਨਰਲ ਸੈਕਟਰੀ, ਗੀਤਾ ਮੁਜੱਫਰਪੁਰ, ਅਨੀਤਾ ਥੋਪੀਆ, ਕਾਂਤਾ ਰਾਣੀ ਚੱਕ ਮੰਡੇਰ, ਸਤਵਿੰਦਰ ਕੌਰ, ਰਣਜੀਤ ਕੌਰ, ਗੁਰਦੀਪ ਕੌਰ, ਨਰਿੰਦਰ ਮੁਕੰਦਪੁਰ, ਸਵੀਟੀ, ਰਾਜਵਿੰਦਰ ਕੌਰ ਕੱਟ, ਨੀਤਾ, ਹਰਬੰਸ ਕੌਰ, ਗਗਨ ਕੁਮਾਰੀ, ਰਣਜੀਤ ਕੌਰ, ਹਰਬੰਸ ਕੌਰ ਮੁਜੱਫਰਪੁਰ, ਮਨਜੀਤ ਕੌਰ, ਜਸਵੀਰ ਕੌਰ ਰਜਨੀ ਗਰਚਾ, ਸੀਮਾ ਆਦਿ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਪੰਜਾਬ ਸਰਕਾਰ ਵੱਲੋਂ ਇਸ ਮਾਰੂ ਪੱਤਰ ਨੂੰ ਵਾਪਸ ਨਾ ਲਿਆ ਤਾਂ ਸੰਘਰਸ਼ ਨੂੰ ਤਿੱਖਾ ਕੀਤਾ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਵਰਕਰਾਂ ਦੀ ਸੇਵਾਮੁਕਤੀ ਉਮਰ 65 ਸਾਲ ਕੀਤੀ ਜਾਵੇ, ਸੇਵਾ ਮੁਕਤੀ ਮੌਕੇ ਹਰ ਵਰਕਰ ਨੂੰ ਪੰਜ ਲੱਖ ਰੁਪਏ ਗਰੈਚੁਟੀ ਦਿੱਤੀ ਜਾਵੇ ਅਤੇ ਹਰ ਮਹੀਨੇ 10 ਹਜ਼ਾਰ ਰੁਪਏ ਪੈਨਸ਼ਨ ਦਿੱਤੀ ਜਾਵੇ। ਇਸ ਮੌਕੇ ਹਰਮੇਸ਼ ਰਾਣੀ ਕੁਲਥਮ, ਜਸਵਿੰਦਰ ਕੌਰ ਰਟੈਂਡਾ, ਰਾਜ ਰਾਣੀ ਬਹੂਆ, ਸਤਪਾਲ ਕਲੇਰ ਗੜ੍ਹਸ਼ੰਕਰ ਨੇ ਵੀ ਸੰਬੋਧਨ ਕੀਤਾ।

# ਜਿਹੜੇ ਲੋਕ ਤਿਰੰਗੇ ਨੂੰ ਨਹੀਂ ਬਚਾਅ ਸਕੇ, ਉਹ ਲੋਕਤੰਤਰ ਨੂੰ ਕਿਵੇਂ ਬਚਾਉਣਗੇ : ਬਾਲੀ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਲੋਕਲ ਬਾਡੀ ਸੈਲ ਬੀ.ਜੇ.ਪੀ. ਪੰਜਾਬ ਦੇ ਵਾਈਸ ਪ੍ਰਧਾਨ ਅਤੇ ਜ਼ਿਲ੍ਹਾ ਸੰਘਰਸ਼ ਕਮੇਟੀ ਦੇ ਪ੍ਰਧਾਨ ਕਰਮਵੀਰ ਬਾਲੀ ਦੀ ਪ੍ਰਧਾਨਗੀ ਵਿੱਚ ਮਹਾਰਾਣਾ ਪ੍ਰਤਾਪ ਚੌਂਕ ਵਿਖੇ ਰੋਸ ਮੁਜਾਹਰਾ ਕੀਤਾ ਗਿਆ। ਬਾਲੀ ਨੇ ਕਿਹਾ ਕਿ 10 ਅਕਤੂਬਰ 2023 ਨੂੰ 101 ਫੁੱਟ ਉੱਚਾ ਤਿਰੰਗਾ ਝੰਡਾ ਲਹਿਰਾਇਆ ਗਿਆ ਸੀ ਜਿਹੜਾ ਬਹੁਤ ਘੱਟ ਸਮੇਂ ਵਿੱਚ ਦੋ ਬਾਰ ਫੱਟ ਚੁੱਕਿਆ ਹੈ,ਕਿਉਂਕਿ ਉਚਾਈ ਜ਼ਿਆਦਾ ਹੋਣ ਦੇ ਕਾਰਨ ਤੇਜ਼ ਹਵਾ ਸਹਿਣ ਨਹੀਂ ਕਰ ਸਕਿਆ ਅਤੇ ਇਸ ਨੂੰ ਬਾਰ-ਬਾਰ ਚੜ੍ਹਾਉਣ ਤੋਂ ਬਚਣ ਦੇ ਲਈ ਇਸ ਨੂੰ ਚੜ੍ਹਾਇਆ ਨਹੀਂ ਗਿਆ। ਇਸ ਦੀ ਰੱਖਿਆ ਲਈ ਸਿਆਚਨ ਗਲੇਸ਼ੀਅਰ 'ਤੇ ਬਰਫ ਪੈਣ ਦੀ ਪ੍ਰਵਾਹ ਨਾ ਕਰਦੇ ਹੋਏ ਸਾਡੇ ਸੈਨਿਕ ਇਸ ਦੀ ਰੱਖਿਆ ਲਈ ਮੁਸਤੈਦ ਰਹਿੰਦੇ ਹਨ। ਇਹ ਕੇਵਲ ਕੱਪੜਾ ਨਹੀਂ, ਇਹ ਉਨਾਂ ਲੋਕਾਂ ਦੀ ਯਾਦ ਹੈ ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਦੀ ਕੁਰਬਾਨੀ ਦੇ ਆਜ਼ਾਦੀ ਪ੍ਰਾਪਤ ਕੀਤੀ ਸੀ। ਅੱਜ ਕੁਝ ਨੇਤਾ ਆਪਣੇ ਅਹੰਕਾਰ ਦੀ ਖਾਤਿਰ ਇਸ ਦਾ ਇਸਤੇਮਾਲ ਕਰ ਰਹੇ ਹਨ। ਇਸ ਘਿਨਾਉਣੇ ਕੰਮ ਦੀ ਜਿੰਨੀ ਨਿਖੇਧੀ ਕੀਤੀ ਜਾਵੇ ਘੱਟ ਹੈ। ਕਰਮਵੀਰ ਬਾਲੀ ਨੇ ਕਿਹਾ ਕਿ ਜਾਂ ਤਾਂ ਇਸ ਦੀ ਉਚਾਈ ਘਟਾਈ ਜਾਵੇ ਜਾਂ ਜਨਤਾ ਤੋਂ ਇਸ ਵੱਡੀ ਭੁੱਲ ਲਈ ਮਾਫ਼ੀ ਮੰਗੀ ਜਾਵੇ। ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਸੰਸਦ ਚੋਣਾਂ ਵਿਚ ਲੋਕਤੰਤਰ ਨੂੰ ਬਚਾਉਣ ਦਾ ਚੁਣਾਵ ਕਹਿ ਰਹੇ ਹਨ, ਜਿਹੜੇ ਲੋਕ ਤਿਰੰਗੇ ਨੂੰ ਨਹੀ ਬਚਾਅ ਸਕੇ ਉਹ ਲੋਕਤੰਤਰ ਨੂੰ ਕਿਵੇਂ ਬਚਾਉਣਗੇ।ਇਨ੍ਹਾਂ ਦੇ ਮੰਤਰੀ ਆਪਣੇ ਚਹੇਤੇ ਅਫਸਰਾਂ ਨੂੰ ਚੋਣ ਕਮਿਸ਼ਨ ਦੀਆਂ ਹਦਾਇਤਾਂ ਨੂੰ ਨਜ਼ਰ ਅੰਦਾਜ਼ ਕਰਕੇ ਆਪਣੇ ਚਹੇਤੇ ਅਫਸਰਾਂ ਨੂੰ ਨਹੀਂ ਬਦਲ ਰਹੇ ਜੋ ਲੋਕਤੰਤਰ ਦੇ ਲਈ ਖਤਰਾ ਹਨ। ਚੋਣਾਂ ਵਿਚ ਇਸ ਤਰ੍ਹਾਂ ਦੇ ਲੋਕਾਂ ਨੂੰ ਸਬਕ ਸਿਖਾਉਣ ਦੇ ਮੂਡ ਵਿੱਚ ਜਨਤਾ ਨਜ਼ਰ ਆ ਰਹੀ ਹੈ। ਇਸ ਮੌਕੇ 'ਤੇ ਨਵਲ ਕਿਸ਼ੋਰ ਕਾਲੀਆ, ਨਰਿੰਦਰ ਸਿੰਘ ਆਦਿ ਮੌਜੂਦ ਸਨ।

# ਪਾਰਟੀ ਵੱਲੋਂ ਇੰਡੀਆ ਗਠਜੋੜ ਦੀ ਹਮਾਇਤ ਕੀਤੀ ਜਾਵੇਗੀ : ਜਾਮਾਰਾਏ




**ਗੁਰਾਇਆ: (ਬਿੰਦਰ ਸੁਮਨ)**—ਭਾਜਪਾ ਹਰਾਓ, ਕਾਰਪੋਰੇਟ ਭਜਾਓ ਅਤੇ ਦੇਸ਼ ਹਰਾਓ ਦੇ ਨਾਅਰੇ ਨੂੰ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਚੋਣਾਂ ਦੌਰਾਨ ਘਰ-ਘਰ ਲੈ ਕੇ ਜਾਵੇਗੀ।ਇਹ ਸੱਦਾ ਅੱਜ ਸ਼ਹੀਦ ਅਸ਼ਵਨੀ ਕੁਮਾਰ ਬੋਪਾਰਾਏ ਦੀ ਸ਼ਹੀਦੀ ਬਰਸੀ ਮੌਕੇ ਪਾਰਟੀ ਦੇ ਸੂਬਾ ਸਕੱਤਰ ਪਰਗਟ ਸਿੰਘ ਜਾਮਾਰਾਏ ਅਤੇ ਕੇਂਦਰੀ ਕਮੇਟੀ ਮੈਂਬਰ ਕੁਲਵੰਤ ਸਿੰਘ ਸੰਧੂ ਨੇ ਪਿੰਡ ਬੋਪਾਰਾਏ 'ਚ ਆਯੋਜਿਤ ਜਨਰਲ ਬਾਡੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਦਿੱਤਾ। ਸ਼ਹੀਦ ਅਸ਼ਵਨੀ ਕੁਮਾਰ ਅੱਜ ਦੇ ਦਿਨ ਦੇ ਸ਼ਹਾਦਤ ਦਾ ਜਾਮ ਪੀ ਗਏ ਜਦੋਂ ਉਹ ਸ਼ਿੰਗਾਰਾ ਸਿੰਘ ਬੋਪਾਰਾਏ, ਕੁਲਵੰਤ ਸਿੰਘ ਸੰਧੂ ਸਮੇਤ ਹੋਰਨਾ ਸਾਥੀਆਂ ਨਾਲ ਮਿਲ ਕੇ ਫਗਵਾੜਾ ਦੀ ਗੰਨਾ ਮਿੱਲ ਲਈ ਕਿਸਾਨਾਂ ਦੇ ਹੱਕ 'ਚ ਲਾਮਬੰਦੀ ਕਰ ਰਹੇ ਸਨ।ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਆਗੂਆਂ ਨੇ ਕਿਹਾ ਕਿ ਪਾਰਟੀ ਵਲੋਂ ਭਾਜਪਾ ਨੂੰ ਹਰਾਉਣ ਲਈ ਆਪਣੀ ਸਮਰਥਾ ਮੁਤਾਬਿਕ ਟਿਲ ਲਾਇਆ ਜਾਵੇਗਾ ਅਤੇ ਪਾਰਟੀ ਵਲੋਂ ਇੰਡੀਆ ਗੱਠਜੋੜ ਦੀ ਹਮਾਇਤ ਕੀਤੀ ਜਾਵੇਗੀ। ਇਸ ਗੱਠਜੋੜ 'ਚ ਸ਼ਾਮਲ ਪਾਰਟੀਆਂ 'ਚੋਂ ਵੀ ਉਸ ਦੀ ਹਮਾਇਤ ਕੀਤੀ ਜਾਏਗੀ, ਜਿਹੜੀ ਪਾਰਟੀ ਭਾਜਪਾ ਨੂੰ ਹਰਾਉਣ ਦਾ ਸਮਰਥ ਹੋਵੇਗੀ। ਆਗੂਆਂ ਨੇ ਕਿਹਾ ਕਿ ਆਉਣ ਵਾਲੇ ਦਿਨਾਂ 'ਚ ਪਾਰਟੀ ਵਲੋਂ ਆਜ਼ਾਦਨਾ ਇੱਕ ਮੁਹਿੰਮ ਚਲਾਈ ਜਾਵੇਗੀ। ਇਸ ਤੋਂ ਪਹਿਲਾ ਵੀ ਪਾਰਟੀ ਵਲੋਂ ਪੰਜਾਬ 'ਚ ਵੱਡੀਆਂ ਰੈਲੀਆਂ ਕਰਕੇ ਉਕਤ ਸੁਨੇਹਾ ਦਿੱਤਾ ਜਾ ਚੁੱਕਾ ਹੈ। ਇਸ ਮੀਟਿੰਗ ਨੂੰ ਪਾਰਟੀ ਦੇ ਕੇਂਦਰੀ ਕਮੇਟੀ ਦੇ ਮੈਂਬਰ ਗੁਰਨਾਮ ਸਿੰਘ ਦਾਊਦ, ਜ਼ਿਲ੍ਹਾ ਪ੍ਰਧਾਨ ਦਰਸ਼ਨ ਨਾਹਰ ਅਤੇ ਜ਼ਿਲ੍ਹਾ ਸਕੱਤਰ ਜਸਵਿੰਦਰ ਸਿੰਘ ਢੇਸੀ ਨੇ ਸੰਬੋਧਨ ਕੀਤਾ। ਇਨ੍ਹਾਂ ਆਗੂਆਂ ਨੇ ਮੁਹਿੰਮ ਨੂੰ ਤੇਜ਼ ਕਰਨ ਦੇ ਨੁਕਤੇ ਸਾਂਝੇ ਕਰਦਿਆਂ 21 ਅਪ੍ਰੈਲ ਨੂੰ ਗਦਰ ਪਾਰਟੀ ਦੀ ਸਥਾਪਨਾ ਮੌਕੇ ਜਲੰਧਰ ਦੇ ਦੇਸ਼ ਭਗਤ ਯਾਦਗਰ ਹਾਲ 'ਚ ਹੋ ਰਹੇ ਸੈਮੀਨਾਰ 'ਚ ਪੁੱਜਣ ਦਾ ਸੱਦਾ ਵੀ ਦਿੱਤਾ।

ਇਸ ਮੌਕੇ 'ਤੇ ਪਾਰਟੀ ਦੇ ਸੂਬਾ ਕਮੇਟੀ ਮੈਂਬਰ ਪਰਮਜੀਤ ਰੰਧਾਵਾ, ਸ਼ਿਵ ਤਿਵਾੜੀ ਅਤੇ ਤਹਿਸੀਲ ਸਕੱਤਰ ਡਾ. ਸਰਬਜੀਤ ਮੁਠੱਡਾ ਨੇ ਵੀ ਸੰਬੋਧਨ ਕੀਤਾ। ਅੱਜ ਦੀ ਮੀਟਿੰਗ ਦੀ ਪ੍ਰਧਾਨਗੀ ਸਰਬਜੀਤ ਸੰਗੋਵਾਲ ਅਤੇ ਪਰਮਜੀਤ ਬੋਪਾਰਾਏ ਨੇ ਕੀਤੀ। ਮੀਟਿੰਗ 'ਚ ਸਰਪੰਚ ਮੱਖਣ ਪੱਲਣ, ਸਰਪੰਚ ਰਜਿੰਦਰ ਕੁਮਾਰ, ਸਰਪੰਚ ਰਾਮ ਲੁਭਾਇਆ, ਮਨਜਿੰਦਰ ਢੇਸੀ, ਜਰਨੈਲ ਫਿਲੌਰ, ਮੇਜਰ ਫਿਲੌਰ, ਗੁਰਦੀਪ ਗੋਗੀ, ਮੱਖਣ ਸੰਗਰਾਮੀ, ਕੁਲਦੀਪ ਕੌੜਾ, ਕੁਲਜਿੰਦਰ ਸਿੰਘ ਤਲਵਣ, ਬਲਵਿੰਦਰ ਸਿੰਘ ਦੁਸਾਂਝ, ਨਿਰਮੋਲਕ ਸਿੰਘ ਹੀਰਾ, ਕੁਲਦੀਪ ਵਾਲੀਆ, ਬਲਵਿੰਦਰ ਬੰਡਾਲਾ, ਬਲਵਿੰਦਰ ਸਰਗੁੰਦੀ ਆਦਿ ਹਾਜ਼ਰ ਸਨ।

## ਸਲੇਮਪੁਰ ਦਾ ਦਸਵੀਂ ਦਾ ਨਤੀਜਾ ਰਿਹਾ 100 ਪ੍ਰਤੀਸ਼ਤ

**ਟਾਂਡਾ ਉੜਮੁੜ (ਉਂਕਾਰ ਸਿੰਘ ਜਸਵਿੰਦਰ ਸੰਧੂ)** ਦਸਵੀਂ ਦੀ ਪੰਜਾਬ ਬੋਰਡ ਦੀ ਪ੍ਰੀਖਿਆ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਲੇਮਪੁਰ ਦਾ ਨਤੀਜਾ ਹਮੇਸ਼ਾ ਦੀ ਤਰ੍ਹਾਂ ਇਸ ਵਾਰ ਵੀ 100 ਪ੍ਰਤੀਸ਼ਤ ਰਿਹਾ।ਸਕੂਲ ਦੇ 30 ਵਿਦਿਆਰਥੀ ਪ੍ਰੀਖਿਆ ਵਿਚ ਬੈਠੇ ਤੇ ਸਾਰੇ ਵਿਦਿਆਰਥੀ ਚੰਗੇ ਨੰਬਰ ਪ੍ਰਾਪਤ ਕਰਕੇ ਪਾਸ ਹੋਏ।ਸ਼ੁੱਭਪ੍ਰੀਤ ਕੌਰ ਨੇ 93 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਪਹਿਲਾ ਚਿਰਾਗਰੂਪ ਕੌਰ 86 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਦੂਜਾ ਅਤੇ ਅਮਨਦੀਪ ਕੌਰ ਨੇ 84 ਪ੍ਰਤੀਸ਼ਤ ਅੰਕ ਪ੍ਰਾਪਤ ਕਰਕੇ ਸਕੂਲ ਵਿੱਚੋ ਤੀਜਾ ਸਥਾਨ ਹਾਸਿਲ ਕੀਤਾ ਅਤੇ 27 ਵਿਦਿਆਰਥੀਆਂ ਨੇ ਪਹਿਲੇ ਦਰਜੇ ਵਿਚ ਦਸਵੀਂ ਪਾਸ ਕੀਤੀ।ਪ੍ਰਿੰਸੀਪਲ ਬਲਜੀਤ ਸਿੰਘ ਨੇ ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹਨਾਂ ਬੱਚਿਆਂ ਨੇ ਚੰਗੇ ਅੰਕ ਪ੍ਰਾਪਤ ਕਰਕੇ ਆਪਣਾ ਆਪਣੇ ਮਾਤਾ ਪਿਤਾ ਸਕੂਲ ਅਤੇ ਇਲਾਕੇ ਦਾ ਮਾਣ ਵਧਾਇਆ ਹੈ। ਇਸ ਸਮੇਂ ਮੈਡਮ ਅੰਜੂ ਸ਼ਰਮਾ ਅਮਰ ਸਿੰਘ ਕਮਲਜੀਤ ਕੌਰ ਸਤਪਾਲ ਸਿੰਘ ਬਲਜਿੰਦਰ ਕੌਰ ਜਤਿੰਦਰ ਸਿੰਘ ਜਸਵੰਤ ਸਿੰਘ ਗੁਰਪ੍ਰੀਤ ਕੌਰ ਅਨੀਤਾ ਰਾਜਵੰਤ ਕੌਰ ਕੋਮਲ ਬਾਲਾ ਗੁਰਪ੍ਰੀਤ ਕੌਰ ਪੂਨਮ ਸੰਧੂ ਨੀਲਮ ਬਾਲਾ ਮਨਵਿੰਦਰ ਕੌਰ ਦਵਿੰਦਰ ਕੌਰ ਅਜਾਇਬ ਸਿੰਘ ਤਜਿੰਦਰ ਸਿੰਘ ਜਗੀਰ ਸਿੰਘ ਕੁਲਵਿੰਦਰ ਸਿੰਘ ਅਜਾਇਕ ਮਸੀਹ ਰੇਖਾ ਆਦਿ ਹਾਜਰ ਸਨ।



## ਸਿਵਲ ਹਸਪਤਾਲ ਦੇ ਡਾਕਟਰਾਂ ਨੇ ਕੀਤੀ ਹੜਤਾਲ


**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**-ਇਥੋਂ ਦੇ ਸਿਵਲ ਹਸਪਤਾਲ ਦੇ ਡਾਕਟਰਾਂ ਨੇ ਇੱਕ ਡਾਕਟਰ ਉੱਪਰ ਹੋਏ ਹਮਲੇ ਦੇ ਰੋਸ ਵਜੋਂ ਬਗੈਰ ਅਗਾਊਂ ਨੋਟਿਸ ਦਿੱਤਿਆਂ ਦੋ ਘੰਟੇ ਦੀ ਹੜਤਾਲ ਕਰ ਦਿੱਤੀ । ਜਿਸ ਕਾਰਨ ਵੱਡੀ ਗਿਣਤੀ ਵਿੱਚ ਆਪਣਾ ਇਲਾਜ ਕਰਵਾਉਣ ਲਈ ਪਹੁੰਚੇ ਮਰੀਜ਼ਾਂ ਨੂੰ ਖੱਜਲ ਖੁਆਰ ਹੋਣਾ ਪਿਆ। ਇਸ ਹੜਤਾਲ ਦਾ ਇੱਕ ਪੱਖ ਇਹ ਵੀ ਹੈ ਕਿ ਉਕਤ ਦੱਸੇ ਜਾਂਦੇ ਡਾਕਟਰ ਉਪਰ ਕਥਿਤ ਹਮਲੇ ਦੇ ਜ਼ਿੰਮੇਵਾਰ ਵਿਅਕਤੀ ਨੂੰ ਪੁਲਸ ਨੇ ਆਪਣੀ ਕਾਰਵਾਈ ਕਰਦਿਆਂ ਹਿਰਾਸਤ ਵਿੱਚ ਵੀ ਲੈ ਲਿਆ ਪਰ ਸ਼ਾਇਦ ਸਰਕਾਰੀ ਹਸਪਤਾਲ ਦੇ ਡਾਕਟਰ ਹੜਤਾਲ ਬਹਾਨੇ ਆਪਣਾ ਸ਼ਕਤੀ ਪ੍ਰਦਰਸ਼ਨ ਕਰਨ ਦਾ ਮੌਕਾ ਹੀ ਲੱਭ ਰਹੇ ਸੀ । ਦੂਜੇ ਪਾਸੇ ਮਨੁੱਖਤਾ ਲਈ ਰੱਬ ਸਮਝੇ ਜਾਂਦੇ ਡਾਕਟਰਾਂ ਦੀ ਗੈਰ ਸੰਵਿਧਾਨਿਕ ਅਤੇ ਅਣਮਨੁੱਖੀ ਕਾਰਵਾਈ ਦੇ ਸਿੱਟੇ ਵੱਜੋਂ ਦਵਾਈ ਲੈਣ ਆਏ ਬਜ਼ੁਰਗ ਅਤੇ ਮਹਿਲਾ ਮਰੀਜ਼ ਸਵੇਰ ਤੋਂ ਲਾਈਨ 'ਚ ਲੱਗ ਕੇ ਪ੍ਰੇਸ਼ਾਨ ਹੋਣ ਉਪਰੰਤ ਅੱਕ ਥੱਕ ਕੇ ਜ਼ਮੀਨ 'ਤੇ ਹੀ ਬੈਠ ਗਏ।

## ਸਰਕਾਰੀ ਸੀਨੀ. ਸੈਕੰਡਰੀ ਸਕੂਲ ਉੱਗੀ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ



**ਕਾਲਾ ਸੰਘਿਆਂ (ਮਨਜੀਤ ਮਾਨ)** ਪਿੰਡ ਉੱਗੀ ਜ਼ਿਲ੍ਹਾ ਜਲੰਧਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦਾ ਬੋਰਡ ਮੈਟ੍ਰਿਕ ਪ੍ਰੀਖਿਆ ਦਾ ਨਤੀਜਾ ਸੌ ਫ਼ੀਸਦੀ ਰਿਹਾ।ਸਕੂਲ ਪ੍ਰਿੰਸੀਪਲ ਸ਼੍ਰੀਮਤੀ ਸੀਮਾ ਚੋਪੜਾ ਨੇ ਦੱਸਿਆ ਕਿ ਪ੍ਰੀਖਿਆ ਵਿੱਚ ਬੈਠੇ ਸਾਰੇ ਵਿਦਿਆਰਥੀ ਵਧੀਆ ਕਾਰਗੁਜ਼ਾਰੀ ਵਿਖਾਉਂਦੇ ਹੋਏ ਚੰਗੇ ਅੰਕਾਂ ਨਾਲ ਪਾਸ ਹੋਏ। ਵਿਦਿਆਰਥੀ ਸੁਖਮਨਪ੍ਰੀਤ ਸਿੰਘ ਨੇ 500 ਅੰਕ ਲੈ ਕੇ ਪਹਿਲਾ ਸਥਾਨ, ਸੁਖਪ੍ਰੀਤ ਕੌਰ ਨੇ 470 ਅੰਕ ਲੈ ਕੇ ਦੂਸਰਾ ਸਥਾਨ ਅਤੇ ਸਿਮਰਨ ਨੇ 456 ਅੰਕ ਲੈ ਕੇ ਤੀਸਰਾ ਸਥਾਨ ਹਾਸਿਲ ਕੀਤਾ। ਪ੍ਰਿੰਸੀਪਲ ਵੱਲੋਂ ਸੌ ਫ਼ੀਸਦੀ ਨਤੀਜਾ ਆਉਣ 'ਤੇ ਵਿਦਿਆਰਥੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਮੁਬਾਰਕਬਾਦ ਦਿੱਤੀ ਗਈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਦਿਆਰਥੀਆਂ ਦੇ ਮਾਪੇ, ਸਕੂਲ ਮੈਨੇਜਮੈਂਟ ਕਮੇਟੀ ਅਤੇ ਸਮੂਹ ਸਕੂਲ ਸਟਾਫ਼ ਹਾਜ਼ਰ ਸੀ।

## ਪੀ. ਟੀ. ਐੱਮ ਆਰੀਆ ਸੀਨੀ. ਸੈਕੰ ਸਕੂਲ ਦਾ ਦਸਵੀਂ ਦਾ ਨਤੀਜਾ ਸੌ ਫੀਸਦੀ ਰਿਹਾ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**– ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਦਸਵੀਂ ਜਮਾਤ ਦੇ ਨਤੀਜਿਆਂ ਵਿੱਚੋਂ ਪੀ. ਟੀ. ਐੱਮ ਆਰੀਆ ਕਾਲਜੀਏਟ ਸਕੂਲ ਦਾ ਨਤੀਜਾ ਸ਼ਾਨਦਾਰ ਰਿਹਾ। ਕਾਲਜ ਦੇ ਡਾਇਰੈਕਟਰ ਪ੍ਰੋ. ਆਰ. ਕੇ. ਜੈਨ ਨੇ ਵਿਦਿਆਰਥੀਆਂ ਅਤੇ ਸਟਾਫ਼ ਨੂੰ ਵਧਾਈ ਦਿੰਦਿਆਂ ਹੋਇਆ ਕਿਹਾ ਕਿ ਇਹ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ ਕਰਵਾਈ ਮਿਹਨਤ ਦਾ ਨਤੀਜਾ ਹੈ। ਕਾਲਜ ਦੇ ਡਾਇਰੈਕਟਰ ਪ੍ਰੋ. ਆਰ. ਕੇ. ਜੈਨ ਨੇ ਦਸਿਆ ਕਿ ਦਸਵੀਂ ਜਮਾਤ 'ਚ ਨਵਜੋਤ ਨੇ 75% ਨਾਲ ਪਹਿਲਾ ਸਥਾਨ, ਜਸਮੀਨ ਕੌਰ ਨੇ 74% ਨਾਲ ਦੂਜਾ ਸਥਾਨ, ਰਾਜਦੀਪ ਨੇ 70% ਨਾਲ ਤੀਸਰਾ ਸਥਾਨ ਹਾਸਲ ਕਰਕੇ ਸਕੂਲ ਦਾ ਨਾਂਅ ਰੋਸ਼ਨ ਕੀਤਾ। ਬਾਕੀ ਸਾਰੇ ਵਿਦਿਆਰਥੀ 60% ਤੋਂ ਵੱਧ ਅੰਕ ਪ੍ਰਾਪਤ ਕਰਕੇ ਪਹਿਲੇ ਦਰਜੇ ਵਿੱਚ ਪਾਸ ਹੋਏ ।

## ਲਾਲੀ ਬਾਜਵਾ ਨੂੰ ਕੌਮੀ ਸੀਨੀਅਰ ਮੀਤ ਪ੍ਰਧਾਨ ਬਣਾਇਆ


**ਮਾਹਿਲਪੁਰ (ਸ਼ਫ਼ਰੀ)** - ਸ਼੍ਰੋਮਣੀ ਅਕਾਲੀ ਦਲ (ਬਾਦਲ) ਵਲੋਂ ਜਤਿੰਦਰ ਸਿੰਘ ਲਾਲੀ ਬਾਜਵਾ ਨੂੰ ਕੌਮੀ ਸੀਨੀਅਰ ਮੀਤ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਬਾਦਲ) ਬਣਾਏ ਜਾਣ 'ਤੇ ਪਿੰਡ ਬਾਹੋਵਾਲ ਵਿਖੇ ਪਹੁੰਚਣ 'ਤੇ ਜਤਿੰਦਰ ਸਿੰਘ ਲਾਲੀ ਬਾਜਵਾ ਦਾ ਸਨਮਾਨ ਕੀਤਾ। ਦਵਿੰਦਰ ਸਿੰਘ ਬੈਂਸ ਬਾਹੋਵਾਲ ਅਤੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸੋਹਣ ਸਿੰਘ ਠੰਡਲ ਸਾਬਕਾ ਮੰਤਰੀ ਅਤੇ ਕੋਰ ਕਮੇਟੀ ਮੈਂਬਰ ਦੀ ਆਗਵਾਈ 'ਚ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸੋਹਣ ਸਿੰਘ ਠੰਡਲ ਅਤੇ ਦਵਿੰਦਰ ਸਿੰਘ ਬੈਂਸ ਯੂਥ ਆਕਾਲੀ ਆਗੂ ਨੇ ਕਿਹਾ ਕਿ ਬਾਜਵਾ ਇੱਕ ਮਿਹਨਤੀ ਇਮਾਨਦਾਰ ਅਤੇ ਪਾਰਟੀ ਦੇ ਭਰੋਸੇਯੋਗ ਵਿਅਕਤੀ ਹਨ ਅਤੇ ਉਨ੍ਹਾਂ ਨੇ ਹਮੇਸ਼ਾ ਪਾਰਟੀ ਦੀ ਮਜਬੂਤੀ ਲਈ ਦਿਨ ਰਾਤ ਇੱਕ ਕਰਕੇ ਕੰਮ ਕੀਤਾ ਹੈ ਅਤੇ ਹਾਈ ਕਮਾਂਡ ਵਲੋਂ ਜਤਿੰਦਰ ਸਿੰਘ ਲਾਲੀ ਬਾਜਵਾ ਨੂੰ ਕੌਮੀ ਸੀਨੀਅਰ ਮੀਤ ਪ੍ਰਧਾਨ ਬਣਾ ਕੇ ਹੁਸ਼ਿਆਰਪੁਰ ਨੂੰ ਮਾਣ ਦਿੱਤਾ ਹੈ। ਇਸ ਮੌਕੇ ਪ੍ਰਿੰ. ਰਛਪਾਲ ਸਿੰਘ ਜਲਵੇੜਾ, ਗੁਰਪ੍ਰੀਤ ਸਿੰਘ ਕੋਹਲੀ ਕੌਮੀ ਮੀਤ ਪ੍ਰਧਾਨ ਯੂਥ ਆਕਾਲੀ ਦਲ, ਗੁਰਬਿੰਦਰ ਸਿੰਘ ਬੈਂਸ, ਰਜਿੰਦਰ ਸਿੰਘ ਮੰਡ, ਗਗਨਦੀਪ ਸਿੰਘ ਬੈਂਸ, ਮਨਵੀਰ ਸਿੰਘ ਬੈਂਸ, ਅਨਮੋਲ ਸਿੰਘ ਬੈਂਸ, ਠੇਕੇਦਾਰ ਹਰਦੀਪ ਸਿੰਘ, ਜਸਪ੍ਰੀਤ ਸਿੰਘ ਬੈਂਸ, ਦਿਲਰਾਜ ਸਿੰਘ, ਨਵਜਸਵਾਲ ਸਿੰਘ, ਤਰਨਜੀਤ ਸਿੰਘ ਬੈਂਸ, ਗੈਰੀ ਢੱਕੋ, ਜੈਵੀਰ ਸਿੰਘ ਬੈਂਸ, ਪਰਮਵੀਰ ਸਿੰਘ ਮੰਢ ਅਤੇ ਹੋਰ ਸਖਸ਼ੀਅਤਾਂ ਹਾਜ਼ਰ ਸਨ।

## ਮਹਿਤਪੁਰ ਸਰਕਾਰੀ ਕੰਨਿਆ ਸਕੂਲ ਦਾ ਦਸਵੀਂ ਦਾ ਨਤੀਜਾ 100 ਫੀਸਦੀ



**ਮਹਿਤਪੁਰ (ਰਾਜਾ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਦਸਵੀਂ ਦਾ ਨਤੀਜਾ ਐਲਾਨ ਦਿੱਤਾ ਗਿਆ। ਇਸ ਵਿੱਚ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਹਿਤਪੁਰ ਦਾ ਨਤੀਜਾ 100% ਰਿਹਾ। ਸਕੂਲ ਦੀ ਵਿਦਿਆਰਥਣ ਸੁਜਾਤਾ ਆਦਿ ਪੁੱਤਰੀ ਰਾਕੇਸ਼ ਕੁਮਾਰ ਨੇ 85.38% ਨਾਲ ਸਕੂਲ ਵਿੱਚੋਂ ਪਹਿਲਾ, ਸਹਿਜਪ੍ਰੀਤ ਕੌਰ ਪੁੱਤਰੀ ਜਗਜੀਤ ਸਿੰਘ ਅਤੇ ਅਨੀਸ਼ਾ ਪੁੱਤਰੀ ਸੁਰਿੰਦਰ ਸਿੰਘ ਨੇ 82.76% ਨਾਲ ਦੂਜਾ ਅਤੇ ਪਵਨਪ੍ਰੀਤ ਕੌਰ ਪੁੱਤਰੀ ਸੁਖਦੇਵ ਸਿੰਘ ਨੇ 80.92% ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਹਰਜੀਤ ਸਿੰਘ ਨੇ ਪੁਜੀਸ਼ਨਾਂ ਹਾਸਲ ਕਰਨ ਵਾਲੀਆਂ ਵਿਦਿਆਰਥਣਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਕਾਮਨਾ ਕੀਤੀ। ਸਕੂਲ ਦਾ ਨਤੀਜਾ 100% ਆਉਣ ਤੇ ਉਨ੍ਹਾਂ ਸਾਰੇ ਮਿਹਨਤੀ ਸਟਾਫ ਦਾ ਧੰਨਵਾਦ ਕੀਤਾ।

# ਭਾਜਪਾ ਆਗੂਆਂ ਤੇ ਉਮੀਦਵਾਰਾਂ ਨੂੰ 11 ਕਿਸਾਨ ਪੱਖੀ ਸਵਾਲ ਜ਼ਰੂਰ ਪੁੱਛੇ ਜਾਣ : ਭੱਲੜੀ, ਢੇਰ



**ਭਲਾਣ (ਹਰਭਜਨ ਢਿੱਲੋਂ)** ਇਥੇ ਕੁੱਲ ਹਿੰਦ ਕਿਸਾਨ ਸਭਾ ਦੇ ਸਾਬਕਾ ਸੂਬਾਈ ਸੀਨੀਅਰ ਮੀਤ ਪ੍ਰਧਾਨ ਕਾਮਰੇਡ ਤਰਸੇਮ ਸਿੰਘ ਭੱਲੜੀ,ਜ਼ਿਲ੍ਹਾ ਪ੍ਰਧਾਨ ਕਾਮਰੇਡ ਸੁਰਜੀਤ ਸਿੰਘ ਢੇਰ ਨੇ ਲੋਕ ਸਭਾ ਚੋਣਾਂ ਵਿੱਚ ਭਾਜਪਾ ਆਗੂਆਂ ਅਤੇ ਉਮੀਦਵਾਰਾਂ ਨੂੰ 11 ਕਿਸਾਨ ਪੱਖੀ ਸਵਾਲ ਪੁੱਛਣ ਲਈ ਹਰ ਇੱਕ ਪਿੰਡ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਸਵਾਲ ਜਰੂਰ ਕਰਨ। ਜਿਸ ਵਿੱਚ ਆਗੂਆਂ ਨੇ ਦੱਸਿਆ ਕਿ ਅੰਦੋਲਨ ਸਮੇਂ ਕਿਸਾਨਾਂ ਸਾਹਮਣੇ ਕਿੱਲ ਕਿਉਂ ਗੱਡੇ, ਬੈਰੀਕੇਡ ਕਿਉਂ ਲਾਏ ਗਏ, ਅੱਥਰੂ ਗੈਸ ਕਿਉਂ ਛੱਡੀ, ਗੋਲੀਆਂ ਕਿਉ ਚਲਾਈਆਂ,ਕੀ ਅਸੀਂ ਵਿਦੇਸ਼ੀ ਹਾਂ, ਕਿਸਾਨਾਂ ਨੂੰ ਦਿੱਲੀ ਕਿਉਂ ਨਹੀਂ ਜਾਣ ਦਿੱਤਾ, ਨੌਜਵਾਨ ਕਿਸਾਨ ਸ਼ੁਭਕਰਨ ਨੂੰ ਗੋਲੀ ਮਾਰ ਕੇ ਸ਼ਹੀਦ ਕਿਉਂ ਕੀਤਾ, ਕਿਸਾਨਾਂ ਦੇ ਟਰੈਕਟਰ ਕਿਉਂ ਭੰਨੇ, 400 ਕਿਸਾਨ ਕਿਉਂ ਫੱਟੜ ਕੀਤੇ, ਐਮਐਸਪੀ ਦੀ ਕਾਨੂੰਨੀ ਗਰੰਟੀ ਦਾ ਵਾਅਦਾ ਕਰਕੇ ਕਿਉਂ ਮੁੱਕਰੇ, ਸਵਾਮੀਨਾਥਨ ਰਿਪੋਰਟ ਕਿਉ ਲਾਗੂ ਨਹੀਂ ਕੀਤੀ,ਸੀ-2+50%ਫਾਰਮੂਲਾ ਲਾਗੂ ਕਰਨ ਵਿੱਚ ਕੀ ਮੁਸ਼ਕਲ ਹੈ, ਲਖਮੀਰਪੁਰ ਖੀਰੀ ਦੇ ਕਤਲਾਂ ਵਿੱਚ ਇਨਸਾਫ ਲਈ ਰੋੜੇ ਕਿਉਂ ਅਟਕਾਏ ਗਏ, ਅਜੇ ਮਿਸ਼ਰਾ ਟੈਨੀ ਨੂੰ ਸਰਕਾਰੀ ਪਨਾਹ ਦੇਣ ਲਈ ਮੰਤਰੀ ਮੰਡਲ ਵਿੱਚ ਕਿਉਂ ਰੱਖਿਆ ਗਿਆ,ਦਿੱਲੀ ਅੰਦੋਲਨ ਸਮੇਂ ਕਿਸਾਨਾਂ ਉੱਤੇ ਦਰਜ ਕੀਤੇ ਸਾਰੇ ਕੇਸ ਵਾਪਸ ਕਿਉਂ ਨਹੀਂ ਲਏ, ਕਾਰਪੋਰੇਟਾਂ ਦਾ ਕਰਜਾ ਮਾਫ ਕਰਨ ਵਿੱਚ ਜੇ ਦਿੱਕਤ ਨਹੀਂ ਤਾਂ ਕਿਸਾਨਾਂ ਦੀ ਕਰਜ਼ਾ ਮੁਕਤੀ ਵਿੱਚ ਕੀ ਮੁਸ਼ਕਿਲ ਹੈ, ਬਿਜਲੀ ਸੋਧ ਬਿਲ 2020 ਵਾਅਦਾ ਖਿਲਾਫੀ ਕਰਕੇ ਪਾਰਲੀਮੈਂਟ ਵਿੱਚ ਕਿਉਂ ਪੇਸ਼ ਕੀਤਾ,ਪ੍ਰਦੂਸ਼ਣ ਵਾਲੇ ਕਾਨੂੰਨ ਵਿੱਚੋਂ ਖੇਤੀ ਖੇਤਰ ਬਾਹਰ ਕਿਉਂ ਨਹੀਂ ਕੱਢਿਆ, ਚੋਣ ਬਾਂਡਾਂ ਤੇ ਭ੍ਰਿਸ਼ਟਾਚਾਰ ਰਾਹੀਂ ਦੇਸ਼ ਨੂੰ ਕਾਰਪੋਰੇਟ ਘਰਾਣਿਆ ਕੋਲ ਕਿਉਂ ਵੇਚਿਆ ਗਿਆ, ਭਾਖੜਾ ਅਤੇ ਪੌਂਗ ਡੈਮਾਂ ਉੱਤੇ ਡੈਮ ਸੇਫਟੀ ਐਕਟ ਬਣਾ ਕੇ ਪੰਜਾਬ ਤੋਂ ਕਿਉਂ ਖੋਹੇ ਗਏ,ਸਾਈਲੋਜ ਦੇ ਬਹਾਨੇ ਪੰਜਾਬ ਦੀਆਂ ਮੰਡੀਆਂ ਕਿਉਂ ਤੋੜ ਰਹੇ ਹੋ। ਉਕਤ ਸਵਾਲ ਸਾਰੇ ਪਿੰਡਾਂ ਦੇ ਕਿਸਾਨ ਭਾਜਪਾ ਵਰਕਰ ਤੇ ਉਮੀਦਵਾਰਾਂ ਨੂੰ ਜਰੂਰ ਕਰਨ। ਕਿਸਾਨ ਆਗੂਆਂ ਨੇ ਸੱਦਾ ਦਿੱਤਾ ਕਿ ਕਾਰਪੋਰੇਟ ਪੱਖੀ ਸਰਕਾਰ ਮੋਦੀ ਨੂੰ ਸੱਤਾ ਤੋਂ ਹਰ ਹਾਲਤ ਵਿੱਚ ਦੂਰ ਕੀਤਾ ਜਾਵੇ, ਇਸ ਵਿੱਚ ਕੋਈ ਵੀ ਕਸਰ ਬਾਕੀ ਨਾ ਛੱਡੀ ਜਾਵੇ।

# ਮਿਲੀਭੁਗਤ ਨਾਲ ਚਲਦੇ ਹਨ ਮਗਨਰੇਗਾ 'ਚ ਘਪਲੇ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਕੰਮ ਉਤੇ ਪਸੀਨਾ ਬਹਾਉਣ ਤੋਂ ਬਾਅਦ ਵੀ ਮਨਰੇਗਾ ਵਰਕਰਾਂ ਨੂੰ ਕੀਤੇ ਕੰਮ ਦੀ ਉਜਰਤ ਲਈ 4-4 ਮਹੀਨੇ ਇੰਤਜਾਰ ਕਰਨ ਤੋਂ ਬਾਅਦ ਵੀ ਨਿਯਮਾਂ ਤਹਿਤ ਉਜਰਤ ਦਾ ਨਾ ਮਿਲਣਾ ਅਤਿ ਮਾੜਾ ਹੈ।ਮਨਰੇਗਾ ਲੇਬਰ ਮੂਵਮੈਂਟ ਵਲੋਂ ਪਿੰਡ ਬੱਸੀ ਗੁਲਾਮ ਹੁਸੈਨ ਵਿਚ ਮਨਰੇਗਾ ਵਰਕਰਾਂ ਨੂੰ ਕੀਤੇ ਕੰਮ ਦੀ ਉਜਰਤ ਨਾ ਮਿਲਣ ਨੂੰ ਲੈ ਕੇ ਮੂਵਮੈਂਟ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਮੇਟ ਨਿਰਮਲ ਕੌਰ ਨੂੰ ਨਾਲ ਲੈ ਕੇ ਉਨ੍ਹਾਂ ਦੀਆਂ ਮੁਸ਼ਕਲਾਂ ਸੁਣੀਆਂ। ਵਰਕਰਾਂ ਨੇ ਦਸਿਆ ਕਿ ਉਹ ਦਿਹਾੜੀ ਨਾ ਮਿਲਣ ਕਰਕੇ ਬਹੁਤ ਮੁਸ਼ਕਿਲ ਵਿਚ ਹਨ। ਧੀਮਾਨ ਨੇ ਵਰਕਰਾਂ ਨੂੰ ਨਾਲ ਲੈ ਕੇ ਪੰਜਾਬ ਸਰਕਾਰ ਦੇ ਬਲਾਕ 1 ਹੁਸ਼ਿਆਰਪੁਰ ਦੇ ਬੀਡੀਪੀਓ ਅਤੇ ਸਰਕਾਰ ਵਿਰੁੱਧ ਮੁਜਾਹਰਾ ਕਰਦਿਆਂ ਸਖਤ ਨਿੰਦਾ ਕੀਤੀ ਤੇ ਕਿਹਾ ਕਿ ਇਹ ਸਭ ਕੁਝ ਸਰਕਾਰ ਦੀ ਅਣਗਹਿਲੀ ਕਾਰਨ ਹੋ ਰਿਹਾ ਹੈ ਕਿਉਂਕਿ ਮਗਨਰੇਗਾ ਦਾ ਸਪੈਸ਼ਸ਼ ਬਜ਼ਟ ਤੈਅ ਹੁੰਦਾ ਹੈ।ਨਿਯਮਾਂ ਅਨੁਸਾਰ ਅਗਰ ਕਿਸੇ ਵੀ ਮਨਰੇਗਾ ਵਰਕਰ ਨੂੰ 15 ਦਿਨਾਂ ਤੋਂ ਬਾਅਦ ਕੀਤੇ ਕੰਮ ਦੀ ਉਜਰਤ ਮਿਲਦੀ ਹੈ ਤਾਂ ਉਹ ਮਨਰੇਗਾ ਵਰਕਰ ਦੇਰੀ ਭੁਗਤਾਨ ਐਕਟ 1936 ਦੇ ਤਹਿਤ 1500 ਰੁ: ਤੋਂ ਲੈ ਕੇ 3000 ਰੁ: ਦੇ ਲੇਟ ਉਜਰਤ ਭੱਤੇ ਦਾ ਹੱਕਦਾਰ ਹੈ।ਮਨਰੇਗਾ ਵਰਕਰ ਅਸਲ ਵਿਚ ਪਹਿਲਾਂ ਹੀ ਅਨਪੜ੍ਹਤਾ ਦਾ ਸ਼ਿਕਾਰ ਹੁੰਦਾ ਹੈ ਤੇ ਉਸ ਦਾ ਨਜਾਇਜ ਫਾਇਦਾ ਲਿਆ ਜਾਂਦਾ ਹੈ।ਧੀਮਾਨ ਨੇ ਦਸਿਆ ਕਿ ਉਨ੍ਹਾਂ ਨੇ ਮਗਨਰੇਗਾ ਅੰਦਰ ਕਈ ਘਪਲੇ ਉਜਾਗਰ ਕੀਤੇ ਪਰ ਸਬੰਧਤ ਬੀਡੀਪੀਓ'ਜ਼ ਅਤੇ ਹੋਰ ਉਚ ਅਧਿਕਾਰੀ ਵਿਭਾਗੀ ਗਲਤੀਆਂ ਕਹਿ ਕੇ ਉਨ੍ਹਾਂ ਉਤੇ ਮਿੱਟੀ ਪਾ ਦਿੰਦੇ ਹਨ।ਮਗਨਰੇਗਾ ਵਿਚ ਘਪਲੇ ਸਭ ਮਿਲੀਭੁਗਤ ਨਾਲ ਚਲਦੇ ਹਨ।

## ਸਰਕਾਰੀ/ਨਿੱਜੀ ਇਮਾਰਤਾਂ ਆਲੇ ਦੁਆਲੇ ਧਰਨੇ/ਰੈਲੀਆਂ ਕਰਨ ਦੀ ਮਨਾਹੀ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਸ੍ਰੀਮਤੀ ਆਸ਼ਿਕਾ ਜੈਨ, ਜ਼ਿਲ੍ਹਾ ਮੈਜਿਸਟ੍ਰੇਟ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਨੇ ਅਮਨ-ਕਾਨੂੰਨ ਦੀ ਸਥਿਤੀ ਨੂੰ ਕਾਇਮ ਰੱਖਣ ਲਈ ਫੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀ ਹਦੂਦ ਅੰਦਰ ਪੈਂਦੀਆਂ ਸਮੂਹ ਪਾਣੀ ਵਾਲੀਆਂ ਟੈਂਕੀਆਂ, ਟਿਊਬਵੈਲਾਂ, ਟੈਲੀਫੋਨ ਟਾਵਰਾਂ, ਸਰਕਾਰੀ/ਨਿੱਜੀ ਇਮਾਰਤਾਂ ਤੇ ਚੜ੍ਹਨ ਅਤੇ ਇਨ੍ਹਾਂ ਦੇ ਆਲੇ-ਦੁਆਲੇ ਧਰਨੇ/ਰੈਲੀਆਂ ਕਰਨ, ਸੜਕਾਂ ਆਦਿ ਜਾਮ ਕਰਨ 'ਤੇ ਪੂਰਨ ਤੌਰ 'ਤੇ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 11 ਅਪ੍ਰੈਲ 2024 ਤੋਂ 10 ਜੂਨ 2024 ਤੱਕ ਲਾਗੂ ਰਹਿਣਗੇ।

ਇਥੇ ਇਹ ਵਰਣਨਯੋਗ ਹੈ ਕਿ ਸੀਨੀਅਰ ਕਪਤਾਨ ਪੁਲਿਸ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵੱਲੋਂ ਜ਼ਿਲ੍ਹਾ ਮੈਜਿਸਟ੍ਰੇਟ ਐਸ.ਏ.ਐਸ ਨਗਰ ਦੇ ਇਹ ਧਿਆਨ ਵਿਚ ਲਿਆਂਦਾ ਗਿਆ ਕਿ ਵੱਖ-ਵੱਖ ਕਰਮਚਾਰੀ ਯੂਨੀਅਨਾਂ, ਬੇਰੁਜ਼ਗਾਰ ਆਦਿ ਯੂਨੀਅਨ/ਫੈਡਰੇਸ਼ਨਾਂ ਵੱਲੋਂ ਆਪਣੀਆਂ ਮੰਗਾਂ ਸਬੰਧੀ ਜ਼ਿਲ੍ਹੇ ਦੀਆਂ ਵੱਖ-ਵੱਖ ਪਾਣੀ ਵਾਲੀਆਂ ਟੈਂਕੀਆਂ, ਟੈਲੀਫੋਨ ਟਾਵਰਾਂ ਅਤੇ ਹੋਰ ਸਰਕਾਰੀ/ਨਿੱਜੀ ਇਮਾਰਤਾਂ ਉੱਤੇ ਚੜ੍ਹਕੇ ਅਤੇ ਸੜਕਾਂ ਆਦਿ ਤੇ ਜਾਮ ਲਗਾਕੇ ਧਰਨਾ ਪ੍ਰਦਰਸ਼ਨ ਕੀਤਾ ਜਾਂਦਾ ਹੈ। ਸਬੰਧਤ ਪ੍ਰਦਰਸ਼ਨਕਾਰੀ ਆਪਣੀ ਜ਼ਿੰਦਗੀ ਨੂੰ ਵੀ ਖਤਰੇ ਵਿੱਚ ਪਾਉਂਦੇ ਹਨ ਅਤੇ ਅਮਨ ਤੇ ਕਾਨੂੰਨ ਦੀ ਸਥਿਤੀ ਭੰਗ ਵੀ ਹੋ ਸਕਦੀ ਹੈ। ਅਜਿਹੀਆਂ ਕਾਰਵਾਈਆਂ ਨੂੰ ਰੋਕਣ ਲਈ ਇਹ ਹੁਕਮ ਜਾਰੀ ਕੀਤੇ ਗਏ ਹਨ।

# ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਜਲਾਲਪੁਰ ਵੱਲੋਂ ਮੀਟਿੰਗ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**– ਜਿਵੇਂ-ਜਿਵੇਂ ਚੋਣਾਂ ਦੀ ਤਰੀਕ ਨੇੜੇ ਆਉਂਦੀ ਨਜ਼ਰ ਆ ਰਹੀ ਹੈ, ਸਿਆਸੀ ਪਾਰਟੀਆਂ ਨੇ ਵੀ ਆਪਣੀਆਂ ਸਰਗਰਮੀਆਂ ਤੇਜ਼ ਕਰ ਦਿੱਤੀਆਂ ਹਨ। ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਜਲਾਲਪੁਰ ਨੇ ਹਲਕਾ ਬਲਾਚੌਰ ਵਿਖੇ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਦੇ ਗ੍ਰਹਿ ਵਿਖੇ ਵਰਕਰਾਂ ਨਾਲ ਮੀਟਿੰਗ ਕੀਤੀ, ਜਿਸ ਵਿੱਚ ਵਰਕਰਾਂ ਨੂੰ ਲੋਕ ਸਭਾ ਚੋਣਾਂ ਲਈ ਕਮਰ ਕੱਸਣ ਲਈ ਕਿਹਾ।ਸਤਨਾਮ ਜਲਾਲਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਵਿੱਚ ਇਤਿਹਾਸ ਸਿਰਜੇਗੀ। ਜਿਸ ਤਰ੍ਹਾਂ ਪੰਜਾਬ ਦੇ ਲੋਕਾਂ ਨੇ 92 ਵਿਧਾਇਕਾਂ ਨੂੰ ਜਿਤਾ ਕੇ ਆਪਣਾ ਫਤਵਾ ਦਿੱਤਾ ਸੀ, ਇਸੇ ਤਰ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ 13/0 ਦਾ ਇਤਿਹਾਸ ਸਿਰਜੇਗੀ। ਜਲਾਲਪੁਰ ਨੇ ਕਿਹਾ ਕਿ ਲੋਕ ਸਭਾ ਚੋਣਾਂ ਨੂੰ ਲੈ ਕੇ ਸਮੂਹ ਵਲੰਟੀਅਰਾਂ ਵਿੱਚ ਭਾਰੀ ਉਤਸ਼ਾਹ ਹੈ ਅਤੇ ਲੋਕ ਸਭਾ ਚੋਣਾਂ ਨੂੰ ਵੱਡੀ ਜਿੱਤ ਵਿੱਚ ਬਦਲਣ ਲਈ ਤਿਆਰ ਹਨ। ਪੰਜਾਬ ਸਰਕਾਰ ਨੇ ਮੁਫਤ ਬਿਜਲੀ ਅਤੇ ਹਰ ਘਰ ਰਾਸ਼ਨ ਪਹੁੰਚਾ ਕੇ ਪੰਜਾਬ ਦੇ ਲੋਕਾਂ ਦਾ ਦਿਲ ਜਿੱਤ ਲਿਆ ਹੈ। ਵਲੰਟੀਅਰਾਂ ਦੇ ਉਤਸ਼ਾਹ ਨੂੰ ਦੇਖਦਿਆਂ ਜਲਾਲਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਦੀਆਂ ਸਾਰੀਆਂ ਸੀਟਾਂ ਜਿੱਤ ਕੇ ਇਤਿਹਾਸ ਰਚੇਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਨੇ ਪਹਿਲਾਂ ਹੀ ਲੋਕ ਸਭਾ ਚੋਣਾਂ ਪੂਰੀ ਤਾਕਤ ਨਾਲ ਲੜਨ ਦਾ ਅਹਿਦ ਲਿਆ ਹੈ। ਜਲਾਲਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੂਰੇ ਦੇਸ਼ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰਨ ਜਾ ਰਹੀ ਹੈ। ਇਸ ਮੌਕੇ ਸਤਨਾਮ ਜਲਾਲਪੁਰ, ਸਤਨਾਮ ਸਿੰਘ ਜਲਵਾਹਾ, ਅਸ਼ੋਕ ਕਟਾਰੀਆ, ਬਲਜੀਤ ਸਿੰਘ ਭਾਰਾਪੁਰ, ਰਣਵੀਰ ਚੇਚੀ, ਕਰਨ ਕਟਾਰੀਆ ਤੋਂ ਇਲਾਵਾ ਬਲਾਕ ਪ੍ਰਧਾਨ ਅਤੇ ਵੱਖ-ਵੱਖ ਵਿੰਗਾਂ ਦੇ ਨੁਮਾਇੰਦੇ ਵੀ ਹਾਜ਼ਰ ਸਨ।

## ਲੋਕਧਾਰਾ ਭਾਈਚਾਰਾ ਫੈਡਰੇਸ਼ਨ ਵੱਲੋਂ ਵਿਚਾਰ-ਗੋਸ਼ਟੀ




**ਸ਼੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**-ਲੋਕਧਾਰਾ ਭਾਈਚਾਰਾ ਫੈਡਰੇਸ਼ਨ ਪੰਜਾਬ ਅਤੇ ਪੰਜਾਬ ਆਰਟਸ ਇੰਟਰਨੈਸ਼ਨਲ ਵਲੋਂ ਗਿਆਨੀ ਦਲਜੀਤ ਸਿੰਘ ਯਾਦਗਾਰੀ ਪੰਜਾਬ ਆਰਟਸ ਇੰਟਰਨੈਸ਼ਨਲ ਭਵਨ ਪਿੰਡ ਜਟਾਣਾ ਵਿਖੇ ਪੰਜਾਬ ਦੀਆਂ ਲੋਕ ਕਲਾਵਾਂ ਅਤੇ ਲੋਕ ਨਾਚਾਂ 'ਤੇ ਵਿਚਾਰ ਗੋਸ਼ਟੀਆਂ ਅਤੇ ਸਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ । ਫੈਡਰੇਸ਼ਨ ਦੇ ਮੁੱਖ ਸਲਾਹਕਾਰ ਅਤੇ ਪੰਜਾਬ ਆਰਟਸ ਇੰਟਰਨੈਸ਼ਨਲ ਦੇ ਡਾਇਰੈਕਟਰ ਡਾ. ਨਰਿੰਦਰ ਨਿੰਦੀ ਨੇ ਦੱਸਿਆ ਕਿ ਲੋਕਧਾਰਾ ਭਾਈਚਾਰਾ ਵਲੋਂ ਪੰਜਾਬ ਦੇ ਹਰ ਜਿਲੇ ਅੰਦਰ ਪੰਜਾਬ ਦੀਆਂ ਲੋਕ ਕਲਾਵਾਂ ਅਤੇ ਲੋਕ ਨਾਚਾਂ ਸਬੰਧੀ ਵਿਚਾਰ ਗੋਸ਼ਟੀਆਂ ਕਰਵਾਈਆਂ ਜਾ ਰਹੀਆਂ ਹਨ । ਇਨ੍ਹਾਂ ਦੀ ਸ਼ੁਰੂਆਤ ਪਿੰਡ ਜਟਾਣਾ ਤੋਂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਵਿਚ ਮੁੱਖ ਮਹਿਮਾਨ ਵਜੋਂ ਉੱਘੇ ਗੀਤਕਾਰ ਲਾਭ ਚਤਾਮਲੀ ਅਤੇ ਵਿਸ਼ੇਸ਼ ਮਹਿਮਾਨ ਵਜੋਂ ਹਰਲੀਨ ਕੌਰ ਬਾਲਾ ਸ਼ਾਮਲ ਹੋਏ । ਇਸ ਮੌਕੇ ਪ੍ਰੀਤਮ ਸਿੰਘ ਰੁਪਾਲ , ਬਲਕਾਰ ਸਿੰਘ ਸਿੱਧੂ, ਲਾਭ ਚਤਾਮਲੀ, ਦਵਿੰਦਰ ਜੁਗਨੀ , ਨਿਮਰਤਪਾਲ ਕੌਰ , ਸੋਹਣ ਸਿੰਘ ਧਾਲੀਵਾਲ, ਬਲਵੀਰ ਸਿੰਘ ਜੰਡੂ, ਵੀਨਾ ਜੰਮੂ, ਕਮਲਜੀਤ ਢਿਲੋਂ, ਪ੍ਰਿੰਸੀਪਲ ਸਤਵੰਤ ਕੌਰ ਸ਼ਾਹੀ ਬੇਲਾ ਕਾਲਜ ਅਤੇ ਅਮਰਜੀਤ ਸਿੰਘ ਕੰਗ ਆਦਿ ਵਲੋਂ ਪੰਜਾਬੀ ਸਭਿਆਚਾਰ ਵਿਰਸੇ ਦੀ ਸਾਂਭ ਸੰਭਾਲ, ਪਛਾਣ ਅਤੇ ਉੱਨਤੀ ਲਈ ਖੁੱਲ ਕੇ ਵਿਚਾਰ ਚਰਚਾ ਕੀਤੀ ਗਈ । ਇਸ ਤੋਂ ਬਾਅਦ ਸਭਿਆਚਾਰ ਪ੍ਰੋਗਰਾਮ ਦੀ ਸ਼ੁਰੂਆਤ ਧਾਰਮਿਕ ਗੀਤ ਨਾਲ ਕੀਤੀ ਗਈ । ਉਪਰੰਤ ਲੋਕ ਗੀਤ ਪੇਸ਼ ਕੀਤੇ ਗਏ ਅਤੇ ਲਹੂ ਪੰਜਾਬ ਦਾ, ਗੂੰਜ ਗਦਰ ਦੀ ਨਾਟਕਾਂ ਦਾ ਪੇਸ਼ ਕੀਤੇ ਗਏ । ਮੁਹਾਲੀ ਗੱਤਕਾ ਐਸੋਸੀਏਸ਼ਨ ਵੱਲੋਂ ਦਵਿੰਦਰ ਸਿੰਘ ਜੁੰਗਨੀ ਅਤੇ ਹਰਮਨ ਦੀ ਅਗਵਾਈ ਹੇਠ ਗੱਤਕੇ ਦੀ ਪੇਸ਼ਕਾਰੀ ਕੀਤੀ ਗਈ । ਪ੍ਰੋਗਰਾਮ ਦੇ ਅੰਤ ਵਿੱਚ ਮਹਿਮਾਨਾਂ ਅਤੇ ਕਲਾਕਾਰਾਂ ਦਾ ਸਨਮਾਨ ਕੀਤਾ ਗਿਆ । ਇਸ ਮੌਕੇ ਪ੍ਰੋ ਆਰ ਸੀ ਢੰਡ, ਡਾ. ਰਾਜਪਾਲ ਚੌਧਰੀ, ਸੁਖਪਾਲ ਸਿੰਘ, ਤਰਲੋਚਨ ਸਿੰਘ ਧਾਲੀਵਾਲ, ਨਰਿੰਦਰ ਨਾਰੰਗ, ਪ੍ਰਧਾਨ ਹਰਬੰਸ ਸਿੰਘ ਪ੍ਰਦੇਸੀ, ਗੁਰਦੇਵ ਸਿੰਘ ਅਤੇ ਤਰਨਜੀਤ ਸਿੰਘ ਆਦਿ ਹਾਜਰ ਸਨ ।

## 10ਵੀਂ ਦੀ ਬੋਰਡ ਪ੍ਰੀਖਿਆ 'ਚ ਮਾਂ ਅੰਬੇ ਗਰਲਜ਼ ਸੀ. ਸੈ. ਸਕੂਲ ਭਾਣੋਕੀ ਦਾ ਨਤੀਜਾ ਸ਼ਾਨਦਾਰ





**ਫਗਵਾੜਾ (ਡਾ. ਰਮਨ)**- ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮਾਰਚ ਮਹੀਨੇ 'ਚ ਲਈ ਗਈ 10ਵੀਂ ਦੀ ਸਾਲਾਨਾ ਬੋਰਡ ਪ੍ਰੀਖਿਆ ਵਿੱਚ ਮਾਂ ਅੰਬੇ ਗਰਲਜ਼ ਸੀ.ਐਸ.ਸੀ. ਸਕੂਲ ਭਾਣੋਕੀ ਫਗਵਾੜਾ ਦਾ ਨਤੀਜਾ ਸ਼ਾਨਦਾਰ ਰਿਹਾ। ਸਕੂਲ ਦੀ ਪ੍ਰਿੰਸੀਪਲ ਕੁਲਵਿੰਦਰ ਕੌਰ ਪਰਮਾਰ ਨੇ ਦੱਸਿਆ ਕਿ ਸਕੂਲ ਦੀਆਂ 23 ਵਿਦਿਆਰਥਣਾਂ ਨੇ ਪ੍ਰੀਖਿਆ ਦਿੱਤੀ ਸੀ। ਜਿਨ੍ਹਾਂ 'ਚ 13 ਵਿਦਿਆਰਥਣਾਂ ਨੇ 90 ਫੀਸਦੀ ਤੋਂ ਵੱਧ ਅੰਕ, ਛੇ ਵਿਦਿਆਰਥਣਾਂ ਨੇ 80 ਫੀਸਦੀ ਤੋਂ ਵੱਧ ਅੰਕ ਅਤੇ ਚਾਰ ਵਿਦਿਆਰਥਣਾਂ ਨੇ 70 ਫੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ। ਉਨ੍ਹਾਂ ਦੱਸਿਆ ਕਿ ਸਭ ਤੋਂ ਵੱਧ 96.46 ਫੀਸਦੀ ਅੰਕ ਲੈ ਕੇ ਮੈਰਿਟ ਸੂਚੀ ਵਿੱਚ ਸਥਾਨ ਪ੍ਰਾਪਤ ਕਰਨ ਵਾਲੀ ਵਿਦਿਆਰਥਣ ਰੀਆ ਸਕੂਲ ਵਿਚ ਪਹਿਲੇ, ਸਾਨੀਆ ਜੱਖੂ 96.3 ਫੀਸਦੀ ਅੰਕ ਲੈ ਕੇ ਦੂਜੇ ਅਤੇ ਮੁਸਕਾਨ ਬੰਗੜ 93.69 ਫੀਸਦੀ ਅੰਕ ਲੈ ਕੇ ਸਕੂਲ ਵਿੱਚ ਤੀਜੇ ਸਥਾਨ 'ਤੇ ਰਹੀ। ਸਕੂਲ ਚੇਅਰਮੈਨ ਨਿਰਮਲ ਸਿੰਘ ਅਤੇ ਹਰਭਜਨ ਕੌਰ ਵਲੋਂ ਮੈਰਿਟ ਵਿੱਚ ਆਈ ਵਿਦਿਆਰਥਣ ਰੀਆ ਨੂੰ 51 ਹਜ਼ਾਰ ਰੁਪਏ ਦਾ ਨਕਦ ਇਨਾਮ ਦੇ ਕੇ ਹੌਸਲਾ ਅਫਜ਼ਾਈ ਕੀਤੀ ਗਈ। ਇਸ ਤੋਂ ਇਲਾਵਾ ਸਾਨੀਆ ਜੱਖੂ ਨੂੰ 5100 ਰੁਪਏ ਅਤੇ ਮੁਸਕਾਨ ਬੰਗੜ ਨੂੰ 3100 ਰੁਪਏ ਦਾ ਨਗਦ ਇਨਾਮ ਦਿੰਦਿਆਂ ਭਵਿੱਖ ਵਿੱਚ ਹੋਰ ਸਖ਼ਤ ਮਿਹਨਤ ਨਾਲ ਉਚੇਰੀ ਵਿੱਦਿਆ ਹਾਸਲ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਸਕੂਲ ਚੇਅਰਮੈਨ ਨਿਰਮਲ ਸਿੰਘ ਅਤੇ ਹਰਭਜਨ ਕੌਰ ਤੋਂ ਇਲਾਵਾ ਸਕੂਲ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਕੇ.ਕੇ. ਸਰਦਾਨਾ, ਸਕੱਤਰ ਅਵਤਾਰ ਸਿੰਘ ਅਤੇ ਮਲਕੀਅਤ ਸਿੰਘ ਰਘਬੋਤਰਾ ਨੇ ਵੀ ਸਕੂਲ ਦੇ ਸ਼ਾਨਦਾਰ ਨਤੀਜੇ ਲਈ ਪ੍ਰਿੰਸੀਪਲ ਕੁਲਵਿੰਦਰ ਕੌਰ ਪਰਮਾਰ ਸਮੇਤ ਸਮੂਹ ਸਟਾਫ਼ ਦੀ ਮਿਹਨਤ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਵਿਦਿਆਰਥਣਾਂ ਦੇ ਵਧੀਆ ਰਿਜ਼ਲਟ ਲਈ ਮਾਪਿਆਂ ਨੂੰ ਵੀ ਸ਼ੁੱਭ ਇੱਛਾਵਾਂ ਦਿੱਤੀਆਂ।

## ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਦਾ ਦਸਵੀਂ ਦਾ ਨਤੀਜਾ ਰਿਹਾ ਸ਼ਾਨਦਾਰ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਦਸਵੀਂ ਦੇ ਨਤੀਜੇ ਐਲਾਨੇ ਗਏ ਜਿਸ ਵਿੱਚ ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ਼੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਦਾ ਦਸਵੀਂ ਦਾ ਨਤੀਜਾ 100 ਪ੍ਰਤੀਸ਼ਤ ਰਿਹਾ। ਪ੍ਰਿੰਸੀਪਲ ਗੁਰਿੰਦਰ ਕੌਰ ਨੇ ਦੱਸਿਆ ਕਿ ਮੁਸਕਾਨ ਪਹਿਲੇ ਸਥਾਨ 'ਤੇ, ਨਰਵੈਲ ਸਿੰਘ ਦੂਜੇ ਸਥਾਨ 'ਤੇ ਅਤੇ ਵਿਨੀਤ ਘਈ ਤੀਸਰੇ ਸਥਾਨ 'ਤੇ ਰਿਹਾ।ਉਹਨਾਂ ਵਿਦਿਆਰਥੀਆਂ ਨੂੰ ਅੱਗੇ ਤੋਂ ਹੋਰ ਜਿਆਦਾ ਮਿਹਨਤ ਕਰਕੇ ਹੋਰ ਵਧੀਆ ਅੰਕ ਪ੍ਰਾਪਤ ਕਰਨ ਲਈ ਪ੍ਰੇਰਿਆ।ਇਸ ਮੌਕੇ ਨਿਸ਼ਾ ਗਰਗ, ਰਵੀ ਇੰਦਰ ਕੌਰ, ਸੰਦੀਪ ਕੌਰ, ਨਰਿੰਦਰ ਕੌਰ, ਆਂਸ਼ੂ, ਮਮਤਾ ਦੇਵੀ, ਦੀਪਾਂਜਲੀ ਸ਼ਰਮ, ਰਜਿੰਦਰ ਕੌਰ, ਕੰਵਲਜੀਤ ਕੌਰ, ਸਤਿੰਦਰ ਕੌਰ, ਜਸਪ੍ਰੀਤ ਕੌਰ, ਸਪਨਾ ਰਾਣੀ, ਸ਼ਾਂਤੀ ਦੇਵੀ, ਅਮਰਜੀਤ ਕੌਰ, ਮਨਜੀਤ ਕੌਰ, ਕਰਮਜੀਤ ਕੌਰ, ਰਕੇਸ਼ ਬੇਦੀ ਆਦਿ ਹਾਜ਼ਰ ਸਨ।

## ਡੇਅਰੀ ਸਿਖਲਾਈ ਕੋਰਸ ਭਲਕ



**ਨਵਾਂਸ਼ਹਿਰ (ਮਨੋਜ ਲਾਡੀ)**-ਡਾਇਰੈਕਟਰ, ਡੇਅਰੀ ਵਿਕਾਸ ਵਿਭਾਗ ਪੰਜਾਬ ਕੁਲਦੀਪ ਸਿੰਘ ਜੱਸੋਵਾਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ 22 ਅਪ੍ਰੈਲ 2024 ਤੋਂ ਦੁੱਧ ਉਤਪਾਦਕਾਂ ਅਤੇ ਡੇਅਰੀ ਫਾਰਮਰਾਂ ਨੂੰ ਡੇਅਰੀ ਸਿਖਲਾਈ ਦੇਣ ਲਈ ਅਗਲਾ ਬੈਚ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਜਾਣਕਾਰੀ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਵਿਨੀਤ ਕੁਮਾਰ ਨੇ ਦਿੰਦਿਆਂ ਦੱਸਿਆ ਕੇ ਅਜੋਕੇ ਯੁੱਗ ਵਿੱਚ ਵਿਗਿਆਨਕ ਢੰਗਾਂ ਨਾਲ ਕੀਤੇ ਕਾਰੋਬਾਰ ਹੀ ਲਾਹੇਵੰਦ ਹੋਣਗੇ। ਦਧਾਰੂ ਪਸ਼ੂਆਂ ਦੀ ਖਰੀਦ ਤੋਂ ਲੈ ਕੇ ਰੱਖ ਰਖਾਓ, ਖਾਦ ਖੁਰਾਕ, ਨਸਲ ਸੁਧਾਰ, ਸਾਂਭ ਸੰਭਾਲ ਅਤੇ ਸੁਚੱਜੇ ਮੰਡੀਕਰਨ ਦੀਆਂ ਨਵੀਨਤਮ ਤਕਨੀਕਾਂ ਬਾਰੇ ਜਾਣਕਾਰੀ ਦੇਣ ਲਈ ਚਲਾਏ ਜਾਂਦੇ ਡੇਅਰੀ ਸਿਖਲਾਈ ਪ੍ਰੋਗਰਾਮ ਸ਼ੁਰੂ ਕੀਤੇ ਗਏ ਹਨ। ਉਹਨਾਂ ਨੇ ਸਮੂਹ ਦੁੱਧ ਉਤਪਾਦਕਾਂ ਅਤੇ ਡੇਅਰੀ ਫਾਰਮਰਾਂ ਨੂੰ ਸੁਨੇਹਾ ਦਿੱਤਾ ਹੈ ਕਿ ਉਹ ਤੁਰੰਤ ਆਪਣੇ ਆਪ ਨੂੰ ਸਿਖਲਾਈ ਪ੍ਰੋਗਰਾਮ ਵਿੱਚ ਦਾਖਲ ਕਰਵਾਉਣ ਲਈ ਉਪਰਾਲੇ ਕਰਨ ਅਤੇ ਵਿਭਾਗ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਦਾ ਵੱਧ ਤੋਂ ਵੱਧ ਲਾਭ ਉਠਾਣ।ਲੋੜੀਂਦੇ ਕਾਗਜਾਤ ਪੜਾਈ ਦਾ ਸਰਟੀਫਿਕੇਟ, ਅਧਾਰ ਕਾਰਡ, ਵੋਟਰ ਕਾਰਡ, ਅਨਸੂਚਿਤ ਜਾਤੀ ਸਰਟੀਫਿਕੇਟ,ਪਾਸਪੋਰਟ ਸਾਈਜ ਫੋਟੋ ਨਾਲ ਲੈ ਕੇ 22 ਅਪ੍ਰੈਲ 2024 ਤੱਕ ਆਪਣੇ ਫਾਰਮ ਭਰਵਾਉਣ ਲਈ ਦਫਤਰ ਡੇਅਰੀ ਵਿਕਾਸ, ਵੈਟਨਰੀ ਪੋਲੀਕਲੀਨਿਕ, ਬੰਗਾ ਰੋਡ ਮਹਾਲੋਂ ਵਿਖੇ ਸੰਪਰਕ ਕੀਤਾ ਜਾ ਸਕਦਾ ਹੈ।ਇਸ ਤੋਂ ਇਲਾਵਾ ਵਧੇਰੇ ਜਾਣਕਾਰੀ ਲਈ ਟੈਲੀਫੋਨ ਨੰਬਰ 01823225050 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਡਿਪਟੀ ਕਮਿਸ਼ਨਰ ਨੇ ਕਿਸਾਨਾਂ ਨੂੰ ਨਾੜ ਨੂੰ ਅੱਗ ਨਾ ਲਗਾਉਣ ਦੀ ਕੀਤੀ ਅਪੀਲ

**ਨਵਾਂਸ਼ਹਿਰ (ਮਨੋਜ ਲਾਡੀ)** ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਆਈ.ਏ.ਐਸ. ਵਲੋਂ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਗਈ ਕਿ ਕਣਕ ਦੀ ਫਸਲ ਦੀ ਵਾਢੀ ਕਰਨ ਤੋਂ ਬਾਅਦ ਕਣਕ ਦੇ ਨਾੜ ਦੀ ਰਹਿੰਦ-ਖੂੰਹਦ ਨੂੰ ਖੇਤ ਦੀ ਵਹਾਈ ਕਰਕੇ ਮਿੱਟੀ ਵਿੱਚ ਹੀ ਰਲਾਇਆ ਜਾਵੇ ਤੇ ਅੱਗ ਨਾ ਲਗਾਈ ਜਾਵੇ, ਤਾਂ ਜੋ ਵਾਤਾਵਰਣ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਇਆ ਜਾ ਸਕੇ। ਖੇਤਾਂ ਵਿੱਚ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਨਾਲ ਮਿੱਟੀ ਵਿੱਚ ਮੌਜੂਦ ਸੂਖਮ ਜੀਵਾਣੂ ਨਸ਼ਟ ਹੋਣ ਨਾਲ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ। ਉਨ੍ਹਾਂ ਕਿਹਾ ਕਿ ਅੱਗ ਦਾ ਧੂੰਆਂ ਸੜਕ ਹਾਦਸਿਆਂ ਅਤੇ ਮਨੁੱਖੀ ਸਿਹਤ ਖਰਾਬ ਹੋਣ ਦਾ ਕਾਰਣ ਬਣਦਾ ਹੈ।ਉਹਨਾਂ ਕਿਹਾ ਕਿ ਫਸਲਾਂ ਦੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਅੱਗ ਲਗਾਉਣ ਵਾਲੇ ਕਿਸਾਨਾਂ ਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ, ਨਵੀਂ ਦਿੱਲੀ ਦੀਆਂ ਹਦਾਇਤਾਂ ਅਨੁਸਾਰ ਸਖਤ ਕਾਨੂੰਨੀ ਕਾਰਵਾਈ ਕਰਕੇ ਜੁਰਮਾਨਾ ਕੀਤਾ ਜਾਵੇਗਾ।ਉਹਨਾਂ ਵਲੋਂ ਪਿੰਡ ਲੈਵਲ ਤੇ ਤੈਨਾਤ ਕੀਤੇ ਗਏ ਕਲੱਸਟਰ ਅਫਸਰਾਂ ਅਤੇ ਪਿੰਡ ਲੈਵਲ ਨੋਡਲ ਅਫਸਰਾਂ ਨੂੰ ਕਿਸਾਨਾਂ ਨੂੰ ਫਸਲਾਂ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਅਤੇ ਸੁਚੱਜੀ ਸਾਂਭ ਸੰਭਾਲ ਸਬੰਧੀ ਜਾਗਰੂਕ ਕਰਨ ਲਈ ਡਿਊਟੀ ਨੂੰ ਤਨਦੇਹੀ ਨਾਲ ਨਿਭਾਉਣ ਸਬੰਧੀ ਸਖਤ ਨਿਰਦੇਸ਼ ਜਾਰੀ ਕੀਤੇ ਗਏ।ਉਹਨਾਂ ਕਿਹਾ ਕਿ ਤਹਿਸੀਲ/ਬਲਾਕ ਲੈਵਲ ਤੇ ਬਣਾਈਆਂ ਮੋਨੀਟਰਿੰਗ ਟੀਮਾਂ ਦੇ ਅਧਿਕਾਰੀਆਂ ਵਲੋਂ ਪਿੰਡਾਂ ਵਿੱਚ ਕਿਸਾਨਾਂ ਨਾਲ ਮੀਟਿੰਗਾਂ ਕੀਤੀਆਂ ਜਾਣ ਅਤੇ ਗੁਰਦੁਆਰਾ ਸਾਹਿਬ ਤੋਂ ਕਣਕ ਦੀ ਨਾੜ ਨੂੰ ਅੱਗ ਨਾ ਲਗਾਉਣ ਸਬੰਧੀ ਰੈਗੂਲਰ ਅਨਾਊਂਸਮੈਂਟਾਂ ਕਰਵਾਈਆਂ ਜਾਣ ਅਤੇ ਫੀਲਡ ਵਿੱਚ ਅੱਗ ਲੱਗਣ ਵਾਲੀ ਸਾਈਟ ਦਾ 24 ਘੰਟੇ ਦੇ ਅੰਦਰ-ਅੰਦਰ ਮੌਕੇ 'ਤੇ ਵਿਜਿਟ ਕਰਕੇ ਰਿਪੋਰਟ ਕੀਤੀ ਜਾਵੇ।

## ਨਵੇਂ ਦਾਖ਼ਲੇ ਸਬੰਧੀ ਮਾਪਿਆਂ 'ਚ ਭਾਰੀ ਉਤਸ਼ਾਹ




**ਫਿਲੌਰ (ਨਿਰਮਲ)**-ਕੈਂਬਰਿਜ ਓਵਰਸੀਜ਼ ਇੰਟਰਨੈਸ਼ਨਲ ਸਕੂਲ ਵਿੱਚ ਨਵੇਂ ਵਿੱਦਿਅਕ ਸੈਸ਼ਨ 2024-25 ਦੇ ਦਾਖਲੇ ਲਈ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਮਾਪੇ ਸਕੂਲ ਵਿੱਚ ਵਧੀਆ ਪੜ੍ਹਾਈ, ਡਿਸਪਲਿਨ ਅਤੇ ਇਨਫਰਾਸਟਰਕਚਰ ਦੀ ਪ੍ਰਸ਼ੰਸ਼ਾ ਕਰਦੇ ਹੋਏ, ਬੱਚਿਆਂ ਦਾ ਦਾਖਲਾ ਕਰਵਾ ਰਹੇ ਹਨ। ਪ੍ਰਿੰਸੀਪਲ ਮੈਡਮ ਡਾ. ਮਮਤਾ ਬਕਸ਼ੀ ਨੇ ਦੱਸਿਆ ਕਿ ਪਿਛਲੇ ਵਿੱਦਿਅਕ ਸੈਸ਼ਨ 2023-24 ਵਿਚ ਬੱਚਿਆਂ ਨੇ ਪੜ੍ਹਾਈ ਵਿਚ ਪੁਜ਼ੀਸ਼ਨਾਂ ਹਾਸਲ ਕੀਤੀਆਂ, ਵੱਖ ਵੱਖ ਵਿਸ਼ਿਆਂ ਵਿੱਚ ਐਵਾਰਡ ਵੀ ਹਾਸਿਲ ਕੀਤੇ । ਬੱਚਿਆਂ ਦੀ ਪੜ੍ਹਾਈ ਨੂੰ ਹੋਰ ਬਿਹਤਰ ਬਣਾਉਣ ਲਈ ਪ੍ਰਿੰਸੀਪਲ ਅਤੇ ਮੈਨੇਜਮੈਂਟ ਨਵੇਂ-ਨਵੇਂ ਉਪਰਾਲੇ ਕਰ ਰਹੇ ਹਨ ਤਾਂ ਜੋ ਮੁਸ਼ਕਲ ਵਿਸ਼ਿਆਂ ਨੂੰ ਬੜੀ ਆਸਾਨੀ ਨਾਲ ਪੜ੍ਹਾਇਆ ਜਾ ਸਕੇ।

## ਖਹਿਰੇ ਦਾ ਚਿਹਰਾ ਹੋਇਆ ਨੰਗਾ : ਸਿੰਗੜੀਵਾਲਾ

**ਹੁਸ਼ਿਆਰਪੁਰ (ਬਲਬੀਰ ਸਿੰਘ ਸੈਣੀ)**- ਸਿੱਖਾਂ ਦੀ ਕਾਤਲ ਜਮਾਤ ਕਾਂਗਰਸ ਵੱਲੋਂ ਦਰਬਾਰ ਸਾਹਿਬ ਤੇ 1984 ਵਿੱਚ ਟੈਂਕਾਂ ਤੋਪਾਂ ਨਾਲ ਹਮਲਾ ਕਰਕੇ ਢਹਿ ਢੇਰੀ ਕਰਨ, ਸਿੱਖਾਂ ਦਾ ਨਵੰਬਰ 1984 'ਚ ਦਿੱਲੀ ਵਿੱਚ ਵੱਡੀ ਪੱਧਰ 'ਤੇ ਕਤਲੇਆਮ ਕਰਨ ਅਤੇ ਪੰਜਾਬ ਅੰਦਰ ਸਿੱਖ ਨੌਜਵਾਨਾਂ ਦੇ ਝੂਠੇ ਪੁਲਸ ਮੁਕਾਬਲੇ ਕਰਕੇ ਖਤਮ ਕਰਨ ਵਾਲੀ ਪਾਰਟੀ ਦੇ ਆਗੂ ਸੁਖਪਾਲ ਖਹਿਰਾ ਵੱਲੋਂ ਲਗਾਤਾਰ ਪਾਰਲੀਮੈਂਟ ਅੰਦਰ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬ ਅਤੇ ਪੰਥਕ ਹਿੱਤਾਂ ਦੀ ਆਵਾਜ਼ ਉਠਾਉਣ ਅਤੇ ਸਰਬੱਤ ਦੇ ਭਲੇ ਦੀ ਗੱਲ ਕਰਨ ਵਾਲੇ ਆਗੂ ਸਿਮਰਨਜੀਤ ਸਿੰਘ ਮਾਨ ਮੈਂਬਰ ਪਾਰਲੀਮੈਂਟ ਦੇ ਵਿਰੁੱਧ ਝੂਠੀ ਅਤੇ ਬੇਬੁਨਿਆਦ ਬਿਆਨਬਾਜ਼ੀ ਕਿ ਸਿਮਰਨਜੀਤ ਸਿੰਘ ਮਾਨ ਨੇ ਪਾਰਲੀਮੈਂਟ ਅੰਦਰ ਆਵਾਜ਼ ਨਹੀਂ ਉਠਾਈ ਕਰਨ ਨਾਲ ਪੰਜਾਬ ਦੇ ਲੋਕਾਂ ਵਿੱਚ ਸੁਖਪਾਲ ਖਹਿਰੇ ਦਾ ਪੰਜਾਬ ਵਿਰੋਧੀ ਚਿਹਰਾ ਨੰਗਾ ਹੋ ਗਿਆ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਕੇਂਦਰੀ ਵਰਕਿੰਗ ਕਮੇਟੀ ਮੈਂਬਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸੁਖਪਾਲ ਖਹਿਰੇ ਦੀ ਝੂਠੀ ਅਤੇ ਬੇਬੁਨਿਆਦ ਬਿਆਨਬਾਜ਼ੀ ਦਾ ਸਖਤ ਨੋਟਿਸ ਲੈਂਦਿਆਂ ਹੋਇਆਂ ਪ੍ਰੈੱਸ ਨੋਟ ਰਾਹੀਂ ਕੀਤਾ। ਸਿੰਗੜੀਵਾਲਾ ਨੇ ਕਿਹਾ ਕਿ ਪੰਥ ਅਤੇ ਪੰਜਾਬ ਵਿਰੋਧੀ ਨੀਤੀਆਂ ਕਾਰਨ ਹੀ ਅੱਜ ਕਾਂਗਰਸ ਪਾਰਟੀ ਪੰਜਾਬ ਦੇ ਹਾਸ਼ੀਏ ਤੋਂ ਖਤਮ ਹੋ ਚੁੱਕੀ ਹੈ ਅਤੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਵਿੱਚ ਇਸ ਦਾ ਖਮਿਆਜ਼ਾ ਸੁਖਪਾਲ ਖਹਿਰਾ ਅਤੇ ਸਮੁੱਚੀ ਕਾਂਗਰਸ ਲੀਡਰਸ਼ਿਪ ਨੂੰ ਭੁਗਤਣਾ ਪਵੇਗਾ ਤੇ ਪੰਜਾਬ ਦੇ ਲੋਕ ਇਹਨਾਂ ਦੀਆਂ ਸਿੱਖ ਕੌਮ ਅਤੇ ਪੰਜਾਬ ਵਿਰੋਧੀ ਨੀਤੀਆਂ ਕਾਰਨ ਇਹਨਾਂ ਨੂੰ ਮੂੰਹ ਨਹੀਂ ਲਗਾਉਣਗੇ ਤੇ ਲੱਕ ਤੋੜਵੀਂ ਹਾਰ ਦੇਣਗੇ।

## ਧਾਰਮਿਕ ਭਜਨ 'ਖੁਸ਼ੀਆਂ ਦਾ ਦਿਨ' ਦਾ ਪੋਸਟਰ ਰਿਲੀਜ਼



**ਫਿਲੌਰ (ਨਿਰਮਲ)**-ਸੰਗੀਤ ਦੇ ਖੇਤਰ 'ਚ ਆਪਣੀ ਵੱਖਰੀ ਪਛਾਣ ਬਣਾਉਣ ਵਾਲੇ ਮਸ਼ਹੂਰ ਗਾਇਕ ਨਰਿੰਦਰ ਨਿਸ਼ਾਦ ਨੇ ਆਪਣੀ ਸੁਰੀਲੀ ਆਵਾਜ਼ 'ਚ ਧਾਰਮਿਕ ਭਜਨ 'ਖੁਸ਼ੀਆਂ ਦਾ ਦਿਨ' ਸਰੋਤਿਆਂ ਦੇ ਰੂਬਰੂ ਕੀਤਾ ਹੈ, ਜਿਸ ਨੂੰ ਸਰੋਤਿਆਂ ਵੱਲੋਂ ਖੂਬ ਪਸੰਦ ਕੀਤਾ ਜਾ ਰਿਹਾ ਹੈ। ਜਾਣਕਾਰੀ ਅਨੁਸਾਰ ਭਜਨ ਗਾਇਕ ਨਰਿੰਦਰ ਨਿਸ਼ਾਦ ਨੇ ਦੱਸਿਆ ਕਿ ਇਹ ਭਜਨ ਉਨ੍ਹਾਂ ਖੁਦ ਲਿਖਿਆ ਅਤੇ ਗਾਇਆ ਹੈ, ਇਸ ਨੂੰ ਸੰਗੀਤ ਦੀਆਂ ਧੁਨਾਂ ਨਾਲ 6 ਡੀਬੀ ਸਟੂਡੀਓ ਵੱਲੋਂ ਤਿਆਰ ਕੀਤਾ ਗਿਆ ਹੈ। ਉਸਤਾਦ ਗੋਬਿੰਦਰ ਆਲਮਪੁਰੀ, ਜੋਗਿੰਦਰ ਪਾਲ, ਕਮਲਾ ਰਾਣੀ ਨੇ ਇਸ ਖ਼ੂਬਸੂਰਤ ਭਜਨ ਲਈ ਗਾਇਕ ਨਰਿੰਦਰ ਨਿਸ਼ਾਦ ਨੂੰ ਵਧਾਈ ਦਿੱਤੀ। ਰਣਜੀਤ ਕਲਸੀ ਨੇ ਇਸ ਭਜਨ ਨੂੰ ਤਿਆਰ ਕਰਨ ਵਾਲੀ ਸੰਗੀਤਕ ਟੀਮ ਦਾ ਧੰਨਵਾਦ ਕੀਤਾ।

## ਗੇਹਲੋਂ ਪਰਵਾਰ ਨੂੰ ਸਦਮਾ, ਅਰੁਣ ਕੁਮਾਰ ਗੇਹਲੋਂ ਦਾ ਦੇਹਾਂਤ



**ਭੋਗਪੁਰ** : ਸੈਣੀ ਨਿਊਜ਼ ਏਜੰਸੀ ਭੋਗਪੁਰ ਦੇ ਮਾਲਕ ਪ੍ਰਣਵ ਕੁਮਾਰ ਗੇਹਲੋਂ ਦੇ ਛੋਟੇ ਭਰਾ ਅਰੁਣ ਕੁਮਾਰ ਗੇਹਲੋ ਦਾ ਅੱਜ ਦੇਹਾਂਤ ਹੋ ਗਿਆ। ਉਹ ਕੁਝ ਸਮੇਂ ਤੋਂ ਬਿਮਾਰ ਚੱਲ ਰਹੇ ਸਨ। ਉਨ੍ਹਾਂ ਦੀ ਅਚਨਚੇਤ ਮੌਤ 'ਤੇ ਇਲਾਕੇ ਦੀਆਂ ਰਾਜਨੀਤਿਕ, ਧਾਰਮਿਕ ਤੇ ਸਮਾਜਿਕ ਸ਼ਖਸ਼ੀਅਤਾਂ ਵੱਲੋਂ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਛੋਟੇ ਭਰਾ ਰਮਨ ਕੁਮਾਰ ਗੇਹਲੋ ਦੇ ਵਿਦੇਸ਼ ਤੋਂ ਵਾਪਸ ਪਰਤਣ 'ਤੇ ਐਤਵਾਰ ਬਾਅਦ ਦੁਪਹਿਰ ਕੀਤਾ ਜਾਵੇਗਾ।

## ਜ਼ਿਲ੍ਹੇ 'ਚ ਅੱਜ ਨੂੰ ਮੀਟ ਦੀਆਂ ਦੁਕਾਨਾਂ ਤੇ ਸਲਾਟਰ ਹਾਊਸ ਬੰਦ ਰੱਖਣ ਦੇ ਹੁਕਮ

**ਹੁਸ਼ਿਆਰਪੁਰ, (ਬਲਬੀਰ ਸੈਣੀ)** -ਜ਼ਿਲ੍ਹਾ ਮੈਜਿਸਟਰੇਟ ਹੁਸ਼ਿਆਰਪੁਰ ਕੋਮਲ ਮਿੱਤਲ ਨੇ 21 ਅਪ੍ਰੈਲ ਨੂੰ ਭਗਵਾਨ ਮਹਾਂਵੀਰ ਜੈਅੰਤੀ ਮੌਕੇ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਮੀਟ ਦੀਆਂ ਦੁਕਾਨਾਂ ਅਤੇ ਸਲਾਟਰ ਹਾਊਸ ਬੰਦ ਰੱਖਣ ਦੇ ਹੁਕਮ ਜਾਰੀ ਕੀਤੇ ਹਨ। ਜ਼ਿਲ੍ਹਾ ਮੈਜਿਸਟਰੇਟ ਨੇ ਉਕਤ ਆਦੇਸ਼ ਪ੍ਰਧਾਨ ਐਸ.ਐਸ ਜੈਨ ਸਭਾ (ਰਜਿ:) ਹੁਸ਼ਿਆਰਪੁਰ ਅਤੇ ਪ੍ਰਧਾਨ ਆਤਮਾਨੰਦ ਜੈਨ ਸਭਾ ਵੱਲੋਂ ਉਕਤ ਦਿਨ ਮੀਟ ਦੀਆਂ ਦੁਕਾਨਾਂ ਅਤੇ ਸਲਾਟਰ ਹਾਊਸ ਬੰਦ ਕਰਵਾਉਣ ਲਈ ਦਿੱਤੀਆਂ ਗਈਆਂ ਪ੍ਰਤੀਬੇਨਤੀਆਂ ਨੂੰ ਮੱਦੇਨਜ਼ਰ ਰੱਖਦਿਆਂ ਦਿੱਤੇ।

# ਅਵਾਰਾ ਪਸ਼ੂਆਂ ਤੇ ਕੁੱਤਿਆਂ ਕਾਰਨ ਲੋਕ ਸਹਿਮ 'ਚ




**ਖਰੜ (ਹਰਨਾਮ ਸਿੰਘ ਡੱਲਾ)**-ਵੈਸੇ ਤਾਂ ਅਵਾਰਾ ਪਸ਼ੂਆਂ ਦੀ ਸਮੱਸਿਆ ਪੂਰੇ ਮੁਲਕ ਦੇ ਲੋਕਾਂ ਲਈ ਚਣੌਤੀ ਬਣੀ ਹੋਈ ਹੈ। ਜਿਸ ਦੇ ਹੱਲ ਲਈ ਰਾਜ ਸਰਕਾਰਾਂ ਵਲੋਂ ਕੀਤੇ ਗਏ ਉਪਰਾਲੇ ਨਾ ਕਾਫੀ ਸਿੱਧ ਹੋ ਰਹੇ ਹਨ। ਪੰਜਾਬ ਸਰਕਾਰ ਨੇ ਲੋਕਾਂ ਉੱਤੇ ਗਊ ਸੈੱਸ ਦਾ ਭਾਰ ਵੀ ਪਾਇਆ ਹੋਇਆ ਹੈ।ਜੋ ਕਿ ਅਵਾਰਾ ਪਸ਼ੂਆਂ ਖਾਸ ਕਰਕੇ ਗਊਆਂ ਦੀ ਸਾਂਭ ਸੰਭਾਲ ਲਈ ਵਰਤੋਂ ਵਿੱਚ ਲਿਆਂਦਾ ਜਾ ਰਿਹਾ ਹੈ। ਸ਼ਹਿਰਾਂ ਵਿੱਚ ਬਹੁਤ ਸਾਰੀਆਂ ਗਊਸ਼ਾਲਾਵਾਂ ਸ਼ਹਿਰ ਦੇ ਧਾਰਮਿਕ ਅਕੀਦਾ ਰੱਖਦੇ ਲੋਕਾਂ ਅਤੇ ਸਮਾਜਿਕ ਸੰਸਥਾਵਾਂ ਵਲੋਂ ਚਲਾਈਆਂ ਜਾ ਰਹੀਆਂ ਹਨ। ਪਰ ਇਸ ਦੇ ਬਾਵਜੂਦ ਅਵਾਰਾ ਗਊਆਂ ਦੇ ਵਗ ਸ਼ਹਿਰਾਂ ਦੀਆਂ ਕਲੋਨੀਆਂ,ਪਾਰਕਾਂ, ਸੜਕਾਂ ਅਤੇ ਗਲੀਆਂ ਵਿੱਚ ਘੁੰਮਦੇ ਆਮ ਹੀ ਦਿਖਾਈ ਦਿੰਦੇ ਹਨ। ਜੋ ਕਿ ਹਾਦਸਿਆਂ ਦਾ ਕਰਨ ਬਣ ਕੇ ਮਨੁੱਖੀ ਜਾਨਾਂ ਵੀ ਲੈ ਲੈਂਦੇ ਹਨ। ਖਰੜ ਸ਼ਹਿਰ ਦੀਆਂ ਰੈਜੀਡੈਂਟ ਵੈਲਫੇਅਰ ਐਸੋਸੀਏਸ਼ਨਾਂ ਅਤੇ ਸਮਾਜਿਕ ਜਥੇਬੰਦੀਆਂ ਵਲੋਂ ਅਵਾਰਾ ਪਸ਼ੂਆਂ ਅਤੇ ਕੁੱਤਿਆਂ ਬਾਰੇ ਪ੍ਰਸ਼ਾਸਨ ਦੇ ਧਿਆਨ ਵਿੱਚ ਬਹੁਤ ਵਾਰ ਲਿਆਂਦਾ ਜਾ ਚੁੱਕਾ ਹੈ। ਪਰ ਪਰਨਾਲਾ ਓਥੇ ਦਾ ਓਥੇ ਹੀ ਹੈ। ਇੰਨ੍ਹਾਂ ਅਵਾਰਾ ਗਊਆਂ ਅਤੇ ਕੁੱਤਿਆਂ ਤੋਂ ਡਰਦੇ ਬੱਚੇ ਟਿਊਸ਼ਨ ਜਾਣ ਲਈ ਵੀ ਮਾਪਿਆਂ ਦਾ ਸਹਾਰਾ ਭਾਲਦੇ ਹਨ। ਖਰੜ ਸ਼ਹਿਰ ਵਿੱਚ ਕੁਤਿਆਂ ਦੇ ਝੁੰਡਾਂ ਨੇ ਕਈ ਵਾਰ ਆਉਂਦੇ ਜਾਂਦੇ ਜਾਂ ਸੈਰ ਕਰਦੇ ਲੋਕਾਂ ਨੂੰ ਕੱਟਿਆ ਹੈ। ਲੋਕ ਗਊਆਂ ਅਤੇ ਅਵਾਰਾ ਢੱਠਿਆਂ ਦਾ ਵੀ ਸ਼ਿਕਾਰ ਹੋਏ ਹਨ। ਰੈਜੀਡੈਂਟ ਐਸੋਸੀਏਸ਼ਨ ਦੇ ਪ੍ਰਧਾਨ ਮਲਕੀਅਤ ਸਿੰਘ ਰਾਣਾ, ਅਮਰਜੀਤ ਸਿੰਘ,ਚਰਨ ਸਿੰਘ ਕੰਗ, ਰਾਮ ਸਿੰਘ ,ਪਾਲਮ ਇੰਨਕਲੇਵ ਦੇ ਪ੍ਰਧਾਨ ਮਹੀਪਾਲ ਸਿੰਘ ਵਾਲੀਆ,ਜਨਰਲ ਸਕੱਤਰ ਜੰਗ ਸਿੰਘ ਅਤੇ ਸੁੱਖਾ ਸਿੰਘ ਨੇ ਪ੍ਰੈੱਸ ਰਾਹੀਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਅਵਾਰਾ ਗਊਆਂ ਅਤੇ ਕੁੱਤਿਆਂ ਨੂੰ ਸਾਂਭਣ ਦੀ ਜ਼ਿੰਮੇਵਾਰੀ ਸਰਕਾਰ ਦੀ ਬਣਦੀ ਹੈ। ਇਸ ਲਈ ਲੋੜੀਂਦੇ ਕਦਮ ਪੁੱਟ ਕੇ ਲੋਕਾਂ ਦੀ ਸਮੱਸਿਆ ਦਾ ਹੱਲ ਕੀਤਾ ਜਾਵੇ।

# ਇਪਟਾ ਪੰਜਾਬ ਵੱਲੋਂ 'ਸੱਭਿਆਚਾਰਕ ਪ੍ਰਦੂਸ਼ਣ' ਵਿਸ਼ੇ 'ਤੇ ਕਨਵੈਨਸ਼ਨ 25 ਨੂੰ

**ਮੋਹਾਲੀ (ਗੁਰਜੀਤ ਬਿੱਲਾ)** —'ਕਲਾ ਸਿਰਫ਼ ਕਲਾ ਨਹੀਂ, ਲੋਕਾਂ ਲਈ' ਦੇ ਸਿਧਾਂਤ 'ਤੇ ਅਮਲ ਕਰਦੀ 81 ਸਾਲ ਪਹਿਲਾਂ ਸਥਾਪਤ ਹੋਈ ਇਪਟਾ (ਇੰਡੀਅਨ ਪੀਪਲਜ਼ ਥੀਏਟਰ ਐਸੋਸ਼ੀਏਸ਼ਨ) ਇਪਟਾ ਪੰਜਾਬ ਵੱਲੋਂ ਕੇਂਦਰੀ ਪੰਜਾਬੀ ਲੇਖਕ ਸਭਾ (ਰਜ਼ਿ.), ਪੈਗ਼ਾਮ-ਏ-ਨਾਮਾ ਅਤੇ ਇਪਟਾ, ਚੰਡੀਗੜ ਦੇ ਸਹਿਯੋਗ ਨਾਲ 25 ਅਪ੍ਰੈਲ, ਵੀਰਵਾਰ ਨੂੰ ਬਾਅਦ ਦੁਪਹਿਰ 3.30 ਵਜੇ ਪੰਜਾਬ ਕਲਾ ਭਵਨ, ਸੈਕਟਰ-16, ਚੰਡੀਗੜ੍ਹ ਵਿਖੇ ਬੇਹੱਦ ਗੰਭੀਰ ਤੇ ਸੰਵੇਦਨਸ਼ੀਲ ਸਮਾਜਿਕ ਮੁੱਦੇ 'ਸੱਭਿਆਚਾਰਕ ਪ੍ਰਦੂਸ਼ਣ' ਨੂੰ ਚੋਣ ਮੁੱਦਾ ਨਾ ਬਣਾਉਣ ਦੀ ਰਾਜਨੀਤਿਕ ਧਿਰਾਂ ਤੋਂ ਕਾਰਨ ਜਾਨਣ ਲਈ 'ਕਨਵੈਨਸ਼ਨ' ਦਾ ਆਯੋਜਨ ਕਰਨ ਦਾ ਫੈਸਲਾ ਇਪਟਾ ਦੇ ਸੂਬਾ ਪ੍ਰਧਾਨ ਅਤੇ ਜਨਰਲ ਸਕੱਤਰ ਦੀ ਅਗਵਾਈ ਹੇਠ ਆਨ ਲਾਇਨ ਮੀਟਿੰਗ ਵਿਚ ਇਪਟਾ ਕਾਰਕੁਨ ਆਸਰਟੇਲੀਆਂ ਤੋਂ ਗੁਰਮੀਤ ਪਾਹੜਾ, ਬਠਿੰਡਾ ਤੋਂ ਕਿਰਤੀ ਕਿਰਪਾਲ, ਕੁਪੂਰਥਲਾ ਤੋਂ ਡਾ.ਹਰਭਜਨ ਸਿੰਘ, ਕਸ਼ਮੀਰ ਬਜਰੌਰ, ਦੀਪਕ ਨਾਹਰ ਅਤੇ ਸ਼ਰਨਜੀਤ ਸਿੰਘ, ਜਲੰਧਰ ਤੋਂ ਨੀਰਜ ਕੌਸ਼ਿਕ, ਅੰਮ੍ਰਿਤਸਰ ਤੋਂ ਬਲਬੀਰ ਮੂਧਲ ਤੇ ਸਤਨਾਮ ਮੂਧਲ, ਗੁਰਦਾਪੁਰ ਤੋਂ ਬੂਟਾ ਰਾਮ ਆਜ਼ਾਦ, ਚੰਡੀਗੜ੍ਹ ਤੋਂ ਕਮਲ ਨੈਨ ਸਿੰਘ ਸੇਖੋਂ ਅਤੇ ਮੁਹਾਲੀ ਤੋਂ ਸਰਬਪ੍ਰੀਤ ਬਾਹਰਾ ਕੀਤਾ ਜਾ ਰਿਹਾ ਹੈ। ਇਸ ਮੌਕੇ ਬੇਬਾਕ ਤੇ ਸਿਰੜੀ ਪੱਤਰਕਾਰ ਜਤਿੰਦਰ ਪੰਨੂ ਅਤੇ ਡਾ. ਹਰਜਿੰਦਰ ਪਾਲ ਸਿੰਘ ਵਾਲੀਆ, ਪ੍ਰੋਫੈਸਰ ਰਾਜਿੰਦਰ ਪਾਲ ਸਿੰਘ ਬਰਾੜ (ਅਲੋਚਕ ਤੇ ਚਿੰਤਕ), ਪਾਲੀ ਭੁਪਿੰਦਰ, (ਨਾਟਕਕਾਰ ਤੇ ਨਾਟ-ਨਿਰਦੇਸ਼ਕ) ਬੁਲਾਰਿਆਂ ਵੱਜੋ ਸ਼ਮੂਲੀਅਤ ਕਰਨਗੇ। ਇਹ ਜਾਣਕਾਰੀ ਦਿੰਦੇ ਇਪਟਾ, ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ, ਕੇਂਦਰੀ ਪੰਜਾਬੀ ਲੇਖਕ ਸਭਾ (ਰਜ਼ਿ.) ਦੇ ਪ੍ਰਧਾਨ ਦਰਸ਼ਨ ਬੁੱਟਰ ਪੈਗ਼ਾਮ-ਏ-ਨਾਮਾ ਦੀ ਮੁੱਖ ਸੰਪਾਦਕ ਕੁਲਵਿੰਦਰ ਕੌਰ ਕੋਮਲ (ਦੁਬਈ) ਅਤੇ ਇਪਟਾ, ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿੱਧੂ ਨੇ ਕਿਹਾ ਕਿ ਇਸ ਮੌਕੇ ਇਪਟਾ ਪੰਜਾਬ ਦੀ ਮੁੱਢਲੀ ਕਾਰਕੁਨ, ਪੰਜਾਬ ਕੋਇਲ ਸੁਰਿੰਦਰ ਕੌਰ ਦੀ ਜ਼ਿੰਦਗੀ ਅਤੇ ਗਾਇਕੀ ਦੇ ਸਫ਼ਰ ਅਹਿਮ ਪੱਖ ਪੇਸ਼ ਕਰਦਾ ਗੁਰਮੇਲ ਸ਼ਾਮ ਨਗਰ ਦਾ ਲਿਖਿਆ ਤੇ ਨਿਰੇਦਸ਼ਤ ਇਕ ਪਾਤਰੀ ਨਾਟਕ 'ਜੁੱਤੀ ਕਸੂਰੀ' ਦੇ ਮੰਚਣ ਤੋਂ ਇਲਾਵਾ ਲੋਕਾਈ ਦਾ ਜ਼ਿਕਰ ਦੇ ਫ਼ਿਕਰ ਕਰਨ ਵਾਲੇ ਇਪਟਾ ਕਾਰਕੁਨ ਗਾਇਕਾਂ ਦੀ ਅਜੋਕੀ ਬਾਜ਼ਾਰੂ ਤੇ ਚਲੰਤ ਗਾਇਕੀ ਦਾ ਬਦਲ ਪੇਸ਼ ਕਰਦੀ ਗਾਇਕੀ ਵੀ ਪੇਸ਼ ਕੀਤੀ ਜਾਵੇਗੀ।

# 'ਖਣਨ ਰੋਕੋ ਜ਼ਮੀਨ ਬਚਾਓ' ਸੰਘਰਸ਼ ਕਮੇਟੀ ਦਾ ਵਫ਼ਦ ਐਸ ਡੀ ਓ ਨੂੰ ਮਿਲਿਆ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਖਣਨ ਰੋਕੋ ਜ਼ਮੀਨ ਬਚਾਓ ਸੰਘਰਸ਼ ਕਮੇਟੀ, ਤਲਵਾੜਾ ਨੇ ਪਿੰਡ ਭੋਲ ਬਦਮਾਣੀਆਂ ਵਿਖੇ ਲਗਾਏ ਜਾ ਰਹੇ ਨਵੇਂ ਸਟੋਨ ਕਰੱਸ਼ਰ ਨੂੰ ਬਿਜਲੀ ਕੁਨੈਕਸ਼ਨ ਨਾ ਦੇਣ ਦੀ ਮੰਗ ਕੀਤੀ ਹੈ। ਅੱਜ ਇੱਕ ਵਫ਼ਦ ਪਾਵਰਕਾਮ ਦਫ਼ਤਰ ਦਾਤਾਰਪੁਰ ਵਿਖੇ ਐਸ ਡੀ ਓ ਰਾਮ ਲਾਲ ਨੂੰ ਮਿਲਿਆ ਅਤੇ ਮੰਗ ਪੱਤਰ ਸੌਂਪਿਆ। ਵਫ਼ਦ ਆਗੂਆਂ ਨੇ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਉਹ ਪਹਿਲਾਂ ਹੀ ਸੁਖਚੈਨਪੁਰ ਵਿਖੇ ਚੱਲਦੇ ਸਟੋਨ ਕਰੱਸ਼ਰ ਤੋਂ ਦੁਖੀ ਹਨ। ਖੇਤਰ 'ਚ ਕੋਈ ਵੀ ਖੱਡ ਮਨਜ਼ੂਰ ਨਾ ਹੋਣ ਦੇ ਬਾਵਜੂਦ ਕਰੱਸ਼ਰ ਮਾਲਕਾਂ ਵੱਲੋਂ ਪਹਾੜੀਆਂ ਦੀ ਕੀਤੀ ਜਾ ਰਹੀ ਪੁਟਾਈ ਜਾਂਚ ਦਾ ਵਿਸ਼ਾ ਹੈ। ਜਦਕਿ ਤਲਵਾੜਾ ਖ਼ੇਤਰ ਵਾਤਾਵਰਣ ਪੱਖੋਂ ਖ਼ੇਤਰ ਬੇਹੱਦ ਸੰਜੀਦਾ ਹੈ ਅਤੇ ਜ਼ਿਆਦਾਤਰ ਰਕਬਾ ਜੰਗਲਾਤ ਐਕਟ ਦੀ ਦਫ਼ਾ 4 ਅਤੇ 5 ਅਧੀਨ ਆਉਂਦਾ ਹੈ, ਲੋਕ ਪ੍ਰੇਸ਼ਾਨ ਹਨ ਅਤੇ ਇਲਾਕੇ 'ਚ ਚੱਲਦੇ ਮਾਈਨਿੰਗ ਕਾਰੋਬਾਰ ਦਾ ਵਿਰੋਧ ਕਰ ਰਹੇ ਹਨ। ਪਰ ਪੰਜਾਬ ਸਰਕਾਰ ਨਵੇਂ ਕਰੱਸ਼ਰਾਂ ਨੂੰ ਮਨਜ਼ੂਰੀ ਦੇ ਕੇ ਲੋਕਾਂ ਦੇ ਵਿਰੋਧ 'ਚ ਖੜ੍ਹੀ ਹੁੰਦੀ ਪ੍ਰਤੀਤ ਹੋ ਰਹੀ ਹੈ। ਵਫ਼ਦ ਆਗੂਆਂ ਨੇ ਦਸਿਆ ਕਿ ਫਾਈਰ ਸੀਜ਼ਨ ਦੇ ਬਾਵਜੂਦ ਪਿੰਡ ਭੋਲ ਬਦਮਾਣੀਆ ਵਿਖੇ ਲਗਾਏ ਜਾ ਰਹੇ ਕਰੱਸ਼ਰ ਮਾਲਕਾਂ ਨੇ ਹੈਵੀ ਮਸ਼ੀਨਰੀ ਨਾਲ ਸੈਂਕੜੇ ਦਰੱਖਤ ਪੁੱਟ ਕੇ ਸੁੱਟ ਦਿੱਤੇ ਹਨ। ਉਨ੍ਹਾਂ ਐਲਾਨ ਕੀਤਾ ਕਿ ਖ਼ੇਤਰ 'ਚ ਨਵਾਂ ਕਰੱਸ਼ਰ ਨਹੀਂ ਲੱਗਣ ਦਿੱਤਾ ਜਾਵੇਗਾ। ਹੋਰਨਾਂ ਤੋਂ ਇਲਾਵਾ ਵਫ਼ਦ 'ਚ ਕੈਪਟਨ ਰਾਜੇਸ਼ ਕੁਮਾਰ, ਕੈਪਟਨ ਸਵਰਨ ਸਿੰਘ ਭੋਲ, ਕੈਪਟਨ ਜੋਗਿੰਦਰ ਸਿੰਘ ਮੰਗੂ ਮੈਰ੍ਹਾ, ਸਾਬਕਾ ਸਰਪੰਚ ਲੇਖ ਰਾਜ, ਯਾਦਵਿੰਦਰ ਮਿਨਹਾਸ, ਕੈਪਟਨ ਅਸ਼ੋਕ ਜਲੇਰੀਆ, ਦੀਪਕ ਠਾਕੁਰ, ਬਹਾਦੁਰ ਸਿੰਘ ਆਦਿ ਮੌਜੂਦ ਸਨ।

# ਪ੍ਰੇਰਕ ਬਣੀ ਢਾਹਾਂ ਤੋਂ ਚੱਬੇਵਾਲ ਤੱਕ ਦੀ ਸਮਾਜਿਕ ਯਾਤਰਾ



**ਬੰਗਾ (ਅਵਤਾਰ ਕਲੇਰ)**-ਢਾਹਾਂ ਤੋਂ ਚੱਬੇਵਾਲ ਤੱਕ ਕੱਢੀ ਗਈ ਸਮਾਜਿਕ ਯਾਤਰਾ ਪ੍ਰੇਰਕ ਸਾਬਤ ਹੋਈ। ਇਹ ਯਾਤਰਾ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਕੁਲਵਿੰਦਰ ਸਿੰਘ ਢਾਹਾਂ ਦੀ ਅਗਵਾਈ ਵਿੱਚ ਕੱਢੀ ਗਈ। ਗੜ੍ਹਸ਼ੰਕਰ ਰਾਹੀਂ ਹੁੰਦੀ ਹੋਈ ਇਹ ਯਾਤਰਾ ਗੱਜਰ ਵਿਖੇ ਰੌਸ਼ਨ ਕਲਾ ਕੇਂਦਰ ਵਿਖੇ ਰੁਕੀ। ਇਸ ਮੌਕੇ ਸਮਾਜਿਕ, ਸਿੱਖਿਆ ਅਤੇ ਸਾਹਿਤ ਖੇਤਰ ਵਿੱਚ ਪਾਏ ਯੋਗਦਾਨ ਲਈ ਢਾਹਾਂ ਪ੍ਰਾਇਜ਼ ਦੇ ਸਿਰਜਕ ਬਰਜਿੰਦਰ ਸਿੰਘ ਢਾਹਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਗਿਆ। ਇਸ ਸਨਮਾਨ ਰਸਮ 'ਚ ਸ਼ਾਮਲ ਸਮੂਹ ਪਤਵੰਤਿਆਂ ਨੇ ਉਨ੍ਹਾਂ ਦੀ ਸਮੁੱਖੀ ਸ਼ਖ਼ਸ਼ੀਅਤ ਨੂੰ ਸਮਾਜ ਦਾ ਚਾਨਣ ਮੁਨਾਰਾ ਦੱਸਿਆ। ਬਰਜਿੰਦਰ ਸਿੰਘ ਢਾਹਾਂ ਨੇ ਵਿਚਾਰਾਂ ਦੀ ਸਾਂਝ ਪਾਉਂਦਿਆਂ ਕੁਦਰਤ ਦੀ ਗੋਦ 'ਚ ਮਾਪਿਆਂ ਦੇ ਕਹਿਣੇਕਾਰ ਹੁੰਦਿਆਂ ਸਮਾਜ ਪ੍ਰਤੀ ਆਪਣੇ ਬਣਦੇ ਫ਼ਰਜ਼ ਨਿਭਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਮੰਚ ਦਾ ਸੰਚਾਲਨ ਸੁਰਜੀਤ ਮਜਾਰੀ ਨੇ ਬਾਖ਼ੂਬੀ ਨਿਭਾਇਆ। ਰੌਸ਼ਨ ਕਲਾ ਕੇਂਦਰ ਦੇ ਨੁਮਾਇੰਦੇ ਪ੍ਰੋ. ਅਜੀਤ ਸਿੰਘ ਅਤੇ ਕਮਲਜੀਤ ਕੰਵਰ ਨੇ ਸਵਾਗਤੀ ਸ਼ਬਦ ਕਹੇ। ਨਰਸਿੰਗ ਕਾਲਜ ਦੇ ਵਾਇਸ ਪ੍ਰਿੰਸੀਪਲ ਰਮਨਜੀਤ ਕੌਰ ਕੰਗ ਅਤੇ ਟਰੱਸਟ ਦਫ਼ਤਰ ਦੇ ਨਿਗਰਾਨ ਮਹਿੰਦਰਪਾਲ ਸਿੰਘ ਨੇ ਕਿਹਾ ਕਿ ਸੰਘਰਸ਼ਮਈ ਪਲਾਂ ਦੇ ਤਜਰਬੇ ਇਨਸਾਨ ਨੂੰ ਸਫ਼ਲਤਾ ਦੀ ਮੰਜ਼ਿਲ ਦੇ ਨੇੜੇ ਲੈ ਕੇ ਜਾਂਦੇ ਹਨ। ਸਿੱਖਿਆ ਸ਼ਾਸ਼ਤਰੀ ਪ੍ਰੋ. ਹਰਬੰਸ ਸਿੰਘ ਬੋਲੀਨਾ ਨੇ ਧੰਨਵਾਦੀ ਸ਼ਬਦ ਕਹੇ। ਕਿਸਾਨ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਸਿੰਘ ਲਾਦੀਆਂ ਅਤੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਪੀ ਆਰ ਓ ਜੋਤੀ ਭਾਟੀਆ ਵੀ ਇਸ ਯਾਤਰਾ 'ਚ ਸ਼ਾਮਲ ਸਨ। ਇਸ ਯਾਤਰਾ ਦੌਰਾਨ ਇੰਗਲੈਂਡ ਵਾਸੀ ਭੁਪਿੰਦਰ ਸਿੰਘ ਸੱਗੂ ਦੇ ਕਾਵਿ ਸੰਗ੍ਰਹਿ 'ਤ੍ਰੈਕਾਲ' ਨੂੰ ਵੀ ਰਿਲੀਜ਼ ਕਰਨ ਦੀ ਰਸਮ ਨਿਭਾਈ ਗਈ। ਇਹ ਯਾਤਰਾ ਮੁਹੱਬਤ ਜ਼ਿੰਦਾਬਾਦ ਅਤੇ ਜ਼ਿੰਦਗੀ ਜ਼ਿੰਦਾਬਾਦ ਦਾ ਹੋਕਾ ਦਿੰਦੀ ਹੋਈ ਚੱਬੇਵਾਲ ਪੁੱਜ ਕੇ ਸਮਾਪਤ ਹੋਈ।

# ਸ਼੍ਰੋਮਣੀ ਭਗਤ ਧੰਨਾ ਦਾ ਜਨਮ ਦਿਹਾੜਾ ਸ਼ਰਧਾਪੂਰਵਕ ਮਨਾਇਆ



**ਮੋਹਾਲੀ (ਗੁਰਜੀਤ ਬਿੱਲਾ)**- ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸ਼੍ਰੋਮਣੀ ਭਗਤ ਧੰਨਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਪੂਰਵਕ ਮਨਾਇਆ ਗਿਆ। ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਪਾਏ ਗਏ । ਉਪਰੰਤ ਧਾਰਮਿਕ ਸਮਾਗਮ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਭਾਈ ਪ੍ਰੇਮ ਸਿੰਘ ਪ੍ਰੇਮੀ ਦੇ ਇੰਟਰਨੈਸ਼ਨਲ ਢਾਡੀ ਜਥੇ ਨੇ ਸ਼੍ਰੋਮਣੀ ਭਗਤ ਧੰਨਾ ਜੀ ਦੇ ਜੀਵਨ ਬ੍ਰਿਤਾਂਤ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਨ੍ਹਾਂ ਦੁਆਰਾ ਉਚਾਰਨ ਕੀਤੀ ਧੁਰ ਕੀ ਬਾਣੀ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਇਆ। ਭਾਈ ਸੰਦੀਪ ਸਿੰਘ ਸ੍ਰੀ ਅਨੰਦਪੁਰ ਸਾਹਿਬ ਵਾਲਿਆਂ ਨੇ ਸ਼੍ਰੋਮਣੀ ਭਗਤ ਧੰਨਾ ਜੀ ਦੁਆਰਾ ਰਚਿਤ ਬਾਣੀ ਅਤੇ ਉਨ੍ਹਾਂ ਦੁਆਰਾ ਪਰਮਾਤਮਾ ਤੋਂ ਆਪਣੀ ਭਗਤੀ ਨਾਲ ਸਾਰੇ ਕੰਮ ਕਰਵਾਉਣ ਬਾਰੇ ਸੰਗਤਾਂ ਨੂੰ ਦੱਸਿਆ। ਭਾਈ ਲਖਵਿੰਦਰ ਸਿੰਘ ਅੰਮ੍ਰਿਤਸਰ ਵਾਲਿਆਂ ਨੇ ਰਸਭਿੰਨੇ ਕੀਰਤਨ ਰਾਹੀ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਜੋੜਿਆ। ਇਸ ਤੋਂ ਇਲਾਵਾ ਭਾਈ ਸਰੂਪ ਸਿੰਘ, ਭਾਈ ਗੁਰਬਖਸ਼ ਸਿੰਘ ਸ਼ਾਂਤ, ਭਾਈ ਮਨਦੀਪ ਸਿੰਘ, ਭਾਈ ਕਰਨਵੀਰ ਸਿੰਘ, ਭਾਈ ਨਿਰਮਲ ਸਿੰਘ, ਭਾਈ ਮਹਿੰਦਰਪਾਲ ਸਿੰਘ, ਸ਼ੇਰ ਏ ਪੰਜਾਬ ਕਵੀਸ਼ਰੀ ਜਥਾ, ਮਿੱਤਰ ਪਿਆਰੇ ਨੂੰ ਕੀਰਤਨੀ ਜਥਾ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ ਦੇ ਜਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜਥੇ ਭਾਈ ਇੰਦਰਜੀਤ ਸਿੰਘ, ਭਾਈ ਜਸਵੰਤ ਸਿੰਘ, ਭਾਈ ਹਰਬਖਸ਼ ਸਿੰਘ, ਅਤੇ ਭਾਈ ਗੁਰਮੀਤ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ । ਦਰਬਾਰ ਸਾਹਿਬ ਜੀ ਦੀ ਅੰਦਰੋਂ ਫੁੱਲਾਂ ਨਾਲ ਵਿਸ਼ੇਸ਼ ਸਜਾਵਟ ਕੀਤੀ ਗਈ ਸੀ । ਮਾਹਰ ਡਾਕਟਰਾਂ ਵੱਲੋਂ ਮਰੀਜ਼ਾਂ ਦਾ ਮੁਆਇਨਾ ਕੀਤਾ ਗਿਆ ਅਤੇ ਦਵਾਈ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦਿੱਤੀ ਗਈ । ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਦੇ ਮੈਂਬਰਾਂ ਦਾ ਬੈਚ ਵੰਡ ਸਮਾਰੋਹ




**ਭੋਗਪੁਰ (ਕੁਲਵੀਰ ਸਿੰਘ ਕਾਹਲੋਂ)**- ਅੱਜ ਸ੍ਰੀ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਸਨੌਰਾ ਵਿਖੇ ਸਕੂਲ ਕੌਂਸਲ ਦੇ ਚੁਣੇ ਗਏ ਮੈਂਬਰਾਂ ਦਾ ਬੈਚ ਵੰਡ ਸਮਾਰੋਹ ਕਰਵਾਇਆ ਗਿਆ ਜਿਸ ਵਿਚ ਵਿਸ਼ੇਸ ਤੌਰ 'ਤੇ ਡੀ.ਐਸ.ਪੀ. ਫਗਵਾੜਾ ਜਸਪ੍ਰੀਤ ਸਿੰਘ ਨੇ ਮੁੱਖ ਮਹਿਮਾਨ ਵਜੋਂ ਭੂਮਿਕਾ ਨਿਭਾਈ। ਜਿਨ੍ਹਾ ਨੇ ਵਿਦਿਆਰਥੀਆਂ ਨੂੰ ਬੈਚ ਦਿੱਤੇ ਅਤੇ ਸ਼ੈਸ਼ੇ ਪਾ ਕੇ ਸਕੂਲ ਦੇ ਹੈਡ ਬੋਆਏ ਮਾ. ਹਿਮਾਂਸ਼ੂ, ਹੈਡ ਗਰਲ ਮਿਸ ਮਹਾਂਕੌਰ, ਸਪੋਰਟਸ ਕੈਪਟਨ ਮਾ. ਗੁਰਵੀਰ ਸਿੰਘ, ਸਪੋਰਟਸ ਗਰਲ ਕੈਪਟਨ ਮਿਸ ਮਨਪ੍ਰੀਤ ਕੌਰ, ਡਿਸਿਪਲਿਨ ਇੰਚਾਰਜ ਹਰਜੋਤ ਸਿੰਘ, ਡਿਸਿਪਲਿਨ ਗਰਲ ਇੰਚਾਰਜ ਮਿਸ ਗੁਰਲੀਨ ਕੌਰ, ਭਗਤ ਹਾਊਸ ਕੈਪਟਨ ਮਾਸਟਰ ਹਰਮਨਪ੍ਰੀਤ ਸਿੰਘ, ਭਗਤ ਹਾਊਸ ਗਰਲ ਕੈਪਟਨ ਹਰਪ੍ਰੀਤ ਕੌਰ, ਭਗਤ ਹਾਊਸ ਵਾਈਸ ਕੈਪਟਨ ਮਾਸਟਰ ਦਿਲਰਾਜ ਸਿੰਘ, ਭਗਤ ਵਾਈਸ ਗਰਲ ਕੈਪਟਨ ਮਿਸ ਗੁਰਸ਼ਾਨ ਕੌਰ, ਰਾਜਗੁਰੂ ਹਾਊਸ ਕੈਪਟਨ ਮਾਸਟਰ ਜਸ਼ਨਦੀਪ ਸਿੰਘ, ਰਾਜਗੁਰੂ ਹਾਊਸ ਗਰਲ ਕੈਪਟਨ ਮਿਸ ਸਿਮਰਨ ਸਿੱਧੂ, ਰਾਜਗੁਰੂ ਹਾਊਸ ਵਾਈਸ ਕੈਪਟਨ ਮਾਸਟਰ ਯੁਗਰਾਜ ਸਿੰਘ ਕੰਗ, ਰਾਜਗੁਰੂ ਹਾਊਸ ਵਾਈਸ ਗਰਲ ਕੈਪਟਨ ਮਿਸ ਲਵਪ੍ਰੀਤ ਕੌਰ, ਸੁਖਦੇਵ ਹਾਊਸ ਕੈਪਟਨ ਮਾਸਟਰ ਸਿਮਰਨਪ੍ਰੀਤ ਸਿੰਘ, ਸੁਖਦੇਵ ਹਾਊਸ ਗਰਲ ਕੈਪਟਨ ਗੁਰਲੀਨ ਕੌਰ, ਸੁਖਦੇਵ ਹਾਊਸ ਵਾਈਸ ਕੈਪਟਨ ਮਾ. ਯੁਗਰਾਜ ਸਿੰਘ, ਸੁਖਦੇਵ ਹਾਊਸ ਵਾਈਸ ਗਰਲ ਕੈਪਟਨ ਜੀਆ ਠਾਕੁਰ ਸਨਮਾਨਤ ਕੀਤਾ ਗਿਆ । ਇਹ ਚੋਣ ਸਕੂਲ ਦੇ ਐਕਟੀਵਿਟੀ ਇੰਚਾਰਜ ਮਿਸ ਦਿਲਜੋਤ ਸੰਧੂ, ਸਪੋਰਟਸ ਇੰਚਾਰਜ ਰਮਨਦੀਪ ਸਿੰਘ, ਹਾਊਸ ਇੰਚਾਰਜ ਹਰਜਿੰਦਰ ਸਿੰਘ, ਜਸਜੋਤ ਸਿੰਘ ਨੇ ਕੀਤੀ । ਇਹ ਮੁਕਾਬਲਾ ਲਿਖਣ ਕਲਾ, ਬੋਲਣ ਕਲਾ, ਸੁਣਨ ਕਲਾ ਦੇ ਨਾਲ ਨਾਲ ਸਹਿਣ ਕਲਾ 'ਤੇ ਵੀ ਅਧਾਰਤ ਸੀ । ਮੁੱਖ ਮਹਿਮਾਨ ਜਸਪ੍ਰੀਤ ਸਿੰਘ ਨੇ ਵਿਦਿਆਰਥੀਆਂ ਨੂੰ ਤਰੱਕੀ ਕਰਨ ਤੇ ਜ਼ਿੰਦਗੀ ਵਿਚ ਹਰ ਮੁਕਾਮ ਹਾਸਲ ਕਰਨ ਲਈ ਸਖ਼ਤ ਮਿਹਨਤ ਦੇ ਗੁਰ 'ਤੇ ਜ਼ੋਰ ਦਿੱਤਾ। ਸਕੂਲ ਦੇ ਚੇਅਰਮੈਨ ਸੁਖਜਿੰਦਰ ਸਿੰਘ ਅਤੇ ਪ੍ਰਿੰਸਿਪਲ ਮਿਸ ਨਵਦੀਪ ਕੌਰ ਨੇ ਆਏ ਮਹਿਮਾਨਾਂ ਸੁਆਗਤ ਕੀਤਾ ਅਤੇ ਧੰਨਵਾਦ ਕੀਤਾ ।

# ਨਵਜੋਤ ਸਿੰਘ ਨਮਿਤ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਸੈਦਪੁਰ 'ਚ ਅੱਜ



**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ, ਰਾਜਵੀਰ ਸਿੰਘ)**- ਜਸ਼ਨਦੀਪ ਸਿੰਘ ਤੇ ਅੰਤਰੀਪ ਸਿੰਘ ਦੇ ਪਿਤਾ ਅਤੇ ਬਲਵਿੰਦਰ ਸਿੰਘ ਤੇ ਪ੍ਰਿਤਪਾਲ ਸਿੰਘ ਦੇ ਭਰਾ ਸਵ. ਨਵਜੋਤ ਸਿੰਘ ਦੀ ਆਤਮਾ ਦੀ ਸ਼ਾਂਤੀ ਨੂੰ ਲੈ ਕੇ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਿੰਡ ਸੈਦਪੁਰ ਵਿਚ 21 ਅਪ੍ਰੈਲ ਸਵੇਰੇ 10 ਤੋਂ 11 ਵਜੇ ਦਰਮਿਆਨ ਪਾਇਆ ਜਾ ਰਿਹਾ ਹੈ। ਸਵ. ਨਵਜੋਤ ਸਿੰਘ ਜੋ 13 ਅਪ੍ਰੈਲ ਨੂੰ ਅਪਣੇ ਪਰਵਾਰ ਨੂੰ ਸਦੀਵੀ ਵਿਛੋੜਾ ਦੇ ਕੇ ਅਕਾਲ ਪੁਰਖ ਦੇ ਚਰਨਾਂ ਵਿੱਚ ਜਾ ਬਿਰਾਜੇ ਸਨ, ਦੇ ਪਰਵਾਰ ਵਲੋਂ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਦੀ ਬੇਨਤੀ ਇਲਾਕਾ ਨਿਵਾਸੀਆਂ ਨੂੰ ਕੀਤੀ ਹੈ। ਉਨ੍ਹਾਂ ਰੇਲ ਕੋਚ ਫੈਕਟਰੀ ਕਪੂਰਥਲਾ ਵਿਖੇ ਆਪਣੀ ਡਿਊਟੀ ਇਮਾਨਦਾਰੀ ਅਤੇ ਵਧੀਆ ਸੇਵਾਵਾਂ ਨਿਭਾਈਆਂ । ਅਜਿਹੀ ਸ਼ਖ਼ਸੀਅਤ ਦਾ ਸੰਸਾਰ ਤੋਂ ਚਲੇ ਜਾਣ ਕਾਰਨ ਸਮਾਜ ਅਤੇ ਇਲਾਕੇ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਇਸ ਦੁੱਖ ਦੀ ਘੜੀ ਵਿੱਚ ਸ਼ਹੀਦ ਊਧਮ ਸਿੰਘ ਮੈਮੋਰੀਅਲ ਚੈਰੀਟੇਬਲ ਟਰੱਸਟ ਸੁਲਤਾਨਪੁਰ ਲੋਧੀ, ਕੁਲ ਹਿੰਦ ਕਿਸਾਨ ਸਭਾ, ਗੁਰੂ ਨਾਨਕ ਦੇਵ ਜੀ ਪ੍ਰੈੱਸ ਕਲੱਬ ਸੁਲਤਾਨਪੁਰ ਲੋਧੀ, ਸੰਯੁਕਤ ਕਿਸਾਨ ਮੋਰਚਾ ਸੁਲਤਾਨਪੁਰ ਲੋਧੀ, ਵੱਖ ਵੱਖ ਕਿਸਾਨ ਯੂਨੀਅਨ, ਕਾਂਗਰਸ ਪਾਰਟੀ, ਅਕਾਲੀ ਦਲ, ਸਾਹਿਤ ਸਭਾ ਸੁਲਤਾਨਪੁਰ ਲੋਧੀ, ਪਵਿੱਤਰ ਕਾਲੀ ਵੇਈਂ ਨਦੀ ਕਿਸਾਨ ਸੇਵਾ ਸੁਸਾਇਟੀ ਅਤੇ ਹੋਰ ਵੱਖ ਵੱਖ ਰਾਜਨੀਤਕ ਪਾਰਟੀਆਂ, ਵੱਖ ਵੱਖ ਸੰਸਥਾ ਤੋਂ ਇਲਾਵਾ ਪਦਮਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਮੈਂਬਰ ਰਾਜ ਸਭਾ, ਸਾਬਕਾ ਮੰਤਰੀ ਗੁਰਜੀਤ ਸਿੰਘ ਰਾਣਾ, ਵਿਧਾਇਕ ਰਾਣਾ ਇੰਦਰ ਪ੍ਰਤਾਪ ਸਿੰਘ, ਸਾਬਕਾ ਵਿਧਾਇਕ ਨਵਤੇਜ ਸਿੰਘ ਚੀਮਾ, ਸਾਬਕਾ ਚੇਅਰਮੈਨ ਅਤੇ ਹਲਕਾ ਇੰਚਾਰਜ ਕੈਪਟਨ ਹਰਮਿੰਦਰ ਸਿੰਘ, ਸੱਜਣ ਸਿੰਘ ਚੀਮਾ ਹਲਕਾ ਇੰਚਾਰਜ, ਪ੍ਰੋ ਚਰਨ ਸਿੰਘ, ਨਗਰ ਕੌਂਸਲ ਦੇ ਪ੍ਰਧਾਨ ਦੀਪਕ ਧੀਰ ਰਾਜੂ, ਐਡਵੋਕੇਟ ਜਸਪਾਲ ਸਿੰਘ ਧੰਜੂ ਸਾਬਕਾ ਚੇਅਰਮੈਨ ਕੰਬੋਜ ਵੈਲਫੇਆਰ ਬੋਰਡ ਪੰਜਾਬ, ਚੇਅਰਮੈਨ ਸੰਤੋਖ ਸਿੰਘ ਭਾਗੋਅਰਾਈਆਂ, ਨਰਿੰਦਰ ਸਿੰਘ ਸੋਨੀਆ, ਸਰਪੰਚ ਜਸਪਾਲ ਸਿੰਘ ਫੱਤੋਵਾਲ, ਸਰਪੰਚ ਲਾਭ ਸਿੰਘ ਨਬੀਪੁਰ, ਗੁਰਦੇਵ ਸਿੰਘ ਸਰਪੰਚ, ਬਲਦੇਵ ਸਿੰਘ ਸਾਬਕਾ ਚੇਅਰਮੈਨ, ਬੌਬੀ ਪੰਡੋਰੀ, ਸੋਨੂੰ ਝੰਡੇਵਾਲ ਆੜ੍ਹਤੀਆ, ਡਾਕਟਰ ਸਵਰਨ ਸਿੰਘ ਪ੍ਰਧਾਨ ਸਾਹਿਤ ਸਭਾ, ਮੁਖਤਿਆਰ ਸਿੰਘ ਚੰਦੀ, ਬਲਵਿੰਦਰ ਸਿੰਘ ਧਾਲੀਵਾਲ ਜਨਰਲ ਸਕੱਤਰ ਪ੍ਰੈੱਸ ਕਲੱਬ, ਸੁੱਚਾ ਸਿੰਘ ਮਿਰਜ਼ਾਪੁਰ ਅਤੇ ਇਲਾਕਾ ਵਾਸੀਆਂ ਵੱਲੋਂ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ।

# ਅੱਜ ਮੀਟ, ਆਂਡੇ ਦੀਆਂ ਦੁਕਾਨਾਂ ਬੰਦ ਕਰਨ ਦੇ ਹੁਕਮ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ, (ਗੁਰਜੀਤ ਬਿੱਲਾ)**-ਜ਼ਿਲ੍ਹਾ ਮੈਜਿਸਟਰੇਟ ਆਸ਼ਿਕਾ ਜੈਨ ਵੱਲੋਂ ਫੌਜਦਾਰੀ ਜਾਬਤਾ, ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ 21 ਅਪ੍ਰੈਲ ਨੂੰ ਮਹਾਂਵੀਰ ਜੈਅੰਤੀ ਮੌਕੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਚ ਸਥਿਤ ਮੀਟ, ਆਂਡੇ ਦੀਆਂ ਦੁਕਾਨਾਂ , ਰੇਹੜੀਆਂ ਅਤੇ ਸਲਾਟਰ ਹਾਊਸਾਂ ਨੂੰ ਬੰਦ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ।ਸ੍ਰੀਮਤੀ ਆਸ਼ਿਕਾ ਜੈਨ ਨੇ ਕਿਹਾ ਕਿ ਮਹਾਂਵੀਰ ਜੈਅੰਤੀ ਮੌਕੇ ਜੀਵ ਹੱਤਿਆ ਕਰਨਾ ਧਾਰਮਿਕ ਰੀਤੀ ਰਿਵਾਜਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ। ਇਸ ਲਈ ਧਾਰਮਿਕ ਸਦਭਾਵਨਾ ਬਣਾਈ ਰੱਖਣ ਅਤੇ ਆਮ ਜਨਤਾ ਦੀ ਆਸਥਾ ਨੂੰ ਮੁੱਖ ਰੱਖਦੇ ਹੋਏ 21 ਅਪ੍ਰੈਲ ਨੂੰ ਜ਼ਿਲ੍ਹਾ ਐਸ.ਏ.ਐਸ ਨਗਰ ਵਿਖੇ ਮੀਟ, ਆਂਡੇ ਦੀਆਂ ਦੁਕਾਨਾਂ, ਹੋਟਲ, ਹਾਤੇ ਵਿੱਚ ਆਂਡੇ ਮੀਟ ਵੇਚਣ 'ਤੇ ਪਾਬੰਦੀ ਲਗਾਈ ਗਈ ਹੈ ।

# 12 ਬੋਤਲਾਂ ਨਜਾਇਜ਼ ਸ਼ਰਾਬ ਤੇ 18 ਹਜ਼ਾਰ ਕਿਲੋ ਲਾਹਣ ਬਰਾਮਦ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ, ਓ ਪੀ ਰਾਣਾ)**-ਆਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਨਜਾਇਜ਼ ਸ਼ਰਾਬ ਦੇ ਮਾੜੇ ਪ੍ਰਭਾਵਾਂ ਨੂੰ ਰੋਕਣ ਲਈ ਆਬਕਾਰੀ ਵਿਭਾਗ ਵੱਲੋਂ ਲਗਾਤਾਰ ਮੁਹਿੰਮ ਚਲਾਈ ਜਾ ਰਹੀ ਹੈ। ਇਸ ਲੜੀ ਤਹਿਤ ਆਬਕਾਰੀ ਅਫ਼ਸਰ ਹੁਸ਼ਿਆਰਪੁਰ-2 ਸੁਖਵਿੰਦਰ ਸਿੰਘ ਦੀ ਦੇਖ-ਰੇਖ ਵਿਚ ਆਬਕਾਰੀ ਇੰਸਪੈਕਟਰ ਅਮਿਤ ਵਿਆਸ ਆਬਕਾਰੀ ਸਰਕਲ ਟਾਂਡਾ, ਅਜੇ ਕੁਮਾਰ ਅਤੇ ਲਵਪ੍ਰੀਤ ਸਿੰਘ ਆਬਕਾਰੀ ਆਬਕਾਰੀ ਇੰਸਪੈਕਟਰ ਹੁਸ਼ਿਆਰਪੁਰ ਰੇਂਜ ਵੱਲੋਂ ਟਾਂਡਾ ਵਿਚ ਵੱਖ-ਵੱਖ ਸਥਾਨਾਂ 'ਤੇ ਛਾਪੇਮਾਰੀ ਕੀਤੀ ਗਈ। ਆਬਕਾਰੀ ਇੰਸਪੈਕਟਰ ਅਮਿਤ ਵਿਆਸ ਨੇ ਦੱਸਿਆ ਕਿ ਇਸ ਛਾਪੇਮਾਰੀ ਦੌਰਾਨ ਚੰਡੀਗੜ੍ਹ ਕਲੋਨੀ ਟਾਂਡਾ ਦੇ ਇਕ ਲਾਵਾਰਿਸ ਸਥਾਨ ਤੋਂ 12 ਬੋਤਲਾਂ ਨਜਾਇਜ਼ ਸ਼ਰਾਬ ਅਤੇ 10800 ਕਿਲੋਗ੍ਰਾਮ ਲਾਹਨ ਬਰਾਮਦ ਕੀਤੀ ਗਈ। ਇਸ ਦੌਰਾਨ ਆਬਕਾਰੀ ਸਰਕਲ ਟਾਂਡਾ ਵੱਲੋਂ ਪਿੰਡ ਅਹੀਆਪੁਰ ਵਿਚ ਇਕ ਹੋਰ ਛਾਪੇਮਾਰੀ ਕੀਤੀ ਗਈ, ਜਿਥੇ 12 ਬੋਤਲਾਂ ਨਜਾਇਜ਼ ਸ਼ਰਾਬ ਅਤੇ 7200 ਕਿਲੋਗ੍ਰਾਮ ਲਾਹਣ ਇਕ ਲਾਵਾਰਿਸ ਸਥਾਨ ਤੋਂ ਬਰਾਮਦ ਕੀਤੀ ਗਈ। ਨਜਾਇਜ਼ ਸ਼ਰਾਬ ਅਤੇ ਲਾਹਣ ਨੂੰ ਮੌਕੇ 'ਤੇ ਹੀ ਨਸ਼ਟ ਕਰ ਦਿੱਤਾ ਗਿਆ।

# ਭਗਵਾਨ ਸ੍ਰੀ ਰਾਮ ਵਰਗੇ ਨਿਯਮਾਂ ਦੀ ਪਾਲਣਾ ਕਰਕੇ ਹੀ ਮਨੁੱਖਾ ਜੀਵਨ ਸਫਲ ਹੋ ਸਕਦਾ : ਡਾ. ਰਾਕੇਸ਼ ਸ਼ਰਮਾ



**ਫਿਲੌਰ (ਨਿਰਮਲ)**- ਨਵਯੁਵਕ ਦੁਸਹਿਰਾ ਕਮੇਟੀ ਵੱਲੋਂ ਪਵਿੱਤਰ ਸ੍ਰੀ ਰਾਮ ਨੌਮੀ ਦੇ ਮੌਕੇ 'ਤੇ ਫਿਲੌਰ ਦੁਸਹਿਰਾ ਗਰਾਊਂਡ ਵਿਖੇ ਹਵਨ ਯੱਗ ਅਤੇ ਸੰਕੀਰਤਨ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਭ ਤੋਂ ਪਹਿਲਾਂ ਰਾਮ ਦਰਬਾਰ ਵਿੱਚ ਹਵਨ ਯੱਗ ਕੀਤਾ ਗਿਆ, ਉਪਰੰਤ ਭਜਨ ਸਮਰਾਟ ਗਗਨ ਨੇ ਆਪਣੇ ਭਜਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਸ੍ਰੀ ਰਾਮ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ। ਨਵਯੁਵਕ ਦੁਸਹਿਰਾ ਕਮੇਟੀ ਦੇ ਮੁਖੀ ਡਾ. ਰਾਕੇਸ਼ ਸ਼ਰਮਾ ਨੇ ਸ਼ਰਧਾਲੂਆਂ ਨੂੰ ਰਾਮ ਨੌਮੀ ਦੀ ਵਧਾਈ ਦਿੰਦਿਆਂ ਕਿਹਾ ਕਿ ਭਗਵਾਨ ਸ੍ਰੀ ਰਾਮ ਜੀ ਵਾਂਗ ਨਿਯਮਾਂ ਦੀ ਪਾਲਣਾ ਕਰਕੇ ਹੀ ਮਨੁੱਖੀ ਜੀਵਨ ਸਫਲ ਹੋ ਸਕਦਾ ਹੈ ਇਸ ਮੌਕੇ ਪ੍ਰਮੋਦ ਵਸੰਦਰਾਏ, ਅਸ਼ਵਨੀ ਭਾਪਾ, ਕੌਂਸਲਰ ਵੈਭਵ ਸ਼ਰਮਾ, ਕੌਂਸਲਰ ਯਸਪਾਲ ਗਿੰਡਾ, ਕੌਂਸਲਰ ਪਤੀ ਅਮਿਤ ਪੰਮਾ, ਕੌਂਸਲਰ ਸ੍ਰੀਮਤੀ ਅਰੁਣ ਸ਼ਰਮਾ, ਪੂਰਨ ਚੰਦ ਸ਼ਰਮਾ, ਸੁਰਿੰਦਰ ਸ਼ਰਮਾ, ਆਰਤੀ ਐਸੋਸੀਏਸ਼ਨ ਦੇ ਪ੍ਰਧਾਨ ਗੁਲਸ਼ਨ ਆਹੂਜਾ, ਸ਼ਿਵ ਮੰਦਰ ਕਮੇਟੀ ਦੇ ਪ੍ਰਧਾਨ ਪ੍ਰਦੀਪ ਵਸੰਦਰਾਏ, ਪਿੰਕੀ ਵਸੰਦਰਾਏ, ਅਸ਼ੋਕ ਦੱਤਾ, ਆਸ਼ਾ ਰਾਣੀ, ਭਾਸਕਰ ਕੁਮਾਰ, ਮੋਹਿਤ ਗੋਇਲ, ਮੁਕੇਸ਼ ਸੂਰੀ, ਅਰੁਣਾ ਬਖਸ਼ੀ, ਸੀਮਾ ਲਖਨਪਾਲ, ਕਾਜਲ ਸਰੀਨ, ਸੇਵਾਮੁਕਤ ਐਸ.ਡੀ.ਓ ਰਵਿੰਦਰ ਕੁਮਾਰ, ਰਵੀ ਕਾਂਤ ਗੁਪਤਾ, ਸਤਨਾਮ ਕਾਲਾ, ਰੀਨਾ ਤਾਂਗੜੀ ਆਦਿ ਹਾਜ਼ਰ ਸਨ।

## ਲੜਕੀ ਦੇ ਵਿਆਹ ਮੌਕੇ 5100 ਰੁਪਏ ਦੀ ਸਹਾਇਤਾ ਰਾਸ਼ੀ ਭੇਟ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ )**- ਮਾਂ ਮਤੇਸ਼ਵਰੀ ਚਿੰਤਪੁੰਨੀ ਮੰਦਰ (ਢੋਲਵਾਹਾ-ਜਨੌੜੀ) ਕਮੇਟੀ ਵੱਲੋਂ ਬੇਸਹਾਰਾ ਅਤੇ ਗਰੀਬ ਲੋਕਾਂ ਦੀ ਮਦਦ ਲਈ ਸ਼ੁਰੂ ਕੀਤੀ ਗਈ ਸਕੀਮ ਨੂੰ ਅੱਗੇ ਵਧਾਉਂਦਿਆਂ ਰਵੀ ਗਾਂਧੀ ਮੁੱਖ ਸੇਵਾਦਾਰ ਨੇ ਲੜਕੀ ਦੇ ਵਿਆਹ ਮੌਕੇ 5100 ਰੁਪਏ ਦੀ ਵਿੱਤੀ ਸਹਾਇਤਾ ਭੇਟ ਕੀਤੀ। ਇਸ ਮੌਕੇ ਰਵੀ ਗਾਂਧੀ ਮੁੱਖ ਸੇਵਾਦਾਰ ਮਾਂ ਮਾਤੇਸ਼ਵਰੀ ਮੰਦਿਰ ਢੋਲਵਾਹਾ, ਅਰਵਿੰਦਰ ਠਾਕੁਰ ਪ੍ਰਧਾਨ, ਮਨੀਸ਼ਾ ਰਾਜਪੂਤ ਮਹਿਲਾ ਵਿੰਗ ਪ੍ਰਧਾਨ, ਸਾਬਕਾ ਸਰਪੰਚ ਮੰਗਤ ਰਾਮ ਅਤੇ ਹੋਰਾਂ ਦੀ ਹਾਜ਼ਰੀ ਵਿਚ ਬੋਲਦਿਆਂ ਉਨ੍ਹਾਂ ਕਿਹਾ ਕਿ ਉਹ ਇਲਾਕੇ ਦੇ ਗਰੀਬ ਅਤੇ ਬੇਸਹਾਰਾ ਲੋਕਾਂ ਦੀ ਮਦਦ ਲਈ ਹਮੇਸ਼ਾ ਤਿਆਰ ਰਹਿਣਗੇ ਅਤੇ ਬਿਨਾਂ ਕਿਸੇ ਭੇਦਭਾਵ ਦੇ ਇਸ ਮੁਹਿੰਮ ਨੂੰ ਜਾਰੀ ਰੱਖਣਗੇ। ਇਸ ਮੌਕੇ ਵੱਡੀ ਗਿਣਤੀ ਵਿੱਚ ਮੈਂਬਰ ਤੇ ਪਿੰਡ ਵਾਸੀ ਵੀ ਮੌਜੂਦ ਸਨ।

## ਨਤੀਜਾ ਸੱਤਵੀਂ ਵਾਰ ਵੀ ਰਿਹਾ 100 ਫੀਸਦੀ

**ਮਹਿਤਪੁਰ (ਰਾਜਾ)**- ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਐਲਾਨੇ ਗਏ ਨਤੀਜੇ ਦੌਰਾਨ ਸਰਕਾਰੀ ਹਾਈ ਸਕੂਲ ਮਹਿਸਮਪੁਰ ਦੇ ਵਿਦਿਆਰਥੀਆਂ ਨੇ ਵਧੀਆ ਅੰਕਾਂ ਨਾਲ ਦਸਵੀਂ ਪਾਸ ਕੀਤੀ। ਇਸ ਦੌਰਾਨ ਜਸਮੀਨ ਨੇ ਪਹਿਲਾ ਸਥਾਨ, ਖੁਸ਼ੀ ਤੇ ਸੁਖਬੀਰ ਨੇ ਦੂਸਰਾ ਅਤੇ ਜਸਵੀਰ ਕੌਰ ਨੇ ਤੀਸਰਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਅਤੇ ਆਪਣੇ ਮਾਤਾ ਪਿਤਾ ਦਾ ਨਾਮ ਵੀ ਉੱਚਾ ਕੀਤਾ। ਮੁੱਖ ਅਧਿਆਪਕ ਰਕੇਸ਼ ਕੁਮਾਰ ਨੇ ਸਾਰੇ ਵਿਦਿਆਰਥੀਆਂ, ਮਾਤਾ ਪਿਤਾ ਅਤੇ ਸਟਾਫ ਨੂੰ ਵਧਾਈ ਦਿੱਤੀ।



## ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਪੈਟਰੋਲ ਪੰਪਾਂ ਤੇ ਬੈਂਕਾਂ 'ਤੇ ਸੀ ਸੀ ਟੀ ਵੀ ਕੈਮਰੇ ਲਗਾਉਣ ਦੇ ਹੁਕਮ

**ਜਲੰਧਰ (ਸੁਰਿੰਦਰ ਕੁਮਾਰ)**- ਜਲੰਧਰ 'ਚ ਵਧੀਕ ਜ਼ਿਲ੍ਹਾ ਮੈਜਿਸਟ੍ਰੇਟ ਮੇਜਰ ਡਾ. ਅਮਿਤ ਮਹਾਜਨ ਨੇ ਫੌਜਦਾਰੀ ਜ਼ਾਬਤਾ ਸੰਘਤਾ ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਜਲੰਧਰ (ਦਿਹਾਤੀ) ਦੀ ਹਦੂਦ ਅੰਦਰ ਪੈਂਦੇ ਪੈਟਰੋਲ ਪੰਪਾਂ ਅਤੇ ਬੈਂਕਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਹੁਕਮਾਂ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਨ੍ਹਾਂ ਕੈਮਰਿਆਂ ਅੰਦਰ ਘੱਟੋ-ਘੱਟ ਸੱਤ ਦਿਨ ਦੀ ਰਿਕਾਰਡਿੰਗ ਰਹਿਣੀ ਚਾਹੀਦੀ ਹੈ।ਇਹ ਹੁਕਮ 18 ਜੂਨ 2024 ਤੱਕ ਲਾਗੂ ਰਹੇਗਾ

## ਅੱਜ ਮੀਟ ਤੇ ਆਂਡੇ ਦੀ ਵਿਕਰੀ 'ਤੇ ਜ਼ਿਲ੍ਹਾ ਮੈਜਿਸਟ੍ਰੇਟ ਵੱਲੋਂ ਪਾਬੰਦੀ

**ਜਲੰਧਰ (ਸੁਰਿੰਦਰ ਕੁਮਾਰ)**- ਜਲੰਧਰ 'ਚ ਵੱਡੇ ਪੱਧਰ 'ਤੇ ਮਨਾਈ ਜਾਣ ਵਾਲੀ ਭਗਵਾਨ ਮਹਾਂਵੀਰ ਜੈਅੰਤੀ ਦੇ ਸਬੰਧ 'ਚ ਜ਼ਿਲ੍ਹਾ ਮੈਜਿਸਟ੍ਰੇਟ ਜਲੰਧਰ ਹਿਮਾਂਸ਼ੂ ਅਗਰਵਾਲ ਵਲੋਂ ਫੌਜਦਾਰੀ ਜ਼ਾਬਤਾ ਸੰਘਤਾ ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ 21 ਅਪ੍ਰੈਲ ਨੂੰ ਭਗਵਾਨ ਮਹਾਂਵੀਰ ਜੈਅੰਤੀ ਵਾਲੇ ਦਿਨ ਜ਼ਿਲ੍ਹਾ ਜਲੰਧਰ ਦੀਆਂ ਸਾਰੀਆਂ ਮੀਟ ਅਤੇ ਆਂਡੇ ਦੀਆਂ ਦੁਕਾਨਾਂ/ਰੇਹੜੀਆਂ 'ਤੇ ਵਿਕਰੀ ਉਤੇ ਪਾਬੰਦੀ ਲਗਾਈ ਗਈ ਹੈ

## ਬਾਬਾ ਸੰਗ ਢੇਸੀਆਂ ਸਕੂਲ ਦਾ 10ਵੀਂ ਦਾ ਨਤੀਜਾ 100 ਫੀਸਦੀ

**ਗੁਰਾਇਆ (ਬੰਦਰ ਸੁੰਮਨ)**- ਗੁਰੂ ਨਾਨਕ ਖਾਲਸਾ ਗਰਲਜ਼ ਕਾਲਜੀਏਟ ਸੀਨੀ. ਸੈਕੰ. ਸਕੂਲ ਬਾਬਾ ਸੰਗ ਢੇਸੀਆਂ ਵਿਖੇ ਸੈਸ਼ਨ 2023-24 ਦਾ ਦਸਵੀ ਕਲਾਸ ਦਾ ਸਲਾਨਾ ਨਤੀਜਾ 100% ਰਿਹਾ। ਜਿਸ ਵਿੱਚ ਦਸਵੀ ਕਲਾਸ ਦੀ ਸਿਤੰਦਰ ਕੌਰ ਨੇ 617/650 (95%) ਲੈ ਕੇ ਪਹਿਲਾ, ਜਸਮੀਨ ਕੌਰ ਨੇ 608/650 (94%) ਦੂਸਰਾ ਅਤੇ ਰਵਨੀਤ ਕੌਰ ਨੇ 602/650 (93%) ਤੀਸਰਾ ਸਥਾਨ ਹਾਸਲ ਕੀਤਾ। ਇਸ ਮੌਕੇ ਸਕੂਲ ਦੇ ਪ੍ਰਧਾਨ ਗੁਰਪ੍ਰਤਾਪ ਸਿੰਘ ਵਡਾਲਾ ਅਤੇ ਸਮੂਹ ਕਮੇਟੀ ਮੈਂਬਰਜ਼ ਨੇ ਸਕੂਲ ਦੇ ਪ੍ਰਿੰਸੀਪਲ ਮੰਜੂ ਸ਼ਰਮਾ ਨੂੰ ਵਧਾਈ ਦਿੱਤੀ ਅਤੇ ਇਸ ਸਮੁੱਚੇ ਨਤੀਜੇ ਦਾ ਸਿਹਰਾ ਵਿਦਿਆਰਥੀਆਂ ਦੀ ਮਿਹਨਤ ਅਤੇ ਮਿਹਨਤੀ ਸਟਾਫ਼ ਨੂੰ ਦਿੱਤਾ। ਉਨ੍ਹਾਂ ਨੇ ਬੱਚਿਆਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ।

## ਸਰਕਾਰ ਨੁਕਸਾਨੀ ਗਈ ਕਣਕ ਦਾ ਤੁਰੰਤ ਮੁਆਵਜ਼ਾ ਦੇਵੇ : ਸੂਰਤ ਸਿੰਘ ਧਰਮਕੋਟ

**ਸ਼ਾਹਕੋਟ (ਗਿਆਨ ਸੈਦਪੁਰੀ)**- ਕੁੱਲ ਹਿੰਦ ਕਿਸਾਨ ਸਭਾ (ਅਜੈ ਭਵਨ) ਦੇ ਆਗੂ ਕਾਮਰੇਡ ਸੂਰਤ ਸਿੰਘ ਧਰਮਕੋਟ ਨੇ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਪੂਰੇ ਪੰਜਾਬ ਵਿੱਚ ਗੜੇਮਾਰੀ ਅਤੇ ਮੀਂਹ ਕਾਰਨ ਕਣਕ ਦੀ ਫਸਲ ਦੇ ਹੋਏ ਨੁਕਸਾਨ ਦਾ ਮੁਆਵਜ਼ਾ ਦਿੱਤਾ ਜਾਵੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਮੋਗਾ ਦੀ ਤਹਿਸੀਲ ਬਾਘਾ ਪੁਰਾਣਾ ਅਤੇ ਨਿਹਾਲ ਸਿੰਘ ਵਾਲਾ ਦੇ ਬਹੁਤ ਸਾਰੇ ਪਿੰਡ ਬੇਮੌਸਮੀ ਬਾਰਸ਼ ਅਤੇ ਗੜੇਮਾਰੀ ਨਾਲ ਬੁਰੀ ਤਰ੍ਹਾਂ ਪ੍ਰਭਾਵਤ ਹੋਏ ਹਨ। ਪਿੰਡ ਬੁੱਟਰ, ਰਣੀਆ, ਬੱਧਨੀ ਕਲਾਂ, ਬੱਧਨੀ ਖੁਰਦ, ਸੁੱਖਾ ਨੰਦ ਅਤੇ ਥਰਾਜ ਆਦਿ ਦੇ ਪਿੰਡਾਂ ਦੀ ਕਣਕ ਦੀ ਫਸਲ ਬੁਰੀ ਤਰ੍ਹਾਂ ਨੁਕਸਾਨੀ ਗਈ ਹੈ। ਕਿਸਾਨ ਆਗੂ ਨੇ ਮੰਗ ਕੀਤੀ ਕਿ ਸਰਕਾਰ ਤੁਰੰਤ ਗਿਰਦਾਵਰੀ ਕਰਵਾ ਕੇ ਬਰਬਾਦ ਹੋਈਆਂ ਫਸਲਾਂ ਦਾ ਮੁਆਵਜ਼ਾ ਦੇਵੇ। ਇਸ ਮੌਕੇ ਕਿਸਾਨ ਆਗੂ ਹਰਦਿਆਲ ਸਿੰਘ ਘਾਲੀ ਵੀ ਮੌਜੂਦ ਸਨ।



# ਸੇਂਟ ਸੋਲਜਰ ਇੰਟਰ ਕਾਲਜ ਦੇ ਵਿਦਿਆਰਥੀਆਂ ਗਰੁੱਪ ਦਾ ਨਾਂਅ ਕੀਤਾ ਰੌਸ਼ਨ



**ਜਲੰਧਰ (ਇਕਬਾਲ ਉੱਭੀ)**-ਸੇਂਟ ਸੋਲਜਰ ਇੰਟਰਕਾਲਜ, ਜਲੰਧਰ ਦੇ ਵਿਦਿਆਰਥੀਆਂ ਨੇ ਪੀ.ਐਸ.ਈ.ਬੀ ਦਸਵੀਂ ਜਮਾਤ ਦੇ ਨਤੀਜਿਆਂ ਵਿੱਚ 90% ਅੰਕ ਪ੍ਰਾਪਤ ਕਰਕੇ ਪੂਰੇ ਗਰੁੱਪ ਦਾ ਨਾਮ ਰੌਸ਼ਨ ਕੀਤਾ। ਜਿਸ ਵਿੱਚ ਕੁੱਲ 44 ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ ਅਤੇ ਵਿਦਿਆਰਥੀਆਂ ਦੀ ਲਗਨ, ਮਿਹਨਤ ਅਤੇ ਸਕੂਲ ਦੇ ਪ੍ਰਿੰਸੀਪਲ ਅਤੇ ਸਮੂਹ ਸਟਾਫ਼ ਮੈਂਬਰਾਂ ਦੀ ਅਗਵਾਈ ਹੇਠ ਸਕੂਲ ਨੇ ਬਿਨਾਂ ਕਿਸੇ ਰੀ-ਅਪੀਅਰ ਜਾਂ ਕੰਪਾਰਟਮੈਂਟ ਦੇ 100% ਨਤੀਜਾ ਹਾਸਲ ਕੀਤਾ। ਸਕੂਲ ਵਿੱਚੋਂ ਸਭ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਵਿੱਚ: ਦਕਸ਼ ਘਈ 90%, ਗਰਿਮਾ 87%, ਜੀਆ 85%, ਵੰਸ਼ ਅਰੋੜਾ 79%, ਵੰਸ਼ 78%, ਰੀਆ ਸਿੰਘ 76%, ਹਿਮਾਂਸ਼ੀ 75% ਅਤੇ ਹਿਮਾਨੀ 74% ਅੰਕ ਪ੍ਰਾਪਤ ਕਰਕੇ ਪਹਿਲੇ ਸਥਾਨ ਹਾਸਲ ਕੀਤੇ ਤੇ ਆਪਣੇ ਗਰੁੱਪ ਅਤੇ ਮਾਪਿਆਂ ਨੂੰ ਮਾਣ ਮਹਿਸੂਸ ਕਰਵਾਇਆ। ਵਿਦਿਆਰਥੀਆਂ ਦੀ ਇਸ ਉਪਲਬਧੀ 'ਤੇ ਗਰੁੱਪ ਦੇ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਵਿਦਿਆਰਥੀਆਂ ਦੀ ਇਸ ਸ਼ਾਨਦਾਰ ਪ੍ਰਾਪਤੀ 'ਤੇ ਸਾਰੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ।

# ਫੁਲਵਾੜੀ ਪਬਲਿਕ ਸਕੂਲ 'ਚ ਵਿਸਾਖੀ ਤੇ ਖਾਲਸਾ ਸਾਜਨਾ ਦਿਵਸ ਮਨਾਇਆ





**ਲੋਹੀਆਂ ਖਾਸ, (ਯੋਗੇਸ਼ਵਰ, ਰੀਨਾ ਸ਼ਰਮਾ)** : ਫੁਲਵਾੜੀ ਪਬਲਿਕ ਸਕੂਲ ਵਿੱਚ ਪ੍ਰਿੰਸੀਪਲ ਲਖਬੀਰ ਸਿੰਘ ਦੀ ਅਗਵਾਈ ਹੇਠ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਸਕੂਲ ਵਿਚ ਵਿਸਾਖੀ ਅਤੇ ਖਾਲਸਾ ਪੰਥ ਸਾਜਨਾ ਦਿਵਸ ਮਨਾਇਆ ਗਿਆ। ਸਕੂਲ ਵਿਦਿਆਰਥੀਆਂ ਲੋਕ ਗੀਤ ਗਾਇਨ ਕੀਤੇ। ਵਿਦਿਆਰਥੀਆਂ ਪ੍ਰਸਿੱਧ ਲੋਕ ਨਾਚ ਭੰਗੜਾ ਅਤੇ ਸਕੂਲ ਦੀਆਂ ਵਿਦਿਆਰਥਣਾਂ ਵੱਲੋਂ ਗਿੱਧਾ ਵੀ ਪੇਸ਼ ਕੀਤਾ ਗਿਆ। ਸਕੂਲ ਡਾਇਰੈਕਟਰ ਜਗੀਰ ਸਿੰਘ ਜੋਸ਼ਨ ਅਤੇ ਪ੍ਰਿੰਸੀਪਲ ਲਖਬੀਰ ਸਿੰਘ ਨੇ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਪ੍ਰਮੁੱਖ ਤਿਉਹਾਰ ਦੀ ਵਧਾਈ ਦਿੱਤੀ ਅਤੇ ਬੱਚਿਆਂ ਨੂੰ ਵਿਸਾਖੀ ਦੇ ਧਾਰਮਿਕ ਅਤੇ ਇਤਿਹਾਸਕ ਮਹੱਤਵ ਤੋਂ ਜਾਣੂ ਕਰਵਾਇਆ। ਇਸ ਮੌਕੇ ਮੈਨੇਜਰ ਜਗੀਰ ਜੋਸ਼ਨ, ਡਾਇਰੈਕਟਰ ਗੁਰਬਖਸ਼ ਕੌਰ ਜੋਸ਼ਨ, ਐਮ.ਡੀ ਰਾਜਬੀਰ ਸਿੰਘ, ਐਮ.ਡੀ ਮਨੀਸ਼ਾ, ਪ੍ਰਿੰਸੀਪਲ ਲਖਬੀਰ ਸਿੰਘ, ਕੋਆਰਡੀਨੇਟਰ ਹਰਪ੍ਰੀਤ ਕੌਰ, ਮਾ: ਰਣਜੀਤ ਸਿੰਘ ਰਾਣਾ, ਰਮੇਸ਼ ਸ਼ਰਮਾ, ਸਰਬਜੀਤ ਸਿੰਘ, ਅਮਰਜੀਤ ਸਿੰਘ ਖੋਸਾ, ਨਿਸ਼ਾਨ ਸਿੰਘ, ਮੈਡਮ ਰੀਟਾ ਵਿੱਜ, ਰੁਪਿੰਦਰ ਕੌਰ, ਜਗਦੀਪ ਕੌਰ, ਪਰਮਿੰਦਰ ਕੌਰ, ਹਰਵਿੰਦਰ ਕੌਰ, ਨਿਤਾਸ਼ਾ, ਨਿੰਦਰ ਕੌਰ, ਤਜਿੰਦਰ ਕੌਰ, ਅਮਨਦੀਪ ਕੌਰ ਸਮੇਤ ਆਦਿ ਸਕੂਲ ਸਟਾਫ ਅਤੇ ਵਿਦਿਆਰਥੀ ਹਾਜ਼ਰ ਸਨ।

## ਨੌਜਵਾਨਾਂ ਨੂੰ ਚੋਣ ਪ੍ਰਕਿਰਿਆ 'ਚ ਵੱਧ-ਚੜ੍ਹ ਕੇ ਭਾਗ ਲੈਣ ਦਾ ਦਿੱਤਾ ਸੱਦਾ

**ਜਲੰਧਰ (ਸ਼ੈਲੀ ਐਲਬਰਟ)**-ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਨੌਜਵਾਨਾਂ ਨੂੰ ਮਜ਼ਬੂਤ ਲੋਕਤੰਤਰ ਲਈ ਲੋਕ ਸਭਾ ਚੋਣਾਂ-2024 ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਦਾ ਸੱਦਾ ਦਿੱਤਾ। ਸ਼ੁੱਕਰਵਾਰ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵਿਖੇ ਸਵੀਪ ਗਤੀਵਿਧੀਆਂ ਤਹਿਤ ਕਰਵਾਏ ਗਏ ਰਾਸ਼ਟਰੀ ਸੈਮੀਨਾਰ ਵਿੱਚ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਸਾਨੂੰ ਸਭ ਨੂੰ ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਮਾਣਮੱਤਾ ਮੈਂਬਰ ਹੋਣਾ ਚਾਹੀਦਾ ਹੈ, ਜੋ ਸਾਨੂੰ ਸਾਡੇ ਜਮਹੂਰੀ ਅਧਿਕਾਰ ਨੂੰ ਆਜਾਦ ਅਤੇ ਨਿਰਪੱਖ ਢੰਗ ਨਾਲ ਇਸਤੇਮਾਲ ਦਾ ਮੌਕਾ ਦਿੰਦਾ ਹੈ। ਨੌਜਵਾਨਾਂ ਖਾਸ ਕਰ 18 ਤੋਂ 19 ਸਾਲ ਦੀ ਉਮਰ ਦੇ ਲੜਕੇ-ਲੜਕੀਆਂ ਨੂੰ ਵੋਟਰ ਜਾਗਰੂਕਤਾ ਦਾ ਬਰਾਂਡ ਅੰਬੈਸਡਰ ਕਰਾਰ ਦਿੰਦਿਆਂ ਜ਼ਿਲ੍ਹਾ ਚੋਣ ਅਫਸਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 70 ਫੀਸਦੀ ਤੋਂ ਵੱਧ ਵੋਟਿੰਗ ਦੇ ਟੀਚੇ ਨੂੰ ਹਾਸਲ ਕਰਨ ਲਈ ਵੱਧ ਤੋਂ ਵੱਧ ਲੋਕਾਂ ਦੀ ਸਰਗਰਮ ਸ਼ਮੂਲੀਅਤ ਲਈ ਸਵੀਪ ਗਤੀਵਿਧੀਆਂ ਤਹਿਤ ਵਿਆਪਕ ਯੋਜਨਾ ਉਲੀਕੀ ਗਈ ਹੈ। ਲੋਕਾਂ ਵਿੱਚ ਵੋਟਰ ਜਾਗਰੂਕਤਾ ਨੂੰ ਹੁਲਾਰਾ ਦੇਣ ਲਈ ਵਿਦਿਆਰਥੀਆਂ/ਨੌਜਵਾਨਾਂ ਵੱਲੋਂ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕਰਦਿਆਂ ਜ਼ਿਲ੍ਹਾ ਚੋਣ ਅਫਸਰ ਨੇ ਕਿਹਾ ਕਿ ਇਕ ਜੂਨ 2024 ਨੂੰ ਪਹਿਲੀ ਵਾਰ ਵੋਟ ਪਾਉਣ ਵਾਲੇ ਸਾਰੇ ਵੋਟਰਾਂ ਨੂੰ ਚੋਣ ਅਧਿਕਾਰੀਆਂ ਵੱਲੋਂ ਪ੍ਰਸੰਸਾ ਪੱਤਰ ਦਿੱਤੇ ਜਾਣਗੇ।

# ਮੁੱਖ ਚੋਣ ਅਧਿਕਾਰੀ ਵੱਲੋਂ ਫੇਸ ਬੁੱਕ ਲਾਈਵ ਜ਼ਰੀਏ ਪੰਜਾਬ ਦੇ ਵੋਟਰਾਂ ਨਾਲ ਰਾਬਤਾ



**ਚੰਡੀਗੜ੍ਹ (ਗੁਰਜੀਤ ਬਿੱਲਾ)**-ਲੋਕ ਸਭਾ ਚੋਣਾਂ ਦੌਰਾਨ ਚੋਣ ਪ੍ਰਕਿਰਿਆ ਨੂੰ ਵਧੇਰੇ ਕੁਸ਼ਲ, ਪਾਰਦਰਸ਼ੀ ਬਣਾਉਣ ਅਤੇ ਵੋਟਰਾਂ ਨੂੰ ਜਾਗਰੂਕ ਕਰਨ ਤੇ ਉਨ੍ਹਾਂ ਦੇ ਕੀਮਤੀ ਸੁਝਾਅ ਲੈਣ ਲਈ ਆਪਣੀ ਕਿਸਮ ਦੀ ਪਹਿਲਕਦਮੀ ਤਹਿਤ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਅੱਜ ਟਾਕ ਟੂ ਯੂਅਰ ਸੀ.ਈ.ਓ. ਪੰਜਾਬ ਵਿਸ਼ੇ ਤਹਿਤ ਫੇਸਬੁੱਕ ਲਾਈਵ ਸੈਸ਼ਨ ਦੌਰਾਨ ਪੰਜਾਬ ਦੇ ਲੋਕਾਂ ਨਾਲ ਰਾਬਤਾ ਬਣਾਇਆ। ਇਸ ਸੈਸ਼ਨ ਦੌਰਾਨ ਮੁੱਖ ਚੋਣ ਅਧਿਕਾਰੀ ਨੇ ਵੋਟਰਾਂ ਦੇ ਵੱਖ-ਵੱਖ ਸਵਾਲਾਂ ਦੇ ਜਵਾਬ ਦਿੱਤੇ ਅਤੇ ਇਸ ਵਾਰ 70 ਪਾਰ ਦੇ ਟੀਚੇ ਦੀ ਪ੍ਰਾਪਤੀ ਲਈ ਉਨ੍ਹਾਂ ਨੂੰ ਵੋਟਿੰਗ ਪ੍ਰਕਿਰਿਆ ਵਿੱਚ ਸਰਗਰਮੀ ਨਾਲ ਹਿੱਸਾ ਲੈਣ ਦੀ ਅਪੀਲ ਕਰਦਿਆਂ ਚੋਣ ਜ਼ਾਬਤੇ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਸਬੰਧੀ ਕਮਿਸ਼ਨ ਨੂੰ ਰਿਪੋਰਟ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ 2024 ਦੌਰਾਨ ਇਹ ਟੀਚਾ 70 ਫੀਸਦ ਮਿੱਥਿਆ ਗਿਆ ਹੈ। ਸਿਬਿਨ ਸੀ ਨੇ ਇਹ ਵੀ ਦੱਸਿਆ ਕਿ ਨੌਜਵਾਨ ਵੋਟਰ ਆਪਣੀ ਵੋਟ 4 ਮਈ ਤੱਕ ਬਣਾ ਸਕਦੇ ਹਨ।ਮੁੱਖ ਚੋਣ ਅਧਿਕਾਰੀ ਨੇ ਕਿਹਾ ਕਿ ਮੁੱਖ ਚੋਣ ਅਧਿਕਾਰੀ ਦੇ ਦਫ਼ਤਰ ਨੂੰ ਹੁਣ ਤੱਕ ਚੋਣ ਜ਼ਾਬਤੇ ਦੀ ਉਲੰਘਣਾ ਸਬੰਧੀ 1600 ਤੋਂ ਵੱਧ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ, ਜਿਨ੍ਹਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ। ਇਸ ਦੇ ਨਾਲ ਹੀ ਕਮਿਸ਼ਨ ਨੂੰ ਸੀ-ਵਿਜਲ ਐਪ 'ਤੇ 1059 ਸ਼ਿਕਾਇਤਾਂ ਪ੍ਰਾਪਤ ਹੋਈਆਂ, ਜਿਨ੍ਹਾਂ ਵਿੱਚੋਂ 733 ਸਹੀ ਪਾਈਆਂ ਗਈਆਂ ਅਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ 100 ਮਿੰਟਾਂ ਦੇ ਅੰਦਰ-ਅੰਦਰ 689 ਸ਼ਿਕਾਇਤਾਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ। ਉਨ੍ਹਾਂ ਨੇ ਲੋਕਾਂ ਨੂੰ ਸੀ-ਵਿਜਲ ਐਪ, ਟੋਲ-ਫ੍ਰੀ ਨੰਬਰ 1950 ਅਤੇ ਭਾਰਤੀ ਚੋਣ ਕਮਿਸ਼ਨ ਦੇ ਕੌਮੀ ਸ਼ਿਕਾਇਤ ਸੇਵਾ ਪੋਰਟਲ (ਐਨ.ਜੀ.ਐਸ.ਪੀ.) ਰਾਹੀਂ ਉਲੰਘਣਾਵਾਂ ਦੀ ਰਿਪੋਰਟ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਦੱਸਿਆ ਕਿ ਵੋਟਰ ਆਪਣੀ ਵੋਟ ਪਾਉਣ ਲਈ ਵੋਟਰ ਕਾਰਡ ਤੋਂ ਇਲਾਵਾ ਆਧਾਰ ਕਾਰਡ, ਪੈਨ ਕਾਰਡ, ਡਰਾਈਵਿੰਗ ਲਾਇਸੰਸ, ਮਨਰੇਗਾ ਜੌਬ ਕਾਰਡ ਸਮੇਤ 12 ਚੋਣਵੇਂ ਦਸਤਾਵੇਜ਼ਾਂ ਦੀ ਵਰਤੋਂ ਕਰ ਸਕਦੇ ਹਨ।ਸੁਰੱਖਿਆ ਪ੍ਰਬੰਧਾਂ ਬਾਰੇ ਗੱਲ ਕਰਦਿਆਂ ਮੁੱਖ ਚੋਣ ਅਧਿਕਾਰੀ ਨੇ ਦੱਸਿਆ ਕਿ ਸੂਬੇ ਵਿੱਚ ਸਰਹੱਦੀ ਇਲਾਕਿਆਂ ਅਤੇ ਪਛਾਣ ਕੀਤੇ ਗਏ ਸੰਵੇਦਨਸ਼ੀਲ ਪੋਲਿੰਗ ਖੇਤਰਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬ ਪੁਲਸ ਤੋਂ ਇਲਾਵਾ ਅਰਧ ਸੈਨਿਕ ਬਲਾਂ ਦੀਆਂ 25 ਕੰਪਨੀਆਂ ਸੂਬੇ ਵਿੱਚ ਤਾਇਨਾਤ ਕੀਤੀਆਂ ਗਈਆਂ ਹਨ, ਜਿਨ੍ਹਾਂ ਦੀ ਗਿਣਤੀ ਲੋੜ ਅਨੁਸਾਰ ਵਧਾਈ ਜਾ ਸਕਦੀ ਹੈ।ਉਨ੍ਹਾਂ ਦੱਸਿਆ ਕਿ ਵੋਟਿੰਗ ਵਾਲੇ ਦਿਨ ਅਰਥਾਤ 1 ਜੂਨ ਨੂੰ ਸੂਬੇ ਭਰ ਦੇ ਪੋਲਿੰਗ ਸਟੇਸ਼ਨਾਂ ਦੀ 100 ਫੀਸਦ ਵੈਬਕਾਸਟਿੰਗ ਯਕੀਨੀ ਬਣਾਈ ਜਾਵੇਗੀ। ਸਿਬਿਨ ਸੀ ਨੇ ਅੱਗੇ ਦੱਸਿਆ ਕਿ ਸਮੁੱਚੀ ਚੋਣ ਪ੍ਰਕਿਰਿਆ ਦੌਰਾਨ ਚੋਣ ਜ਼ਾਬਤੇ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ 'ਤੇ ਤਿੱਖੀ ਨਜ਼ਰ ਰੱਖਣ ਲਈ ਫਲਾਇੰਗ ਸਕੁਐਡ ਵਹੀਕਲ ਅਤੇ ਸਟੈਟਿਕ ਸਰਵੇਲੈਂਸ ਟੀਮਾਂ ਪੂਰੀ ਤਰ੍ਹਾਂ ਸਰਗਰਮ ਹਨ।

## ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਜਲਾਲਪੁਰ ਨੇ ਕੀਤੀ ਮੀਟਿੰਗ

**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਲੋਕ ਸਭਾ ਚੋਣਾਂ ਨੂੰ ਮੁੱਖ ਰੱਖਦਿਆਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸਤਨਾਮ ਜਲਾਲਪੁਰ ਨੇ ਹਲਕਾ ਬਲਾਚੌਰ ਵਿਖੇ ਹਲਕਾ ਵਿਧਾਇਕ ਸੰਤੋਸ਼ ਕਟਾਰੀਆ ਦੇ ਗ੍ਰਹਿ ਵਿਖੇ ਵਰਕਰਾਂ ਨਾਲ ਮੀਟਿੰਗ ਕੀਤੀ, ਜਿਸ ਵਿੱਚ ਵਰਕਰਾਂ ਨੂੰ ਲੋਕ ਸਭਾ ਚੋਣਾਂ ਲਈ ਕਮਰ ਕੱਸਣ ਲਈ ਕਿਹਾ। ਜਲਾਲਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਵਿੱਚ ਇਤਿਹਾਸ ਸਿਰਜੇਗੀ। ਜਲਾਲਪੁਰ ਨੇ ਕਿਹਾ ਕਿ ਲੋਕ ਸਭਾ ਚੋਣਾਂ ਨੂੰ ਲੈ ਕੇ ਸਮੂਹ ਵਲੰਟੀਅਰਾਂ ਵਿੱਚ ਭਾਰੀ ਉਤਸ਼ਾਹ ਹੈ ਅਤੇ ਲੋਕ ਸਭਾ ਚੋਣਾਂ ਨੂੰ ਵੱਡੀ ਜਿੱਤ ਵਿੱਚ ਬਦਲਣ ਲਈ ਤਿਆਰ ਹਨ। ਜਲਾਲਪੁਰ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਮੁਫਤ ਬਿਜਲੀ ਅਤੇ ਹਰ ਘਰ ਰਾਸ਼ਨ ਪਹੁੰਚਾ ਕੇ ਪੰਜਾਬ ਦੇ ਲੋਕਾਂ ਦਾ ਦਿਲ ਜਿੱਤ ਲਿਆ ਹੈ। ਵਲੰਟੀਅਰਾਂ ਦੇ ਉਤਸ਼ਾਹ ਨੂੰ ਦੇਖਦਿਆਂ ਜਲਾਲਪੁਰ ਨੇ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਦੀਆਂ ਸਾਰੀਆਂ ਸੀਟਾਂ ਜਿੱਤ ਕੇ ਇਤਿਹਾਸ ਰਚੇਗੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਵਲੰਟੀਅਰਾਂ ਨੇ ਪਹਿਲਾਂ ਹੀ ਲੋਕ ਸਭਾ ਚੋਣਾਂ ਪੂਰੀ ਤਾਕਤ ਨਾਲ ਲੜਨ ਦਾ ਅਹਿਦ ਲਿਆ ਹੈ। ਆਮ ਆਦਮੀ ਪਾਰਟੀ ਪੂਰੇ ਦੇਸ਼ ਵਿੱਚ ਬਹੁਤ ਵਧੀਆ ਪ੍ਰਦਰਸ਼ਨ ਕਰਨ ਜਾ ਰਹੀ ਹੈ। ਇਸ ਮੌਕੇ ਸਤਨਾਮ ਜਲਾਲਪੁਰ, ਸਤਨਾਮ ਸਿੰਘ ਜਲਵਾਹਾ, ਅਸ਼ੋਕ ਕਟਾਰੀਆ, ਬਲਜੀਤ ਸਿੰਘ ਭਾਰਾਪੁਰ, ਰਣਵੀਰ ਚੇਚੀ, ਕਰਨ ਕਟਾਰੀਆ ਤੋਂ ਇਲਾਵਾ ਬਲਾਕ ਪ੍ਰਧਾਨ ਅਤੇ ਵੱਖ-ਵੱਖ ਵਿੰਗਾਂ ਦੇ ਨੁਮਾਇੰਦੇ ਵੀ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਸਮਰਪਤ ਸੰਤ ਸੰਮੇਲਨ 29 ਨੂੰ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਉਂਕਾਰ ਸਿੰਘ)**-ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦੀ ਵਿਚਾਰਧਾਰਾ ਨੂੰ ਸਮਰਪਤ ਪਿੰਡ ਝਾਵਾਂ ਦੀਆਂ ਸੰਗਤਾਂ ਵੱਲੋਂ ਚੌਥਾ ਮਹਾਨ ਸੰਤ ਸੰਮੇਲਨ 29 ਅਪ੍ਰੈਲ ਨੂੰ ਕਰਵਾਇਆ ਜਾਵੇਗਾ। ਸ੍ਰੀ ਗੁਰੂ ਰਵਿਦਾਸ ਸਭਾ ਝਾਵਾਂ ਵੱਲੋਂ ਡੇਰਾ ਸੱਚਖੰਡ ਬੱਲਾਂ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਝਾਵਰ ਪੈਲਸ ਅੱਡਾ ਝਾਵਾਂ ਨਜ਼ਦੀਕ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਕਰਵਾਏ ਜਾ ਰਹੇ ਸੰਤ ਸੰਮੇਲਨ ਸਬੰਧੀ ਪੋਸਟਰ ਜਾਰੀ ਕਰਦੇ ਹੋਏ ਪ੍ਰਬੰਧਕ ਸੇਵਾਦਾਰ ਪ੍ਰਧਾਨ ਜਸਵਿੰਦਰ ਸਿੰਘ, ਗੁਰਮੇਲ ਸਿੰਘ, ਸੋਹਣ ਲਾਲ, ਕੈਪਟਨ ਅਜੀਤ ਸਿੰਘ, ਉਜਾਗਰ ਸਿੰਘ, ਜੀਤ ਸਿੰਘ, ਸੰਤੋਖ ਸਿੰਘ, ਪ੍ਰੇਮ ਸਿੰਘ, ਜੋਗਿੰਦਰ ਸਿੰਘ, ਹਰਜੀਤ ਸਿੰਘ, ਸੁਖਵਿੰਦਰ ਸਿੰਘ, ਪ੍ਰਗਟ ਸਿੰਘ, ਕਰਨੈਲ ਸਿੰਘ, ਬੂਟਾ ਸਿੰਘ, ਹੈਪੀ, ਗੋਰਾ, ਰਾਜਾ ਤੇ ਬਲਵਿੰਦਰ ਸਿੰਘ ਨੇ ਦੱਸਿਆ ਕਿ ਡੇਰਾ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀਨਸ਼ੀਨ ਸੰਤ ਬਾਬਾ ਨਿਰੰਜਨ ਦਾਸ ਜੀ ਦੀ ਸਰਪ੍ਰਸਤੀ ਹੇਠ ਹੋ ਰਹੇ ਸਮਾਗਮ ਵਿੱਚ ਸਭ ਤੋਂ ਪਹਿਲਾਂ ਸਵੇਰੇ ਅੰਮ੍ਰਿਤ ਬਾਣੀ ਦੇ ਭੋਗ ਪਾਏ ਜਾਣਗੇ ਉਪਰੰਤ ਸੰਤ ਬਾਬਾ ਗੁਰਬਚਨ ਦਾਸ ਚੱਕ ਲਾਦੀਆਂ ਵਾਲੇ, ਸੰਤ ਲੇਖਰਾਜ ਨੂਰਪੁਰ ਵਾਲੇ, ਸੰਤ ਰਾਜਗਿਰ ਰਾਜਪੁਰ ਵਾਲੇ, ਸੰਤ ਨਰੇਸ਼ ਗਿਰ ਨੰਗਲ ਖੂੰਗਾ ਵਾਲੇ, ਸੰਤ ਪ੍ਰੇਮ ਦਾਸ ਰਜਪਾਲਵਾਂ ਵਾਲੇ, ਸੰਤ ਕੈਲਾਸ਼ ਧਰਮਪੁਰਾ ਦਸੂਹਾ ਵਾਲੇ ਤੇ ਰਾਗੀ ਜਥਾ ਭਾਈ ਬਲਵੀਰ ਸਿੰਘ ਹੈਪੀ ਸ੍ਰੀ ਗੁਰੂ ਰਵਿਦਾਸ ਸਭਾ ਪਿੰਡ ਜੌਹਲ ਵਾਲੇ ਪਹੁੰਚ ਕਰਕੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਪ੍ਰਵਚਨਾਂ ਅਤੇ ਕਥਾ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਵਿਚਾਰਧਾਰਾ ਤੋਂ ਜਾਣੂ ਕਰਵਾਉਣਗੇ। ਪ੍ਰਬੰਧਕ ਸੇਵਾਦਾਰਾਂ ਨੇ ਦੱਸਿਆ ਕਿ ਸਮਾਗਮ ਦੌਰਾਨ ਡੇਰਾ ਸੱਚਖੰਡ ਵੱਲਾ ਦੇ ਮੌਜੂਦਾ ਗੱਦੀਨਸ਼ੀਨ ਸੰਤ ਬਾਬਾ ਨਿਰੰਜਨ ਦਾਸ ਜੀ ਵੀ ਵਿਸ਼ੇਸ਼ ਤੌਰ 'ਤੇ ਪਹੁੰਚਣਗੇ। ਸਮਾਗਮ ਦੌਰਾਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

# ਜੰਗਲਾਤ ਕਾਮਿਆਂ 'ਤੇ ਲਟਕੀ ਛਾਂਟੀ ਦੀ ਤਲਵਾਰ, 25 ਨੂੰ ਮੰਤਰੀ ਦੇ ਹਲਕੇ 'ਚ ਲਾਉਣਗੇ ਧਰਨਾ



**ਚੰਡੀਗੜ੍ਹ, (ਗੁਰਜੀਤ ਬਿੱਲਾ)**- ਜੰਗਲਾਤ ਵਰਕਰਜ਼ ਯੂਨੀਅਨ ਪੰਜਾਬ ਦੀ ਸੂਬਾਈ ਮੀਟਿੰਗ ਸੂਬਾ ਪ੍ਰਧਾਨ ਅਮਰੀਕ ਸਿੰਘ, ਜਨਰਲ ਸਕੱਤਰ ਜਸਵੀਰ ਸਿੰਘ ਸੀਰਾ, ਜਸਵਿੰਦਰ ਸੋਜਾ ਤੇ ਵਿਰਸਾ ਸਿੰਘ ਅੰਮ੍ਰਿਤਸਰ ਦੀ ਅਗਵਾਈ ਹੇਠ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫ਼ੈਡਰੇਸ਼ਨ ਦੇ ਮੁੱਖ ਦਫ਼ਤਰ 1406- ਸੈਕਟਰ 22 ਬੀ ਚੰਡੀਗੜ੍ਹ ਵਿਖੇ ਹੋਈ। ਜਿਸ ਵਿੱਚ ਫੈਸਲਾ ਕੀਤਾ ਗਿਆ ਕਿ 25 ਅਪ੍ਰੈਲ ਨੂੰ ਜੰਗਲਾਤ ਮੰਤਰੀ ਲਾਲ ਚੰਦ ਕਟਾਰੂਚੱਕ ਦੇ ਹਲਕਾ ਭੋਆ 'ਚ ਵਿਸ਼ਾਲ ਰੈਲੀ ਤੇ ਰੋਸ ਮਾਰਚ ਕੀਤਾ ਜਾਵੇਗਾ। ਆਗੂਆਂ ਕਿਹਾ ਕਿ 22 ਅਤੇ 23 ਅਪ੍ਰੈਲ ਨੂੰ ਵਣ ਮੰਡਲ ਅਫਸਰਾਂ ਦੇ ਦਫਤਰ ਅੱਗੇ ਵਿਸ਼ਾਲ ਰੋਸ ਧਰਨੇ ਦੇਣ ਉਪਰੰਤ ਮੰਗ ਪੱਤਰ ਵਿਭਾਗੀ ਅਧਿਕਾਰੀਆਂ ਨੂੰ ਦਿੱਤੇ ਜਾਣਗੇ। ਪਿਛਲੇ ਦਿਨੀਂ ਸਰਕਾਰ ਵੱਲੋਂ ਜਾਰੀ ਪੱਤਰਾਂ ਨੂੰ ਦੇਖਦੇ ਹੋਏ ਉਸ ਤੋਂ ਸਾਫ ਜ਼ਾਹਰ ਹੋ ਰਿਹਾ ਹੈ ਕਿ ਸਰਕਾਰ ਇਸ ਵਿਭਾਗ ਨੂੰ ਨਿੱਜੀ ਹੱਥਾਂ 'ਚ ਦੇਣ ਦੀ ਡੂੰਘੀ ਚਾਲ ਚੱਲ ਰਹੀ ਹੈ। ਵਿਭਾਗ ਨੂੰ ਪੰਚਾਇਤੀਕਰਨ ਅਤੇ ਨਿੱਜੀਕਰਨ ਵੱਲ ਧੱਕਣ 'ਤੇ ਜੰਗਲਾਤ ਕਾਮਿਆਂ ਵਿੱਚ ਭਾਰੀ ਰੋਸ ਤੇ ਬੇਚੈਨੀ ਪਾਈ ਜਾ ਰਹੀ ਹੈ। ਜਿੱਥੇ ਜੰਗਲਾਤ ਵਿਭਾਗ ਦਾ ਕਾਮਾ ਲੰਮੇ ਸਮੇਂ ਤੋਂ ਪੱਕੇ ਹੋਣ ਦੀ ਉਮੀਦ ਲਗਾਈ ਬੈਠਾ ਸੀ, ਵਿਭਾਗ ਇਨ੍ਹਾਂ ਕਾਮਿਆਂ ਨੂੰ ਆਪਣੇ ਵਿਭਾਗ ਵਿੱਚ ਰੱਖਣ ਦੀ ਬਜਾਏ ਉਲਟਾ ਮਨਰੇਗਾ ਦੇ ਪੱਲੇ ਪਾਉਣ ਦੀਆਂ ਗੱਲਾਂ ਕਰ ਰਿਹਾ ਹੈ, ਜਿਸ ਨਾਲ ਜਿਥੇ ਇਨ੍ਹਾਂ ਕਾਮਿਆਂ ਦੀ ਪਿਛਲੇ ਸਮਿਆਂ ਦੀ ਸੀਨੀਆਰਤਾ ਵੀ ਪ੍ਰਭਾਵਿਤ ਹੋਵੇਗੀ। ਸਾਰਾ ਸਾਲ ਮਿਲਦੇ ਰੁਜ਼ਗਾਰ 'ਤੇ ਵੀ ਪ੍ਰਸ਼ਨ ਚਿੰਨ੍ਹ ਲੱਗੇਗਾ। ਇਨ੍ਹਾਂ ਕਾਮਿਆਂ ਦੀ ਹਮਾਇਤ ਕਰਦਿਆਂ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਪ੍ਰਧਾਨ ਸਤੀਸ਼ ਰਾਣਾ, ਦਰਸ਼ਨ ਬੇਲੂ ਮਾਜਰਾ, ਮਨਜੀਤ ਸੈਣੀ ਤੇ ਮੱਖਣ ਸਿੰਘ ਵਾਹਿਦਪੁਰੀ ਨੇ ਕਿਹਾ ਕਿ ਦੂਸਰੇ ਵਿਭਾਗਾਂ ਨੂੰ ਨਿੱਜੀ ਹੱਥਾਂ 'ਚ ਦੇਣ ਦੀ ਤਰਜ਼ 'ਤੇ ਜੰਗਲਾਤ ਵਿਭਾਗ ਵੀ ਉਸ ਪਾਸੇ ਨੂੰ ਸਾਬਤ ਕਦਮ ਪੁੱਟ ਰਿਹਾ ਹੈ ਕਿਉਂਕਿ ਪਿਛਲੇ ਸਮੇਂ 'ਚ ਸਰਕਾਰ ਵੱਲੋਂ ਜਿੱਥੇ ਬਿਜਲੀ, ਸੜਕਾਂ ਤੇ ਪਾਣੀ ਨਿੱਜੀ ਹੱਥਾਂ 'ਚ ਦਿੱਤਾ ਗਿਆ, ਉਸੇ ਤਰ੍ਹਾਂ ਹੁਣ ਚਿੱਠੀ ਪੱਤਰ ਇਹ ਸਪਸ਼ਟ ਕਰਦੇ ਹਨ ਕਿ ਵਿਭਾਗ ਨੂੰ ਹੌਲੀ ਹੌਲੀ ਪੰਚਾਇਤੀਕਰਨ ਤੇ ਉਸ ਤੋਂ ਬਾਅਦ ਨਿੱਜੀ ਹੱਥਾਂ ਵੱਲ ਧੱਕਿਆ ਜਾ ਰਿਹਾ ਹੈ। ਇਸ ਨੂੰ ਪੰਜਾਬ ਦੇ ਲੋਕ ਕਦੇ ਵੀ ਇਹ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਕਿਹਾ ਕਿ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫ਼ੈਡਰੇਸ਼ਨ ਇਨ੍ਹਾਂ ਜੰਗਲਾਤ ਕਾਮਿਆਂ ਦੀ ਡਟ ਕੇ ਹਮਾਇਤ ਕਰੇਗੀ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਅਮਨਦੀਪ ਸਿੰਘ, ਸਤਨਾਮ ਸਿੰਘ ਸੰਗਰੂਰ, ਰਵੀਕਾਂਤ ਰੋਪੜ, ਮਲਕੀਤ ਮੁਕਤਸਰ, ਸੁਲੱਖਣ ਸਿੰਘ, ਰਣਜੀਤ ਸਿੰਘ ਗੁਰਦਾਸਪੁਰ, ਸ਼ੇਰ ਸਿੰਘ ਸਰਹਿੰਦ, ਜਗਤਾਰ ਸਿੰਘ ਸਾਹਪੁਰ,ਬੋਘ ਸਿੰਘ ਮਾਨਸਾ ਅਤੇ ਸੁਖਦੇਵ ਸਿੰਘ ਜਲੰਧਰ ਵੱਖ-ਵੱਖ ਜ਼ਿਲ੍ਹਿਆਂ ਨਾਲ ਸੰਬੰਧਤ ਆਗੂ ਵੱਡੀ ਗਿਣਤੀ ਵਿੱਚ ਪੁੱਜੇ, ਜਿਨ੍ਹਾਂ ਇਹ ਫੈਸਲਾ ਕੀਤਾ ਕਿ ਜਿੱਥੇ ਉਹ 22 ਅਤੇ 23 ਤਰੀਕ ਨੂੰ ਆਪਣੇ ਵਣ ਮੰਡਲਾਂ ਅੱਗੇ ਸਰਕਾਰ ਦੇ ਇਸ ਮੁਲਾਜ਼ਮ ਵਿਰੋਧੀ ਪੱਤਰਾਂ ਦਾ ਵਿਰੋਧ ਕਰਨਗੇ, ਉੱਥੇ 25 ਤਰੀਕ ਨੂੰ ਆਪਣੇ ਹਜ਼ਾਰਾਂ ਸਾਥੀਆਂ ਨਾਲ ਵਹੀਰਾਂ ਘੱਤ ਕੇ ਜੰਗਲਾਤ ਮੰਤਰੀ ਦੇ ਹਲਕੇ ਭੋਆ ਵਿੱਚ ਪਹੁੰਚਣਗੇ ਤੇ ਆਪਣਾ ਵਿਰੋਧ ਜਤਾਉਣਗੇ।

21-April-Sunday.qxd 4/20/2024 10:39 PM Page 1



ਕਾਮਰੇਡ ਪੀ ਸੀ ਜੋਸ਼ੀ ਇਕ ਮਿਸਾਲੀ ਜੀਵਨ
ਆਖਰੀ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 21 ਅਪ੍ਰੈਲ 2024

www.nawanzamana.in

ਕੀਮਤ 5.00 ਰੁਪਏ


ਬਿਰਖ ਨਿਮਾਣਾ
ਮਾਂ ਵਰਗੀ ਛਾਂ ਦੇਣ ਲਈ,
ਸਿਖਰ ਦੁਪਹਿਰੀ
ਨੰਗੇ ਪਿੰਡੇ ਸੜਿਆ ਹੈ।
- ਕੇਸਰ ਸਿੰਘ ਨੀਰ

# ਗ਼ਦਰ ਪਾਰਟੀ : ਭਾਰਤ ਦੀ ਸੁਤੰਤਰਤਾ ਦਾ ਆਧਾਰ

**ਚਰੰਜੀ ਲਾਲ ਕੰਗਣੀਵਾਲ**

ਅੰਗਰੇਜ਼ਾਂ ਨੇ 1849 ਨੂੰ ਪੰਜਾਬ ਉਪਰ ਕਾਬਜ਼ ਹੋ ਕੇ ਲੈਂਡ-ਸੈਟਲਮੈਂਟ ਅਤੇ ਮਾਮਲੇ ਦੀ ਨਕਦ ਵਸੂਲੀ ਜੋ ਸ਼ੁਰੂ ਵਿਚ ਲੁਭਾਉਣੀ ਲੱਗਦੀ ਸੀ, ਪਿੱਛੋਂ ਪੰਜਾਬੀਆਂ ਦੀ ਕੰਗਾਲੀ ਦਾ ਇਕ ਹੋਰ ਕਾਰਨ ਬਣ ਗਈ। ਮਾਮਲਾ ਤਾਰਨ ਅਤੇ ਹੋਰ ਲੋੜਾਂ ਪੂਰੀਆਂ ਕਰਨ ਲਈ ਕਿਸਾਨ ਉਧਾਰ ਚੁੱਕਦਾ-ਚੁੱਕਦਾ ਕਰਜ਼ੇ ਦੇ ਬੋਝ ਹੇਠ ਆਉਣ ਲੱਗ ਪਿਆ ਸੀ। ਉਗਰਾਹੀਆਂ ਤੇ ਮਜ਼ਬੂਰੀ ਵਸੂਲੀਆਂ ਲਈ ਅਦਾਲਤੀ ਡਿਗਰੀਆਂ ਨੇ ਕਿਸਾਨਾਂ ਦੀਆਂ ਜ਼ਮੀਨਾਂ ਖੋਹ ਕੇ ਸ਼ਾਹੂਕਾਰਾਂ ਦੇ ਹੱਥ ਫੜਾਉਣੀਆਂ ਸ਼ੁਰੂ ਕੀਤੀਆਂ। ਸੰਨ 1901 ਤੋਂ 1909 ਤੱਕ ਕੋਈ ਢਾਈ ਕਰੋੜ ਏਕੜ ਤੋਂ ਵੱਧ ਜ਼ਮੀਨ ਗਹਿਣੇ ਪੈ ਗਈ ਸੀ। ਕਿਸਾਨੀ ਤੇ ਆਸ਼ਰਿਤ ਦਸਤਕਾਰ ਤੇ ਪੇਂਡੂ ਮਜ਼ਦੂਰ ਦਿਨੋ-ਦਿਨ ਕੰਗਾਲੀ ਵਿਚ ਧੱਸਦੇ ਚਲੇ ਜਾਣ ਨਾਲ ਪੁਰਾਣਾ ਸਵੈ-ਨਿਰਭਰ ਪੇਂਡੂ ਪ੍ਰਬੰਧ ਟੁੱਟਣਾ ਸ਼ੁਰੂ ਹੋ ਗਿਆ ਸੀ। ਇਸ ਸਾਮਰਾਜੀ ਪ੍ਰਬੰਧ ਵਿਚ ਹਟਵਾਣੀਆਂ, ਦਲਾਲਾਂ, ਠੇਕੇਦਾਰਾਂ ਤੇ ਸਨਅਤੀ ਮਜ਼ਦੂਰਾਂ ਦੀਆਂ ਨਵੀਆਂ ਜਮਾਤਾਂ ਪੈਦਾ ਹੋ ਗਈਆਂ ਸਨ। 1910 ਵਿਚ "ਇੰਤਕਾਲ-ਅਰਾਜ਼ੀ" ਕਾਨੂੰਨ ਲਾਗੂ ਕਰਨ ਨਾਲ ਕੋਈ ਫਰਕ ਨਾ ਪਿਆ, ਸਗੋਂ ਇਕ ਨਵੀਂ ਕਿਸਮ ਦੀ ਸ਼ਾਹੂਕਾਰੀ ਦਾ ਜਨਮ ਹੋ ਗਿਆ।

ਵੀਹਵੀਂ ਸਦੀ ਦੇ ਸ਼ੁਰੂ ਵਿਚ ਆਰਥਿਕ ਮੰਦਹਾਲੀ ਨੇ ਭਾਰਤੀਆਂ (ਖ਼ਾਸ ਕਰਕੇ ਪੰਜਾਬੀਆਂ) ਨੂੰ ਵਿਦੇਸ਼ਾਂ ਵਿਚ ਰੁਜ਼ਗਾਰ ਦੀ ਤਲਾਸ਼ ਕਰਨ ਲਈ ਮਜਬੂਰ ਕੀਤਾ ਸੀ। ਗ਼ਦਰ ਲਹਿਰ ਦੀ ਸਥਾਪਨਾ ਦੇ ਕੈਨੇਡਾ ਤੇ ਅਮਰੀਕਾ ਦੇ ਵੱਡੇ ਤੇ ਮੁੱਢਲੇ ਕੇਂਦਰ ਸਨ। ਵਿਦੇਸ਼ਾਂ ਵਿਚ ਇਹ ਲੋਕ ਕਿਉਂ ਤੇ ਕਦੋਂ ਗਏ ? ਇਹ ਸਵਾਲ ਅੰਗਰੇਜ਼ੀ ਸਰਕਾਰ ਦੀ ਸਥਾਪਨਾ ਤੋਂ ਬਾਅਦ ਉਸ ਦੇ ਸਮਾਜਿਕ-ਆਰਥਿਕ ਤਾਣੇ-ਬਾਣੇ ਵਿਚੋਂ ਪੈਦਾ ਹੋਈਆਂ ਉਲਝਣਾਂ ਸਨ, ਜਿਨ੍ਹਾਂ ਨੇ ਭਾਰਤੀਆਂ ਖਾਸ ਕਰਕੇ ਪੰਜਾਬੀਆਂ ਨੂੰ ਕੰਗਾਲੀ ਵੱਲ ਧੱਕ ਦਿੱਤਾ ਸੀ।

ਇਸ ਆਰਥਿਕ ਮੰਦਹਾਲੀ ਨਾਲ ਗਰੱਸੇ ਪੰਜਾਬ ਦੇ ਨੌਜਵਾਨ ਆਪਣੀਆਂ ਗਰਜ਼ਾਂ ਲਈ ਅੰਗਰੇਜ਼ਾਂ ਵੱਲੋਂ ਵਿੱਢੀਆਂ ਲੜਾਈਆਂ ਵਿਚ ਭਰਤੀ ਹੋਣੇ ਸ਼ੁਰੂ ਹੋ ਗਏ ਸਨ। ਫੌਜ ਦੀ ਨੌਕਰੀ ਕਰਦਿਆਂ ਉਨ੍ਹਾਂ ਅੰਦਰ ਇਹ ਅਹਿਸਾਸ ਪੈਦਾ ਹੋਇਆ ਕਿ ਸਾਡੀ ਜ਼ਿੰਦਗੀ ਕੀ ਹੈ। ਅਸੀਂ ਗਿਆਰਾਂ-ਗਿਆਰਾਂ ਰੁਪਏ ਬਦਲੇ ਸਰਕਾਰ ਅੱਗੇ ਸਿਰ ਵੇਚ ਦਿੰਦੇ ਹਨ। ਤੇ ਆਜ਼ਾਦ ਮੁਲਕਾਂ ਨੂੰ ਜਾ ਕੇ ਗੁਲਾਮ ਬਣਾ ਦਿੰਦੇ ਹਾਂ। ਗੁਲਾਮਾਂ ਨੂੰ ਹੋਰ ਕਰੜੀ ਗੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜਦੇ ਹਾਂ, ਅਸੀਂ ਬੜੇ ਪਾਗਲ ਹਾਂ, ਜਿਹੜੇ ਆਪਣੇ ਮੁਲਕ ਤੇ ਕੌਮ ਵਾਸਤੇ ਕੁਝ ਨਹੀਂ ਕਰਦੇ।" ਇਸ ਵਿਚਾਰ ਨੇ ਫੌਜ ਛੱਡ ਕੇ ਇਨ੍ਹਾਂ ਨੂੰ ਪ੍ਰਵਾਸ ਜਾਣ ਲਈ ਉਤੇਜਿਤ ਕੀਤਾ। ਇਨ੍ਹਾਂ ਫੌਜੀਆਂ ਵਿੱਚੋਂ ਹੀ ਬਹੁਤੇ ਵਿਦੇਸ਼ਾਂ ਨੂੰ ਜਾਣ ਵਿਚ ਸਫ਼ਲ ਹੋਏ। ਵਿਦੇਸ਼ਾਂ ਵਿਚ ਜਾਣ ਵਾਲੇ ਦੂਜੇ ਲੋਕ ਜ਼ਮੀਨਾਂ ਵੇਚ ਕੇ ਜਾਂ ਗਿਰਵੀ ਕਰਕੇ ਅਮਰੀਕਾ-ਕੈਨੇਡਾ ਆਦਿ ਦੇਸ਼ਾਂ ਵਿਚ ਪੁੱਜ ਗਏ, ਜਿੱਥੇ 10-15 ਗੁਣਾਂ ਵੱਧ ਮਜ਼ਦੂਰੀ ਮਿਲ ਜਾਂਦੀ ਸੀ। ਸੰਨ 1912 ਤੱਕ ਵਿਦੇਸ਼ ਜਾਣ ਵਾਲਿਆਂ ਦੀ ਗਿਣਤੀ 20,000 ਤੱਕ ਪੁੱਜ ਗਈ ਸੀ। ਇਨ੍ਹਾਂ 98 ਪ੍ਰਤੀਸ਼ਤ ਪੰਜਾਬੀਆਂ ਵਿੱਚੋਂ 75 ਪ੍ਰਤੀਸ਼ਤ ਸਾਬਕਾ ਫੌਜੀ ਸਨ। ਅਮਰੀਕਾ ਆਜ਼ਾਦ ਦੇਸ਼ ਸੀ, ਜਦਕਿ ਕੈਨੇਡਾ ਅੰਗਰੇਜ਼ੀ ਸਾਮਰਾਜ ਦੇ ਅਧੀਨ ਸੀ। ਇਨ੍ਹਾਂ ਪ੍ਰਵਾਸੀਆਂ ਨੇ ਸਖ਼ਤ ਮਿਹਨਤਾਂ ਕਰਕੇ ਆਪਣੇ ਆਪ ਨੂੰ ਖੁਸ਼ਹਾਲ ਤਾਂ ਕਰ ਲਿਆ ਸੀ, ਪਰ ਦੂਜੇ ਪਾਸੇ ਗੁਲਾਮ ਹੋਣ ਕਾਰਨ ਸਥਾਨਕ ਲੋਕ ਉਨ੍ਹਾਂ ਨੂੰ ਨਿੰਦਦੇ ਤੇ ਹੱਤਕ ਕਰਦੇ ਸਨ। ਆਜ਼ਾਦ ਵਾਤਾਵਰਨ ਵਾਲੇ ਅਮਰੀਕਾ ਵਿਚ ਉਨ੍ਹਾਂ ਨੂੰ ਆਜ਼ਾਦੀ ਦਾ ਅਹਿਸਾਸ ਹੋਇਆ ਤਾਂ ਉਨ੍ਹਾ ਨੇ 1857 ਦੇ ਗ਼ਦਰ ਦੀਆਂ ਘਾਟਾਂ-ਕਮਜ਼ੋਰੀਆਂ ਤੋਂ ਸਬਕ ਲੈ ਕੇ ਗ਼ਦਰੀ ਦੇਸ਼ ਭਗਤਾਂ ਨੇ ਧਰਮ-ਨਿਰਪੱਖ ਲੋਕ-ਤੰਤਰ ਕਾਇਮ ਕਰਨ ਦਾ ਪ੍ਰਣ ਕੀਤਾ ਸੀ। ਇਹ ਪਹਿਲੀ ਲਹਿਰ ਸੀ, ਜਿਸ ਨੇ ਮੁਕੰਮਲ ਆਜ਼ਾਦੀ ਦਾ ਨਾਹਰਾ ਦਿੱਤਾ।

ਸੰਨ 1912 ਨੂੰ ਪੋਰਟਲੈਂਡ ਵਿਚ ਸੰਗਠਨ ਬਣਾਉਣ ਲਈ ਇਕ ਮੀਟਿੰਗ ਵਿਚ ਭਾਈ ਹਰਨਾਮ ਸਿੰਘ ਕੋਟਲਾ ਨੌਧ ਸਿੰਘ, ਬਰਿਡਵੈਲ ਤੋਂ ਪੰਡਤ ਕਾਂਸ਼ੀ ਰਾਮ, ਰਾਮ ਰੱਖਾ ਅਤੇ ਸੈਂਟਜਾਨ ਤੋਂ ਬਾਬਾ ਸੋਹਣ ਸਿੰਘ ਭਕਨਾ, ਭਾਈ ਊਧਮ ਸਿੰਘ ਕਸੇਲ ਅਤੇ ਮੋਨਾਰਿਕ ਸ਼ਾਅ-ਮਿਲ ਅਤੇ ਪੋਰਟਲੈਂਡ ਵਿਖੇ ਕੰਮ ਕਰਦੇ ਪੰਜਾਬੀ ਸ਼ਾਮਲ ਹੋਏ ਹਨ। ਇਸ ਮੀਟਿੰਗ ਵਿਚ 'ਦਿ ਹਿੰਦੁਸਤਾਨੀ ਐਸੋਸੀਏਸ਼ਨ' ਦੀ ਸਥਾਪਨਾ ਕੀਤੀ ਗਈ। ਐਸੋਸੀਏਸ਼ਨ ਦੀ ਮੀਟਿੰਗ ਹਰ ਐਤਵਾਰ ਵਾਲੇ ਦਿਨ ਕੀਤੀ ਜਾਂਦੀ ਸੀ। ਇਨ੍ਹਾਂ ਦਿਨਾਂ ਵਿਚ ਜੀ.ਡੀ. ਕੁਮਾਰ ਇਸ ਐਸੋਸੀਏਸ਼ਨ ਦਾ ਸਰਗਰਮ ਆਗੂ ਸੀ, ਜਿਸ ਦੇ ਬਿਮਾਰ ਹੋਣ ਕਰਕੇ ਉਸ ਦੀ ਥਾਂ ਲਾਲਾ ਠਾਕਰ ਦਾਸ ਧੂਰੀ ਆਏ। ਉਸ ਦੀ ਸਲਾਹ 'ਤੇ ਲਾਲਾ ਹਰਦਿਆਲ ਨੂੰ ਕੈਲੇਫੋਰਨੀਆ ਤੋਂ ਬੁਲਾ ਕੇ ਐਸੋਸੀਏਸ਼ਨ ਦਾ ਕੰਮ ਸੌਂਪ ਦਿੱਤਾ ਗਿਆ। ਲਾਲਾ ਹਰਦਿਆਲ 25 ਮਾਰਚ 1913 ਨੂੰ ਭਾਈ ਪਰਮਾ ਨੰਦ ਨਾਲ ਸੈਂਟਜਾਨ ਆਇਆ ਤਾਂ ਪੰਡਤ ਕਾਂਸ਼ੀ ਰਾਮ ਨੇ ਆਪਣੇ ਟਿਕਾਣੇ 'ਤੇ ਰਾਤ ਨੂੰ ਸਾਰੇ ਭਾਰਤੀ ਕਾਮਿਆਂ ਨੂੰ ਉਨ੍ਹਾਂ ਦੇ ਵਿਚਾਰ ਜਾਨਣ ਲਈ ਇਕੱਠੇ ਕੀਤਾ। ਇਸ ਮੀਟਿੰਗ ਵਿਚ ਲਾਲਾ ਹਰਦਿਆਲ ਨੇ ਦੋ ਤਜਵੀਜ਼ਾਂ ਪੇਸ਼ ਕੀਤੀਆਂ। ਪਹਿਲੀ ਕਿ ਭਾਰਤ ਵਿੱਚੋਂ ਵਿਦਿਆਰਥੀਆਂ ਨੂੰ ਵਜ਼ੀਫ਼ੇ ਦੇ ਕੇ ਪੜ੍ਹਾਈ ਲਈ ਸੱਦਿਆ ਜਾਵੇ ਅਤੇ ਰਾਜਸੀ ਸਿਖਲਾਈ ਦੇ ਕੇ ਭਾਰਤ ਭੇਜਿਆ ਜਾਵੇ। ਦੂਜਾ ਕਿ ਭਾਰਤ ਦੀ ਆਜ਼ਾਦੀ ਲਈ ਕਮਰਕੱਸੇ ਕਰ ਲਏ ਜਾਣ ਅਤੇ ਇਨਕਲਾਬੀ ਲੀਹਾਂ ਉਤੇ ਕੰਮ ਸ਼ੁਰੂ ਕਰ ਦਿੱਤਾ ਜਾਵੇ ਦੋਨੋਂ ਮਤੇ ਪ੍ਰਵਾਨ ਕਰਕੇ ਮੀਟਿੰਗ ਇਸ ਨਤੀਜੇ 'ਤੇ ਪਹੁੰਚੀ : "ਕਿ ਅੰਗਰੇਜ਼ੀ ਸਰਕਾਰ ਭਾਰਤੀ ਲੋਕਾਂ ਦੇ ਸਭ ਦੁੱਖਾਂ ਦਾ ਕਾਰਨ ਹੈ, ਇਸ ਲਈ ਹਥਿਆਰਬੰਦ ਕਰਾਂਤੀ ਕੀਤੀ ਜਾਏ ਤਾਂ ਕਿ ਹਰ ਭਾਰਤੀ ਧਰਮ, ਜਾਤ ਤੇ ਪਦਵੀ ਦੇ ਭਿੰਨ-ਭੇਦ ਤੋਂ ਮੁਕਤ ਹੋ ਕੇ ਸੁਤੰਤਰ ਅਤੇ ਸਮਾਨਤਾ ਮਾਣ ਸਕੇ।"

ਗ਼ਦਰ ਪਾਰਟੀ ਦਾ ਗਠਨ : ਅਪ੍ਰੈਲ 13, ਦਿਨ ਐਤਵਾਰ ਨੂੰ ਰਿਆਸਤ ਵਸ਼ਿੰਗਟਨ ਦੇ ਕਸਬਾ ਵੀਅਨਾ ਦੇ ਸੌ ਤੋਂ ਵੱਧ ਹਿੰਦੀਆਂ ਦਾ ਇਕੱਠ ਹੋਇਆ। ਇੱਥੇ ਦੀ ਬਰਾਂਚ ਦੇ ਸਕੱਤਰ ਮਾਸਟਰ ਊਧਮ ਸਿੰਘ ਕਸੇਲ ਸਨ। ਵੀਅਨਾ ਕਸਬੇ ਵਿੱਚ ਹੀ ਠੱਠਗੜ੍ਹ ਪਿੰਡ ਦਾ ਭਾਈ ਕਿਸ਼ਨ ਸਿੰਘ ਪੁੱਤਰ ਘਸੀਟਾ ਸਿੰਘ ਵੀ ਕੰਮ ਕਰਦਾ ਸੀ। ਉਹ ਵੀ ਇਨ੍ਹਾਂ ਸਰਗਰਮੀਆਂ ਵਿੱਚ ਸ਼ਾਮਲ ਸੀ। ਇਨ੍ਹਾਂ ਮੀਟਿੰਗਾਂ ਤੋਂ ਪ੍ਰਭਾਵਤ ਹੋ ਕੇ ਲਾਲਾ ਹਰਦਿਆਲ ਨੇ ਕਿਹਾ ਕਿ ਅਗਲੀ ਮੀਟਿੰਗ ਅਸਟੋਰੀਆ ਵਿੱਚ ਰੱਖੀ ਜਾਏ ਅਤੇ ਕਾਇਮ ਹੋਈਆਂ ਇਨ੍ਹਾਂ ਬਰਾਂਚਾਂ ਦੇ ਨੁਮਾਇੰਦੇ ਉਥੇ ਪੁੱਜਣ ਤਾਂ ਜੋ ਇਸ ਕਾਰਜ ਨੂੰ ਬਕਾਇਦਾ ਨੁਮਾਇੰਦਾ ਜਥੇਬੰਦੀ ਦੀ ਸ਼ਕਲ ਦਿੱਤੀ ਜਾ ਸਕੇ। ਅਸਟੋਰੀਆ ਵਿੱਚ ਅਗਲੀ ਮੀਟਿੰਗ 21 ਅਪ੍ਰੈਲ ਨੂੰ ਰੱਖੀ ਗਈ ਤੇ ਉਸ ਦੀ ਬਰਾਂਚ ਦੇ ਬਲਵੰਤ ਸਿੰਘ ਤੇ ਮੁਨਸ਼ੀ ਕਰੀਮ ਬਖ਼ਸ਼ ਦੀ ਡਿਊਟੀ ਲਾਈ ਗਈ ਕਿ ਉਹ ਲਾਲਾ ਹਰਦਿਆਲ ਨੂੰ ਨਾਲ ਲੈ ਕੇ ਆਉਣ। ਲਾਲਾ ਜੀ ਮਿੱਥੇ ਸਮੇਂ ਅਸਟੋਰੀਆ ਆਏ ਅਤੇ ਉਸ ਦੇ ਨਾਲ ਸੋਹਣ ਸਿੰਘ ਭਕਨਾ, ਊਧਮ ਸਿੰਘ ਕਸੇਲ, ਕਾਂਸ਼ੀ ਰਾਮ ਮੜੌਲੀ, ਭਾਈ ਹਰਨਾਮ ਸਿੰਘ ਤੇ ਕਰਤਾਰ ਸਿੰਘ ਸਰਾਭਾ ਆਦਿ ਪੰਜਾਹ ਸਾਥੀ ਨਾਲ ਆਏ। ਉਹ ਇਸ ਤੋਂ ਪਹਿਲਾਂ ਤਿੰਨ ਮੀਟਿੰਗਾਂ ਕਰਕੇ ਆਏ ਸਨ। ਅਸਟੋਰੀਆ ਦੇ ਸੌ ਦੇ ਕਰੀਬ ਆਦਮੀ ਸੁਆਗਤ ਕਰਨ ਲਈ ਇਕੱਠੇ ਹੋ ਕੇ ਰੇਲਵੇ ਸਟੇਸ਼ਨ 'ਤੇ ਪੁੱਜੇ। ਗੱਡੀ ਤੋਂ ਉਤਾਰ ਕੇ ਬੜੇ ਸਤਿਕਾਰ ਨਾਲ ਲਾਲਾ ਹਰਦਿਆਲ ਨੂੰ ਮਿੱਲ ਦੇ ਹੋਟਲ ਵਿੱਚ ਲਿਆਂਦਾ ਗਿਆ, ਜਿਹੜਾ ਕਾਫੀ ਖੁੱਲ੍ਹਾ ਸੀ।

ਲਾਲਾ ਹਰਦਿਆਲ ਦੀ ਇਸ ਆਮਦ ਤੇ ਗ਼ਦਰ ਪਾਰਟੀ ਦੇ ਗਠਨ ਬਾਰੇ ਖ਼ੁਫ਼ੀਆ ਵਿਭਾਗ ਨੇ ਇਸ ਤਰ੍ਹਾਂ ਖੁਲਾਸਾ ਕੀਤਾ: "ਲਾਲਾ ਹਰਦਿਆਲ ਦਾ ਸਵਾਗਤ 'ਬੰਦੇ ਮਾਤਰਮ' ਗਾ ਕੇ ਕੀਤਾ ਗਿਆ। ਸਥਾਨਕ ਆਗੂ ਭਾਈ ਕੇਸਰ ਸਿੰਘ ਠੱਠਗੜ੍ਹ, ਲਾਲਾ ਹਰਦਿਆਲ ਦੇ ਗਲ ਵਿੱਚ ਹਾਰ ਪਾਉਣ ਲੱਗੇ ਤਾਂ ਲਾਲਾ ਹਰਦਿਆਲ ਨੇ ਉਸ ਨੂੰ ਅਜਿਹਾ ਕਰਨ ਤੋਂ ਮਨ੍ਹਾ ਕਰ ਦਿੱਤਾ। ਇਸ ਤੋਂ ਪਹਿਲਾਂ ਸੈਂਟਜੋਨ, ਬ੍ਰਾਈਡਿਲਵਿਲ, ਲਿੰਟਨ ਮਿੱਲ ਅਤੇ ਵਸ਼ਿੰਗਟਨ ਰਿਆਸਤ ਦੇ ਸ਼ਹਿਰ ਵੀਅਨਾ ਵਿੱਚ ਮੀਟਿੰਗਾਂ ਕਰਕੇ ਸਥਾਨਕ ਕਮੇਟੀਆਂ ਬਣਾਈਆਂ ਗਈਆਂ। ਅਸਟੋਰੀਆ ਦੀ ਮਿੱਲ ਵਿੱਚ 21 ਅਪ੍ਰੈਲ 1913 ਨੂੰ ਹੋਈ ਵਿਸ਼ਾਲ ਕਾਨਫ੍ਰੰਸ ਵਿੱਚ ਲਾਲਾ ਹਰਦਿਆਲ ਤੇ ਹੋਰਨਾਂ ਸਾਥੀਆਂ ਦੇ ਲੈਕਚਰ ਹੋਣ ਤੋਂ ਪਿੱਛੋਂ ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸਟ ਦਾ ਗਠਨ ਕਰਕੇ ਚੋਣ ਕੀਤੀ, ਜਿਵੇਂ:

ਪ੍ਰਧਾਨ – ਭਾਈ ਸੋਹਣ ਸਿੰਘ ਭਕਨਾ
ਮੀਤ ਪ੍ਰਧਾਨ – ਭਾਈ ਕੇਸਰ ਸਿੰਘ ਠੱਠਗੜ੍ਹ
ਸਕੱਤਰ – ਲਾਲਾ ਹਰਦਿਆਲ
ਸਹਾਇਕ ਸਕੱਤਰ – ਠਾਕਰ ਦਾਸ ਧੂਰੀ
ਖਜ਼ਾਨਚੀ – ਪੰਡਤ ਕਾਂਸ਼ੀ ਰਾਮ ਮੜੌਲੀ
ਮੀਤ ਸਕੱਤਰ – ਹਰਨਾਮ ਸਿੰਘ ਕੋਟਲਾ ਨੌਧ ਸਿੰਘ
ਜਥੇਬੰਦਕ ਸਕੱਤਰ – ਕਰੀਮ ਬਖ਼ਸ਼ ਤੇ ਮੁਣਸ਼ੀ ਰਾਮ

ਇਸ ਦੀ ਇੰਤਜ਼ਾਮੀਆ ਕਮੇਟੀ : ਇਸ ਕਮੇਟੀ ਵਿੱਚ ਵੱਖ-ਵੱਖ ਮਿੱਲਾਂ 'ਚੋਂ ਨੁਮਾਇੰਦੇ ਲਏ ਗਏ। ਜਿਵੇਂ : ਊਧਮ ਸਿੰਘ ਕਸੇਲ, ਈਸ਼ਰ ਸਿੰਘ ਮਰਹਾਨਾ (ਮੁਨਾਰਕ ਮਿੱਲ), ਅਮਰ ਸਿੰਘ ਕੋਟਲਾ ਨੌਧ ਸਿੰਘ (ਬਰੈਡਵਿਲ), ਰਾਮ ਰੱਖਾ, ਠਾਕਰ ਦਾਸ (ਸੈਂਟਜਾਨ), ਕਿਸ਼ਨ ਸਿੰਘ ਪੁੱਤਰ ਘਸੀਟਾ ਸਿੰਘ ਠੱਠਗੜ੍ਹ ਪਿੰਡ ਦੇ ਜੰਮ-ਪਲ ਸਨ, ਗ਼ਦਰ ਕਰਨ ਲਈ ਭਾਰਤ ਆਏ ਤਾਂ ਗ੍ਰਿਫ਼ਤਾਰ ਕਰਕੇ, ਪਿੱਛੋਂ ਜੂਹਬੰਦ ਕੀਤੇ ਗਏ, ਅਮਰ ਸਿੰਘ (ਪੋਰਟਲੈਂਡ) ਅਤੇ ਇੱਕ ਮੈਂਬਰ ਲਿੰਟਨ ਮਿੱਲ ਵਿੱਚੋਂ ਲਿਆ ਗਿਆ।

ਲਾਲਾ ਹਰਦਿਆਲ ਵੱਲੋਂ ਮਤੇ ਵਿੱਚ ਦੱਸਿਆ ਗਿਆ ਕਿ:

* ਜਥੇਬੰਦੀ ਦਾ ਨਾਂਅ ਸੁਖਾਲਾ ਕਰਨ ਲਈ ਹਿੰਦੀ ਪੈਸਫਿਕ ਐਸੋਸੀਏਸ਼ਨ ਹੀ ਰੱਖਿਆ ਜਾਵੇ।
* ਪਾਰਟੀ ਦਾ ਮੁੱਖ ਕੇਂਦਰ ਸਾਨ ਫਰਾਂਸਿਸਕੋ ਵਿੱਚ ਹੋਵੇਗਾ, ਜਿਹੜਾ ਦੁਨੀਆ ਦੇ ਇਨਕਲਾਬੀਆਂ ਦਾ ਕੇਂਦਰ ਹੈ।
* ਪਾਰਟੀ ਦਾ ਅਖ਼ਬਾਰ 'ਗ਼ਦਰ' ਹੋਵੇਗਾ, ਜਿਹੜਾ ਸਾਰੀਆਂ ਭਾਰਤੀ ਭਾਸ਼ਾਵਾਂ ਵਿੱਚ ਛਪੇਗਾ।
* ਇੰਤਜ਼ਾਮੀਆ ਕਮੇਟੀ ਆਪਣੇ ਵਿਚੋਂ ਤਿੰਨ ਮੈਂਬਰਾਂ ਦਾ ਕਮਿਸ਼ਨ ਚੁਣੇਗੀ, ਜਿਹੜਾ ਪਾਰਟੀ ਦੀ ਸਿਆਸੀ ਤਾਕਤ ਤੇ ਖੁਫ਼ੀਆ ਕੰਮਾਂ ਨੂੰ ਕੰਟਰੋਲ ਕਰੇਗਾ।
* ਪਾਰਟੀ ਜਥੇਬੰਦੀ ਵਿੱਚ ਮਜ਼ਹਬ ਦੀ ਥਾਂ ਨਹੀਂ ਹੋਵੇਗੀ ਤੇ ਹਰ ਇੱਕ ਦਾ ਇਹ ਨਿੱਜੀ ਨੇਮ ਹੋਵੇਗਾ।
* ਹਰ ਪਾਰਟੀ ਮੈਂਬਰ ਦਾ ਅਸੂਲ ਹੋਵੇਗਾ ਕਿ ਉਹ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਲੜੀ ਜਾ ਰਹੀ ਆਜ਼ਾਦੀ ਦੀ ਲੜਾਈ ਵਿੱਚ ਹਿੱਸਾ ਲਵੇਗਾ।

ਭਾਰਤ ਦੀ ਪਹਿਲੀ ਜਥੇਬੰਦੀ ਦਾ ਮਨੋਰਥ ਹਥਿਆਰਬੰਦ ਇਨਕਲਾਬ ਰਾਹੀਂ ਅੰਗਰੇਜ਼ ਨੂੰ ਭਾਰਤ ਵਿੱਚੋਂ ਕੱਢਣ ਤੋਂ ਪਿੱਛੋਂ ਅਜਿਹੀ ਰੀਪਬਲਿਕ ਕਾਇਮ ਕਰਨਾ, ਜੋ ਆਰਥਿਕ ਤੌਰ 'ਤੇ ਪੂਰਨ ਆਜ਼ਾਦ ਹੋਵੇ ਅਤੇ ਜਿਸ ਦੇ ਵਾਸੀ, ਹੱਕਾਂ ਅਤੇ ਵਸੀਲਿਆਂ ਵੱਲੋਂ ਇੱਕ ਸਾਮਾਨ ਹੋਣ। 'ਗ਼ਦਰ ਗੂੰਜ' ਵਿੱਚ ਇਸ ਤਰ੍ਹਾਂ ਪੇਸ਼ ਕੀਤਾ:

ਮਿਲ ਕੇ ਸਭ ਗਰੀਬਾਂ ਨੇ ਗ਼ਦਰ ਕਰਨਾ, ਆਸ ਰਖਣੀ ਨਹੀਂ ਸ਼ਾਹੂਕਾਰ ਵਾਲੀ।
ਛੂਤ ਛਾਤ ਦਾ ਕੋਈ ਖਿਆਲ ਨਾਹੀਂ, ਸਾਨੂੰ ਪਰਖ ਨਾ ਚੂਹੜੇ ਚਮਾਰ ਵਾਲੀ।
ਖਾਤਰ ਅਸਾਂ ਆਜ਼ਾਦੀ ਦੀ ਜੰਗ ਕਰਨਾ, ਕਰਨੀ ਦੂਰ ਹੁਣ ਰਸਮ ਬੇਗਾਰ ਵਾਲੀ।
ਪਿਛੋਂ ਗ਼ਦਰ ਦੇ ਮਾਮਲਾ ਮਾਫ਼ ਸਭ ਨੂੰ, ਖੇਤੀ ਕਰਾਂਗੇ ਮੌਜ ਬਹਾਰ ਵਾਲੀ।

'ਗ਼ਦਰ' ਅਖ਼ਬਾਰ ਦਾ ਪਹਿਲਾ ਅੰਕ ਪਹਿਲੀ ਨਵੰਬਰ 1913 ਨੂੰ ਸਾਨਫ੍ਰਾਂਸਿਸਕੋ ਤੋਂ ਪ੍ਰਕਾਸ਼ਤ ਕੀਤਾ ਗਿਆ ਸੀ। 'ਗ਼ਦਰ' ਸ਼ਬਦ ਦਾ ਪ੍ਰਯੋਗ ਅਸਾਨ ਸੀ ਜਦਕਿ ਪੂਰਾ ਨਾਂਅ ਉਚਾਰਨਾ ਔਖਾ ਸੀ। 'ਗ਼ਦਰ' ਅਖ਼ਬਾਰ ਦੀ ਪ੍ਰਸਿੱਧੀ ਕਾਰਨ ਪਾਰਟੀ ਦਾ ਨਾਂਅ ਗ਼ਦਰ ਪਾਰਟੀ ਆਖਿਆ ਜਾਣ ਲੱਗ ਪਿਆ ਸੀ। ਕੁਰਬਾਨੀ ਤੇ ਸ਼ਹੀਦੀ ਦੀ ਪ੍ਰੇਰਨਾ ਦੇਣ ਲਈ 'ਗ਼ਦਰ' ਅਖ਼ਬਾਰ ਵਿਚ ਹੇਠ ਲਿਖਿਆ ਇਸ਼ਤਿਹਾਰ ਅਕਸਰ ਛਪਦਾ ਰਹਿੰਦਾ ਸੀ।


ਲੋੜ ਹੈ ਹਿੰਦੋਸਤਾਨ ਵਿਚ ਗ਼ਦਰ ਨੂੰ ਜਥੇਬੰਦ ਕਰਨ ਲਈ ਜੋਸ਼ੀਲੇ ਤੇ ਸੂਰਬੀਰ ਜਵਾਨਾਂ ਦੀ!

ਇਵਜ਼ਾਨਾ-ਮੌਤ, ਇਨਾਮ-ਸ਼ਹੀਦੀ, ਪੈਨਸ਼ਨ-ਸੁਤੰਤਰਤਾ (ਆਜ਼ਾਦੀ)।


ਕੈਲੇਫੋਰਨੀਆਂ ਵਿੱਚ ਪੰਜਾਬੀਆਂ ਦਾ ਇਕ ਮਹੱਤਵਪੂਰਨ ਕੇਂਦਰ ਹੌਲਟਵਿੱਲ ਵਿਚ ਬਾਬਾ ਜੁਆਲਾ ਸਿੰਘ ਠੱਠੀਆਂ ਦਾ ਫਾਰਮ ਸੀ। ਕੇਂਦਰ ਦੇ ਰਲੇਵੇ ਪਿੱਛੋਂ ਇੱਥੇ ਇਨਕਲਾਬੀ ਅਭਿਆਸ ਕੀਤੇ ਜਾਂਦੇ ਸਨ। ਬਾਬਾ ਹਰਨਾਮ ਸਿੰਘ ਦਾ ਇਸੇ ਫਾਰਮ ਵਿਚ ਬੰਬ ਦਾ ਤਜਰਬਾ ਕਰਨ ਸਮੇਂ ਹੱਥ ਉੱਡ ਗਿਆ ਸੀ। ਉਨ੍ਹਾਂ ਨੂੰ ਹਰਨਾਮ ਸਿੰਘ 'ਟੁੰਡੀਲਾਟ' ਕਰਕੇ ਪੁਕਾਰਿਆਂ ਜਾਂਦਾ ਸੀ। ਪਹਿਲਾ ਸੰਸਾਰ ਯੁੱਧ ਅਨੁਮਾਨ ਤੋਂ ਪਹਿਲਾਂ ਸ਼ੁਰੂ ਹੋ ਜਾਣ ਕਰਕੇ ਗ਼ਦਰੀ ਅੰਗਰੇਜ਼ਾਂ ਨੂੰ ਸੱਟ ਮਾਰਨ ਲਈ ਯੋਗ ਸਮਾਂ ਸਮਝ ਕੇ ਭਾਰਤ ਨੂੰ ਆਉਣੇ ਸ਼ੁਰੂ ਹੋ ਗਏ ਸਨ। ਉਨ੍ਹਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਉਹ ਜਿਸ ਵੀ ਵਸੀਲੇ ਨਾਲ ਪੁੱਜ ਸਕਦੇ ਹਨ, ਪੁੱਜ ਜਾਣ। ਹਿੰਦੁਸਤਾਨ ਵਿਚ ਅੰਗਰੇਜ਼ਾਂ ਵਿਰੁੱਧ ਹਥਿਆਰਬੰਦ ਬਗਾਵਤ ਲਈ ਫੌਜਾਂ ਵਿਚ ਆਪਣੇ ਫ਼ੌਜੀ ਭਰਾਵਾਂ ਨੂੰ ਸਮਝਾ ਕੇ ਇਸ ਧਰਮ ਯੁੱਧ ਵਿਚ ਸ਼ਾਮਲ ਕਰਨ ਅਤੇ ਸੰਘਾਈ, ਹਾਂਗਕਾਂਗ ਫਿਲਪਾਈਨ, ਸਿਆਮ, ਪਨਾਮਾ, ਸਿੰਘਾਪੁਰ, ਬਰਮਾ, ਤੇ ਪੂਰਬੀ ਅਫ਼ਰੀਕਾ ਆਦਿ ਵਿੱਚ, ਹਿੰਦੀਆਂ ਨੂੰ ਸੰਦੇਸ਼ ਭੇਜਿਆ ਗਿਆ।

ਵੇਰਵਿਆਂ ਅਨੁਸਾਰ 8000 ਪ੍ਰਵਾਸੀ ਗ਼ਦਰ ਪਾਰਟੀ ਦੇ ਸੱਦੇ ਉਤੇ ਭਾਰਤ ਨੂੰ ਆਏ ਸਨ। ਉਨ੍ਹਾਂ ਵਿੱਚ ਪ੍ਰਮੁੱਖ ਆਗੂਆਂ ਨੂੰ ਭਾਰਤ ਵਿੱਚ ਪੈਰ ਰੱਖਣ ਤੋਂ ਪਹਿਲਾਂ ਹੀ ਸਮੁੰਦਰੀ ਘਾਟਾਂ ਉੱਤੋਂ ਗ੍ਰਿਫ਼ਤਾਰ ਕੀਤਾ ਗਿਆ। ਜਿਹੜੇ ਹੋਰ ਤਰੀਕਿਆਂ ਨਾਲ ਪੰਜਾਬ ਵਿੱਚ ਪਹੁੰਚਣ ਵਿੱਚ ਸਫ਼ਲ ਹੋ ਗਏ, ਉਨ੍ਹਾਂ ਨੂੰ ਪਿਸ਼ਾਵਰ ਰਾਵਲਪਿੰਡੀ, ਜਿਹਲਮ, ਲਾਹੌਰ, ਫ਼ਿਰੋਜ਼ਪੁਰ, ਅੰਬਾਲਾ, ਮੇਰਠ ਆਦਿ ਦੀਆਂ ਛਾਉਣੀਆਂ ਵਿੱਚ ਫੌਜੀਆਂ ਨੂੰ ਪ੍ਰੇਰ ਕੇ ਗ਼ਦਰ ਵਿੱਚ ਸ਼ਾਮਲ ਹੋਣ ਲਈ ਤਿਆਰ ਕੀਤਾ ਗਿਆ। ਪਿੰਡਾਂ ਵਿੱਚ ਗੁਪਤ ਮੀਟਿੰਗਾਂ ਰਾਹੀਂ ਲੋਕਾਂ ਨੂੰ ਪ੍ਰੇਰਨਾ ਕੀਤੀ ਗਈ, ਇਨਕਲਾਬ ਕਰਨ ਦੀ ਤਾਰੀਖ 21 ਫਰਵਰੀ ਰੱਖੀ ਗਈ। ਇਸ ਯੋਜਨਾ ਦੀ ਸੂਚਨਾ ਗਦਾਰਾਂ ਰਾਹੀਂ ਸਰਕਾਰ ਤੱਕ ਪਹੁੰਚਾਉਣ 'ਤੇ 19 ਫਰਵਰੀ 1915 ਦੀ ਤਾਰੀਖ ਮੁਕੱਰਰ ਕੀਤੀ ਗਈ, ਪਰ ਸਰਕਾਰ ਨੇ ਪਹਿਲਾਂ ਹੀ ਫੌਜੀਆਂ ਤੋਂ ਹਥਿਆਰ ਖੋਹ ਕੇ ਗ਼ਦਰੀਆਂ ਨੂੰ ਫੜਨ ਲਈ ਪੁਲਸ ਚੌਕਸ ਕਰ ਦਿੱਤਾ ਸੀ। ਵਿਸ਼ੇਸ਼ ਅਦਾਲਤ ਲਾ ਕੇ ਸਾਜ਼ਿਸ਼ੀ ਮੁਕੱਦਮਿਆਂ ਰਾਹੀਂ ਸਜ਼ਾਵਾਂ ਦੇਣ ਦਾ ਪ੍ਰਬੰਧ ਕੀਤਾ ਗਿਆ, ਜਿਨ੍ਹਾਂ ਵਿਚ 166 ਫਾਂਸੀ ਜਾਂ ਜੇਲ੍ਹਾਂ ਦੇ ਤਸੀਹਿਆਂ ਨਾਲ ਸ਼ਹੀਦ ਹੋ ਗਏ। ਉਮਰ ਕੈਦ ਜਾਂ ਘੱਟ ਸਜ਼ਾ ਵਾਲੇ 765 ਗ਼ਦਰੀ ਸਨ। ਫਰਾਰ ਹੋਣ ਵਾਲੇ ਪੁਲਸ ਦਾ ਸਾਹਮਣਾ ਕਰਨ ਵਾਲੇ ਅਨੇਕ ਅਜਿਹੇ ਸੂਰਬੀਰ ਵੀ ਹਨ, ਜਿਨ੍ਹਾਂ ਦਾ ਅਜੇ ਵੀ ਖੁਰਾ-ਖੋਜ ਕਰਨਾ ਬਾਕੀ ਹੈ।

ਪੂਰਨ ਆਜ਼ਾਦੀ ਤੇ ਜਮਹੂਰੀ ਅਧਿਕਾਰਾਂ ਵਾਲੇ ਰਾਜ ਦੀ ਸਥਾਪਨਾ ਦਾ ਨਾਅਰਾ ਬੁਲੰਦ ਕਰਨ ਵਾਲੀ ਗ਼ਦਰ ਪਾਰਟੀ ਭਾਵੇਂ ਦਬਾ ਦਿੱਤੀ ਗਈ, ਪਰ ਇਹ ਆਜ਼ਾਦੀ ਦੀ ਪ੍ਰਾਪਤੀ ਤੱਕ ਉੱਠੀਆਂ ਇਨਕਲਾਬੀ ਲਹਿਰਾਂ ਦਾ ਪ੍ਰੇਰਨਾ-ਸਰੋਤ ਰਹੀ। ਇਸ ਦੇ ਮਹਾਨ ਗ਼ਦਰੀ ਬਾਬੇ ਕਿਰਤੀ ਕਿਸਾਨ ਤੇ ਮਿਹਨਤਕਸ਼ ਲੋਕਾਂ ਦੇ ਹੱਕਾਂ ਹਿਤਾਂ ਲਈ ਆਖਰੀ ਸਾਹਾਂ ਤੱਕ ਜੂਝਦੇ ਰਹੇ। ਦੇਸ਼ ਦੀਆਂ ਮੌਜੂਦਾਂ ਹਾਲਤਾਂ 'ਚ ਮਨੂੰਵਾਦੀ ਸੱਤਾਧਾਰੀ, ਲੋਕਾਂ ਵਿੱਚ ਵੰਡੀਆਂ ਪਾ ਕੇ ਦੇਸ਼ ਦਾ ਸਮੁੱਚਾ ਅਰਥਚਾਰਾ, ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੇ ਆਹਰ ਵਿੱਚ ਲੱਗੇ ਹੋਏ ਹਨ ਤਾਂ ਗਦਰ ਲਹਿਰ ਦੀ ਵਿਰਾਸਤ ਹੀ ਸਾਮਰਾਜ ਤੇ ਉਸ ਦੇ ਫਿਰਕਾਪ੍ਰਸਤ ਸੇਵਾਦਾਰਾਂ ਨੂੰ ਭਾਂਜ ਦੇਣ ਦਾ ਪੁਖਤਾ ਅਧਾਰ ਹੈ।




ਗ਼ਦਰ ਪਾਰਟੀ ਦੇ ਗਠਨ ਦੀਆਂ ਮੁੱਢਲੀਆਂ ਕਾਰਵਾਈਆਂ ਦਾ ਕੇਂਦਰ ਫਿਨਿਸ਼ ਸੋਸ਼ਲਿਸਟ ਹਾਲ, ਅਸਟੋਰੀਆ।










# ਮੈਂ ਨਹੀਂ ਰਹਾਂਗਾ, ਮੇਰੇ ਗੀਤ ਰਹਿਣਗੇ

**ਪ੍ਰੋ. ਕੁਲਵੰਤ ਔਜਲਾ**

ਪਿਛਲੇ ਦੋ-ਤਿੰਨ ਸਾਲਾਂ ਵਿੱਚ ਮੇਰੇ ਬਹੁਤ ਸਾਰੇ ਪਿਆਰੇ ਤੇ ਪੱਕੇ ਦੋਸਤ ਸਦੀਵੀ ਵਿਛੋੜਾ ਦੇ ਗਏ। ਕੁਝ ਉਮਰ ਵਿੱਚ ਮੈਥੋਂ ਵੱਡੇ ਸਨ, ਕੁਝ ਹਾਣੀ ਸਨ ਤੇ ਕੁਝ ਛੋਟੇ ਸਨ। ਕਦੇ-ਕਦੇ ਇਕੱਲਾ ਬੈਠ ਕੇ ਇਨ੍ਹਾਂ ਦੋਸਤਾਂ ਨਾਲ ਜੁੜੀਆਂ ਯਾਦਾਂ ਦਾ ਸਿਮਰਣ ਕਰਦਾ ਰਹਿੰਦਾ ਹਾਂ। ਯਾਦਾਂ ਦਾ ਸਿਮਰਣ ਕਿਸੇ ਭੁੱਲੇ-ਵਿਸਰੇ ਪ੍ਰਾਚੀਨ ਸਾਜ਼ ਦੇ ਉਦਾਸ ਰਿਆਜ਼ ਵਰਗਾ ਹੁੰਦਾ ਹੈ, ਜਿਸ ਦੀਆਂ ਧੁਨਾਂ ਤੇ ਧੜਕਣਾਂ ਵਿੱਚੋਂ ਗੁਜ਼ਰੇ ਹੋਏ ਸਮਿਆਂ ਦੀਆਂ ਅਵਾਰਗੀਆਂ ਦੇ ਡੂੰਘੇ ਹਉਕੇ ਲੈ ਰਹੇ ਪ੍ਰਤੀਤ ਹੁੰਦੇ ਹਨ। ਸਿਮਰਤੀਆਂ ਦੇ ਰਮਜ਼ੀ ਰਿਆਜ਼ ਨਾਲ ਮਨੁੱਖ ਅੰਦਰੋਂ ਭਾਵਨਾਵਾਂ ਦੇ ਸਮੁੰਦਰ ਸਿੰਮਦੇ ਹਨ। ਮੋਹਖੋਰੀਆਂ ਦੇ ਮੁਹੱਬਤੀ ਭਾਵਨਾਵਾਂ ਦੇ ਇਸ ਵਜਦਨੁਮਾ ਵਹਿਣ ਨਾਲ ਅੰਦਰੂਨੀ ਸੰਗੀਤ ਦੇ ਤਮਾਮ ਰਾਜ ਊਰਜਿਤ ਹੁੰਦੇ ਹਨ। ਦੋਸਤੀਆਂ ਦਾ ਚੇਤਾ ਬੰਦੇ ਦੇ ਬਾਤਨ ਨੂੰ ਜਜ਼ਬਾਤੀ ਤੇ ਜੀਵੰਤ ਕਰਦਾ ਹੈ। ਦੋਸਤੀਆਂ ਦੁਖਾਂ ਦੀਵਾਨਗੀਆਂ ਵਿੱਚ ਮਿਲੇ ਸਦਮਿਆਂ, ਸਹਾਰਿਆਂ ਤੇ ਸੰਗਤੀਆਂ ਦਾ ਸੰਵੇਦਨਸ਼ੀਲ ਨਗ਼ਮਾ ਹੁੰਦੀਆਂ ਹਨ। ਜੀਊਣ ਲਈ ਸ਼ਕਤੀ, ਸੰਵੇਦਨਾ ਤੇ ਸਰਗਮ ਦਿੰਦੀਆਂ ਹਨ। ਦੋਸਤੀਆਂ ਮਰ ਕੇ ਵੀ ਨਹੀਂ ਮਰਦੀਆਂ। ਦੋਸਤੀਆਂ ਹੀਰ ਵਾਰਿਸ ਦੀ ਪੋਥੀ ਵਾਂਗ ਹਿੱਕ ਵਿੱਚ ਸਾਂਭ ਕੇ ਰੱਖਣ ਵਾਲੀਆਂ ਸਿਰਜਨਾਵਾਂ ਹਨ। ਦੀਵਾਨ ਏ ਗਾਲਿਬ ਵਾਂਗੂ ਸਦੀਵੀ ਸ਼ਾਹਕਾਰ, ਸੂਖਮ ਤੇ ਸੁਰਵੰਤੀਆਂ। ਦੋਸਤੀਆਂ ਦੇ ਇਤਿਹਾਸਕ ਗਰੰਥਾਂ ਨੂੰ ਹੁਕਮਨਾਮਿਆਂ ਦੀ ਇਕਾਗਰਤਾ ਵਾਂਗ ਸਹਿਜੇ-ਸਹਿਜੇ ਤੇ ਸਹਿਜ ਸੁਭਾਵਿਕ ਪੜ੍ਹਿਆ ਜਾਂਦਾ ਹੈ। ਠਹਿਰਾਓ ਦੀ ਲੈਅ ਵਾਂਗੂ ਮਹਿਸੂਸਿਆ ਤੇ ਮਾਣਿਆ ਜਾਂਦਾ ਹੈ। ਦੋਸਤੀਆਂ ਚੰਗੇ ਇਨਸਾਨਾਂ ਦੀ ਆਤਮਿਕ ਤੇ ਅੰਦਰੂਨੀ ਨੇੜਤਾ ਦਾ ਵਿਸਮਾਦੀ ਨਿੱਘ ਹਨ। ਤਾਰਿਆਂ ਦੀ ਛਾਵੇਂ ਬਹਿ ਕੇ ਮਾਨਣ ਤੇ ਮਹਿਸੂਸ ਕਰਨ ਵਾਲਾ । ਆਜੀਵਨ ਦੋਸਤੀਆਂ ਮਨੁੱਖ ਦੇ ਸਹਿਜ, ਸੰਤੁਲਿਤ, ਸੁਪਨਸਾਜ਼ ਤੇ ਸੰਵੇਦਨਸ਼ੀਲ ਹੋਣ ਦਾ ਸਬੂਤ ਹਨ। ਦੋਸਤ ਕਮਾਏ ਜਾਂਦੇ ਹਨ ਪ੍ਰਾਪਤ ਨਹੀਂ ਹੁੰਦੇ। ਦੋਸਤੀ ਦੀ ਕਮਾਈ ਸੱਚੇ ਸੌਦੇ ਦੇ ਸੁਭਾਅ ਤੇ ਸੀਰਤ ਵਰਗੀ ਹੈ। ਦੋਸਤੀਆਂ ਅਚਨਚੇਤ ਤੇ ਆਪ ਮੁਹਾਰੇ ਪ੍ਰਗਟ ਹੁੰਦੀਆਂ ਹਨ। ਦੋਸਤਾਂ ਵਰਗਾ ਹੋਰ ਕੋਈ ਨਹੀਂ ਹੁੰਦਾ। ਦੋਸਤ ਮਰ ਜਾਣ ਤਾਂ ਹੌਲ ਪੈਂਦਾ ਹੈ। ਦੋਸਤ ਦੇ ਜਾਣ ਨਾਲ ਪੈਦਾ ਹੋਏ ਖਿਲਾਅ ਨੂੰ ਧਰਵਾਸਿਆਂ ਨਾਲ ਭਰਿਆ ਨਹੀਂ ਜਾ ਸਕਦਾ। ਦੋਸਤੀ ਦਾ ਵਿਛੋੜਾ ਤ੍ਰਿਪ-ਤ੍ਰਿਪ ਸਿੰਮਦੇ ਹਉਕੇ ਦੀ ਲੈਅ ਵਰਗਾ ਹੈ। ਜਦੋਂ ਮੈਂ ਮਾਝਾ ਦੇਸ਼ ਦੇ ਸਠਿਆਲਾ ਕਾਲਜ ਵਿੱਚ ਨੌਕਰੀ ਲਈ ਗਿਆ ਤਾਂ ਉੱਥੇ ਮੈਨੂੰ ਹਰਭਜਨ ਸਿੰਘ ਬੱਲ ਮਿਲਿਆ। ਜੋ ਚੰਗੇ ਪਰਵਾਰ ਨਾਲ ਸੰਬੰਧ ਰੱਖਦਾ ਸੀ। ਸਾਹਿਤਕਾਰ ਨਹੀਂ ਸੀ, ਪਰ ਡਾਕਟਰ ਆਤਮਜੀਤ ਨਾਲ ਉਸ ਦੀ ਪੱਕੀ ਦੋਸਤੀ ਸੀ। ਬਹੁਤ ਮੋਹਭਿੱਜੇ ਸ਼ਬਦਾਂ ਵਿੱਚ ਉਹ ਆਤਮਜੀਤ ਦਾ ਜ਼ਿਕਰ ਕਰਦਾ। ਆਤਮਜੀਤ ਪੱਕਾ ਸੋਫੀ ਤੇ ਹਰਭਜਨ ਪੱਕਾ ਮਹਿਫਲੀ ਇਨਸਾਨ। ਪਰ ਦੋਵਾਂ ਦੀ ਦੋਸਤੀ ਖੂਬ ਨਿਭੀ। ਦੋਸਤੀਆਂ ਨਿਭਾਉਣ ਲਈ ਇੱਕੋ ਜਿਹੇ ਨਹੀਂ, ਇੱਕਮਿੱਕ ਹੋਣਾ ਪੈਂਦਾ ਹੈ। ਪਦਾਰਥਾਂ, ਪਦਵੀਆਂ, ਪਹਿਰਾਵਿਆਂ ਤੇ ਪਰਚਮਾਂ ਤੋਂ ਉੱਪਰ ਹੁੰਦੀ ਹੈ ਦੋਸਤੀ ਦੀ ਲਿਸ਼ਕ ਤੇ ਲੋਅ। ਇਸੇ ਕਰਕੇ ਰੱਖ ਚੱਲ ਕੇ ਸੁਦਾਮੇ ਨੂੰ ਮਿਲਣ ਆਉਂਦਾ ਹੈ। ਇਸੇ ਕਰਕੇ ਮੋਏ ਵਿੱਛੜੇ ਯਾਦ ਆਉਂਦੇ ਹਨ। ਦੋਸਤਾਂ ਦੀ ਯਾਦ ਨਾਲ ਥਾਵਾਂ, ਘਟਨਾਵਾਂ, ਪਿੰਡ ਤੇ ਸ਼ਹਿਰ ਕਿਸੇ ਮੁਤਬਰਕ ਅਹਿਸਾਸ ਵਾਂਗ ਧੁੰਘਰਦੇ ਹਨ। ਮੁਤਬਰਕ ਅਹਿਸਾਸ ਬੰਦੇ ਨੂੰ ਮੋਹ ਦੇ ਵੈਰਾਗ ਤੇ ਵਜਦ ਨਾਲ ਪਾਕ ਕਰਦੇ ਹਨ। ਬੰਦੇ ਅੰਦਰ ਇਨਸਾਨੀਅਤ ਦਾ ਇਲਮ ਤੇ ਇਰਾਦਾ ਉਗਦਾ ਹੈ। ਹਉਕਾ, ਹਿਰਖ, ਹੌਲ, ਹੇਰਵਾ ਤੇ ਹਿਜਰਤ ਆਦਿ ਮੋਹ ਦੀਆਂ ਹੀ ਕਲਾਸੀਕਲ ਤੇ ਨੀਮ ਕਲਾਸੀਕਲ ਧੁਨਾਂ ਹਨ। ਇਹ ਧੁਨਾਂ ਬੰਦੇ ਨੂੰ ਕਾਗੋਂ ਹੰਸ ਕਰਦੀਆਂ ਹਨ। ਵਾਰ-ਵਾਰ ਮੋਇਆਂ ਵਿੱਛੜਿਆਂ ਦੇ ਨਗਮੇ ਗੁਣਗੁਣਾਉਂਦੀਆਂ ਰਹਿੰਦੀਆਂ ਹਨ।

ਅਜੇ ਵੀ ਮਿਲਣ ਆਉਂਦੇ ਮੈਨੂੰ ਫਰੀਦਕੋਟ ਤੇ ਸਠਿਆਲਾ
ਅਜੇ ਵੀ ਸਿੰਮਦੇ ਮੇਰੇ ਅੰਦਰੋਂ ਕੋਟਕਪੂਰਾ ਤੇ ਪਟਿਆਲਾ

ਅੰਦਰੋਂ ਕੁਝ ਵੀ ਨਾ ਸਿੰਮੇ ਤਾਂ ਬੰਦਾ ਬਾਂਝ ਹੋ ਜਾਂਦਾ ਹੈ। ਪਾਕ ਥਾਵਾਂ ਦੀ ਸਿਮਰਤੀ ਨਾੜਾਂ ਨੂੰ ਸਜੀਵ ਕਰਦੀ ਹੈ।

ਹਰਭਜਨ ਬੱਲ ਦੇ ਜਾਣ ਤੋਂ ਪਹਿਲਾਂ ਸਾਡਾ ਦੋਵਾਂ ਦਾ ਲਾਡਲਾ ਸ਼ਾਗਿਰਦ ਜਸਬੀਰ ਗਿੱਲ ਅਚਨਚੇਤ ਤੁਰ ਗਿਆ। ਜਸਬੀਰ ਗਿੱਲ ਦਾ ਰੰਗ ਕਾਲਾ ਸੀ, ਪਰ ਦਿਲ ਦਾ ਗੋਰਾ ਨਿਛੋਹ ਸੀ। ਮੇਰਾ ਜਜ਼ਬਾਤੀ ਆਸਰਾ ਸੀ ਉਹ। ਕਦੇ-ਕਦੇ ਆਉਂਦਾ। ਅਸੀਂ ਖੂਬ ਘੁੰਮਦੇ ਤੇ ਖੂਬ ਗੱਲਾਂ ਕਰਦੇ। ਕਦੇ ਕਵਿਤਾ ਦੀਆਂ, ਕਦੇ ਰੰਗ-ਮੰਚ ਦੀਆਂ ਤੇ ਕਦੇ ਪੁਰਾਣੇ ਮਿੱਤਰਾਂ, ਦੋਸਤਾਂ ਦੀਆਂ, ਕਿਸੇ ਮੋਹਖੋਰੇ ਸੱਜਣ ਦੇ ਤੁਰ ਜਾਣ ਨਾਲ ਜ਼ਿੰਦਗੀ ਦੇ ਅਨੇਕਾਂ ਹੁਸੀਨ ਪਲ ਵਿੱਛੜ ਜਾਂਦੇ ਨੇ, ਭਾਵਨਾਵਾਂ ਦਾ ਨਿੱਕਾ ਜਿਹਾ ਸੰਸਾਰ ਗਵਾਚ ਜਾਂਦਾ ਹੈ। ਮਿਲ ਕੇ ਕਈ ਕੁਝ ਕਰਨ ਦਾ ਸੁਪਨਾ ਬਿਖਰ ਜਾਂਦਾ ਹੈ। ਚਾਹਤ ਵਿੱਚ ਸਾਂਭੇ ਹੋਏ ਅਹਿਸਾਸ ਤੇ ਅਰਮਾਨ ਜੰਮ ਜਾਂਦੇ ਨੇ। ਵਿੱਛੜ ਗਿਆਂ ਦੇ ਨਾਲ ਥਾਵਾਂ ਵੀ ਵਿੱਛੜ ਜਾਂਦੀਆਂ ਨੇ। ਦੋਸਤਾਂ ਦੇ ਜਾਣ ਨਾਲ ਪਿੰਡਾਂ, ਸ਼ਹਿਰਾਂ ਤੇ ਥਾਵਾਂ ਦੇ ਅਰਥ ਪਹਿਲਾਂ ਵਰਗੇ ਨਹੀਂ ਰਹਿੰਦੇ। ਵਿਛੋੜੇ ਪਿੱਛੋਂ ਉਹਨਾਂ ਥਾਵਾਂ ਵੱਲ ਮੁੜ-ਮੁੜ ਜਾਣ ਨੂੰ ਜੀਅ ਨਹੀਂ ਕਰਦਾ। ਜੀਊਂਦੇ ਜੀਅ ਮਿਲਣ ਦਾ ਮੋਹ ਬਾਰ ਬਾਰ ਜਾਗਦਾ ਰਹਿੰਦਾ ਹੈ। ਮਿਲਣ ਨੂੰ ਜੀਅ ਕਰਨਾ ਦੋਸਤੀਆਂ ਦੇ ਜੀਊਂਦੇ ਹੋਣ ਦਾ ਸੂਚਕ ਹੈ। ਦੋਸਤੀਆਂ ਦੀ ਜੀਊਂਦੀ ਧੜਕਣ ਵਿੱਚੋਂ ਨਜ਼ਮਾਂ ਤੇ ਨਗਮੇ ਜਨਮ ਲੈਂਦੇ ਨੇ। ਦੋਸਤੀਆਂ ਦੇ ਭਾਵਨਾਮਈ ਜਾਪ ਨਾਲ ਰਚਨਾਤਮਿਕ ਊਰਜਾ ਸਨੇਹਵੰਤ ਹੁੰਦੀ ਹੈ। ਭਾਵਨਾਵਾਂ ਦੇ ਸੇਕ ਤੇ ਸ਼ਿੱਦਤ ਨਾਲ ਨਜ਼ਮਾਂ ਤੇ ਨਗਮਿਆਂ ਵਿਚਲੇ ਫਿਰਾਕ ਤੇ ਫਲਸਫੇ ਸੰਵੇਦਨਸ਼ੀਲ ਗਹਿਰਾਈ ਗ੍ਰਹਿਣ ਕਰਦੇ ਹਨ। ਕਲਮ ਦੀ ਨੋਕ ਜਜ਼ਬਾਤੀ ਤੇ ਜ਼ਰਖੇਜ਼ ਹੋ ਜਾਂਦੀ ਹੈ। ਮਿਲਣ ਦੀ ਕਲਪਨਾ ਉੱਚੀ ਉਡਾਣ ਭਰਦੀ ਹੈ। ਖੁਦ ਨਗਮਾ ਹੋਣ ਨੂੰ ਜੀਅ ਕਰਦਾ ਹੈ। ਉਦਾਸ ਹੋਈਏ ਤਾਂ ਦੋਸਤਾਂ ਦੀ ਯਾਦ ਆਉਂਦੀ ਹੈ। ਉਦਾਸ ਹੋਈਏ ਤਾਂ ਦੋਸਤਾਂ ਨੂੰ ਆਵਾਜ਼ ਮਾਰਨ ਨੂੰ ਚਿੱਤ ਕਰਦਾ ਹੈ।

ਮਿਲ ਜਾਵੋ ਆ ਕੇ ਕਦੀ ਬਹੁਤ ਉਦਾਸ ਹਾਂ ਯਾਰੋ
ਮੈਂ ਪਲ ਪਲ ਬੁੱਢਾ ਹੋ ਰਿਹਾ ਗਰਜਾਂ ਦਾ ਇਤਿਹਾਸ ਹਾਂ ਯਾਰੋ
ਧੜਕਦੇ ਹੋਏ ਸ਼ਬਦਾਂ ਦੀ ਵੱਸ ਢੇਰੀ ਮੇਰਾ ਸਰਮਾਇਆ
ਮੈਂ ਚੌਵੀ ਘੰਟੇ ਖੁੱਲ੍ਹਾ ਰਹਿੰਦਾ ਪੁਸਤਕ ਨਿਵਾਸ ਹਾਂ ਯਾਰੋ

ਹਰ ਕਿਸੇ ਕੋਲ ਦੋਸਤ ਨਹੀਂ ਹੁੰਦੇ। ਜਿਨ੍ਹਾਂ ਕੋਲ ਦੋਸਤ ਹੋਣ, ਉਹ ਕਰਮਾਂ ਵਾਲੇ ਹੁੰਦੇ ਹਨ। ਦੋਸਤੀਆਂ ਬਣਾਉਣ ਲਈ ਮੋਹਖੋਰੇ ਤੇ ਮਖਸੂਸ ਦਿਲ ਦੀ ਲੋੜ ਹੈ। ਮੋਹਹੀਣ ਮਨਮੁੱਖ, ਮੌਕਾਪ੍ਰਸਤ ਤੇ ਮਤਲਬੀ ਬੰਦਿਆਂ ਕੋਲ ਹੋਰ ਬਹੁਤ ਕੁਝ ਹੁੰਦਾ ਹੈ, ਪਰ ਦੋਸਤੀਆਂ ਦਾ ਸਰਮਾਇਆ ਨਹੀਂ ਹੁੰਦਾ। ਦੋਸਤ ਸੋਚ-ਸਮਝ ਕੇ ਹੌਲੀ-ਹੌਲੀ ਖਰਚਣ ਵਾਲੀ ਪੂੰਜੀ ਹਨ। ਸਵੈਮੁਖੀ ਵਿਰਲਾਪ ਕਰਨ ਵਾਲੇ ਲੋਕ ਦੋਸਤੀਆਂ ਨਹੀਂ ਪਾਲ ਸਕਦੇ। ਦੋਸਤ ਹੋਣ, ਬਣਨ ਲਈ ਖਾਕਸਾਰ ਹੋਣ ਦੀ ਜ਼ਰੂਰਤ ਹੈ। ਖਾਕਸਾਰੀ ਤੇ ਖਾਬਗੋਈ ਨਿਰਾਲੇ ਬੰਦਿਆਂ ਦੀ ਚਾਹਤ ਹੈ। ਚੰਗਾ ਦੋਸਤ ਚੰਗੇ ਖਾਬਾਂ ਦੀ ਉਪਜ ਹੈ। ਚੰਗਾ ਦੋਸਤ ਗਹਿਰੀ ਸੋਚ ਤੇ ਗਹਿਰੇ ਸਮਰਪਣ ਨਾਲ ਮਿਲਦਾ ਹੈ। ਚੰਗੇ ਦੋਸਤਾਂ ਦੀ ਕੋਈ ਮੰਡੀ ਨਹੀਂ ਹੈ। ਚੰਗੇ ਦੋਸਤ ਖੋਜਣੇ ਪੈਂਦੇ ਹਨ। ਖੋਜ ਦਾ ਮਾਰਗ ਔਖਾ ਤੇ ਅਜਨਬੀ ਹੈ। ਇਸ ਮਾਰਗ ਉੱਪਰ ਤੁਰੀਏ ਤਾਂ ਕਈ ਵੇਰ ਸਹਿਜ ਸੁਭਾਵਿਕ ਹੀ ਮੁੱਲਵਾਨ ਦੋਸਤ ਮਿਲ ਜਾਂਦੇ ਹਨ। ਕੋਟਕਪੂਰੇ ਵਾਲਾ ਮੱਖਣ ਵਾਵਰੋਲਾ ਸਹਿਜ ਸੁਭਾਵਿਕ ਹੀ ਮੇਰਾ ਦੋਸਤ ਬਣ ਗਿਆ। ਅਪਣੱਤ ਨਾਲ ਭਰਿਆ ਹੋਇਆ ਸਾਦਾ ਤੇ ਫਕੀਰ ਬੰਦਾ। ਕਈ ਸਾਲ ਉਹ ਸਾਡਾ ਕਈ ਮਿੱਤਰਾਂ ਦਾ ਮਲਾਹ ਬਣਿਆ ਰਿਹਾ। ਏਨਾ ਨਿਭਿਆ, ਜਿੰਨਾ ਕੋਈ ਨਿਭ ਨਹੀਂ ਸਕਦਾ। ਉਸ ਦੀ ਬੈਠਕ ਵਿੱਚ ਵੱਡੇ-ਵੱਡੇ ਲੇਖਕਾਂ ਤੇ ਸੰਗੀਤਕਾਰਾਂ ਦੀ ਸੰਗਤ ਅਸੀਂ ਮਾਣੀ। ਉਸ ਦੀ ਮਾਂ ਜਗਤ ਮਾਂ ਸੀ। ਮੋਹ ਤੇ ਮਮਤਾ ਦੀ ਮਕੱਦਸ ਮੂਰਤ। ਮੱਖਣ ਤੁਰ ਗਿਆ, ਪਰ ਉਸ ਨਾਲ ਜੁੜੇ ਅਨੇਕਾਂ ਪਲ ਹਾਲੇ ਵੀ ਜੀਊਂਦੇ ਹਨ। ਕਦੇ-ਕਦੇ ਉਸ ਦੀ ਉਹ ਬੈਠਕ ਦੇਖਣ ਨੂੰ ਚਿੱਤ ਕਰਦਾ ਹੈ, ਜਿਸ ਵਿੱਚ ਸ਼ਾਇਦ ਮੇਰੇ ਵਰਗੇ ਬਹੁਤ ਸਾਰੇ ਮਨੁੱਖਾਂ ਦੇ ਜਜ਼ਬਾਤੀ ਸੁਪਨੇ ਤੇ ਸੰਵਾਦ ਡੂੰਘੀ ਖਾਮੋਸ਼ੀ ਧਾਰਨ ਕਰੀ ਬੈਠੇ ਹੋਣਗੇ, ਅੱਜ ਵੀ ਸਾਡੇ ਲਈ ਉਹ ਬੈਠਕ ਦੁਨੀਆ ਦਾ ਦੁਰਲੱਭ ਅਜੂਬਾ ਹੈ। ਸੁੱਚੀਆਂ ਤੇ ਸੁਪਨਸਾਜ਼ ਯਾਦਾਂ ਦਾ ਸੰਗ੍ਰਹਿਾਲਯ । ਕਦੇ-ਕਦੇ ਚੀਸ ਉੱਠਦੀ ਹੈ। ਕਦੇ-ਕਦੇ ਹਉਕਾ ਜਾਗਦਾ ਹੈ। ਕਦੇ-ਕਦੇ ਹਿਰਖ ਉਪਜਦਾ ਹੈ। ਸਾਰਾ ਕੁਝ ਸਾਥੋਂ ਸਾਂਭਿਆ ਨਹੀਂ ਗਿਆ। ਅਸੀਂ ਸਵਾਰਥਾਂ ਤੇ ਸਵੈਕਥਨਾਂ ਵਿੱਚ ਉਲਝ ਗਏ। ਭਾਵਨਾਵਾਂ ਸਾਥੋਂ ਵਿੱਛੜ ਗਈਆਂ। ਹੌਲੀ ਹੌਲੀ ਅਸੀਂ ਉਹ ਨਹੀਂ ਰਹੇ। ਚਾਂਦੀ ਦੇ ਟਕਿਆਂ ਉੱਤੇ ਮੋਹਿਤ ਹੋਣ ਵਾਲੇ ਮਤਲਬੀ ਮਨੁੱਖ ਬਣ ਗਏ। ਅਸੀਂ ਸੰਗਮਰਮਰ ਦੇ ਸੁਪਨੇ ਲੈਣ ਲੱਗ ਪਏ। ਜਜ਼ਬਾਤਾਂ ਦੀ ਜਗੀਰ ਸਾਥੋਂ ਸੰਭਾਲੀ ਨਹੀਂ ਗਈ। ਨਾ ਮੈਥੋਂ, ਨਾ ਤੁਹਾਥੋਂ ਤੇ ਨਾ ਸਰਕਾਰਾਂ ਤੋਂ। ਇਸੇ ਕਰਕੇ ਦੋਸਤੀਆਂ, ਦਰਵੇਸ਼ੀਆਂ, ਦਾਨਿਸ਼ਵਰੀਆਂ ਤੇ ਦਰਿਆਦਿਲੀਆਂ ਦਾ ਕਾਲ ਪੈ ਗਿਆ ਹੈ। ਹੁਣ ਕੁਲੀਗ ਬਹੁਤ ਹਨ। ਕਲਾਸ ਫੈਲੋ ਬਥੇਰੇ ਹਨ। ਪੂਰਾ ਜਹਾਨ ਵਾਕਫਕਾਰ ਹੈ। ਦੋਸਤ ਪਰ ਕਿਤੇ ਕਿਤੇ ਲੱਭਦਾ ਹੈ।

ਨਾ ਇਨਕਲਾਬ ਆਇਆ, ਨਾ ਗਰਜਾਂ ਦੀ ਜੰਗ ਜਿੱਤ ਹੋਈ
ਮਾਓ ਲੈਨਿਨ ਦੀਆਂ ਗੱਲਾਂ ਕਰਨ ਵਾਲਾ ਰਹਿ ਗਿਆ ਕੋਈ ਕੋਈ
ਕੁਝ ਚਿਣੇ ਗਏ ਨੀਹਾਂ ਵਿੱਚ, ਕੋਈ ਨੂੜ ਲਏ ਸੰਸਥਾਵਾਂ
ਕਿਸੇ ਨੇ ਅੱਕ ਚੱਬ ਲਿਆ, ਕਿਸੇ ਨੇ ਲਾਹ ਲਈ ਲੋਈ
ਮਾਓ ਲੈਨਿਨ ਦੀਆਂ ਗੱਲਾਂ ਕਰਨ ਵਾਲਾ ਰਹਿ ਗਿਆ ਕੋਈ–ਕੋਈ

ਬੇਸ਼ੱਕ ਕੋਈ-ਕੋਈ ਰਹਿ ਗਿਆ ਹੈ, ਪਰ ਫੇਰ ਵੀ ਜਾਣ ਵਾਲਿਆਂ ਦਾ ਝੋਰਾ ਝੂਰਦਾ ਰਹਿੰਦਾ ਹੈ। ਵੱਡੇ-ਵੱਡੇ ਕਦਮ ਪੁੱਟਣ ਵਾਲਾ ਵਿਦਵਾਨ ਮਿੱਤਰ ਅਜੀਤ ਸਿੰਘ ਸ਼ਾਹੀ ਚਲਾ ਗਿਆ। ਵੱਡੇ-ਵੱਡੇ ਸੁਪਨੇ ਲੈਣ ਵਾਲਾ ਕਹਾਣੀਕਾਰ ਗੁਰਪਿੰਦਰਜੀਤ ਤੁਰ ਗਿਆ। ਮੈਂ ਜਦੋਂ ਵੀ ਚੰਡੀਗੜ੍ਹ-ਪਟਿਆਲੇ ਜਾਂਦਾ, ਹਰ ਹਾਲਤ ਉੱਚਾ ਪਿੰਡ ਸੰਘੋਲ ਵਾਲੇ ਗੁਰਪਿੰਦਰਜੀਤ ਕੋਲ ਅਟਕਦਾ। ਪੁਰਾਤੱਤਵ ਜ਼ਮੀਨ 'ਚੋਂ ਜੰਮਿਆ ਗੁਰਪਿੰਦਰਜੀਤ ਗੁੰਮ-ਗੁਆਚ ਗਈ। ਪ੍ਰਾਚੀਨ ਮਿਠਾਸ ਵਰਗਾ ਸੀ। ਧੁਰ ਅੰਦਰ ਲੱਥ ਜਾਣ ਵਾਲਾ ਉਦਾਸ ਨਗਮਾ। ਬਹੁਤ ਸਾਰੇ ਨਾਂਅ ਹਨ, ਜੋ ਮੇਰੀ ਸੋਚ, ਸ਼ਾਇਰੀ ਤੇ ਸੰਵੇਦਨਾ ਨੂੰ ਪ੍ਰਭਾਵਿਤ ਕਰਦੇ ਰਹੇ। ਜਿਨ੍ਹਾਂ ਦੇ ਸਾਥ ਵਿੱਚ ਮੈਨੂੰ ਜ਼ਿੰਦਗੀ ਵਾਂਗੂ ਧੜਕਣ ਦੀ ਸੋਝੀ ਤੇ ਸੁਰਤ ਮਿਲੀ। ਸ਼ਾਇਰ ਹਰਫੂਲ ਸਿੰਘ ਦੇ ਸਾਥ ਵਿੱਚ ਬਹੁਤ ਸਾਲ ਸਾਹਿਤਕ ਸੰਘਰਸ਼ ਕਰਨ ਦਾ ਮੌਕਾ ਮਿਲਿਆ। ਪੂਰੇ ਦਾ ਪੂਰਾ ਸ਼ਾਇਰ। ਮਲੰਗ, ਮਹਿਫਲੀ ਤੇ ਮੁਹੱਬਤੀ। ਉਹਦੇ ਕੋਲੋਂ ਸ਼ਾਇਰੀ ਨੂੰ ਸੁੰਘਣ ਤੇ ਮਾਨਣ ਦੀ ਅਹਿਸਾਸਗੋਈ ਮਿਲੀ ਮੈਨੂੰ। ਸ਼ਾਹਿਰੀ ਦੇ ਰੰਗ ਵਿੱਚ ਨੱਚੜ ਜਾਣ ਦਾ ਲੁਤਫ ਹਾਸਲ ਕੀਤਾ। ਬਹੁਤ ਉਦਾਸੀਆਂ ਕੀਤੀਆਂ ਰਲ ਕੇ ਅਸੀਂ। ਕਦੇ ਉਹ ਨਾਨਕ ਮੈਂ ਮਰਦਾਨਾ। ਕਦੇ ਮੈਂ ਨਾਨਕ ਉਹ ਮਰਦਾਨਾ। ਅਨੇਕਾਂ ਸ਼ਾਮਾਂ ਅੱਜ ਵੀ ਮੇਰੇ ਅੰਦਰ ਧੁਖਦੀਆਂ ਤੇ ਧੜਕਦੀਆਂ ਹਨ। ਸਮਾਗਮ ਕੀਤੇ, ਸਫਰ ਕੀਤੇ, ਸ਼ੋਹਰਤ ਕਮਾਈ। ਰੱਜ ਕੇ ਆਵਾਰਗੀ ਦਾ ਲਾਹਾ ਲਿਆ। ਉਹ ਮੈਥੋਂ ਉਮਰ ਵਿੱਚ ਵੀ ਵੱਡਾ ਸੀ ਤੇ ਸ਼ਾਇਰੀ ਵਿੱਚ ਵੀ। ਕਪੂਰਥਲੇ ਹੁਣ ਉਸ ਵਰਗਾ ਕੋਈ ਨਹੀਂ ਹੈ। ਉਸ ਦੇ ਭੋਗ ਮੌਕੇ ਮੇਰੇ ਅੰਦਰੋਂ ਕੁਝ ਭਾਵ ਅਚਨਚੇਤ ਕਵਿਤਾ ਬਣ ਕੇ ਸਮੂਰਤ ਹੋਏ। ਅਜਿਹੇ ਭਾਵ ਦੋਸਤੀਆਂ ਨੂੰ ਸਦੀਵੀ ਸਵਾਸ ਬਣਾਉਂਦੇ ਹਨ।

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਆਮ ਲੋਕਾਂ ਦੀ 'ਆਮਦਨ' ਜੋੜ ਕੇ ਦੱਸੀ ਜਾਂਦੀ ਭਾਰਤ ਦੀ 'ਔਸਤ' ਦੇ ਅੰਕੜੇ ਮੂਰਖ ਬਣਾਉਂਦੇ ਹਨ ਲੋਕਾਂ ਨੂੰ

**ਦ੍ਰਿਸ਼ਟੀਕੋਣ**

**ਜਤਿੰਦਰ ਪਨੂੰ**

ਭਾਰਤ ਦੇਸ਼ ਤਰੱਕੀ ਕਰ ਰਿਹਾ ਹੈ। ਇਹ ਗੱਲ ਅਸੀਂ ਨਹੀਂ ਕਹਿੰਦੇ, ਉਨ੍ਹਾਂ ਅੰਕੜਿਆਂ ਦੇ ਜ਼ਿਕਰ ਨਾਲ ਭਾਰਤ ਦੇ ਲੋਕਾਂ ਨੂੰ ਸਮਝਾਈ ਜਾਂਦੀ ਹੈ, ਜਿਨ੍ਹਾਂ ਅੰਕੜਿਆਂ ਨੂੰ ਸੰਸਾਰ ਭਰ ਵਿੱਚ ਮਾਨਤਾ ਪ੍ਰਾਪਤ ਹੁੰਦੀ ਹੈ ਅਤੇ ਅੱਜਕੱਲ੍ਹ ਦੇ ਯੁੱਗ ਵਿੱਚ ਵਾਟਸਐਪ ਦੀ ਬਾਹਲੀ ਵਰਤੋਂ ਦੇ ਸ਼ੌਕੀਨ ਮਿੱਟੋ-ਮਿੱਟੀ ਅੱਗੇ ਪੁਚਾ ਕੇ ਖੁਸ਼ ਹੋ ਜਾਂਦੇ ਹਨ। ਚਰਚਾ ਵਿੱਚ ਇਹ ਗੱਲ ਨਹੀਂ ਆਉਂਦੀ ਕਿ ਭਾਰਤ ਦੀ ਤਰੱਕੀ ਦੇ ਨਾਲ ਦੇਸ਼ ਦੇ ਆਮ ਆਦਮੀ ਦੀ ਤਰੱਕੀ ਕਿੰਨੀ ਹੋਈ ਹੈ, ਸਗੋਂ ਇਹ ਦੱਸਣ ਦਾ ਯਤਨ ਕੀਤਾ ਜਾਂਦਾ ਹੈ ਕਿ ਪਿਛਲੀ ਵਾਰੀ ਜਦੋਂ ਇਹੋ ਜਿਹੇ ਅੰਕੜੇ ਆਏ ਸਨ ਤਾਂ ਭਾਰਤ ਦੇ ਹਰ ਨਾਗਰਿਕ ਦੀ ਆਮਦਨ ਐਨੇ ਰੁਪਏ ਸਾਲਾਨਾ ਹੁੰਦੀ ਸੀ ਤੇ ਐਤਕੀਂ ਵਧ ਕੇ ਐਨੀ ਹੋ ਗਈ ਹੈ। ਜਦੋਂ 'ਹਰ ਭਾਰਤੀ ਨਾਗਰਿਕ' ਵਾਲੀ ਗੱਲ ਕਹੀ ਜਾਂਦੀ ਹੈ ਤਾਂ ਇਸ ਵਿੱਚ ਭਾਰਤ ਦਾ ਉਹ ਆਮ ਆਦਮੀ ਵੀ ਗਿਣਿਆ ਜਾਂਦਾ ਹੈ, ਜਿਹੜਾ ਕਦੇ ਇਹ ਨਹੀਂ ਜਾਣ ਸਕਿਆ ਕਿ ਉਸ ਦੇ ਨਾਂਅ ਉੱਤੇ ਅੰਕੜੇ ਲਿਖੇ ਅਤੇ ਅਗਾਂਹ ਤੋਂ ਅਗਾਂਹ ਪਰੋਸੇ ਜਾਂਦੇ ਹਨ ਅਤੇ ਉਨ੍ਹਾਂ ਅੰਕੜਿਆਂ ਵਿੱਚ ਉਸ ਦੀ 'ਤਰੱਕੀ' ਦਾ ਅਤੇ ਤਰੱਕੀ ਕਰਵਾਉਣ ਵਾਲੇ ਰਾਜਸੀ ਆਗੂਆਂ ਦਾ ਜ਼ਿਕਰ ਉਸ ਨਾਲੋਂ ਵੀ ਵੱਧ ਹੁੰਦਾ ਹੈ। ਉਹ ਜਾਣ ਵੀ ਲਵੇ ਤਾਂ ਇਸ ਨਾਲ ਪ੍ਰਚਾਰ ਦੇ ਪਰਦੇ ਹੇਠ ਲੁਕਾਈਆਂ ਜਾਂਦੀਆਂ ਹਕੀਕਤਾਂ ਨੇ ਨਹੀਂ ਬਦਲ ਜਾਣਾ।

ਮੈਂ ਪਿੰਡ ਵਿੱਚ ਜੰਮਿਆ ਹੋਣ ਕਰ ਕੇ ਏਦਾਂ ਦੇ ਅੰਕੜਿਆਂ ਨੂੰ ਕਿਸੇ ਪਿੰਡ ਦੇ ਆਮ ਲੋਕਾਂ ਦੀ ਜ਼ਿੰਦਗੀ ਨਾਲ ਜੋੜ ਕੇ ਪਰਖਣ ਦਾ ਯਤਨ ਕਰਦਾ ਹਾਂ। ਗੱਲ ਮੇਰੇ ਆਪਣੇ ਪਿੰਡ ਦੀ ਨਹੀਂ, ਸਗੋਂ ਇਹੋ ਜਿਹੇ ਕਿਸੇ ਵੀ ਪਿੰਡ ਦੀ ਹੋ ਸਕਦੀ ਹੈ, ਜਿਹੜਾ ਹਰ ਸਾਲ ਤਰੱਕੀ ਕਰਦੇ ਪਿੰਡਾਂ ਵਿੱਚ ਗਿਣਿਆ ਜਾਂਦਾ ਹੈ ਤੇ ਉਹ ਅਸਲੀ ਪਿੰਡ ਵੀ ਨਹੀਂ, ਭਾਰਤੀ ਹਕੀਕਤ ਦਾ ਪ੍ਰਤੀਕ ਕੋਈ ਵੀ ਪਿੰਡ ਲਿਆ ਜਾ ਸਕਦਾ ਹੈ। ਉਸ ਪਿੰਡ ਦਾ ਨਾਂਅ ਮੈਂ ਨਹੀਂ ਜਾਣਦਾ, ਕਿਉਂਕਿ ਉਹ ਇੱਕ ਪਿੰਡ ਨਹੀਂ, ਭਾਰਤ ਵਿੱਚ ਉਸ ਵਰਗੇ ਕਈ ਪਿੰਡਾਂ ਵਿੱਚੋਂ ਇੱਕ ਹੈ ਤੇ ਉਨ੍ਹਾਂ ਵਿੱਚੋਂ ਵੰਨਗੀ ਵਜੋਂ ਕੋਈ ਇੱਕ ਮੰਨ ਕੇ ਗੱਲ ਸਮਝੀ ਜਾ ਸਕਦੀ ਹੈ। ਵੀਹ ਸਾਲ ਪਹਿਲਾਂ ਉਸ ਪਿੰਡ ਦੇ ਲੋਕਾਂ ਦੀ 'ਔਸਤ' ਆਮਦਨ ਕੱਢਦੇ ਵਕਤ ਮਜ਼ਦੂਰਾਂ ਦੀ ਦਿਹਾੜੀ ਡੇਢ ਸੌ ਰੁਪਏ ਹੋਈ ਤਾਂ ਸਾਲ ਦੇ ਪੌਣੇ ਪਚਵੰਜਾ ਹਜ਼ਾਰ ਬਣਦੇ ਸਨ। ਪਿੰਡ ਦੇ ਚਾਲੀ ਮਜ਼ਦੂਰਾਂ ਦੇ ਮਿਲਾ ਕੇ ਬਾਈ ਲੱਖ ਦੇ ਨੇੜੇ ਪੁੱਜਦੇ ਸਨ। ਓਸੇ ਪਿੰਡ ਇੱਕ ਘਰ ਅੰਗਰੇਜ਼ਾਂ ਦਾ ਟੋਡੀ ਹੁੰਦਾ ਸੀ, ਕਾਂਗਰਸੀ ਰਾਜ ਵਿੱਚ ਉਨ੍ਹਾਂ ਨਾਲ ਅਤੇ ਪਿੱਛੋਂ ਵੀ ਹਰ ਸਰਕਾਰ ਨਾਲ ਰਿਹਾ ਹੋਣ ਕਰ ਕੇ ਤਰੱਕੀ ਦੀ ਹਰ ਸਕੀਮ ਵਿੱਚੋਂ ਉਸ ਦਾ ਗੱਫਾ ਨਿਕਲਦਾ ਆਇਆ ਸੀ। ਉਸ ਪਰਵਾਰ ਦੀ ਜ਼ਮੀਨ ਵੀਹ ਸਾਲ ਪਹਿਲਾਂ ਡੇਢ ਸੌ ਏਕੜ ਹੋਵੇਗੀ, ਅੱਜ ਢਾਈ ਸੌ ਏਕੜ ਬਣਦੀ ਹੈ। ਇਸ ਮਾਲਕੀ ਵਿੱਚ ਵਧਦੇ ਸੌ ਏਕੜ ਜ਼ਮੀਨ ਉਹ ਕਿਸੇ ਦੂਸਰੇ ਪਿੰਡੋਂ ਖਰੀਦ ਕੇ ਨਹੀਂ ਲਿਆਇਆ, ਕਿਉਂਕਿ ਲਿਆਂਦੀ ਨਹੀਂ ਜਾ ਸਕਦੀ, ਏਸੇ ਪਿੰਡ ਦੇ ਗਰੀਬ ਘਰਾਂ ਦੀ ਖਰੀਦ ਲਈ ਹੈ। ਅੱਜ ਜਦੋਂ ਅੰਕੜੇ ਜੋੜ ਕੇ ਔਸਤ ਕੱਢਣੀ ਹੈ, ਉਸ ਟੱਬਰ ਦੀ ਤਰੱਕੀ ਦਾ ਗਰੀਬ ਕਿਸਾਨਾਂ ਦੀ ਜ਼ਮੀਨ ਹੜੱਪ ਕੇ ਬਣਿਆ ਅੰਕੜਾ ਅਤੇ ਜ਼ਮੀਨ ਗੁਆ ਚੁੱਕੇ ਕਿਸਾਨਾਂ ਦਾ ਅੰਕੜਾ ਜੋੜ ਕੇ ਜਿੱਦਾਂ ਦੀ ਔਸਤ ਕੱਢੀ ਜਾਵੇਗੀ, ਉਹ ਸਮੁੱਚੇ ਪਿੰਡ ਦੀ ਵਧੇਗੀ, ਆਮ ਲੋਕਾਂ ਦੀ ਨਹੀਂ ਵਧਣੀ। ਆਪਣੇ ਮਿਲੀਭੁਗਤ ਵਾਲੇ ਫਾਰਮੂਲੇ ਵਰਤ ਕੇ ਉਹ ਬੰਦਾ ਸਰਕਾਰੀ ਸਕੀਮ ਹੇਠ ਪਿੰਡ ਦੇ ਛੱਪੜ ਦੀ ਸਫਾਈ ਕਰਨ ਦੇ ਬਹਾਨੇ ਉਸ ਦੀ ਮਿੱਟੀ ਪੁੱਟ ਕੇ ਸ਼ਹਿਰ ਵਿੱਚ ਵੇਚਦਾ ਤੇ ਮੋਟਾ ਮਾਲ ਕਮਾਉਂਦਾ ਰਿਹਾ। ਜਦੋਂ ਅੰਕੜੇ ਬਣੇ ਤਾਂ ਪਿੰਡ ਦੇ ਚਾਲਬਾਜ਼ ਬੰਦੇ ਦੀ ਆਮਦਨ ਅਤੇ ਉਸ ਦੀਆਂ ਚਾਲਾਂ ਦਾ ਸ਼ਿਕਾਰ ਹੋਏ ਪਿੰਡ ਵਾਲੇ ਬਾਕੀ ਲੋਕਾਂ ਦੀ ਆਮਦਨ ਇਕੱਠੀ ਜੋੜ ਲੈਣ ਪਿੱਛੋਂ ਕਿਹਾ ਜਾਵੇਗਾ ਕਿ ਇਸ ਪਿੰਡ ਦੀ 'ਔਸਤ' ਆਮਦਨ ਏਨੀ ਵਧੀ ਅਤੇ ਇਹ ਪਿੰਡ ਐਨੀ ਤਰੱਕੀ ਕਰ ਗਿਆ ਹੈ। ਅਸਲ ਵਿੱਚ ਪਿੰਡ ਤਰੱਕੀ ਨਹੀਂ ਕਰ ਸਕਿਆ, ਪਿੰਡ ਦਾ ਇੱਕੋ ਘਰ ਕਰਦਾ ਰਿਹਾ ਹੈ। ਉਹ ਬੰਦਾ ਇਹ ਦੱਸ ਕੇ ਖੁਸ਼ ਹੁੰਦਾ ਹੈ ਕਿ ਪਿੰਡ ਦੀ ਫਿਰਨੀ ਤੋਂ ਇਸ ਦੇ ਸੱਜੇ-ਖੱਬੇ ਦੇ ਪਿੰਡਾਂ ਤੱਕ ਸੜਕ ਨਾਲ ਦੀ ਸਾਰੀ ਜ਼ਮੀਨ ਉਸੇ ਦੀ ਹੈ, ਆਈ ਕਿੱਥੋਂ, ਪਿੰਡ ਵਾਲੇ ਜਾਣਦੇ ਹਨ।

ਇਹ ਵੀ ਨਹੀਂ ਸਮਝਣਾ ਚਾਹੀਦਾ ਕਿ ਦੇਸ਼ ਵਿੱਚ ਅਡਾਨੀਆਂ-ਅੰਬਾਨੀਆਂ ਜਾਂ ਰਾਜਨੀਤੀ ਨੂੰ ਕਾਰੋਬਾਰੀ ਬਣਾਉਣ ਵਾਲੇ ਬੇਈਮਾਨਾਂ ਦੀ ਤਰੱਕੀ ਨੂੰ ਹੀ ਦੇਸ਼ ਦੀ ਤਰੱਕੀ ਕਿਹਾ ਜਾਂਦਾ ਹੈ, ਇਨ੍ਹਾਂ ਤੋਂ ਬਾਹਰ ਧਰਮ ਦੇ ਚੋਲਿਆਂ ਤੇ ਏਦਾਂ ਦੇ ਹੋਰ ਪਰਦਿਆਂ ਵਾਲੇ ਵੀ ਬਹੁਤ ਸਾਰੇ ਲੋਕ ਇਸ ਦੇਸ਼ ਦੀ 'ਤਰੱਕੀ' ਦਾ ਨਮੂਨਾ ਬਣੇ ਮਿਲ ਜਾਂਦੇ ਹਨ। ਇਸ ਦੀ ਸਭ ਤੋਂ ਉੱਘੀ ਤੇ ਸ਼ਾਇਦ ਸਭ ਤੋਂ ਭੱਦੀਆਂ ਮਿਸਾਲਾਂ ਵਿੱਚੋਂ ਇੱਕ ਮਿਸਾਲ ਯੋਗੀ ਵਾਲੇ ਰਾਮਦੇਵ ਦੀ ਕਹੀ ਜਾ ਸਕਦੀ ਹੈ। ਭਾਰਤ ਦੇਸ਼ ਵਿੱਚ ਆਦਿ ਕਾਲ ਤੋਂ ਰਿਸ਼ੀਆਂ, ਯੋਗੀਆਂ ਤੇ ਸੰਨਿਆਸੀਆਂ ਦਾ ਜਿਹੜਾ ਸਨਮਾਨ ਬਣਿਆ ਪਿਆ ਸੀ, ਉਸ ਅਕਸ ਦੀ ਦੁਰਵਰਤੋਂ ਕਰ ਕੇ ਉਸ ਨੇ ਆਯੁਰਵੈਦ ਦੇ ਨਾਂਅ ਉੱਤੇ ਕਾਰੋਬਾਰ ਵਿੱਚ ਹਰ ਚੁਸਤ ਦਾਅ ਵਰਤਿਆ ਅਤੇ ਰਾਜਨੀਤੀ ਦੇ ਸਾਰੇ ਧਨੰਤਰਾਂ ਨੂੰ ਵੀ ਮੌਕੇ ਮੁਤਾਬਕ ਵਰਤ ਲੈਂਦਾ ਰਿਹਾ। ਮੁੱਢਲੇ ਦਿਨੀਂ ਕਾਂਗਰਸੀ ਆਗੂਆਂ ਨਾਲ ਨੇੜਤਾ ਦਾ ਲਾਭ ਲਿਆ, ਫਿਰ ਲਾਲੂ ਪ੍ਰਸਾਦ ਵਰਗਿਆਂ ਨੂੰ ਵਰਤਿਆ ਅਤੇ ਸਭ ਤੋਂ ਵੱਧ ਲਾਭ ਭਾਰਤ ਦੀ ਕਮਾਨ ਅੱਜਕੱਲ੍ਹ ਸਾਂਭਣ ਵਾਲੀ ਧਿਰ ਦੀ ਨੇੜਤਾ ਤੋਂ ਲਿਆ ਹੈ। ਹੈਰਾਨੀ ਦੀ ਗੱਲ ਹੈ ਕਿ ਕੋਵਿਡ ਦੀ ਬਿਮਾਰੀ ਸਮੇਂ ਉਸ ਨੇ ਤਿੰਨ ਮੰਤਰੀਆਂ ਦੀ ਹਾਜ਼ਰੀ ਵਿੱਚ ਅਸਲੋਂ ਝੂਠਾ ਐਲਾਨ ਕਰ ਕੇ, ਕਿ ਇਸ ਬਿਮਾਰੀ ਦੀ ਦਵਾਈ ਬਣਾ ਲਈ ਹੈ, ਰਾਤੋ-ਰਾਤ ਸਾਰੇ ਦੇਸ਼ ਵਿੱਚ ਦਵਾਈ ਪੁਚਾਈ ਅਤੇ ਵੇਚ ਕੇ ਕਰੋੜਾਂ ਰੁਪਏ ਦੀ ਕਮਾਈ ਕਰ ਲਈ। ਪਿੱਛੋਂ ਪੈਰਾਂ ਉੱਤੇ ਪਾਣੀ ਨਹੀਂ ਪੈਣ ਦਿੱਤਾ ਅਤੇ ਸਾਫ ਕਹੀ ਗਿਆ ਕਿ ਏਦਾਂ ਦਾ ਐਲਾਨ ਹੀ ਨਹੀਂ ਕੀਤਾ। ਦਿੱਲੀ ਦੇ ਡਾਕਟਰਾਂ ਦੀ ਐਸੋਸੀਏਸ਼ਨ ਦੋਸ਼ ਲਾਉਂਦੀ ਹੈ ਕਿ ਇਸੇ ਦਵਾਈ ਦੀ ਵਿਕਰੀ ਤੋਂ ਰਾਮਦੇਵ ਦੀ ਕੰਪਨੀ ਨੇ ਇੱਕ ਹਜ਼ਾਰ ਕਰੋੜ ਦੀ ਕਮਾਈ ਕਰ ਲਈ ਹੈ। ਦੇਸ਼ ਦੇ ਲੋਕ ਪੁੱਛਦੇ ਰਹੇ ਕਿ ਸਾਧ ਨੇ ਤਾਂ ਝੂਠ ਬੋਲਿਆ ਤੇ ਮੁੱਕਰ ਗਿਆ, ਇਹ ਐਲਾਨ ਕਰਨ ਵੇਲੇ ਜਿਹੜੇ ਤਿੰਨ ਮੰਤਰੀ ਉਸ ਦਿਨ ਉਸ ਨਾਲ ਖੜੇ ਸਨ, ਉਨ੍ਹਾਂ ਵਿੱਚ ਇਸ ਦੇਸ਼ ਦਾ ਸਿਹਤ ਮੰਤਰੀ ਵੀ ਸੀ, ਉਹ ਉਸ ਦਿਨ ਹੋਏ ਐਲਾਨ ਬਾਰੇ ਸੱਚ ਦੱਸਣ, ਪਰ ਉਨ੍ਹਾਂ ਅੱਜ ਤੱਕ ਚੁੱਪ ਨਹੀਂ ਤੋੜੀ ਅਤੇ ਯੋਗੀ ਦਾ ਕਾਰੋਬਾਰ ਚੱਲੀ ਜਾਂਦਾ ਹੈ। ਇਹੀ ਨਹੀਂ, ਭਾਰਤ ਦੀ ਇਸ ਵੇਲੇ ਕਮਾਨ ਸਾਂਭਣ ਵਾਲੀ ਧਿਰ ਨੇ ਰਾਮਦੇਵ ਨੂੰ ਕਿੰਨੇ ਰਾਜਾਂ ਵਿੱਚ ਕਿੰਨੇ ਪਲਾਟ ਅਲਾਟ ਕੀਤੇ ਤੇ ਕਿੰਨੀਆਂ ਹੋਰ ਸਕੀਮਾਂ ਦਾ ਨਾਜਾਇਜ਼ ਲਾਭ ਉਸ ਨੂੰ ਦਿੱਤਾ ਗਿਆ, ਇਸ ਬਾਰੇ ਵੀ ਸਾਰਾ ਸੱਚ ਆਮ ਲੋਕਾਂ ਸਾਹਮਣੇ ਕਦੇ ਨਹੀਂ ਆ ਸਕਿਆ।

ਮਿਸਾਲ ਵਜੋਂ ਪਟਿਆਲੇ ਦੇ ਰਾਜ ਘਰਾਣੇ ਨੇ ਹਿਮਾਚਲ ਪ੍ਰਦੇਸ਼ ਵਿੱਚ ਆਪਣੀ ਕੁਝ ਜਾਇਦਾਦ ਓਥੋਂ ਦੀ ਸਰਕਾਰ ਨੂੰ ਬੱਚਿਆਂ ਦਾ ਕੋਈ ਪ੍ਰਾਜੈਕਟ ਬਣਾਉਣ ਲਈ ਦਿੱਤੀ ਸੀ। ਸਮਾਂ ਪਾ ਕੇ ਉਹ ਸਾਢੇ ਛਿਆਨਵੇ ਵਿਘੇ ਜ਼ਮੀਨ ਰਾਮਦੇਵ ਦੀ ਕੰਪਨੀ ਨੂੰ ਸਿਰਫ ਸਤਾਰਾਂ ਲੱਖ ਰੁਪਏ ਲੈ ਕੇ ਅਗਲੇ ਨੜਿੰਨਵੇਂ ਸਾਲਾਂ ਲਈ ਸਿਰਫ ਇੱਕ ਰੁਪਏ ਸਾਲ ਟੋਕਨ ਫੀਸ ਨਾਲ ਦੇ ਦਿੱਤੀ ਗਈ। ਇਸ ਬਾਰੇ ਰੌਲਾ ਪੈ ਗਿਆ। ਪਟਿਆਲਾ ਰਾਜ ਘਰਾਣੇ ਨੇ ਵੀ ਇਸ ਦਾ ਇਤਰਾਜ਼ ਕਰਨ ਦਾ ਯਤਨ ਕੀਤਾ ਤਾਂ ਇਹ ਕਹਿ ਦਿੱਤਾ ਗਿਆ ਕਿ ਉਨ੍ਹਾਂ ਹਿਮਾਚਲ ਪ੍ਰਦੇਸ਼ ਸਰਕਾਰ ਨੂੰ ਦਿੱਤੀ ਸੀ, ਅੱਗੋਂ ਜ਼ਮੀਨ ਦੀ ਵਰਤੋਂ ਉਸ ਰਾਜ ਦੀ ਸਰਕਾਰ ਨੇ ਕਿੱਦਾਂ ਕਰਨੀ ਜਾਂ ਕਿਸ ਨੂੰ ਦੇਣੀ ਹੈ, ਇਹ ਉਸ ਦਾ ਅਧਿਕਾਰ ਹੈ ਤੇ ਉਸ ਨੇ ਇਹ ਅਧਿਕਾਰ ਵਰਤ ਕੇ ਗਲਤ ਨਹੀਂ ਕੀਤਾ। ਇਹ ਇੱਕ ਮਿਸਾਲ ਹੈ, ਪਰ ਸਿਰਫ ਇੱਕੋ-ਇੱਕ ਮਿਸਾਲ ਨਹੀਂ, ਰਾਮਦੇਵ ਦੀ ਕੰਪਨੀ ਨੂੰ ਮਿਲੀਆਂ ਛੋਟਾਂ ਦੀ ਗਿਣਤੀ ਬਹੁਤ ਵੱਡੀ ਹੈ। ਪਿਛਲੇ ਹਫਤੇ ਅਦਾਲਤ ਦਾ ਇੱਕ ਫੈਸਲਾ ਇਹ ਵੀ ਆ ਗਿਆ ਕਿ ਰਾਮਦੇਵ ਦੀ ਟੀਮ ਜਿਹੜੇ ਯੋਗ ਕੈਂਪ ਲਾਉਂਦੀ ਰਹੀ ਅਤੇ ਉਨ੍ਹਾਂ ਵਿੱਚ ਮੋਟੀਆਂ ਫੀਸਾਂ ਕਮਾਉਣ ਦਾ ਇੱਕ ਤਰ੍ਹਾਂ ਦਾ ਕਾਰੋਬਾਰ ਹੁੰਦਾ ਰਿਹਾ ਸੀ, ਉਨ੍ਹਾਂ ਦੀ ਕਮਾਈ ਉੱਤੇ ਬਣਦਾ ਕਰੋੜਾਂ ਰੁਪਏ ਟੈਕਸ ਵੀ ਦਿੱਤਾ ਨਹੀਂ ਸੀ, ਉਹ ਉਸ ਨੂੰ ਭਰਨਾ ਪਵੇਗਾ।

ਘਪਲੇ ਇੰਦਰਾ ਗਾਂਧੀ ਦੇ ਰਾਜ ਵਿੱਚ ਵੀ ਬਹੁਤ ਹੁੰਦੇ ਸੁਣੇ ਜਾਂਦੇ ਸਨ, ਸ਼ਾਇਦ ਪੰਡਤ ਜਵਾਹਰ ਲਾਲ ਨਹਿਰੂ ਦੇ ਜ਼ਮਾਨੇ ਵਿੱਚ ਵੀ ਹੋਏ ਹੋਣਗੇ, ਰਾਜੀਵ ਗਾਂਧੀ ਅਤੇ ਨਰਸਿਮ੍ਹਾ ਰਾਓ ਦੇ ਰਾਜ ਵਿੱਚ ਘਪਲਿਆਂ ਦੀ ਲੜੀ ਬੱਝ ਗਈ ਅਤੇ ਮਨਮੋਹਨ ਸਿੰਘ ਦੇ ਰਾਜ ਵਿੱਚ ਕਸਰ ਹੀ ਕੋਈ ਨਹੀਂ ਸੀ ਰਹਿ ਗਈ। ਇਹ ਗੱਲ ਸਾਰੇ ਦੇਸ਼ ਤੇ ਦੁਨੀਆ ਦੇ ਲੋਕ ਜਾਣਦੇ ਹਨ, ਪਰ ਇਹ ਭੇਦ ਲੋਕਾਂ ਮੂਹਰੇ ਖੋਲ੍ਹਣ ਵਾਲਿਆਂ ਦੇ ਆਪਣੇ ਰਾਜ ਵਿੱਚ ਕੀ ਹੋਇਆ, ਦੁਨੀਆ ਅਤੇ ਦੇਸ਼ ਦੇ ਲੋਕਾਂ ਨੂੰ ਜਾਂ ਪਤਾ ਨਹੀਂ ਜਾਂ ਫਿਰ ਯਾਦ ਨਹੀਂ ਰਿਹਾ। ਨਰਸਿਮ੍ਹਾ ਰਾਓ ਦੇ ਰਾਜ ਵਿੱਚ ਮਹਾਰਾਸ਼ਟਰ ਵਿੱਚ ਇੱਕ ਬਿਜਲੀ ਪ੍ਰਾਜੈਕਟ ਲਾਉਣ ਵਾਸਤੇ ਅਮਰੀਕਾ ਦੀ ਐਨਰਾਨ ਕੰਪਨੀ ਆਉਣੀ ਸੀ ਤਾਂ ਓਥੇ ਭਾਜਪਾ ਤੇ ਸ਼ਿਵ ਸੈਨਾ ਦੇ ਆਗੂਆਂ ਨੇ ਦੁਹਾਈ ਪਾ ਦਿੱਤੀ ਕਿ ਇਹ ਪ੍ਰਾਜੈਕਟ ਪਾਸ ਕਰਾਉਣ ਲਈ ਰਾਓ ਦੇ ਬੰਦਿਆਂ ਦਾ ਉਸ ਕੰਪਨੀ ਨਾਲ ਪੰਜਾਹ ਹਜ਼ਾਰ ਕਰੋੜ ਰੁਪਏ ਦੀ ਰਿਸ਼ਵਤ ਦਾ ਸੌਦਾ ਹੋਇਆ ਹੈ। ਰੌਲਾ ਬਹੁਤਾ ਵਧ ਗਿਆ ਤਾਂ ਨਰਸਿਮ੍ਹਾ ਸਰਕਾਰ ਨੇ ਪ੍ਰਾਜੈਕਟ ਦੀ ਮਨਜ਼ੂਰੀ ਰੋਕ ਲਈ। ਫਿਰ ਉਹ ਚੋਣਾਂ ਵਿੱਚ ਹਾਰ ਗਏ ਅਤੇ ਸਭ ਤੋਂ ਵੱਡੀ ਪਾਰਟੀ ਵਜੋਂ ਭਾਰਤੀ ਜਨਤਾ ਪਾਰਟੀ ਮੂਹਰੇ ਆ ਗਈ, ਪਰ ਉਸ ਕੋਲ ਲੋਕ ਸਭਾ ਵਿੱਚ ਬਹੁ-ਗਿਣਤੀ ਨਹੀਂ ਸੀ। ਸਭ ਤੋਂ ਵੱਡੀ ਪਾਰਟੀ ਵਜੋਂ ਆਪਣੇ ਹੱਕ ਦਾ ਦਾਅਵਾ ਜਤਾ ਕੇ ਉਹ ਅੱਗੇ ਆਈ ਅਤੇ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠ ਸਰਕਾਰ ਬਣਾ ਲਈ, ਜਿਹੜੀ ਸਿਰਫ ਤੇਰਾਂ ਦਿਨ ਚੱਲੀ ਅਤੇ ਭਰੋਸੇ ਦਾ ਵੋਟ ਨਾ ਜਿੱਤ ਸਕਣ ਕਾਰਨ ਉਸ ਦਾ ਭੋਗ ਪੈ ਗਿਆ ਸੀ। ਸਿਧਾਂਤਕ ਤੌਰ ਉੱਤੇ ਉਸ ਵੇਲੇ ਵਕਤੀ ਪ੍ਰਬੰਧ ਹੇਠ ਬਣੀ ਸਰਕਾਰ ਨੂੰ ਨੀਤੀਆਂ ਬਾਰੇ ਫੈਸਲੇ ਲੈਣ ਦਾ ਹੱਕ ਨਹੀਂ ਸੀ, ਪਰ ਉਸ ਸਰਕਾਰ ਨੇ ਆਪਣੇ ਤੇਰਾਂ ਦਿਨਾਂ ਵਿੱਚ ਉਸੇ ਐਨਰਾਨ ਪ੍ਰਾਜੈਕਟ ਦੀ ਪ੍ਰਵਾਨਗੀ ਦੇ ਦਿੱਤੀ, ਜਿਸ ਦੇ ਖਿਲਾਫ ਭਾਜਪਾ ਅਤੇ ਸ਼ਿਵ ਸੈਨਾ ਵਾਲੇ ਆਗੂ ਲਗਾਤਾਰ ਪੰਜਾਹ ਹਜ਼ਾਰ ਕਰੋੜ ਰੁਪਏ ਦੀ ਰਿਸ਼ਵਤਖੋਰੀ ਦਾ ਦੋਸ਼ ਲਾਉਂਦੇ ਰਹੇ ਸਨ। ਓਦੋਂ ਇਹ ਸਵਾਲ ਪੁੱਛਿਆ ਗਿਆ ਕਿ ਇਸੇ ਪ੍ਰਵਾਨਗੀ ਲਈ ਜੇ ਐਨਰਾਨ ਕੰਪਨੀ ਪਹਿਲਾਂ ਕਾਂਗਰਸੀ ਸਰਕਾਰ ਨੂੰ ਪੰਜਾਹ ਹਜ਼ਾਰ ਕਰੋੜ ਰੁਪਏ ਦੇਣ ਨੂੰ ਤਿਆਰ ਸੀ ਤਾਂ ਭਰੋਸੇ ਦੇ ਵੋਟ ਬਾਰੇ ਬੇਯਕੀਨੀ ਵਿੱਚ ਉਲਝੀ ਹੋਈ ਭਾਜਪਾ ਦੀ ਅਗਵਾਈ ਹੇਠ ਬਣੀ ਕੱਚੀ ਸਰਕਾਰ ਦੇ ਮੋਹਰੀਆਂ ਨੂੰ ਕਿੰਨਾ ਗੱਫਾ ਮਿਲਿਆ ਹੈ! ਜਦੋਂ ਵਾਜਪਾਈ ਸਰਕਾਰ ਨਾ ਰਹੀ, ਐਨਰਾਨ ਕੰਪਨੀ ਨੂੰ ਭਾਰਤ ਵਿੱਚ ਕੁਝ ਹੋਇਆ ਜਾਂ ਨਹੀਂ, ਇਹ ਸਵਾਲ ਬੇਲੋੜਾ ਬਣ ਜਾਂਦਾ ਹੈ ਅਤੇ ਓਦੋਂ ਬਹੁਤ ਵੱਡੀ ਹਕੀਕਤ ਇਹ ਹੈ ਕਿ ਉਸ ਕੰਪਨੀ ਦਾ ਭਾਂਡਾ ਉਸ ਦੇ ਆਪਣੇ ਦੇਸ਼ ਅਮਰੀਕਾ ਵਿੱਚ ਹੀ ਭੱਜ ਗਿਆ ਸੀ। ਉਸ ਦੇ ਬਾਅਦ ਉਸ ਕੰਪਨੀ ਤੇ ਉਸ ਕੰਪਨੀ ਨੂੰ ਚਲਾਉਣ ਵਾਲਿਆਂ ਨਾਲ ਓਥੇ ਕੀ ਭਾਣਾ ਵਾਪਰਦਾ ਰਿਹਾ ਸੀ, ਇਹ ਇੱਕ ਵੱਖਰਾ ਵਿਸ਼ਾ ਹੋ ਸਕਦਾ ਹੈ।

ਏਦਾਂ ਦੇ ਹਾਲਾਤ ਵਿੱਚ ਜਦੋਂ ਭਾਰਤ ਦੀ ਤਰੱਕੀ ਦੀ ਗੱਲ ਸੁਣਨ ਨੂੰ ਮਿਲਦੀ ਹੈ ਤਾਂ ਤਰੱਕੀ ਦੇ ਦਿਲੋਂ ਚਾਹਵਾਨ ਹੋਣ ਦੇ ਬਾਵਜੂਦ ਬਹੁਤ ਸਾਰੇ ਭਾਰਤੀਆਂ ਦੇ ਮਨ ਵਿੱਚ ਕਈ ਸ਼ੰਕੇ ਖੜੇ ਹੋ ਜਾਂਦੇ ਹਨ। ਸ਼ੰਕੇ ਸੁਭਾਵਕ ਵੀ ਹਨ ਤੇ ਕਿਸੇ ਵਕਤ ਅਜੋਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਅਜੋਕਾ ਅਹੁਦਾ ਸੰਭਾਲਣ ਤੋਂ ਪਹਿਲਾਂ ਏਦਾਂ ਦੇ ਸ਼ੰਕੇ ਉਠਾਏ ਸਨ। ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੀ ਸਰਕਾਰ ਦੀ ਇਸ਼ਤਿਹਾਰਬਾਜ਼ੀ ਦੀ ਹਰ ਕਿਸ਼ਤ ਵਿੱਚ ਲੋਕ ਕਹਿੰਦੇ ਸਨ ਕਿ 'ਭਾਰਤ ਕੀ ਤਰੱਕੀ ਮੇਂ ਹੱਕ ਹੈ ਮੇਰਾ' ਅਤੇ ਪ੍ਰਧਾਨ ਮੰਤਰੀ ਬਣਨ ਵਾਸਤੇ ਮੁਹਿੰਮ ਚਲਾ ਰਹੇ ਨਰਿੰਦਰ ਮੋਦੀ ਨੇ ਇਸ ਨਾਅਰੇ ਦੀ ਥਾਂ ਨਵਾਂ ਨਾਅਰਾ 'ਭਾਰਤ ਕੀ ਤਰੱਕੀ ਮੇਂ ਸ਼ੱਕ ਹੈ ਮੇਰਾ' ਪਰੋਸ ਦਿੱਤਾ ਸੀ। ਉਹ ਉਸ ਦਾ ਲੋਕਤੰਤਰੀ ਹੱਕ ਸੀ ਕਿ ਏਦਾਂ ਦਾ ਨਾਅਰਾ ਦੇਵੇ ਤੇ ਅੱਜ ਉਹੋ ਲੋਕਤੰਤਰੀ ਹੱਕ ਵਰਤ ਕੇ ਕੋਈ ਹੋਰ ਵੀ ਇਹ ਕਹਿ ਸਕਦਾ ਹੈ ਕਿ 'ਦੇਸ਼ ਦੀ ਤਰੱਕੀ ਦੇ ਅੰਕੜਿਆਂ ਵਿੱਚ ਸ਼ੱਕ ਹੈ ਮੇਰਾ।' ਭਾਰਤ ਦੇ ਆਮ ਲੋਕਾਂ ਨੂੰ ਸਮਝਣਾ ਚਾਹੀਦਾ ਹੈ ਕਿ ਕਿਸੇ ਛੋਟੇ ਸ਼ਹਿਰ ਦੇ ਕਿਸੇ ਖੂੰਜੇ ਵਿੱਚ ਬੈਠ ਕੇ ਜੁੱਤੀਆਂ ਪਾਲਸ਼ ਕਰਦੇ ਗਰੀਬ ਤੇ ਫਾਜ਼ਿਲਕਾ ਲਾਗੇ ਭਾਰਤ-ਪਾਕਿ ਸਰਹੱਦ ਨੇੜਲੀ ਕਾਲੋਨੀ ਵਿੱਚ ਵੱਸਦੇ ਅਤੇ ਦੋ ਡੰਗ ਦੀ ਰੋਟੀ ਨੂੰ ਤਰਸਦੇ ਬੰਦੇ ਦੀ 'ਆਮਦਨ' ਅਤੇ ਸਰਕਾਰਾਂ ਦੀ ਮਿਹਰ ਸਦਕਾ ਲਗਾਤਾਰ ਤਰੱਕੀਆਂ ਕਰਦੇ ਗੌਤਮ ਅਡਾਨੀ ਵਰਗਿਆਂ ਦੀ ਉਡਾਣ ਜੋੜ ਕੇ ਅੰਕੜੇ ਕੱਢਣ ਤੋਂ ਦੇਸ਼ ਤਰੱਕੀ ਕਰਦਾ ਨਜ਼ਰ ਪਵੇਗਾ, ਪਰ ਅਸਲ ਵਿੱਚ ਇਹ ਅਡਾਨੀਆਂ ਦੀ ਤਰੱਕੀ ਹੈ, ਦੇਸ਼ ਦੀ ਨਹੀਂ ਬਣਦੀ। ਦੇਸ਼ ਨੂੰ ਚੰਬੜੀਆਂ ਜੋਕਾਂ ਦੀ ਤਰੱਕੀ ਦੇ ਅੰਕੜਿਆਂ ਨਾਲ ਆਮ ਲੋਕਾਂ ਦੀ 'ਆਮਦਨ' ਜੋੜਨ ਪਿੱਛੋਂ ਏਦਾਂ ਦੀ 'ਔਸਤ' ਵਿਖਾ ਕੇ ਮਜ਼ਾਕ ਕੀਤਾ ਜਾਂਦਾ ਹੈ। ਭਾਰਤ ਦੀ ਤਰੱਕੀ ਦੇ ਇਨ੍ਹਾਂ ਅੰਕੜਿਆਂ ਨਾਲ ਸਰਕਾਰਾਂ ਆਪਣਾ ਅਕਸ ਪੇਸ਼ ਕਰ ਲੈਂਦੀਆਂ ਹਨ, ਸਰਕਾਰਾਂ ਚਲਾਉਣ ਵਾਲੇ ਆਪਣੀ ਪਿੱਠ ਠੋਕਣ ਦਾ 'ਆਪੇ ਮੈਂ ਰੱਜੀ-ਪੁੱਜੀ, ਆਪੇ ਮੇਰੇ ਬੱਚੇ ਜੀਣ' ਦਾ ਯਤਨ ਕਰ ਸਕਦੇ ਹਨ, ਦੇਸ਼ ਦੇ ਉਨ੍ਹਾਂ ਲੋਕਾਂ ਦਾ ਕੋਈ ਭਲਾ ਨਹੀਂ ਹੁੰਦਾ, ਜਿਨ੍ਹਾਂ ਨੂੰ ਪਤਾ ਹੀ ਨਹੀਂ ਕਿ ਉਹ ਕਿਸੇ ਸਰਕਾਰੀ ਅੰਕੜੇ ਵਿੱਚ ਗਿਣੇ ਜਾਂਦੇ ਹਨ। ਜਿਨ੍ਹਾਂ ਲੋਕਾਂ ਨੂੰ ਪਤਾ ਹੀ ਨਹੀਂ ਕਿ ਉਹ ਲੇਖੇ ਵਿੱਚ ਹਨ ਕਿ ਨਹੀਂ, ਉਨ੍ਹਾਂ ਦੀ ਵੱਡੀ ਗਿਣਤੀ ਨੇ ਵੋਟਾਂ ਪਾਉਣੀਆਂ ਨਹੀਂ, ਉਨ੍ਹਾਂ ਨੂੰ ਵਰਗਲਾ ਕੇ, ਭਰਮਾ ਕੇ ਜਾਂ ਪਤਿਆ ਕੇ ਭੁਗਤਾ ਲਈਆਂ ਜਾਣਗੀਆਂ। ਫਿਰ ਪੰਜ ਸਾਲ ਇਹ ਯਤਨ ਕੀਤਾ ਜਾਵੇਗਾ ਕਿ ਆਮ ਲੋਕ ਭੀੜ ਬਣਾ ਕੇ ਰੱਖੇ ਜਾਣ ਤੇ ਨਾਗਰਿਕ ਹੋਣ ਦੀ ਸਮਝ ਉਨ੍ਹਾਂ ਨੂੰ ਨਾ ਲੱਗਣ ਦਿੱਤੀ ਜਾਵੇ, ਤਾਂ ਕਿ ਭੀੜਤੰਤਰ ਦੀ ਰਿਵਾਇਤ ਚੱਲਦੀ ਰਹੇ ਤੇ ਆਮ ਲੋਕਾਂ ਦੀ 'ਆਮਦਨ' ਗਿਣ ਕੇ 'ਔਸਤ' ਪਰੋਸੀ ਜਾਂਦੀ ਰਹੇ। ਇਹ ਵੀ ਹੁੰਦਾ ਹੈ ਲੋਕਤੰਤਰ ਵਿੱਚ!

# ਸੈਣੀਆਂ ਨੇ ਬੰਨ੍ਹਿਆ ਸੀ ਪਿੰਡ : ਰੁੜਕੀ ਖਾਸ

**ਪਿੰਡ ਵਸਿਆ**

**ਵਿਜੈ ਬੰਬੇਲੀ**

ਰੁੜਕੀ ਸੈਣੀਆਂ ਅਤੇ ਰੁੜਕੀ ਖਾਸ ਇੱਕੋ ਪਿੰਡ ਦੇ ਦੋ ਨਾਂਅ ਹਨ। ਰੁੜਕੀ ਖਾਸ 'ਸਰਕਾਰੀ ਕਾਗਜ਼ਾਂ' ਵਿਚ ਅਤੇ ਰੁੜਕੀ ਸੈਣੀਆਂ 'ਲੋਕ ਜ਼ੁਬਾਂ' ਵਿਚ। ਬਹੁਤ ਸਾਰੀਆਂ ਹੋਰ ਰੁੜਕੀਆਂ ਹੋਣ ਕਾਰਨ ਅੰਗਰੇਜ਼ਾਂ ਨੇ ਇਸ ਦੇ ਨਾਂਅ ਨਾਲ 'ਖਾਸ' ਸ਼ਬਦ ਲਾ ਕੇ ਇਸ ਪਿੰਡ ਨੂੰ ਅੱਡ ਪਛਾਣ ਦਿੱਤੀ। ਇਸ ਕਰਕੇ ਵੀ ਕਿ ਦੂਸਰੀਆਂ ਦੀ ਬਜਾਏ ਇਹ ਪਿੰਡ ਬਾਗੀ-ਫਿਜ਼ਾ ਦਾ ਹੋਣ ਕਾਰਨ ਵੀ ਗੋਰਿਆਂ ਦੀ ਅੱਖ 'ਚ 'ਖਾਸਮੋ-ਖਾਸ' ਸੀ। 'ਰੁੜਕੀ ਸੈਣੀਆਂ' ਨਾਂਅ ਇਧਰਲੀ ਲੋਕ-ਧਾਰਾ ਕਾਰਨ ਵੀ ਹੈ, ਕਿਉਂਕਿ ਇੱਥੇ ਸੈਣੀਆਂ ਦੀ ਬਹੁਤਾਤ ਸੀ/ਹੈ। ਪੀੜ੍ਹੀ-ਦਰ-ਪੀੜ੍ਹੀ ਤੁਰੀ ਆਉਂਦੀ ਗਾਥਾ ਅਨੁਸਾਰ ਇਸ ਨੂੰ ਬੰਨ੍ਹਿਆ ਹੀ ਸੈਣੀਆਂ ਨੇ ਸੀ, ਉਹ ਵੀ ਇੱਕ ਉੱਚੀ ਰੋੜੀ, ਮਿੱਟੀ ਦੇ ਵੱਡ-ਅਕਾਰੀ ਢੇਰ/ਥੇਹ 'ਤੇ, ਜਿਸ ਦੁਆਲੇ ਕਦੇ ਦਰਿਆ ਸਤਲੁਜ ਦੀਆਂ ਸ਼ਾਖਾਵਾਂ ਅਠਖੇਲੀਆਂ ਕਰਦੀਆਂ ਸਨ। ਇਸੇ ਰੋੜੀ ਤੋਂ ਇਸ ਦਾ ਨਾਂਅ ਵਿਗੜਦਾ-ਸੰਵਰਦਾ ਰੁੜਕੀ ਪੈ ਗਿਆ ਅਤੇ ਮੋੜ੍ਹੀ ਸੈਣੀ ਕੁਨਬੇ ਵੱਲੋਂ ਗੱਡੀ ਹੋਣ ਕਾਰਨ ਅੱਲ 'ਸੈਣੀਆਂ' ਅਰਥਾਤ ਸੰਯੁਕਤ ਨਾਂਅ ਪੈ ਗਿਆ 'ਰੁੜਕੀ ਸੈਣੀਆਂ', ਪਰ ਕਿਉਂਕਿ ਆਲੇ-ਦੁਆਲੇ ਚਾਰ ਹੋਰ ਰੁੜਕੀਆਂ ਵਸਦੀਆਂ ਸਨ, ਚਾਂਦਪੁਰ ਰੁੜਕੀ, ਹਿਆਤਪੁਰ ਰੁੜਕੀ, ਰੁੜਕੀ ਖੁਰਦ ਅਤੇ ਰੁੜਕੀ ਮੁਗਲਾਂ, ਸੋ ਦਸਤਾਵੇਜ਼ਾਂ ਵਿੱਚ ਇਸ ਦਾ ਨਾਂਅ 'ਰੁੜਕੀ ਖਾਸ' ਸ਼ੁਮਾਰ ਕੀਤਾ ਗਿਆ।

ਇਹ ਪਿੰਡ ਗੜ੍ਹਸ਼ੰਕਰ ਤੋਂ ਤਿੰਨ ਮੀਲ ਪਰ੍ਹੇ ਉੱਤਰੀ-ਪੂਰਬੀ ਪਾਸੇ, ਅਲਾਚੌਰ ਰੇਲਵੇ ਸਟੇਸ਼ਨ ਕੋਲ, ਹੱਦ ਨਵਾਂ ਸ਼ਹਿਰ ਦੀ ਗੁੱਠ ਵਿਚ ਵਸਦਾ ਹੈ, ਜਿਸ ਨੂੰ ਦਿਲ-ਧੂਵ੍ਹੀਂ ਪ੍ਰਸਿੱਧੀ ਦੁਆਈ ਨੰਬਰਦਾਰ ਭਗਤ ਸਿੰਘ ਸੈਣੀ ਦੀ 1925 ਵਾਲੀ ਮਾਰਮਿਕ ਸ਼ਹੀਦੀ ਨੇ ਅਤੇ ਇਸ ਨਗਰ ਦੀ ਅੰਬਰੀ ਗਾਥਾ ਤੁਰੀ 'ਕੱਲੇ-ਕਾਹਰੇ ਬੱਬਰ ਅਕਾਲੀ ਸੂਰਮੇ ਰਤਨ ਸਿੰਘ ਰੱਕੜ ਦੇ 1932 'ਚ ਸਰਕਾਰੀ ਧਾੜਾਂ ਨਾਲ ਹੋਏ ਗਹਿਗੱਚ ਮੁਕਾਬਲੇ ਉਪਰੰਤ। ਇਸ ਖੈੜੇ 'ਚ ਹੋਰ ਵੀ ਦੇਸ਼ ਭਗਤ ਹੋਏ, ਪਰ ਮਿਸਤਰੀ ਗੋਂਦਾ ਸਿੰਘ ਅਤੇ ਉਸ ਦੀ ਸੰਗਰਾਮਣ ਬੀਵੀ ਪ੍ਰੀਤਮ ਕੌਰ ਦੀ ਕੁਰਬਾਨੀ ਲਾਸਾਨੀ ਹੈ, ਭਾਵੇਂ ਕਿ ਬੀਬੀ ਧਰਮ ਕੌਰ, ਸੰਤ ਕੌਰ, ਆਸ ਕੌਰ, ਕਰਮ ਕੌਰ ਆਦਿ ਦੀ ਦੇਣ ਨੂੰ ਵੀ ਨਹੀਂ ਭੁਲਾਇਆ ਜਾ ਸਕਦਾ, ਸਣੇ; ਦੇਸ਼ ਭਗਤ ਸੰਤ ਮੋਤੀ ਰਾਮ-ਮੁਣਸ਼ੀ ਰਾਮ ਅਤੇ ਗੰਗਾ ਰਾਮ ਕੈਪਟਨ ਦੇ। ਹਾਂ; ਗਿਆਨੀ ਗੁਰਚਰਨ ਸਿੰਘ ਵੈਦ ਦੀਆਂ ਘਾਲਣਾਵਾਂ ਵੀ ਬੇਅੰਤ ਹਨ ਸਮੇਤ ਇਸ ਪਿੰਡ ਦੇ ਸੈਂਕੜੇ ਤੋਂ ਵੱਧ ਹੋਰ ਪੁਰਾਤਨ ਕਰਮਯੋਗੀਆਂ ਅਤੇ ਪਿੰਡ ਦੀਆਂ ਸੁਤੰਤਰਤਾ ਸੰਗਰਾਮ ਵਿਚ ਲਾਸਾਨੀ ਸਰਗਰਮੀਆਂ ਦੇ।

ਸ਼ਾਇਦ ਪੰਜਾਬ ਦਾ ਇਹੋ ਇੱਕੋ-ਇੱਕ ਨਗਰ ਹੈ, ਜਿਹੜਾ ਪਹਿਲ-ਪਲੱਕੜਿਆਂ ਵਿੱਚ ਨਿਰੋਲ ਸੈਣੀਆਂ ਨੇ ਆਬਾਦ ਕੀਤਾ, ਮਗਰੋਂ ਸੈਣੀ ਕੁਨਬਿਆਂ ਦੇ ਕਈ ਹੋਰ ਪਿੰਡ ਉੱਗਮੇ-ਵਿਗਸੇ, ਖਾਸ ਕਰ ਦੋਆਬੇ ਵਿਚ। ਸੈਣੀ ਯਾਦਵਾਂ (ਯਾਦੂ ਵੰਸ਼) ਵਿੱਚੋਂ ਹਨ, ਜਿਸ ਦੀ 43ਵੀਂ ਵਿਚ ਸੂਰ ਨਾਂਅ ਦਾ ਧੜਵੈਲ ਯੋਧਾ ਹੋਇਆ, ਜਿਸ ਦਾ ਪੁੱਤ ਸੀ ਸੈਣੀ ਯਾਦੂ। ਸੈਣੀ ਆਪਣੇ ਬਾਪ ਵਾਂਗ ਸੂਰਮਾ ਤਾਂ ਸੀ ਹੀ, ਪਰ ਕਰਮਯੋਗੀ (ਕਰਿੰਦਾ) ਵੀ ਆਹਲਾ ਸੀ। ਦੋਵਾਂ ਪਿਓ-ਪੁੱਤਰਾਂ ਦੇ ਕਾਰਜ ਇੱਕ-ਦੂਜੇ ਦੇ ਪੂਰਕ ਹੋਣ ਕਾਰਨ ਇਹਨਾਂ ਨੂੰ ਸੂਰ-ਸੈਣੀ ਕਿਹਾ ਜਾਣ ਲੱਗਾ, ਜਿੱਥੋਂ ਸੈਣੀ ਕਬੀਲੇ ਦਾ ਉਥਾਨ ਹੋਇਆ। ਜਿਹਨਾਂ ਮਥਰਾ ਤੋਂ 50 ਮੀਲ ਪਰ੍ਹੇ, ਜਿਸ ਦੀ ਰਾਜਧਾਨੀ ਦਰਿਆ ਜਮੁਨਾ ਦੀ ਲਹਿੰਦੀ ਬਾਹੀ ਕਾਲਿਵਪੁਰਾ (ਸੁਰਪੁਰਾ) ਸੀ, ਸਥਾਪਤ ਹੋਇਆ। ਜਿਸ ਦੇ ਖੰਡਰਾਤ ਅੱਜ ਵੀ ਮਿਲਦੇ ਹਨ। ਇਹ ਗੱਲਾਂ ਮਹਾਂਭਾਰਤ ਵਾਪਰਨ ਤੋਂ ਕੁੱਝ ਪਹਿਲਾਂ ਦੀਆਂ ਹਨ। 'ਮਨੂੰ ਸਿਮਰਤੀ' ਤਾਂ ਇਹਨਾਂ ਬਾਰੇ ਬੋਲਦੀ ਹੀ ਹੈ, ਸਗੋਂ; ਇੱਕ ਗੁੰਮਨਾਮ ਆਰੀਅਨ ਨੇ ਆਪਣੇ 'ਘੁਮੱਕੜੀ ਰੋਜ਼ਨਾਮਚਾ' 'ਚ ਲਿਖਿਆ, 'ਉਦੋਂ ਯਮਨਾ ਦਰਿਆ ਦੇ ਲਾਗੇ-ਬੰਨੇ ਓਬਰਸ ਨਾਮੀ ਜਹਾਜ਼ਰਾਨੀ ਨਦੀ ਵਗਦੀ ਸੀ ਅਤੇ ਇਹ ਖਿੱਤਾ ਸੂਰ-ਸੈਣੀਆਂ ਦਾ ਮੁੱਖ ਕ੍ਰਮ-ਖੇਤਰ ਸੀ। "ਰਾਜਾ'ਸ ਅਤੇ ਘਰਾਣੇ" ਦੇ ਪ੍ਰਸਿੱਧ ਖੋਜੀ ਕਰਨਲ ਟਾਡ ਪੁਸਤਕ 'ਰਾਜਸਥਾਨ' ਵਿਚ ਲਿਖਦਾ ਹੈ, '1200 ਬੀ.ਸੀ. ਵਿਚ ਸੂਰ-ਸੈਣੀਆਂ ਦਾ ਰਾਜ, ਸੂਰ-ਪੂਰਾ, ਬ੍ਰਿਜ ਭੂਮੀ ਵਿਚ ਸੀ, ਜਿਸ ਦਾ ਘੇਰਾ ਮਥਰਾ ਦੁਆਲੇ 80 ਮੀਲ ਬਣਦਾ ਹੈ।' ਉਸ ਸਿਕੰਦਰ ਦੀਆਂ ਲਿਖਤਾਂ ਨੂੰ ਆਧਾਰ ਬਣਾ ਕੇ ਲਿਖਿਆ, 'ਇਹਨਾਂ ਦੇ ਪੁਰਖੇ ਯਾਦਵ ਸਨ, ਜਿਹਨਾਂ ਵਿੱਚੋਂ ਹੀ ਸਿਰੀ ਕ੍ਰਿਸ਼ਨ ਜੀ ਸਨ, ਜਿਹੜੇ ਬ੍ਰਿਜ ਭੂਮੀ ਦੇ ਸੁਆਮੀ ਹੋਏ।'

ਮਹਾਨ ਸਿਕੰਦਰ ਆਪਣੀਆਂ ਯਾਦਾਂ ਵਿਚ ਦਰਜ ਕਰਦਾ ਹੈ, 'ਰਾਜ ਭਾਵੇਂ ਸੈਣੀ ਕੌਮ ਦਾ ਚੰਬਲ ਵੱਲ ਸੁਣੀਂਦਾ ਹੈ, ਪ੍ਰੰਤੂ ਇਹ ਰਾਵੀ-ਸਿੰਧ ਖਿੱਤੇ 'ਚ ਵੀ ਕਿਤੇ-ਕਿਤੇ ਹਨ, ਜਿਹਨਾਂ ਦੀਆਂ ਜੰਗੀ-ਟੁਕੜੀਆਂ ਨੇ ਮੇਰਾ ਵੀਰ-ਗਤ ਮੁਕਾਬਲਾ ਕੀਤਾ।' ਜਿੱਥੇ ਮਹਾਂਭਾਰਤ ਵਿਚ ਸੂਰ-ਸੈਣੀਆਂ ਨੂੰ ਦਫਾ-ਅੱਵਲ ਲਿਖਿਆ ਗਿਆ ਹੈ, ਉੱਥੇ 'ਭਾਰਤ ਵੰਸ਼ ਦਾ ਇਤਿਹਾਸ' ਦੇ 'ਸੱਜਰਾ ਹਿੰਦੂ ਭਾਰਤ' ਵਿਚ ਵੀ ਇਹਨਾਂ ਦਾ ਜ਼ਿਕਰ 'ਆਹਲਾ ਕਰਿੰਦੇ ਖੇਤੀਹਾਰ' ਦਰਜ ਹੈ। ਜਾਤਾਂ ਅਤੇ ਕਬੀਲਿਆਂ ਬਾਰੇ ਹਵਾਲਾ ਪੁਸਤਕ 'ਏ ਗਲੋਸਰੀ ਆਫ ਟਰਾਇਬਜ਼ ਐਂਡ ਕਾਸਟਸ' ਅਨੁਸਾਰ, 'ਸੈਣੀ ਅਤੇ ਅਰਾਈਂ ਦਰਅਸਲ ਮਾਲੀ ਕੌਮ ਦੀਆਂ ਹੀ ਸ਼ਾਖਾਵਾਂ ਹਨ। ਮਾਲੀ ਦਿੱਲੀ ਅਤੇ ਮੱਧ ਭਾਰਤ ਵੱਲ ਹੀ ਰਹੇ, ਸੈਣੀ ਸ਼ਾਖ ਪੰਜਾਬ ਵੱਲ ਆ ਗਈ। ਉਹ ਸੈਣੀ ਜਿਹੜੇ ਸਥਿਤੀਆਂ-ਪ੍ਰਸਥਿਤੀਆਂ ਵੱਸ ਮੁਸਲਿਮ ਬਣੇ, ਉਹ ਅਰਾਈਂ ਕਹਾਏ, ਪਰ ਇਹਨਾਂ ਤਿੰਨਾਂ, ਮਾਲੀ-ਸੈਣੀ-ਅਰਾਈਂ ਦਾ ਮੁੱਖ ਕਿੱਤਾ ਖੇਤੀ ਹੀ ਰਿਹਾ, ਬਹੁਤੇ ਵਪਾਰ ਅਧਾਰਤ ਖੇਤੀ ਕਰਦੇ ਹਨ।' ਪੁਰਾਣੇ ਵੇਲੇ ਇਹ ਵੀ ਨਵੀਆਂ ਠਾਹਰਾਂ ਦੀ ਭਾਲ ਵਿੱਚ ਹਿਜਰਤ-ਦਰ-ਹਿਜਰਤ ਕਰਦੇ ਰਹਿੰਦੇ ਸਨ। ਕਦੇ ਇਹਨਾਂ ਹਿਜਰਤੀਆਂ ਦੇ ਇੱਕ ਪੂਰ ਨੇ ਹੀ ਵਸਾਇਆ ਸੀ, 'ਰੁੜਕੀ ਸੈਣੀਆਂ।'

ਮੋਬਾ. 94634-39075

# ਚੋਣ ਲਾਰਿਆਂ 'ਚ ਉਲਝਿਆ ਆਮ ਬੰਦਾ

**ਲੋਕਾਂ ਦੀ ਗੱਲ**

**ਹਰਜਿੰਦਰ ਸਿੰਘ ਅਟਵਾਲ (ਡਾ.)**

ਆਲਮੀ ਵਸੋਂ ਦਾ ਬਹੁਤ ਵੱਡਾ ਹਿੱਸਾ ਆਪਣੇ ਵਰਤਮਾਨ ਅਤੇ ਭਵਿੱਖ ਨੂੰ ਸੁਧਾਰਨ ਬਣਾਉਣ ਹਿੱਤ ਉਨ੍ਹਾਂ ਲੋਕਾਂ 'ਤੇ ਟੇਕ ਰੱਖਦਾ ਆ ਰਿਹਾ ਹੈ ਜੋ, ਸੱਤਾ 'ਤੇ ਕਾਬਜ਼ ਹੁੰਦੇ ਹਨ ਜਾਂ ਕਾਬਜ਼ ਹੋਣ ਦੀ ਦੌੜ ਵਿਚ ਲੱਗੇ ਹੁੰਦੇ ਹਨ। ਰਾਜਾਸ਼ਾਹੀ ਵਿਚ ਪਰਵਾਰ ਹੀ ਮੁੱਖ ਤੌਰ 'ਤੇ ਸੱਤਾ 'ਤੇ ਕਾਬਜ਼ ਰਹਿੰਦਾ ਸੀ। ਉਨ੍ਹਾਂ ਦੀਆਂ ਮਨਮਰਜ਼ੀਆਂ ਜਾਂ ਮਨਮਸਤੀਆਂ ਤੋਂ ਲੋਕ ਦੁਖੀ ਤਾਂ ਹੁੰਦੇ ਸਨ, ਪਰ ਮਜਬੂਰੀ ਦੀ ਹਾਲਤ ਵਿਚ ਚੁੱਪ ਰਹਿੰਦੇ ਸਨ, ਉਹ ਰਾਜਸ਼ਾਹੀ ਆਪਣੀ ਰਿਆਇਆ ਵਿਚਲੇ ਉਸ ਵਰਗ ਦੀਆਂ ਧਾਰਮਿਕ ਭਾਵਨਾਵਾਂ ਦਾ ਖਿਆਲ ਰੱਖਦੇ ਹੋਏ, ਉਸ ਨੂੰ ਹਥਿਆਰ ਬਣਾ ਕੇ ਲੋਕਾਂ ਦਾ ਸ਼ੋਸ਼ਣ ਵੀ ਕਰਦੇ ਸਨ, ਪਰ ਮਖੌਟਾ ਧਰਮ ਦੀ ਰਾਖੀ ਕਰਨ ਦਾ ਹੁੰਦਾ ਸੀ, ਪਰ ਲੋਕਤੰਤਰੀ ਢੰਗ ਦੇ ਰਾਜ ਵਿਚ ਰਾਜ ਕਰਨ ਵਾਲਿਆਂ ਦੇ ਸੋਸ਼ਣ ਕਰਨ ਦੇ ਤਰੀਕੇ ਬਦਲਦੇ ਰਹੇ, ਜੋ ਅਜੋਕੇ ਯੁੱਗ ਵਿਚ ਪ੍ਰਚੱਲਤ ਹਨ। ਲੋਕਾਂ ਨੂੰ ਭਵਿੱਖ ਮੁਖੀ ਲਾਰਿਆਂ ਵਿਚ ਉਲਝਾਈ ਰੱਖਣ ਦਾ ਕੰਮ ਇਹ ਆਗੂ ਅਤੇ ਉਨ੍ਹਾਂ ਦੇ ਧੜੇ ਲੰਮੇ ਅਰਸੇ ਤੋਂ ਕਰਦੇ ਆ ਰਹੇ ਹਨ।

ਭਾਰਤ ਜਦੋਂ ਅੰਗਰੇਜ਼ੀ ਸਾਮਰਾਜ ਦਾ ਗੁਲਾਮ ਸੀ ਤਾਂ ਉਦੋਂ ਆਜ਼ਾਦੀ ਦੀ ਲੜਾਈ ਲੜ ਰਹੀਆਂ ਸਾਰੀਆਂ ਧਿਰਾਂ ਵੱਲੋਂ ਇਕ ਅਜਿਹਾ ਬਿਰਤਾਂਤ ਸਿਰਜਿਆ ਜਾਂਦਾ ਸੀ, ਜਿਸ ਅਨੁਸਾਰ ਆਜ਼ਾਦੀ ਪ੍ਰਾਪਤੀ ਤੋਂ ਬਾਅਦ ਇੱਥੋਂ ਦੇ ਹਰ ਬਸ਼ਰ ਨੂੰ ਜ਼ਿੰਦਗੀ ਵਿਚ ਅੱਗੇ ਵਧਣ ਦੇ ਬਰਾਬਰ ਦੇ ਮੌਕੇ ਮਿਲ ਸਕਣਗੇ। ਇਹ ਮੌਕੇ ਸਮਾਜਿਕ, ਆਰਥਿਕ ਅਤੇ ਹੋਰ ਦੂਜੇ ਖੇਤਰਾਂ ਵਿਚ ਲੋਕਾਂ ਨੂੰ ਬਰਾਬਰ ਮਿਲਦੇ ਰਹਿਣ ਦਾ ਲਾਰਾ ਪੂਰੇ ਜ਼ੋਰ-ਸ਼ੋਰ ਨਾਲ ਲਾਇਆ ਜਾਂਦਾ ਸੀ। ਇਸ ਬਿਰਤਾਂਤ ਵਿਚ ਗੁਲਾਮ ਹੋਣ ਦੇ ਨੁਕਸਾਨ ਅਤੇ ਆਜ਼ਾਦੀ ਦੀਆਂ ਨਿਆਮਤਾਂ ਕੁਝ ਵਧਾਅ-ਚੜ੍ਹਾਅ ਕੇ ਸਿਰਜੀਆਂ ਜਾਂਦੀਆਂ ਰਹੀਆਂ, ਪਰ ਦੇਸ਼ ਆਜ਼ਾਦ ਹੋਣ ਉਪਰੰਤ ਜਦੋਂ ਉਸ ਰਾਜਨੀਤਕ ਧੜੇ ਦੀ ਕੇਂਦਰ ਵਿਚ ਅਤੇ ਲੱਗਭੱਗ ਸਾਰਿਆਂ ਹੀ ਸੂਬਿਆਂ ਵਿਚ ਸਰਕਾਰ ਬਣਦੀ ਹੈ ਤਾਂ ਉਪਰੋਕਤ ਬਿਰਤਾਂਤ ਦੀ ਜ਼ਮੀਨ ਉੱਪਰ ਵਿਹਾਰਕ ਤਸਵੀਰ ਨਜ਼ਰ ਨਹੀਂ ਆਉਂਦੀ, ਸਿੱਟੇ ਵਜੋਂ ਸਰਕਾਰ ਚਲਾ ਰਹੀ ਧਿਰ ਪ੍ਰਤੀ ਲੋਕਾਂ ਦਾ ਮੋਹ ਭੰਗ ਹੋਣਾ ਸ਼ੁਰੂ ਹੋ ਜਾਂਦਾ ਹੈ। ਭਾਰਤ ਦੇ ਧੁਰ ਦੱਖਣ ਦੇ ਸੂਬੇ ਵਿਚ ਭਾਰਤੀ ਕਮਿਊਨਿਸਟ ਪਾਰਟੀ ਚੋਣਾਂ ਵਿਚ ਜਦੋਂ ਦਿੱਲੀ ਸਰਕਾਰ ਵਾਲੀ ਧਿਰ ਨੂੰ ਹਰਾ ਦਿੰਦੀ ਹੈ ਤਾਂ ਉਸ ਵਿਚ ਲੋਕ ਸ਼ਕਤੀ ਦਾ ਉਭਾਰ ਵੀ ਨਜ਼ਰ ਆਉਂਦਾ ਹੈ ਅਤੇ ਨਵੀਂ ਤਬਦੀਲੀ ਦੀ ਆਸ ਵੀ ਬੱਝ ਜਾਂਦੀ ਹੈ, ਪਰ ਸੌੜੀ ਰਾਜਨੀਤੀ ਕਾਰਨ ਕਮਿਊਨਿਸਟ ਸਰਕਾਰ ਨੂੰ ਭੰਗ ਕਰ ਦਿੱਤਾ ਜਾਂਦਾ ਹੈ। ਉਸ ਤੋਂ ਬਾਅਦ ਸੱਤਾ ਪ੍ਰਾਪਤ ਕਰਨ ਅਤੇ ਸੱਤਾ ਵਿਚ ਟਿਕੇ ਰਹਿਣ ਲਈ ਇਹ ਅਜਿਹੀ ਚੂਹਾ ਦੌੜ ਲਗਦੀ ਹੈ ਕਿ ਸੱਤਾ ਪ੍ਰਾਪਤੀ ਅਤੇ ਪ੍ਰਾਪਤ ਸੱਤਾ ਉਪਰ ਟਿਕੇ ਰਹਿਣ ਲਈ ਸਾਰੀਆਂ ਹੀ ਰਾਜਨੀਤਕ ਪਾਰਟੀਆਂ 'ਕੁਝ ਵੀ' ਕਰਨ ਲਈ ਹਰ ਸਮੇਂ ਤਿਆਰ-ਬਰ-ਤਿਆਰ ਰਹਿੰਦੀਆਂ ਹਨ। ਜਿਹੜੀਆਂ ਖੱਬੀਆਂ ਧਿਰਾਂ ਇਸ ਦੌੜ ਵਿਚ ਸਾਫ-ਸੁਥਰੀ ਅਤੇ ਉਸਾਰੂ ਰਾਜਨੀਤੀ ਕਰਨ ਦੀ ਗੱਲ ਕਰਦੀਆਂ ਆ ਰਹੀਆਂ ਹਨ, ਉਹ ਲੱਗਭੱਗ ਇਸ ਸਮੇਂ ਹਾਸ਼ੀਏ 'ਤੇ ਬੈਠੀਆਂ ਹਨ। ਇਨ੍ਹਾਂ ਖੱਬੀਆਂ ਧਿਰਾਂ ਦਾ ਇਕ ਸਮੇਂ ਕੇਂਦਰ ਵਿਚ ਅਜਿਹਾ ਦਬਾਅ ਸਮੂਹ ਹੁੰਦਾ ਸੀ, ਜਿਸ ਸਦਕਾ ਇਹ ਸਮੇਂ-ਸਮੇਂ ਹਾਕਮੀ ਧਿਰ ਨੂੰ ਲੋਕ ਹਿਤੈਸ਼ੀ ਫੈਸਲੇ ਲੈਣ ਲਈ ਮਜਬੂਰ ਕਰਨ ਦੀ ਸਥਿਤੀ ਵਿਚ ਸਨ, ਪਰ ਇਨ੍ਹਾਂ ਦਾ ਲੋਕ ਆਧਾਰ ਹੌਲੀ-ਹੌਲੀ ਖਿਸਕਦਾ ਜਾ ਰਿਹਾ ਹੈ।

ਭਾਰਤੀ ਲੋਕਤੰਤਰ ਦੀ ਦਸ਼ਾ ਅਤੇ ਦਿਸ਼ਾ ਨਿਰਧਾਰਤ ਕਰਨ ਵਿਚ ਵਰਤਮਾਨ ਵਿਚ ਜਿਹੜੀਆਂ ਧਿਰਾਂ ਸਰਗਰਮ ਨਜ਼ਰ ਆ ਰਹੀਆਂ ਹਨ, 'ਲੋਕ' ਜਾਂ 'ਲੋਕਾਂ ਦਾ ਵਿਕਾਸ' ਉਨ੍ਹਾਂ ਦੇ ਏਜੰਡੇ 'ਤੇ ਹੀ ਨਹੀਂ ਹੈ, ਸਗੋਂ ਉਹ ਵੋਟਰਾਂ ਨੂੰ ਆਪਣੇ ਧੜੇ ਵੱਲ ਖਿੱਚਣ ਲਈ ਲਾਰਿਆਂ, ਵਾਅਦਿਆਂ, ਗਰੰਟੀਆਂ ਆਦਿ ਦੀ ਝੜੀ ਲਾ ਰਹੀਆਂ ਹਨ। ਆਮ ਬੰਦਾ ਵੋਟ ਪਾਉਣ ਲੱਗਿਆਂ ਇਨ੍ਹਾਂ ਵਿਚ ਉਲਝ ਕੇ ਰਹਿ ਗਿਆ ਹੈ। ਆਮ ਬੰਦੇ ਨੂੰ ਭੁੱਖ ਅਤੇ ਦੁੱਖ ਨੇ ਇਸ ਕਦਰ ਨਾਗ ਵਲ਼ ਪਾਇਆ ਹੋਇਆ ਹੈ ਕਿ ਆਪਣੇ ਫੌਰੀ ਲਾਭ ਵਿਚ ਉਲਝ ਕੇ ਰਹਿ ਜਾਂਦਾ ਹੈ। ਭਾਰਤੀ ਲੋਕਤੰਤਰ ਦੇ ਇਤਿਹਾਸ ਵਿਚ ਇਨ੍ਹਾਂ ਲਾਰਿਆਂ, ਵਾਅਦਿਆਂ, ਗਰੰਟੀਆਂ ਆਦਿ ਦੀ ਇਕ ਲੰਮੀ ਲੜੀ ਹੈ, ਕਦੇ ਦੇਸ਼ ਦੀ ਏਕਤਾ, ਅਖੰਡਤਾ ਦਾ ਨਾਅਰਾ, ਕਦੇ ਗਰੀਬੀ ਹਟਾਓ ਦਾ ਭਾਵੁਕ ਨਾਅਰਾ, ਕਦੇ ਐਮਰਜੈਂਸੀ ਦੇ ਵਿਰੋਧ ਵਿਚ ਇਕ ਹੋਇਆ ਦੇਸ਼ ਜੋ ਬਾਅਦ ਵਿਚ ਇਕ ਨਾਅਰਾ ਹੀ ਸਾਬਤ ਹੋਇਆ, ਕਿਉਂ ਜੋ ਦੇਸ਼ ਦੀ ਐਮਰਜੈਂਸੀ ਦਾ ਵਿਰੋਧ ਕਰਦੀਆਂ ਜਦੋਂ-ਜਦੋਂ ਸੱਤਾ ਵਿਚ ਆਈਆਂ ਪਾਰਟੀਆਂ ਥੋੜ੍ਹੇ-ਬਹੁਤ ਫਰਕ ਨਾਲ ਉਹੋ ਕੁਝ ਹੀ ਕਰਦੀਆਂ ਨਜ਼ਰ ਆਈਆਂ, ਜਿਸ ਦਾ ਪਹਿਲਾਂ ਵਿਰੋਧ ਕਰ ਚੁੱਕੀਆਂ ਸਨ। ਕਦੇ ਭ੍ਰਿਸ਼ਟਾਚਾਰ ਮੁਕਤ ਭਾਰਤ ਦਾ ਨਾਅਰਾ ਭਾਵੇਂ ਕਿਸੇ ਸਮੇਂ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਵਿਚ ਸ਼ਾਮਲ ਲੋਕ ਜਦੋਂ ਸੱਤਾ ਵਿਚ ਆਏ ਤਾਂ ਭ੍ਰਿਸ਼ਟਾਚਾਰ ਦੇ ਦੋਸ਼ ਉਨ੍ਹਾਂ 'ਤੇ ਲੱਗਦੇ ਆ ਰਹੇ ਹਨ। ਆਟਾ, ਦਾਲ ਸਕੀਮ, ਸ਼ਗਨ ਸਕੀਮ, ਮੁਫ਼ਤ ਪਾਣੀ-ਬਿਜਲੀ, ਔਰਤਾਂ ਦੀ ਆਰਥਿਕ ਮਦਦ, ਮੁਫਤ ਸਾੜ੍ਹੀਆਂ ਆਦਿ ਅਜਿਹੇ ਲਾਰੇ ਹਨ, ਜੋ ਸਾਰੇ ਦੇ ਸਾਰੇ ਪੂਰੇ ਨਹੀਂ ਹੋ ਸਕਣੇ ਹੁੰਦੇ, ਪਰ ਆਮ ਬੰਦਾ ਇਸ ਵਿਚ ਉਲਝਦਾ ਜਾਂਦਾ ਹੈ। ਸੁਤੰਤਰ ਅਤੇ ਨਿਰਪੱਖ ਮੀਡੀਆ ਨੇ ਇਸ ਦਾ ਸਹੀ ਮੁਲੰਕਣ ਕਰਕੇ ਲੋਕਾਂ ਸਾਹਮਣੇ ਲੈ ਕੇ ਆਉਣਾ ਹੁੰਦਾ, ਪਰ ਮੀਡੀਆ ਤਾਂ ਹੁਣ ਅਪਾਹਜ ਬਣਦਾ ਜਾ ਰਿਹਾ ਹੈ। ਉਂਝ ਆਮ ਬੰਦਾ ਮੁਫ਼ਤ ਦੀਆਂ ਸਹੂਲਤਾਂ ਨਹੀਂ ਚਾਹੁੰਦਾ, ਸਗੋਂ ਜੀਵਨ ਲੋੜਾਂ ਦੀ ਪੂਰਤੀ ਦੇ ਸਮਰੱਥ ਹੋਣਾ ਚਾਹੁੰਦਾ ਹੈ।

*ਮੋਬਾ. 98721-73475*

**ਜ਼ਿੰਦਗੀ ਵੱਲ ਖੁੱਲ੍ਹਦੀ ਖਿੜਕੀ**

**ਡਾ. ਸ਼ਿਆਮ ਸੁੰਦਰ ਦੀਪਤੀ**

# ਤਰਤੀਬ ਅਹਿਮ ਜਾਂ ਬੇਲਗਾਮੀ

"ਮੁਕਤਸਰ ਡਾਇਲਾਸ" ਦੇ ਸੰਯੋਜਕ, ਅਧਿਆਪਕ ਲਖਵੀਰ ਸਿੰਘ ਦੀ ਇਕ ਕਵਿਤਾ ਹੈ।

ਤਰਤੀਬ ਵਿਚ ਕੁਝ ਨਹੀਂ ਦੋਸਤ,
ਅਕਸਰ ਵਿਚਾਰ ਨੂੰ ਤਰਤੀਬ ਦਿੰਦਿਆਂ
ਮੈਥੋਂ ਮੂਲ ਗੁਆਚ ਜਾਂਦਾ ਹੈ
ਤੂੰ ਜ਼ਿੰਦਗੀ ਨੂੰ ਤਰਤੀਬ ਦੇਣ ਲਈ ਕਹਿਨਾ
ਜ਼ਿੰਦਗੀ ਕੱਦ ਤਰਤੀਬ ਵਿਚ ਆਈ ਹੈ ?
ਬੇਤਰਤੀਬਿਆਂ ਵਿਚੋਂ ਹੀ ਮੂਲ ਲੱਭਦਾ ਹੈ।

ਜਦੋਂ ਮੈਂ ਆਪਣੀ ਜ਼ਿੰਦਗੀ 'ਤੇ ਝਾਤ ਮਾਰਦਾ ਹਾਂ ਜਾਂ ਤੁਸੀਂ ਵੀ ਝਾਤੀ ਮਾਰ ਕੇ ਦੇਖੋ, ਕੀ ਸਭ ਕੁਝ ਤਰਤੀਬ ਨਾਲ ਹੋਇਆ ? ਅਬੋਹਰ ਪ੍ਰਾਇਮਰੀ ਦੀ ਪੜ੍ਹਾਈ ਕਰਨ ਕਰਕੇ, ਸੁੰਦਰ ਲਿਖਾਈ ਦੇ ਮੁਕਾਬਲੇ ਵਿਚ ਹਿੱਸਾ ਲੈਣ ਲਈ ਫਾਜ਼ਿਲਕਾ ਤੇ ਫਿਰ ਹਾਇਰ ਸੈਕੰਡਰੀ ਸਕੂਲ ਵਿਚ ਸਕਾਊਟ ਦੀ ਟ੍ਰੇਨਿੰਗ ਲਈ ਸ਼ਿਮਲਾ ਨੇੜੇ ਤਾਰਾ ਦੇਵੀ ਤੇ ਰਾਸ਼ਟਰਪਤੀ ਐਵਾਰਡ ਲੈਣ ਲਈ ਰਾਸ਼ਟਰਪਤੀ ਭਵਨ ਦਿੱਲੀ, ਉੱਚ ਪੜ੍ਹਾਈ ਐੱਮ.ਬੀ.ਬੀ.ਐੱਸ. ਲਈ ਪਟਿਆਲੇ, ਫਿਰ ਨੌਕਰੀ ਲਈ ਬੀਰੋਕੇ ਕਲਾਂ, ਬੁਢਲਾਡਾ, ਪਟਿਆਲਾ, ਫਰੀਦਕੋਟ ਤੇ ਅੰਤ ਅੰਮ੍ਰਿਤਸਰ। ਕੀ ਇਹ ਤਰਤੀਬ ਮਿੱਥੀ ਹੋਈ ਸੀ ਜਾਂ ਸਬੱਬ ਬਣਿਆ। ਇਸ ਤੋਂ ਬਾਅਦ ਵੀ ਜੇ ਨਿੱਕੀ-ਨਿੱਕੀ ਗੱਲ ਦਾ ਵੇਰਵਾ ਜਾਨਣ-ਤਲਾਸ਼ਣ ਦੀ ਕੋਸ਼ਿਸ਼ ਕਰੀਏ, ਕੀ ਉਸ ਦੀ ਤਰਤੀਬ ਬਣ ਸਕਦੀ ਹੈ ਜਾਂ ਰਵਾਇਤੀ ਤਰੀਕੇ ਨਾਲ, ਪ੍ਰਚਲਤ ਲੋਕ ਮੁਹਾਵਰੇ ਵਿਚ ਗੱਲ ਕਰਨੀ ਹੋਵੇ ਤਾਂ ਇਹ ਤਕਦੀਰ ਦੇ ਨਾਂਅ ਹੇਠ ਵਿਚਾਰੀ ਜਾਂਦੀ ਹੈ।

ਤਰਤੀਬ ਦਾ ਦੂਜਾ ਪਹਿਲੂ ਹੈ ਬੇ-ਲਗਾਮੀ। ਮਨੁੱਖ ਜ਼ਿੰਦਗੀ ਦੇ ਵਿੱਚ ਅਨੁਸ਼ਾਸਨ ਵਿਚ ਰਹਿੰਦਾ ਹੈ, ਮਤਲਬ ਕਿਸੇ ਨਾ ਕਿਸੇ ਕੰਟਰੋਲ ਵਿਚ ਜ਼ਿੰਦਗੀ ਬਤੀਤ ਕਰਦਾ ਹੈ ਤੇ ਨਾਲ ਦੀ ਨਾਲ ਇਕ ਖੁੱਲ੍ਹੀ ਜ਼ਿੰਦਗੀ, ਅਨੁਸ਼ਾਸਨ ਤੋਂ ਬਗੈਰ ਜੀਉਣ ਦਾ ਦਿਲ ਹੀ ਦਿਲ ਵਿਚ ਪ੍ਰਗਟਾਵਾ ਵੀ ਕਰਦਾ ਹੈ। ਮਾਂ-ਪਿਉ ਦੀ ਪਰਵਰਿਸ਼, ਜਿਸ ਵਿਚ ਮੇਰੇ ਨਾਲ ਸਾਰੇ ਹੀ ਕਿਸੇ ਨਾ ਕਿਸੇ ਪਰਵਰਿਸ਼ ਦੇ ਨਾਂਅ 'ਤੇ ਕੰਟਰੋਲ ਵਿਚ ਰਹਿੰਦੇ ਅਤੇ ਜਿਉਂਦੇ ਹਨ। ਸਾਰਿਆਂ ਨੂੰ ਇਹ ਮੌਕਾ ਨਹੀਂ ਮਿਲਦਾ ਕਿ ਉਹ ਆਪਣੀ ਮਨ-ਮਰਜ਼ੀ ਨਾਲ, ਬੇ-ਤਰਤੀਬ ਜਾਂ ਬੇ-ਲਗਾਮ ਹੋ ਕੇ ਜੀਅ ਸਕਣ। ਮੈਂ ਆਪਣੇ ਆਪ ਨੂੰ ਭਾਗਾਂ ਵਾਲਾ ਤਾਂ ਨਹੀਂ ਕਹਾਂਗਾ ਕਿ ਮੈਨੂੰ ਅਜਿਹਾ ਮਾਹੌਲ ਮਿਲਿਆ ਹੈ ਕਿ ਮੈਂ ਮਨ ਮਰਜ਼ੀ ਨਾਲ ਜੀਅ ਸਕਾਂ ਜਾਂ ਜੀਵਿਆ ਜਾਵੇ, ਪਰ ਇਕ ਗੱਲ ਯਕੀਨੀ ਹੈ ਕਿ ਅਨੁਸ਼ਾਸਨ-ਕਾਬੂ ਵਿਚ ਰਹਿਣਾ ਨਹੀਂ ਹੈ।

ਘਰ ਦੇ ਵਿਚ ਪਿਤਾ ਜੀ ਦੀ ਮੌਤ ਮੇਰੀ ਛੋਟੀ ਉਮਰ 'ਤੇ ਹੋਣ ਕਾਰਨ ਉਹ ਅਨੁਸ਼ਾਸਨ ਜਾਂ ਮਾਹੌਲ ਨਹੀਂ ਦੇਖਣਾ ਪਿਆ। ਮਾਂ ਦਾ ਦਬ-ਦਬਾ ਪਰਵਾਰ ਵਿਚ ਉਸ ਤਰ੍ਹਾਂ ਦਾ ਨਹੀਂ ਸੀ, ਪਰ ਮੈਂ ਆਪਣੀ ਗੱਲ ਕਰਾਂ ਤਾਂ ਮੇਰੇ ਤੋਂ ਵੱਡੇ ਤਿੰਨ ਭਰਾ ਅਤੇ ਇਕ ਭੈਣ ਹੋਣ ਦੇ ਬਾਵਜੂਦ ਕਿਸੇ ਦਾ ਕੋਈ ਰਵੱਈਆ ਡਰਾਉਣ-ਧਮਕਾਉਣ ਵਾਲਾ ਨਹੀਂ ਸੀ, ਪਰ ਇਕ ਸਮਾਜਿਕ ਤੌਰ-ਤਰੀਕੇ ਅਤੇ ਪਰਵਾਰ ਵਿਚ ਸਿਰਜੇ ਅਨੁਸ਼ਾਸਨ ਤਹਿਤ ਬੇ-ਲਗਾਮੀ ਵੀ ਨਹੀਂ ਸੀ।

ਅਨੁਸ਼ਾਸਨ ਸਮਾਜ ਵਿਚ ਹਰ ਪੱਧਰ 'ਤੇ ਮੌਜੂਦ ਹੈ, ਭਾਵੇਂ ਘਰ ਹੋਵੇ ਤੇ ਭਾਵੇਂ ਸਕੂਲ ਜਾਂ ਕਾਲਜ। ਨਾ ਚਾਹੁੰਦੇ ਹੋਏ ਵੀ ਸੁਚੇਤ-ਅਚੇਤ ਸਾਨੂੰ ਅਨੁਸ਼ਾਸਨ ਵਿਚ ਰਹਿਣਾ ਪੈਂਦਾ ਹੈ। ਇਹ ਠੀਕ ਹੈ ਕਿ ਸਮਾਜ ਵਿਚ ਅਨੁਸ਼ਾਸਨ ਵਿਚ ਰਹਿਣਾ ਪੈਂਦਾ ਹੈ। ਇਹ ਠੀਕ ਹੈ ਕਿ ਸਮਾਜ ਵਿਚ ਅਨੁਸ਼ਾਸਨ ਨਾਲ ਡਰ ਨੂੰ ਜੋੜਿਆ ਗਿਆ ਹੈ ਤੇ ਲੋਕਾਂ ਨੂੰ ਸਜ਼ਾ ਵੀ ਭੁਗਤਣੀ ਪੈਂਦੀ ਹੈ, ਕਿਉਂ ਜੋ ਸਮਾਜ ਵਿਚ ਹਰ ਪੱਧਰ 'ਤੇ ਅਨੁਸ਼ਾਸਨ ਹੈ। ਪਰਵਾਰ ਤੋਂ ਲੈ ਕੇ ਸਮਾਜ ਵਿਚ, ਧਾਰਮਿਕ ਰੀਤੀ-ਰਿਵਾਜਾਂ ਵਿਚ ਤੇ ਚਾਹੇ ਵਿਦਿਅਕ ਅਤੇ ਕੰਮ-ਕਾਜੀ ਅਦਾਰਿਆਂ ਵਿਚ। ਜੇ ਦੇਖੀਏ ਤਾਂ ਔਰਤ-ਮਰਦ ਦੇ ਸੰਬੰਧਾਂ ਨੂੰ ਲੈ ਕੇ ਵੀ ਇਕ ਅਨੁਸ਼ਾਸਨ ਦੀ ਉਮੀਦ ਕੀਤੀ ਜਾਂਦੀ ਹੈ ਤੇ ਉਸ ਨੂੰ ਵੀ ਜ਼ਰੂਰੀ ਸਮਝਿਆ ਜਾਂਦਾ ਹੈ ਤੇ ਉਸ ਦੀ ਲੋੜ ਵੀ ਹੈ। ਇਨ੍ਹਾਂ ਸੰਬੰਧਾਂ ਨੂੰ ਲੈ ਕੇ ਜਵਾਨੀ ਦੇ ਰਵੱਈਏ ਅਤੇ ਵਿਵਹਾਰ ਨੂੰ ਲੈ ਕੇ ਖਾਸ ਤੌਰ 'ਤੇ ਇਕ ਉਮਰ ਪੱਖੋਂ ਆਪਣਾ ਸਮਝ ਸਕਦੇ ਹਾਂ। ਇਹ ਠੀਕ ਹੈ ਕਿ ਇਕ ਉਮਰ 'ਤੇ ਆ ਕੇ ਵਿਅਕਤੀ ਸਿਆਣਾ ਹੋ ਜਾਂਦਾ ਹੈ ਤੇ ਅਨੁਸ਼ਾਸਨ ਵਿਚ ਰਹਿਣ ਨੂੰ ਤਰਜੀਹ ਦਿੰਦਾ ਹੈ। ਨਾ ਉਹ ਆਪ ਬੇ-ਲਗਾਮੀ ਦਾ ਜੀਵਨ ਪਸੰਦ ਕਰਦਾ ਹੈ ਤੇ ਖੁਦ ਵੀ ਜ਼ਿੰਦਗੀ ਵਿਚ ਇਕ ਤਰਤੀਬ ਬਣਾ ਕੇ ਰਹਿਣਾ ਪਸੰਦ ਕਰਦਾ ਹੈ। ਅਨੁਸ਼ਾਸਨ ਕੰਟਰੋਲ ਅਤੇ ਬੇਲਗਾਮੀ ਦਾ ਸੰਤੁਲਨ ਹੋਵੇ ਤਾਂ ਗੱਲ ਠੀਕ ਲੱਗਦੀ ਹੈ।

ਜਦੋਂ ਅਸੀਂ ਆਪਣੇ-ਆਪ ਨੂੰ ਕੁਦਰਤ ਦਾ ਹਿੱਸਾ ਮੰਨਦੇ ਹਾਂ ਤੇ ਸਹੀ ਅਰਥਾਂ ਵਿਚ ਅਸੀਂ ਕੁਦਰਤ ਦਾ ਹਿੱਸਾ ਹਾਂ ਵੀ ਤੇ ਗੌਰ ਨਾਲ ਦੇਖਣ 'ਤੇ ਮਹਿਸੂਸ ਕਰਾਂਗੇ ਕਿ ਕੁਦਰਤ ਵਿਚ ਸਭ ਤੋਂ ਵੱਧ ਅਨੁਸ਼ਾਸਨ ਹੈ। ਤੁਸੀਂ ਦਿਨ-ਰਾਤ ਅਤੇ ਮੌਸਮਾਂ ਦੇ ਪੱਖ ਤੋਂ ਕੁਦਰਤ ਦੇ ਅਨੁਸ਼ਾਸਨ ਨੂੰ ਸਮਝ ਸਕਦੇ ਹੋ ਕਿ ਕਈ ਸਾਲਾਂ ਬਾਅਦ ਜਦੋਂ ਵੀ ਸੂਰਜ ਜਾਂ ਚੰਦ੍ਰਮਾ ਨੂੰ ਗ੍ਰਹਿਣ ਲੱਗਦਾ ਹੈ ਤਾਂ ਉਸ ਕੁਦਰਤੀ ਅਨੁਸ਼ਾਸਨ ਜਾਂ ਇਕ ਤਰਤੀਬ ਦੇ ਤਹਿਤ ਵਿਗਿਆਨੀ ਉਸ ਸਮੇਂ ਨੂੰ ਮਿੰਟਾਂ ਕੀ, ਸਕਿੰਟਾਂ ਵਿਚ ਵੀ ਪਹਿਲਾਂ ਹੀ ਸਮਝਾਅ ਦਿੰਦੇ ਹਨ ਤੇ ਕੁਦਰਤ ਦਾ ਉਹ ਪਲ ਬਿਲਕੁਲ ਉਸ ਨਿਯਮ ਤਹਿਤ ਵਾਪਰਦਾ ਹੈ। ਕਹਿਣ ਤੋਂ ਭਾਵ ਹੈ ਕਿ ਕੁਦਰਤ ਦਾ ਜੋ ਨਿਯਮ ਹੈ, ਉਹ ਬਿਲਕੁਲ ਖਰਾ ਹੈ। ਜਿਸ ਤੋਂ ਮਨੁੱਖ ਨੂੰ ਇਸ ਤਰਤੀਬ ਵਿਚ ਰਹਿਣ ਦੀ ਸਿੱਖਿਆ ਲੈਣੀ ਚਾਹੀਦੀ ਹੈ।

ਮੈਂ ਜਦੋਂ ਨੌਵੀਂ ਕਲਾਸ ਵਿਚ ਚੜ੍ਹਿਆ ਤਾਂ ਮੇਰੀ ਲਿਆਕਤ, ਜੋ ਕਿ ਅੱਠਵੀਂ ਦੇ ਨੰਬਰਾਂ 'ਤੇ ਆਧਾਰਤ ਸੀ, ਸਕੂਲ ਵਾਲਿਆਂ ਨੇ ਖੁਦ ਹੀ ਮੈਨੂੰ ਵਿਗਿਆਨ ਦੀ ਪੜ੍ਹਾਈ ਵਾਲੀ ਕਲਾਸ ਵਿਚ ਦਾਖਲ ਕਰ ਲਿਆ। ਆਰਟ ਦੇ ਵਿਸ਼ੇ ਕਮਜ਼ੋਰ ਬੱਚਿਆਂ ਲਈ ਸਮਝੇ ਜਾਂਦੇ, ਜਦੋਂ ਕਿ ਮੈਂ ਸਮਝਦਾ ਹਾਂ ਕਿ ਬੰਦੇ ਨੂੰ ਲਿਆਕਤ ਸਿਖਾਉਣ ਦਾ ਕੰਮ ਜ਼ਿੰਦਗੀ ਦੀ ਕਲਾ (ਆਰਟਸ) ਕਰਦੀ ਹੈ। ਵਿਗਿਆਨ ਦੀ ਪੜ੍ਹਾਈ ਕਰਦੇ, ਜੋ ਕਿ ਸਾਰੀ ਉਮਰ ਕੀਤੀ ਹੈ, ਨੌਵੀਂ ਕਲਾਸ ਤੋਂ ਐੱਮ.ਬੀ.ਬੀ.ਐੱਸ. ਤੇ ਐੱਮ.ਡੀ. ਕਰਦਿਆਂ, ਵਿਗਿਆਨ ਨਾਲ-ਨਾਲ ਤੁਰਿਆ ਹੈ। ਭਾਵੇਂ ਕਿ ਬਹੁਤ ਲੋਕ ਵਿਗਿਆਨ ਦੀ ਪੜ੍ਹਾਈ ਕਰਕੇ ਡਾਕਟਰ, ਇੰਜੀਨੀਅਰ ਅਤੇ ਪ੍ਰੋਫੈਸਰ ਬਣਦੇ ਹਨ, ਪਰ ਜ਼ਿੰਦਗੀ ਵਿਚ ਵਿਗਿਆਨਕ ਨਜ਼ਰੀਆ ਟਾਂਵਾਂ-ਟਾਂਵਾਂ ਹੀ ਦੇਖਣ ਨੂੰ ਮਿਲਦਾ ਹੈ। ਵਿਗਿਆਨ ਨੇ ਇਕ ਚੀਜ਼ ਜੋ ਖਾਸ ਜੋੜੀ ਹੈ, ਸਾਰਿਆਂ ਨਾਲ ਹੀ ਉਹ ਜੁੜਦੀ ਹੈ, ਸਿਲੇਬਸ ਦਾ ਹਿੱਸਾ ਹੋਣ ਕਰਕੇ ਅਤੇ ਉਸ ਨੂੰ ਪੜ੍ਹਨਾ ਵੀ ਜ਼ਰੂਰੀ ਹੁੰਦਾ ਹੈ। ਕਿਉਂਕਿ ਇਮਤਿਹਾਨਾਂ ਵਿਚ ਨੰਬਰਾਂ ਦੀ ਵੁੱਕਤ ਹੁੰਦੀ ਹੈ। ਉਹ ਗਿਆਨ ਜਿਸ ਨੂੰ ਮੈਂ ਰੇਖਾਂਕਿਤ ਕਰਨਾ ਚਾਹੁੰਦਾ ਹਾਂ, ਉਹ ਹੈ ਤਰਤੀਬ। ਵਿਗਿਆਨ ਵਿਅਕਤੀ ਨੂੰ ਤਰਤੀਬ ਸਿਖਾਉਂਦਾ ਹੈ ਤੇ ਤਰਤੀਬ ਵਿਚ ਰਹਿਣ ਅਤੇ ਜੀਵਨ ਗੁਜ਼ਾਰਨ ਲਈ ਪ੍ਰੇਰਿਤ ਕਰਦਾ ਹੈ।

ਕੁਦਰਤ ਵਿਚ ਤਰਤੀਬ ਹੈ, ਜੋ ਕਿ ਮਨੁੱਖ ਨੇ ਆਪਣੇ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਲੱਭੀ ਹੈ। ਇਸ ਨੂੰ ਉਭਾਰਿਆ ਹੈ। ਤਰਤੀਬ ਤੋਂ ਜੋ ਗੱਲ ਜ਼ਿੰਦਗੀ ਨਾਲ ਜੋੜ ਕੇ ਦੇਖਣ ਦੀ ਲੋੜ ਹੈ, ਉਹ ਹੈ ਕਿ ਚੀਜ਼ਾਂ ਨੂੰ, ਵਰਤਾਰਿਆਂ ਨੂੰ ਸਮਝਣਾ ਅਸਾਨ ਹੋ ਜਾਂਦਾ ਹੈ। ਜਿਸ ਤਰ੍ਹਾਂ ਦੱਸਿਆ ਨੌਵੀਂ ਵਿਚ ਵਿਗਿਆਨ ਦਾ ਵਿਦਿਆਰਥੀ ਹੋਇਆ, ਪਰ ਸਾਧਾਰਨ ਵਿਗਿਆਨ ਦੇ ਤਹਿਤ ਦੁਨੀਆ ਵਿਚ ਵੰਡ ਪ੍ਰਣਾਲੀ ਨੂੰ ਸਮਝਣ ਲਈ, ਜੀਵ ਅਤੇ ਨਿਰਜੀਵ ਦਾ ਫ਼ਰਕ ਸਪੱਸ਼ਟ ਹੋ ਗਿਆ ਸੀ। ਨੌਵੀਂ ਵਿਚ ਵਿਗਿਆਨ ਦੇ ਸਾਰੇ ਵਿਸ਼ੇ ਜੀਵ-ਵਿਗਿਆਨ, ਬਨਸਪਤੀ ਵਿਗਿਆਨ, ਭੌਤਿਕ ਵਿਗਿਆਨ ਅਤੇ ਰਸਾਇਣਕ ਵਿਗਿਆਨ ਬਾਰੇ ਪੜ੍ਹਿਆ ਅਤੇ ਸਮਝਿਆ ਤਾਂ ਇਸ ਤਰਤੀਬ ਵਿਧੀ ਨੇ ਪੜ੍ਹਾਈ ਨੂੰ ਅਸਾਨ ਕਰ ਦਿੱਤਾ।

ਤਰਤੀਬ ਵਿਚ ਰਹਿਣਾ ਮਤਲਬ ਅਨੁਸ਼ਾਸਨ ਵਿਚ ਜਾਂ ਇੱਕ ਨਿਰਧਾਰਤ ਤੌਰ-ਤਰੀਕੇ ਨਾਲ ਰਹਿਣਾ ਵਿਗਿਆਨ ਦੀ ਦੇਣ ਹੈ। ਜੋ ਮੈਂ ਵਿਗਿਆਨ ਦੀ ਸਮਝ ਵਿਧੀਵਤ ਪੜ੍ਹਾਈ ਨਾਲ ਗ੍ਰਹਿਣ ਕੀਤੀ। ਆਰਟ ਵਿਸ਼ੇ ਜਿਵੇਂ ਮਨੋਵਿਗਿਆਨ, ਸਮਾਜ ਵਿਗਿਆਨ ਤੇ ਰਾਜਨੀਤਕ ਵਿਗਿਆਨ ਸਾਰੇ ਮਿਲ ਕੇ ਆਰਟਸ ਅਤੇ ਹਿਊਮੈਨਿਟੀ ਕਹਾਉਂਦੇ। ਹਿਊਮੈਨਿਟੀ ਦਾ ਮਤਲਬ ਵੀ ਮਨੁੱਖੀ ਗਿਆਨ ਤੋਂ ਬਣਿਆ ਹੈ, ਜਿਸ ਤਰ੍ਹਾਂ ਵਿਗਿਆਨ ਦੇ ਵਿਸ਼ਿਆਂ ਨੂੰ ਪੜ੍ਹਨ ਦੀ ਹੋੜ ਲੱਗੀ ਹੋਈ ਹੈ ਤੇ ਹੌਲੀ-ਹੌਲੀ ਮਨੁੱਖੀ ਗਿਆਨ ਪੱਖੋਂ ਵਿਅਕਤੀ ਕੋਰਾ ਹੋ ਰਿਹਾ ਹੈ ਤੇ ਸਮਾਜਿਕ ਬਣਤਰ ਤੇ ਰਿਸ਼ਤਿਆਂ ਦੇ ਵਿਚ ਸਮਝ ਪੱਖੋਂ ਗਿਰਾਵਟ ਆ ਰਹੀ ਹੈ। ਜਦੋਂ ਹਿਊਮੈਨਿਟੀ ਦੇ ਸਾਰੇ ਵਿਸ਼ੇ ਹੁਣ ਵਿਗਿਆਨ ਦੇ ਖੇਤਰ ਵਿਚ ਸਮਝੇ-ਸਮਝਾਏ ਜਾਂਦੇ ਹਨ ਤਾਂ ਮਨੁੱਖੀ ਰਿਸ਼ਤਿਆਂ ਪ੍ਰਤੀ ਵੀ ਇੱਕ ਤਰਤੀਬ ਬਿਲਕੁਲ ਸਾਫ਼-ਸਪੱਸ਼ਟ ਉਜਾਗਰ ਹੋ ਰਹੀ ਹੈ।

ਕਿਸੇ ਵੀ ਵਿਸ਼ੇ ਨੂੰ ਉੱਚ ਪੱਧਰ 'ਤੇ ਪੜ੍ਹਨ ਵੇਲੇ ਇਨ੍ਹਾਂ ਨੂੰ ਅਨੁਸ਼ਾਸਨ ਕਿਹਾ ਜਾਂਦਾ ਹੈ। ਡਿਸਿਪਲਨ, ਤੇ ਉਸ ਦੇ ਤਹਿਤ ਸਮਝਿਆ ਸਮਝਾਇਆ ਜਾਂਦਾ ਹੈ। ਡਾਕਟਰੀ ਦਾ ਵਿਸ਼ਾ ਭਾਵੇਂ ਪੂਰੀ ਤਰ੍ਹਾਂ ਵਿਗਿਆਨਕ ਹੈ, ਪਰ ਇਹ ਲਾਗੂ ਤਾਂ ਮਨੁੱਖੀ ਜ਼ਿੰਦਗੀ 'ਤੇ ਹੀ ਹੁੰਦਾ ਹੈ। ਇਸ ਲਈ ਮੈਂ ਹਮੇਸ਼ਾ ਇਹ ਮੰਨਿਆ ਹੈ ਕਿ ਮੈਡੀਕਲ ਦੀ ਪੜ੍ਹਾਈ ਵਿਗਿਆਨ ਅਤੇ ਆਰਟਸ ਦੋਹਾਂ ਦਾ ਮੇਲ ਹੈ। ਮੈਡੀਕਲ ਵਿਗਿਆਨ ਤਾਂ ਹੀ ਇਕ ਉਦਾਹਰਨ ਹੈ, ਜਦੋਂ ਅਸੀਂ ਕਿਸੇ ਬਿਮਾਰੀ ਨੂੰ ਲੱਭਣਾ ਹੁੰਦਾ ਹੈ ਤਾਂ ਉਸ ਨੂੰ ਇਕ ਤਰਤੀਬ ਤਹਿਤ ਤਲਾਸ਼ ਕਰਨ ਦੀ ਪ੍ਰਕਿਰਿਆ ਹੁੰਦੀ ਹੈ। ਮਾਹਿਰ ਕਿਸੇ ਬਿਮਾਰੀ ਦੇ ਸਹੀ ਨਤੀਜੇ 'ਤੇ ਪਹੁੰਚਣ ਲਈ ਬਿਮਾਰੀ ਦੇ ਲੱਛਣ ਪੁੱਛ ਕੇ ਇਕ ਦੋ ਸਵਾਲ ਕਰਦਾ ਹੈ ਤੇ ਫਿਰ ਇਕ-ਇਕ ਕਰਕੇ ਕਿੰਨੀਆਂ ਹੀ, ਉਹਨਾਂ ਲੱਛਣਾਂ ਨਾਲ ਮਿਲਦੀਆਂ ਬਿਮਾਰੀਆਂ ਨੂੰ ਮਨ ਹੀ ਮਨ ਵਿਚ ਉਨ੍ਹਾਂ ਨੂੰ ਖਾਰਜ ਕਰਦਾ ਜਾਂਦਾ ਹੈ ਤੇ ਕੁਝ ਜੋੜਦਾ ਜਾਂਦਾ ਹੈ। ਜਿਵੇਂ-ਜਿਵੇਂ ਸਿਖਲਾਈ ਦੌਰਾਨ ਤਰਤੀਬ ਤਹਿਤ ਉਸ ਵਿਸ਼ੇ ਦਾ ਅਨੁਸ਼ਾਸਨ ਪੜ੍ਹਿਆ-ਪੜ੍ਹਾਇਆ ਜਾਂਦਾ ਹੈ। ਤਰਤੀਬ ਦੇ ਇਸ ਤਰੀਕੇ ਨੂੰ ਨਵੇਂ ਪਰਿਪੇਖ ਵਿਚ 'ਐਲਗੋਰਿਦਮ' ਕਿਹਾ ਜਾਂਦਾ ਹੈ।

ਐਲਗੋਰਿਦਮ ਉਹ ਤਰੀਕਾ ਹੈ, ਜਿਸ ਨਾਲ ਸਮੱਸਿਆ ਸਮਝੀ ਜਾਂਦੀ ਹੈ ਤੇ ਉਹਦੇ ਆਧਾਰ 'ਤੇ ਇਲਾਜ ਦੀ ਦਿਸ਼ਾ ਵੀ ਤਹਿ ਕੀਤੀ ਜਾ ਸਕਦੀ ਹੈ। ਐਲਗੋਰਿਦਮ ਦਾ ਸਿਰਫ਼ ਵਿਗਿਆਨਕ ਹੀ ਨਹੀਂ, ਸਮਾਜਿਕ ਮਹੱਤਵ ਵੀ ਹੈ। 1988 ਵਿਚ ਜਦੋਂ ਮੈਂ ਆਪਣੀ ਨੌਕਰੀ ਦੀ ਲੋੜ ਮੁਤਾਬਿਕ ਅੰਮ੍ਰਿਤਸਰ ਵਿਚ ਆਇਆ ਤਾਂ ਉਹ ਅੱਤਵਾਦ ਦਾ ਸਮਾਂ ਸੀ। ਹਨੇਰਾ ਹੋਣ ਤੋਂ ਪਹਿਲਾਂ ਸ਼ਹਿਰ ਵਿਚ ਸੁੰਨ ਪੱਸਰ ਜਾਂਦੀ। ਕੋਈ ਟਾਂਵਾਂ-ਟਾਂਵਾਂ ਹੀ, ਮਜਬੂਰੀਵੱਸ ਸੜਕ 'ਤੇ ਤੁਰਦਾ ਹੋਇਆ ਨਜ਼ਰ ਆਉਂਦਾ।

ਮੈਨੂੰ ਉਸ ਸਮੇਂ ਦੀ ਹਾਲਤ ਬਾਰੇ ਅਤੇ ਖਾਸ ਕਰ ਅੰਮ੍ਰਿਤਸਰ, ਤਰਨ-ਤਾਰਨ ਇਲਾਕੇ ਦੇ ਮਾਹੌਲ ਬਾਰੇ ਕੁਝ ਖਾਸ ਪਤਾ ਨਹੀਂ ਸੀ। ਮੇਰੇ ਕੋਲ ਜੋ ਵੀ ਸੂਚਨਾ ਸੀ, ਉਹ ਅਖਬਾਰਾਂ ਜਾਂ ਟੀ.ਵੀ. ਤੋਂ ਆਈ ਹੁੰਦੀ। ਕਿਰਾਏ ਦੇ ਮਕਾਨ ਵਿਚ ਰਹਿੰਦੇ ਹੋਏ, ਘਰ ਦੇ ਬਾਹਰ ਨੇਮ-ਪਲੇਟ ਲਗਾਉਣ ਲਈ ਮਨ੍ਹਾ ਹੀ ਨਾ ਕੀਤਾ ਗਿਆ, ਸਗੋਂ ਡਰਾਇਆ ਗਿਆ ਕਿ ਤੁਸੀਂ ਡਾਕਟਰ ਹੋ ਤੇ ਅੱਤਵਾਦੀਆਂ ਦੇ ਘੇਰੇ ਵਿਚ ਆ ਸਕਣ ਦੀ ਸੰਭਾਵਨਾ ਹੈ, ਕੁਝ ਮਾਇਆ ਇਕੱਠੀ ਕਰਨ ਵਾਸਤੇ। ਜਦੋਂ ਮੈਂ ਆਪਣੀ ਡਿਊਟੀ 'ਤੇ ਹਾਜ਼ਰ ਹੋਇਆ, ਉਨ੍ਹੀਂ ਦਿਨੀਂ ਡਿਊਟੀ ਦਾ ਟਾਇਮ ਸ਼ਾਮੀਂ ਸਾਢੇ ਚਾਰ ਵਜੇ ਤੱਕ ਸੀ ਤੇ ਉਸ ਤੋਂ ਬਾਅਦ ਸ਼ਹਿਰ ਦੇ ਦੋ-ਚਾਰ ਜਾਣ-ਪਛਾਣ ਵਾਲੇ ਦੋਸਤਾਂ ਕੋਲ ਜਾਣ ਦਾ ਮੌਕਾ ਹੀ ਨਾ ਮਿਲਦਾ ਜਾਂ ਮਿਲਣ ਤੋਂ ਰੋਕ ਦਿੱਤਾ ਜਾਂਦਾ, ਪਰ ਇਕ ਗੱਲ ਦੇਖੀ ਕਿ ਸ਼ਹਿਰ ਦੀ ਲਾਰੈਂਸ ਰੋਡ ਬਾਕੀ ਦੁਕਾਨਾਂ ਦੇ ਮੁਕਾਬਲੇ ਦੋ-ਤਿੰਨ ਘੰਟੇ ਬਾਅਦ ਵਿਚ ਬੰਦ ਹੁੰਦੀ। ਪੋਸ਼ ਇਲਾਕਾ ਸੀ ਤੇ ਸੁਰੱਖਿਆ ਦਾ ਪ੍ਰਬੰਧ ਵੀ ਵੱਧ ਸੀ।

ਇੱਥੇ ਵਿਗਿਆਨ ਦੀ ਸਮਝ ਵਿਚ ਆਈ ਤੇ ਉਭਾਰੀ ਗਈ ਐਲਗੋਰਿਦਮ ਦੀ ਤਕਨੀਕ ਨੇ ਇਹ ਵਾਰਦਾਤ ਸਮਝਣ ਦਾ ਰਾਹ ਸੌਖਾ ਕੀਤਾ। ਮੈਂ ਗੌਰ ਨਾਲ ਸ਼ਹਿਰ ਵਿਚ ਹੁੰਦੀਆਂ ਅੱਤਵਾਦ ਦੀਆਂ ਘਟਨਾਵਾਂ ਨੂੰ ਉਸ ਤਕਨੀਕ ਦੇ ਤਹਿਤ ਸਮਝਿਆ ਤਾਂ ਸਿੱਟਾ ਨਿਕਲਿਆ ਕਿ ਦੋ ਤਰ੍ਹਾਂ ਦੀਆਂ ਵਾਰਦਾਤਾਂ ਹੋਂਦ ਵਿਚ ਆਉਂਦੀਆਂ ਹਨ। ਇਕ ਤਾਂ ਉਹ ਲੋਕ ਮਾਰੇ ਜਾਂਦੇ ਹਨ, ਜੋ ਅੱਤਵਾਦੀਆਂ ਦੇ ਨਿਸ਼ਾਨੇ 'ਤੇ ਹੁੰਦੇ ਹਨ ਤੇ ਦੂਸਰਾ ਕਿਸੇ ਵੀ ਭੀੜ-ਭੜੱਕੇ ਵਾਲੀ ਥਾਂ 'ਤੇ ਵੱਧ ਗਿਣਤੀ ਵਾਲੇ ਇਲਾਕੇ ਵਿਚ, ਅਜਿਹੀ ਵਾਰਦਾਤ ਕਰਕੇ ਸਵੇਰੇ ਅਖ਼ਬਾਰ ਵਿਚ ਸੁਰਖ਼ੀਆਂ ਬਟੋਰੀਆਂ ਜਾਂਦੀਆਂ ਹਨ।

ਇਸ ਤਰ੍ਹਾਂ ਐਲਗੋਰਿਦਮ ਨੇ, ਤਰਤੀਬ ਵਿਚ ਘਟਨਾਵਾਂ ਨੂੰ ਸਮਝਣ ਨੇ ਮੇਰੇ ਅੰਦਰਲੇ ਅੱਤਵਾਦ ਦੇ ਡਰ ਨੂੰ ਬਿਲਕੁਲ ਹੀ ਘਟਾ ਦਿੱਤਾ। ਇਹ ਤਰੀਕਾ, ਇਹ ਵਿਗਿਆਨਕ ਢੰਗ ਸਾਨੂੰ ਜ਼ਿੰਦਗੀ ਨੂੰ ਸਮਝ ਅਤੇ ਹਾਲਤਾਂ ਦਾ ਜਾਇਜ਼ਾ ਲੈਣ ਵਿਚ ਸਹਾਈ ਹੁੰਦਾ ਹੈ। ਦੂਜੇ ਪਾਸੇ ਬੇਲਗਾਮੀ ਨਾਲ ਅਸੀਂ ਆਪਣੇ ਵਿਅਕਤੀਗਤ ਕਾਰਜਾਂ ਨੂੰ ਵੀ ਸਿਰੇ ਚੜ੍ਹਾਉਣ ਤੋਂ ਵਾਂਝੇ ਰਹਿ ਜਾਂਦੇ ਹਾਂ। ਜਿਸ ਤੋਂ ਜ਼ਿੰਦਗੀ ਸੁਖਾਲੀ ਤਾਂ ਕੀ ਬਣਨੀ, ਸਗੋਂ ਉਲਝ ਜਾਂਦੀ ਹੈ, ਠੀਕ ਹੈ ਮਨੁੱਖੀ ਵਿਸ਼ੇ, ਮਨੁੱਖੀ ਰਿਸ਼ਤਿਆਂ ਨੂੰ ਸਮਝਣ ਲਈ ਸਹਾਈ ਹੁੰਦੇ ਹਨ, ਪਰ ਜੇ ਉਹਦੇ ਨਾਲ ਨਜ਼ਰੀਆ ਵਿਗਿਆਨਕ ਹੋਵੇ ਤਾਂ ਇਹ ਸਮਝ ਹੋਰ ਵਧੇਰੇ ਚੰਗੇ ਸਿੱਟੇ ਦੇ ਸਕਦੀ ਹੈ।

*ਮੋਬਾ : 98158-08506*

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * **Web** : www.nawanzamana.in


21-April-Sunday.qxd 4/20/2024 10:42 PM Page 4



# ਇਕ ਵਡਮੁੱਲੀ ਪੁਸਤਕ ਦੀ ਮੁੜ ਆਮਦ

## ਸੂਝ ਸੰਚਾਰ

(ਲੇਖ-ਸੰਗ੍ਰਹਿ)
**ਸੰਪਾ. ਜਗਜੀਤ ਸਿੰਘ ਆਨੰਦ**
**ਸਫੇ-140, ਮੁੱਲ-300 ਰੁਪਏ,**
**ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ**




**ਫੋਕਸ**



**ਚਰਚਾ ਇਕ ਪੁਸਤਕ ਦੀ**

**ਸੁਕੀਰਤ**

ਲੰਘੀ ਸਦੀ ਉਤੇ ਜਿਹੜੇ ਸਿਆਸੀ ਆਗੂ ਛਾਏ ਰਹੇ, ਉਨ੍ਹਾਂ ਵਿੱਚੋਂ ਦੋ ਨਾਂਅ ਸਹਿਜੇ ਹੀ ਸਭ ਤੋਂ ਸਿਰਕਢ ਮੰਨੇ ਜਾ ਸਕਦੇ ਹਨ : ਇਕ ਗਾਂਧੀ ਦਾ ਅਤੇ ਦੂਜਾ ਲੈਨਿਨ ਦਾ। ਸਿਰਫ਼ ਇਸ ਲਈ ਨਹੀਂ ਕਿ ਇਹਨਾਂ ਦੋਹਾਂ ਸਿਆਸਤਦਾਨ ਚਿੰਤਕਾਂ ਦਾ ਆਪੋ ਆਪਣੇ ਦੇਸ ਦੀ ਹੋਣੀ ਬਦਲਣ ਵਿਚ ਸਭ ਤੋਂ ਅਹਿਮ ਯੋਗਦਾਨ ਰਿਹਾ, ਸਗੋਂ ਇਸ ਲਈ ਵੀ ਕਿ ਉਨ੍ਹਾਂ ਦੇ ਵਿਚਾਰਾਂ ਅਤੇ ਅਗਵਾਈ ਦੀ ਛਾਪ ਉਨ੍ਹਾਂ ਦੇ ਜੀਵਨ ਕਾਲ ਤੋਂ ਕਿਤੇ ਲਮੇਰੀ, ਉਨ੍ਹਾਂ ਦੇ ਵਤਨਾਂ ਦੀਆਂ ਭੂਗੋਲਕ ਹੱਦਾਂ ਤੋਂ ਕਿਤੇ ਵਡੇਰੀ ਹੈ। ਤੁਸੀਂ ਪੂਰਬ ਦੇ ਵਾਸੀ ਹੋਵੋ ਜਾਂ ਪੱਛਮ ਦੇ, ਤੁਹਾਡੀ ਵਿਚਾਰਧਾਰਾ ਖੱਬੀ ਹੋਵੇ ਜਾਂ ਸੱਜੀ, ਕੋਈ ਵੀ ਇਸ ਗੱਲ ਤੋਂ ਇਨਕਾਰੀ ਨਹੀਂ ਹੋ ਸਕਦਾ ਕਿ ਉਨ੍ਹਾਂ ਦੇ ਵਿਚਾਰਾਂ ਦੀ ਛਾਪ, ਉਨ੍ਹਾਂ ਦੇ ਪੈਰੋਕਾਰਾਂ ਦੀ ਪਾਲ ਦੁਨੀਆ ਦੇ ਹਰ ਕੋਨੇ ਵਿਚ ਲਭਦੀ ਹੈ, ਤੇ ਨਾ ਹੀ ਇਹਨਾਂ ਦੋ ਮਹਾ-ਮਨੁੱਖਾਂ ਦੀ ਦੇਣ ਨੂੰ ਛੁਟਿਆ ਜਾਂ ਘਟਾ ਕੇ ਦੇਖਿਆ ਜਾ ਸਕਦਾ ਹੈ।

ਗਾਂਧੀ ਜੀ ਤੋਂ ਉਲਟ ਲੈਨਿਨ ਨੂੰ ਬਹੁਤ ਘੱਟ ਵਰ੍ਹੇਸ ਨਸੀਬ ਹੋਈ। ਅਪ੍ਰੈਲ 1870 ਵਿਚ ਜਨਮਿਆ ਵਲਾਦੀਮੀਰ ਇਲੀਚ ਲੈਨਿਨ 54 ਤੋਂ ਵੀ ਘੱਟ ਸਾਲਾਂ ਦੀ ਉਮਰ ਭੋਗ ਕੇ 21 ਜਨਵਰੀ 1924 ਨੂੰ ਪੂਰਾ ਹੋ ਗਿਆ। ਪਰ ਆਪਣੀ ਛੇ ਤੋਂ ਵੀ ਘੱਟ ਦਹਾਕਿਆਂ ਦੀ ਉਮਰ ਲੈਨਿਨ ਨੇ ਜੋ ਕੁਝ ਨੇਪਰੇ ਚਾੜ੍ਹਿਆ, ਉਸਨੇ ਦੁਨੀਆ ਭਰ ਦੇ ਅਗਾਂਹਵਧੂ ਅਤੇ ਆਰਥਕ ਬਰਾਬਰੀ ਅਤੇ ਸਾਂਝੀਵਾਲਤਾ ਨੂੰ ਪਰਣਾਏ ਲੋਕਾਂ ਉਤੇ ਡੂੰਘਾ ਅਸਰ ਛੱਡਿਆ। ਇਨ੍ਹਾਂ ਲੋਕਾਂ ਵਿਚ ਦੁਨੀਆ ਭਰ ਦੇ ਬੁੱਧੀਜੀਵੀ ਵੀ ਸ਼ਾਮਲ ਸਨ।

1970 ਵਿਚ, ਲੈਨਿਨ ਦੀ ਜਨਮ ਸ਼ਤਾਬਦੀ ਸਮੇਂ, ਨਵਾਂ ਜ਼ਮਾਨਾ ਅਖ਼ਬਾਰ ਦੇ ਉਸ ਵੇਲੇ ਦੇ ਸੰਪਾਦਕ, ਕਮਿਊਨਿਸਟ ਆਗੂ ਅਤੇ ਵਾਰਤਕਕਾਰ ਜਗਜੀਤ ਸਿੰਘ ਆਨੰਦ ਨੇ ਪੰਜਾਬ ਨਾਲ ਜੁੜੇ ਉਸ ਸਮੇਂ ਦੇ ਵੱਡੇ ਅਦੀਬਾਂ-ਲਿਖਾਰੀਆਂ ਨਾਲ ਸੰਪਰਕ ਕਰਕੇ ਉਨ੍ਹਾਂ ਕੋਲੋਂ ਉਚੇਚੇ ਲੇਖ ਲਿਖਵਾਏ ਸਨ। ਉਨ੍ਹਾਂ ਸਾਹਿਤਕਾਰਾਂ ਦੀਆਂ ਨਜ਼ਰਾਂ ਰਾਹੀਂ ਲੈਨਿਨ ਨੂੰ ਜੋਖ ਕੇ, ਉਨ੍ਹਾਂ ਦੇ ਆਪਣੇ ਜੀਵਨ ਉਤੇ ਉਸ ਮਹਾ - ਮਨੁੱਖ ਦੀ ਛੱਡੀ ਛਾਪ ਨੂੰ ਚੇਤੇ ਕਰਾਉਂਦੇ ਇਹ ਲੇਖ 'ਸੂਝ ਸੰਚਾਰ' ਦੇ ਨਾਂਅ ਹੇਠ ਇਕ ਪੁਸਤਕ ਰੂਪ ਵਿਚ ਪ੍ਰਕਾਸ਼ਤ ਹੋਏ ਸਨ, ਜੋ ਲੈਨਿਨ ਦੀ ਯਾਦ ਨੂੰ ਸਮਰਪਿਤ ਇਕ ਢੋਆ ਵੀ ਸਨ, ਪੰਜਾਬ ਦੇ ਉਸ ਵੇਲੇ ਦੇ ਸਾਹਿਤਕ ਮਾਹੌਲ ਦਾ ਦਸਤਾਵੇਜ਼ ਵੀ।

'ਸੂਝ ਸੰਚਾਰ' ਦੀ ਉਥਾਨਕਾ ਲਿਖਦਿਆਂ ਜਗਜੀਤ ਸਿੰਘ ਆਨੰਦ ਨੇ ਲੈਨਿਨ ਦੀ ਦੇਣ ਅਤੇ ਮਹੱਤਵ ਨੂੰ ਉਲੀਕਦਿਆਂ ਲਿਖਿਆ :

ਜੇ ਮਾਰਕਸ ਨੇ ਮਨੁੱਖ ਦੀ ਸਾਂਝੀਵਾਲਤਾ ਲਈ ਸਦੀਆਂ ਪੁਰਾਣੀ ਲੋਚ ਨੂੰ ਆਦਰਸ਼ਵਾਦੀ ਸੁਪਨਿਆਂ ਦੇ ਧੁੰਦਲਕੇ ਵਿੱਚੋਂ ਕੱਢ ਕੇ ਇੱਕ ਠੋਸ ਪਦਾਰਥਵਾਦੀ ਵਿਗਿਆਨਕ ਆਧਾਰ ਪ੍ਰਦਾਨ ਕੀਤਾ ਸੀ ਤਾਂ ਲੈਨਿਨ ਨੇ ਮਾਰਕਸ ਦੇ ਉਸ ਮਹਾਨ ਵਿਗਿਆਨਕ ਸੰਕਲਪ ਨੂੰ ਸਾਕਾਰ ਕਰ ਵਿਖਾਇਆ।ਉਸਨੇ ਸੰਸਾਰ ਵਿੱਚ ਪਹਿਲਾ ਸੋਸ਼ਲਿਸਟ ਇਨਕਲਾਬ ਸਫਲਤਾ ਸਹਿਤ ਸਿਰੇ ਚਾੜ੍ਹਿਆ ।ਉਹ ਇਨਕਲਾਬ ਹੋਰਨਾਂ ਇਨਕਲਾਬਾਂ ਨਾਲੋਂ ਇਸ ਪੱਖੋਂ ਵੱਖਰਾ ਸੀ ਕਿ ਉਹਨਾਂ ਵਿੱਚ ਹਾਕਮ ਭਾਵੇਂ ਬਦਲ ਜਾਂਦੇ ਸਨ ਪਰ ਲੁੱਟ ਚੋਂਘ ਕਿਸੇ ਨਵੇਂ ਰੂਪ ਵਿੱਚ ਜਾਰੀ ਰਹਿੰਦੀ ਸੀ।ਪਰ ਲੈਨਿਨ ਦੇ ਇਨਕਲਾਬ ਨੇ ਲੁੱਟ ਚੋਂਘ ਦੇ ਮੂਲ ਆਧਾਰ - ਜਾਇਦਾਦ ਦੀ ਨਿੱਜੀ ਮਾਲਕੀ ਨੂੰ ਹੀ ਖਤਮ ਕਰ ਦਿੱਤਾ, ਤੇ ਇਸ ਤਰ੍ਹਾਂ ਉਸਨੇ ਇਕ ਸ਼੍ਰੇਣੀ ਰਹਿਤ ਸਮਾਜ ਦੀ ਸਿਰਜਣਾ ਦੀ ਨੀਂਹ ਧਰ ਦਿੱਤੀ।

ਕਿਉਂਕਿ ਲੈਨਿਨ ਸਿਰਫ ਆਪਣੇ ਦੇਸ਼ ਦੀ ਜਾਂ ਫਿਰ ਯੂਰਪੀ ਦੇਸ਼ਾਂ ਦੀ ਮਜ਼ਦੂਰ ਜਮਾਤ ਦੀ ਬੰਦ ਖਲਾਸੀ ਲਈ ਹੀ ਨਹੀਂ ਸੀ ਲੜਿਆ, ਸਗੋਂ ਉਸ ਨੇ ਸਮੁੱਚੇ ਸੰਸਾਰ ਉਤੋਂ ਸਰਮਾਏ ਦੇ ਅੱਤਿਆਚਾਰੀ ਪ੍ਰਬੰਧ ਦੀ ਕਾਲੀ ਬੋਲੀ ਰਾਤ ਖਤਮ ਕਰਨ ਦਾ ਦਾਈਆ ਬੰਨ੍ਹਿਆ ਸੀ, ਇਸ ਲਈ ਉਹਦੀ ਸੋਚਣੀ ਤੇ ਕਰਨੀ ਦਾ ਪ੍ਰਭਾਵ ਹਰ ਬੀਤਦੇ ਦਿਨ ਨਾਲ ਚਹੁੰ ਕੂੰਟੀਂ ਪਸਰਦਾ ਤੇ ਉਸਦੀ ਕੀਰਤੀ ਦਾ ਪਸਾਰਾ ਨਿਰੰਤਰ ਵਧਦਾ ਗਿਆ ਹੈ।ਭਾਰਤ ਅਤੇ ਚੀਨ ਵਰਗੇ ਪੱਛੜੇ ਹੋਏ ਪੂਰਬੀ ਦੇਸ਼ਾਂ ਵਿੱਚ ਤਾਂ ਵਿਗਿਆਨਕ ਸੋਸ਼ਲਿਜ਼ਮ ਦੇ ਵਿਚਾਰ ਦਾਖਲ ਹੀ ਉਸ ਮਹਾਨ ਸੋਸ਼ਲਿਸਟ ਇਨਕਲਾਬ ਦੀਆਂ ਤੋਪਾਂ ਦੀ ਗੁੰਜਾਰ ਨਾਲ ਹੋਏ, ਜਿਸ ਦਾ ਨਿਰਮਾਤਾ ਲੈਨਿਨ ਸੀ ।

ਤੇ ਕਿਉਂਕਿ ਇਹਨਾਂ ਦੇਸ਼ਾਂ ਵਿੱਚ ਇਲਮ ਦੀ ਦੌਲਤ ਉਤਲੀਆਂ ਲੋਟੂ ਜਮਾਤਾਂ ਤੋਂ ਸਿਵਾ ਸਿਰਫ ਦਰਮਿਆਨੇ ਬੁੱਧੀਮਾਨ ਵਰਗ ਤੱਕ ਹੀ ਸੀਮਤ ਸੀ, ਇਸ ਲਈ ਇਹੋ ਵਰਗ ਲੈਨਿਨ ਦੇ ਵਿਚਾਰਾਂ ਨੂੰ ਉਹਨਾਂ ਬੁਨਿਆਦੀ ਜਮਾਤਾਂ ਤੱਕ ਪੁਚਾਉਣ ਦਾ ਵਸੀਲਾ ਬਣਿਆ, ਜਿਨ੍ਹਾਂ ਨੇ ਇਹਨਾਂ ਨੂੰ ਅਮਲੀ ਜਾਮਾ ਪੁਆਉਣਾ ਸੀ ।ਇਸ ਵਰਗ ਦੇ ਉਹਨਾਂ ਉੱਘੇ ਵਿਅਕਤੀਆਂ ਨੇ ਲੈਨਿਨ ਤੇ ਲੈਨਿਨਵਾਦ ਦਾ ਪ੍ਰਭਾਵ ਕਦੋਂ, ਕਿਵੇਂ ਤੇ ਕਿਸ ਹੱਦ ਤੱਕ ਕਬੂਲਿਆ, ਜਿਨ੍ਹਾਂ ਆਪਣੀ ਉਮਰ ਦਾ ਚੋਖਾ ਹਿੱਸਾ ਉਹਦੀ ਸਿੱਖਿਆ ਦੀ ਰੌਸ਼ਨੀ ਵਿੱਚ ਬਿਤਾਇਆ, ਇਹ ਜਾਣਨਾ ਭਾਰਤ ਵਿੱਚ ਲੈਨਿਨ ਦੇ ਵਿਚਾਰਾਂ ਦੇ ਪ੍ਰਵੇਸ਼ ਤੇ ਸੰਚਾਰ ਨੂੰ ਇੱਕ ਵਿਕੋਲਿਤਰੇ ਪੱਖ ਤੋਂ ਸਮਝਣ ਵਿੱਚ ਸਹਾਈ ਹੋ ਸਕਦਾ ਹੈ ।ਇਸੇ ਸੋਚ ਤੋਂ ਪ੍ਰੇਰਿਤ ਹੋ ਕੇ ਮੈਂ ਉਹਨਾਂ ਪੰਜਾਬੀਆਂ ਤੱਕ ਪਹੁੰਚ ਕਰਨ ਦਾ ਮਨ ਬਣਾਇਆ ਜਿਹੜੇ ਲੇਖਕ ਹਨ ਜਾਂ ਰਾਜਸੀ ਨੇਤਾ, ਸਿੱਖਿਆਕਾਰ ਹਨ ਜਾਂ ਕਲਾਕਾਰ, ਨਾਵਲਿਸਟ ਹਨ ਜਾਂ ਕਹਾਣੀਕਾਰ, ਵਿਅੰਗ ਲੇਖਕ ਹਨ ਜਾਂ ਪੱਤਰਕਾਰ, ਸਮਾਲੋਚਕ ਹਨ ਜਾਂ ਨਿਬੰਧਕਾਰ, ਆਪੋ ਆਪਣੇ ਖੇਤਰ ਵਿੱਚ ਉੱਘੀ ਪ੍ਰਾਪਤੀ ਦੇ ਸੁਆਮੀ ਹਨ।

ਇਸ ਪੁਸਤਕ ਦੇ ਲੇਖਕਾਂ ਦਾ ਨਾ ਕਿੱਤਾ ਇੱਕ ਹੈ, ਨਾ ਕਲਾਤਮਕ ਮਾਧਿਅਮ ਉਹਨਾਂ ਵਿੱਚ ਸਾਂਝਾਂ ਸਿਰਫ ਦੋ ਹਨ: ਇਕ ਉਹ ਪੰਜਾਬੀ ਬੁੱਧੀਮਾਨ ਹਨ; ਤੇ ਦੋ, ਉਹ ਲੈਨਿਨ ਤੋਂ ਦਿਲੋਂ ਮਨੋ ਪ੍ਰਭਾਵਿਤ ਹੋਏ ਹਨ।ਉਹ ਵੱਖ-ਵੱਖ ਪੀੜ੍ਹੀਆਂ ਦੇ ਪ੍ਰਤੀਨਿਧ ਹਨ ਅਤੇ ਵੱਖੋ ਵੱਖਰੇ ਪਿਛੋਕੜ ਅਤੇ ਅਨੁਭਵ ਦੇ ਧਾਰਨੀ।ਵਿਸ਼ੇ ਵੱਲ ਪਹੁੰਚ ਤੇ ਉਹਦੀ ਪਕੜ ਵੀ ਉਹਨਾਂ ਦੀ ਵੱਖੋ ਵੱਖਰੀ ਹੈ ਤੇ ਪੇਸ਼ਕਾਰੀ ਵੀ, ਪਰ ਤਦ ਵੀ ਉਹਨਾਂ ਦੀ ਸਮੁੱਚੀ ਦੇਣ ਵਿੱਚ ਇੱਕ ਬੁਨਿਆਦੀ ਸਮਾਨਤਾ ਹੈ : ਸਾਰੇ ਮਨੁੱਖ ਹਿਤੈਸ਼ੀ ਹਨ ਤੇ ਇੱਕ ਚੰਗੇਰਾ ਸੁਹਣੇਰਾ, ਸਾਂਝੀਵਾਲ ਸਮਾਜ ਲਿਆਉਣ ਦੇ ਇੱਛਕ ਤੇ ਵਿਸ਼ਵਾਸੀ।ਉਹਨਾਂ ਵਿੱਚੋਂ ਕੁਝਨਾ ਦੀਆਂ ਲਿਖਤਾਂ ਭਾਵੇਂ ਬਹੁਤਾ ਕਰਕੇ ਨਿੱਜੀ ਅਨੁਭਵ ਤੱਕ ਸੀਮਿਤ ਹਨ, ਕੁਝ ਹੋਰਨਾਂ ਦੀਆਂ ਆਪਣੇ ਸਮੇਂ ਦੇ ਘਟਨਾ ਪਰਵਾਹਾਂ ਉੱਤੇ ਨੇੜਿਓਂ ਝਾਤ ਵੀ ਪੁਆਉਂਦੀਆਂ ਹਨ ਅਤੇ ਇਸ ਤਰ੍ਹਾਂ ਇਤਿਹਾਸ ਦੇ ਕੁਝ ਅਨਮੋਲ ਅਣਛਪੇ ਪੱਤਰਿਆਂ ਦੀ ਘੁੰਡ ਚੁਕਾਈ ਕਰਦੀਆਂ ਹਨ ।

'ਸੂਝ ਸੰਚਾਰ' ਵਿਚ ਉਸ ਵੇਲੇ ਦੇ ਵੱਡੇ ਸਥਾਪਤ ਹਸਤਾਖਰਾਂ ਗੁਰਬਖ਼ਸ਼ ਸਿੰਘ, ਸੋਹਨ ਸਿੰਘ ਜੋਸ਼, ਰੌਸ਼ਨ ਲਾਲ ਆਹੂਜਾ, ਮੁਲਕ ਰਾਜ ਆਨੰਦ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਬਲਰਾਜ ਸਾਹਨੀ, ਜਸਵੰਤ ਸਿੰਘ ਕੰਵਲ ਤੋਂ ਲੈ ਕੇ ਨਵਤੇਜ ਸਿੰਘ, ਗੁਰਦਿਆਲ ਸਿੰਘ ਵਰਗੀ ਉਸ ਸਮੇਂ ਦੀ ਮੁਕਾਬਲਤਨ ਨੌਜਵਾਨ ਪੀੜ੍ਹੀ ਦੇ ਲੇਖ ਸ਼ਾਮਲ ਸਨ । ਅਰਜਨ ਸਿੰਘ ਗੜਗੱਜ ਭਾਵੇਂ ਉਦੋਂ ਤੱਕ ਚਿਰੋਕਣੇ ਜਾ ਚੁੱਕੇ ਸਨ, ਪੁਸਤਕ ਵਿਚ ਇਕ ਲੇਖ ਉਨ੍ਹਾਂ ਦਾ ਵੀ ਸ਼ਾਮਲ ਕੀਤਾ ਗਿਆ ਜੋ 1935 ਵਿਚ 'ਕਿਰਤੀ' ਅਖ਼ਬਾਰ ਵਿਚ ਛਪਿਆ ਸੀ, ਅਤੇ ਪੰਜਾਬੀ ਜ਼ਬਾਨ ਵਿਚ ਲੈਨਿਨ ਬਾਰੇ ਲਿਖਿਆ ਜਾਣ ਵਾਲਾ ਸ਼ਾਇਦ ਸਭ ਤੋਂ ਪਹਿਲਾ ਲੇਖ ਹੈ। ਇਸ ਲਈ ਇਸਦੀ ਆਪਣੀ ਵਿਸ਼ੇਸ਼ ਇਤਿਹਾਸਕ ਮਹੱਤਤਾ ਹੈ।

ਪੁਸਤਕ ਦੇ ਅੰਤ ਵਿਚ ਸੰਪਾਦਕ ਜਗਜੀਤ ਸਿੰਘ ਆਨੰਦ ਨੇ ਹਰ ਸ਼ਾਮਲ ਕੀਤੇ ਗਏ ਲੇਖਕ ਬਾਰੇ ਆਪਣੀ ਵਿਲੱਖਣ ਸ਼ੈਲੀ ਵਿਚ ਕੁਝ ਸ਼ਬਦ ਵੀ ਲਿਖੇ ਸਨ, ਜੋ ਸੰਖੇਪ ਹੋਣ ਦੇ ਬਾਵਜੂਦ ਉਨ੍ਹਾਂ ਵਿਚੋਂ ਹਰ ਇਕਦਾ ਬਹੁ-ਪਰਤੀ ਮੁਲਾਂਕਣ ਹਨ ਅਤੇ ਮਿਨੀ ਰੇਖਾ-ਚਿੱਤਰ ਹੋ ਨਿੱਬੜਦੇ ਹਨ। ਭਾਵੇਂ ਉਸ ਸਮੇਂ ਆਪਣੀ ਇਸ ਕੋਸ਼ਿਸ਼ ਨੂੰ ਨਿਗੂਣੀ ਕਰਾਰਦਿਆਂ ਆਪਣੇ ਵੱਲੋਂ ਜਗਜੀਤ ਸਿੰਘ ਆਨੰਦ ਨੇ ਸਿਰਫ਼ ਇਹੋ ਲਿਖਿਆ 'ਪੁਸਤਕ ਦੇ ਅੰਤ ਵਿੱਚ ਨਿਬੰਧਕਾਰਾਂ ਦੇ ਵਿਅਕਤੀਤਵ ਉੱਤੇ ਆਪਣੇ ਝਰੋਖੇ ਵਿੱਚੋਂ ਝਾਤ ਪਾਉਣ ਦਾ ਜਿਹੜਾ ਯਤਨ ਕੀਤਾ ਗਿਆ ਹੈ ਸੰਭਵ ਹੈ ਕਿ ਉਹ ਅਧੂਰਾ ਵੀ ਹੋਵੇ ਤੇ ਪ੍ਰੌੜ੍ਹ ਸਮਾਲੋਚਕਾਂ ਦੀ ਤਸੱਲੀ ਵੀ ਨਾ ਕਰਾ ਸਕੇ ।ਕਾਰਨ ਦੋ ਹਨ : ਇਕ, ਇਸਦਾ ਚਿਤਰਪੱਟ ਸੀਮਿਤ ਹੈ ਦੂਜਾ ਇਸ ਉੱਤੇ ਸੰਬੰਧਤ ਵਿਅਕਤੀਆਂ ਨਾਲ ਨਿੱਜੀ ਨੇੜਤਾ ਦੀ ਮੋਹਰ-ਛਾਪ ਉੱਘੀ ਹੈ', ਪਰ ਅੱਜ ਦੇ ਪਾਠਕ ਲਈ ਉਨ੍ਹਾਂ ਸਮਿਆਂ ਦੇ ਬੁੱਧੀਜੀਵੀਆਂ ਦਾ ਉਨ੍ਹਾਂ ਦੇ ਸਮਕਾਲੀ ਵੱਲੋਂ ਕੀਤਾ ਗਿਆ ਇਹ ਮੁਲਾਂਕਣ ਵਿਸ਼ੇਸ਼ ਮਹੱਤਵ ਰਖਦਾ ਹੈ ।

54 ਵਰ੍ਹੇ ਪਹਿਲੋਂ ਛਪੀ 'ਸੂਝ ਸੰਚਾਰ' ਹੁਣ ਪਿਛਲੇ ਕੁਝ ਦਹਾਕਿਆਂ ਤੋਂ ਉਪਲੱਬਧ ਨਹੀਂ ਸੀ। ਇਸ ਸਾਲ, ਜਨਵਰੀ 2024 ਵਿਚ, ਲੈਨਿਨ ਨੂੰ ਸਾਥੋਂ ਵਿੱਛੜਿਆਂ ਪੂਰੇ ਸੌ ਸਾਲ ਹੋ ਗਏ ਹਨ। ਇਸ ਪੁਸਤਕ ਰਾਹੀਂ ਲੈਨਿਨ ਨੂੰ ਆਪਣੀ ਨਿਗਾਹੇ ਤੱਕ ਕੇ ਸਾਡੇ ਤੀਕ ਆਪਣੇ ਪ੍ਰਭਾਵ ਅੰਕਿਤ ਕਰਨ ਵਾਲਾ ਕੋਈ ਲੇਖਕ ਵੀ ਹੁਣ ਸਾਡੇ ਵਿਚਕਾਰ ਨਹੀਂ ਰਿਹਾ। ਲੈਨਿਨ ਦੀ ਮ੍ਰਿਤੂ ਦੀ ਸ਼ਤਾਬਦੀ ਦੇ ਮੌਕੇ ਨਵਯੁਗ ਪਬਲਿਸ਼ਰਜ਼, ਦਿੱਲੀ ਨੇ ਇਸ ਵਡਮੁੱਲੀ ਅਤੇ ਇਤਿਹਾਸਕ ਮਹੱਤਵ ਵਾਲੀ ਪੁਸਤਕ ਨੂੰ ਬੜੀ ਰੀਝ ਨਾਲ ਮੁੜ ਛਾਪਿਆ ਹੈ। ਅੱਜ ਦੇ ਪੰਜਾਬੀ ਪਾਠਕ ਲਈ ਇਹ ਇਕ ਰਾਹ-ਰੁਸ਼ਨਾਊ ਸੁਗਾਤ ਹੈ ।

# ਮੱਧ ਵਰਗੀ ਕਿਸਾਨ ਦੇ ਆਰਥਿਕ ਤੇ ਸੱਭਿਆਚਾਰਕ ਸੰਕਟ ਦੀ ਬਾਤ ਪਾਉਂਦਾ ਨਾਵਲ

## ਲਾਜੋ

(ਨਾਵਲ)
**ਨਛੱਤਰ ਸਿੰਘ ਗਿੱਲ**
**ਸਫ਼ੇ : 152, ਮੁੱਲ : 300 ਰੁਪਏ**
**ਨਵਰੰਗ ਪਬਲੀਕੇਸ਼ਨਜ਼, ਸਮਾਣਾ**

**ਜਸਬੀਰ ਕਲਸੀ**

ਨਛੱਤਰ ਸਿੰਘ ਗਿੱਲ ਦੇ ਨਵੇਂ ਨਾਵਲ 'ਲਾਜੋ'-ਲਾਜ, ਸ਼ਰਮ, ਇੱਜ਼ਤ ਵੀ ਹੈ। ਲੱਜ ਪਾਣੀ ਕੱਢਣ ਦੀ ਰੱਸੀ ਵੀ ਹੈ। ਇਸ ਰੱਸੀ ਦੇ ਇਕ ਸਿਰੇ ਭਾਰਤੀ ਪੰਜਾਬ ਦਾ ਚੌਰਾਸੀ ਵਾਲਾ ਸੰਕਟ ਹੈ, ਦੂਜੇ ਸਿਰੇ ਕਾਰਪੋਰੇਟ ਦਾ ਵਿਸ਼ਵੀਕਰਨ ਹੈ। ਇਹ ਸਭ ਕੁਝ ਨਾਵਲ ਦੇ ਬਿਰਤਾਂਤ ਅੰਦਰ ਦਰਜ ਹੈ। ਜਿਵੇਂ ਪੰਜਾਬ ਸੰਕਟ ਦੇ ਦੌਰਾਨ ਫੈਲੀ ਹਿੰਸਾ ਅਤੇ ਆਤੰਕ ਦੇ ਖਤਮ ਹੋਣ ਉਪਰੰਤ ਪੱਛਮੀ ਦੇਸ਼ਾਂ ਦੀਆਂ ਵਿਕਸਤ ਸਰਮਾਏਦਾਰੀ ਸਰਕਾਰਾਂ ਅਤੇ ਅਰਥਚਾਰਿਆਂ ਉੱਤੇ ਕਾਬਜ਼ ਕੌਮਾਂਤਰੀ ਕੰਪਨੀਆਂ ਅਤੇ ਉਨ੍ਹਾਂ ਨੂੰ ਸਰਬ-ਵਿਆਪਕ ਦਰਸਾਉਣ ਵਾਲੇ ਸੰਚਾਰ ਮਾਧਿਅਮਾਂ ਦੇ ਵਿਉਂਤਕਾਰਾਂ ਦੇ ਬੋਲਬਾਲੇ ਨੇ ਉਨ੍ਹਾਂ ਨਾਲ ਸੁਰ ਮਿਲਾ ਕੇ ਚੱਲਣ ਵਾਲੀਆਂ ਤੀਜੀ ਦੁਨੀਆ ਦੀਆਂ ਹਾਕਮ ਜਮਾਤਾਂ ਦੇ ਮੁਕੰਮਲ ਸਮਰਪਣ ਨਾਲ ਵਿਸ਼ਵੀਕਰਨ ਦਾ ਆਰੰਭ ਕੀਤਾ ਸੀ, ਸੰਸਾਰ ਨੂੰ ਇਕ ਪਿੰਡ ਕਿਹਾ ਸੀ। ਇਸ ਵਿਸ਼ਵੀਕਰਨ ਦੇ ਇੱਕਵੀਂ ਸਦੀ ਦੇ ਸਾਈਬਰ ਯੁੱਗ ਅੰਦਰ ਦੂਜੇ ਦਹਾਕੇ ਦਾ ਵਿਸ਼ਵ ਪੱਧਰੀ ਯਥਾਰਥ ਭਾਰਤੀ ਪੰਜਾਬ ਦੇ ਰਾਹੀਂ ਨਾਵਲਕਾਰ ਨਛੱਤਰ ਸਿੰਘ ਗਿੱਲ ਨੇ ਮਨੋਵਿਸ਼ਲੇਸ਼ਣ ਦੀ ਵਿਧੀ ਅਤੇ ਸਰਲ, ਸਪੱਸ਼ਟ ਤੇ ਸਫਲ ਜਟਿਲ ਬਿਰਤਾਂਤ ਜ਼ਰੀਏ ਨਾਵਲ 'ਲਾਜੋ' ਅੰਦਰ ਪੇਸ਼ ਕੀਤਾ ਹੈ।

'ਲਾਜੋ' ਪੰਜਾਬ ਦੇ ਮੱਧ ਵਰਗੀ ਕਿਸਾਨ ਵਰਗ ਦੇ ਆਰਥਕ ਤੇ ਸੱਭਿਆਚਾਰਕ ਦੋਹਰੇ ਸੰਕਟ ਨੂੰ ਵੱਖ-ਵੱਖ ਪਾਤਰਾਂ ਰਾਹੀਂ ਇਕਾਈ ਰੂਪ ਸਮੱਸਿਆਵਾਂ ਜ਼ਰੀਏ ਤੇ ਉਸ ਦੇ ਬਦਲ ਕੈਨੇਡਾ ਦੀ ਥਾਂ ਆਪਣੇ ਦੇਸ਼ ਹੀ ਹੱਥੀਂ ਕਿਰਤ ਕਰਨ ਦੇ ਵਸਤੂ-ਯਥਾਰਥ ਦਾ ਬੋਧ ਕਰਵਾਉਂਦਾ ਹੈ।

'ਲਾਜੋ' ਪਾਤਰ ਪ੍ਰਧਾਨ ਨਾਮਕਰਣ ਹੈ। 'ਲਾਜੋ' ਨਾਵਲ ਦੀ ਕਹਾਣੀ ਰਾਹੀਂ ਮਨੁੱਖ ਦੀ ਸੁਤੰਤਰ ਜੀਵਨ ਚੋਣ ਦਾ ਮਸਲਾ ਸਮਾਜਕ-ਆਰਥਕ ਪ੍ਰਸੰਗ ਵਿਚ ਨਾਵਲਕਾਰ ਨੇ ਕੌਮਾਂਤਰੀ ਕੰਪਨੀਆਂ ਦੇ ਸੰਸਾਰ ਅੰਦਰ ਬਾਖ਼ੂਬੀ ਨਾਲ ਉਭਾਰਿਆ ਹੈ। ਨਾਵਲ 'ਲਾਜੋ' ਦੀ ਕਹਾਣੀ ਅਨੁਸਾਰ ਲਾਜੋ ਦੇ ਭਰਾ ਅਤੇ ਅਜਿਹੇ ਹੋਰਨਾਂ ਨੂੰ ਐਮ ਏ, ਬੀ ਐਡ ਆਦਿ ਦੀ ਉਚ ਵਿਦਿਆ ਹਾਸਲ ਕਰਨ ਦੇ ਬਾਵਜੂਦ ਬੇਰੁਜ਼ਗਾਰ ਦੀ ਜੂਨ ਹੰਢਾਉਂਦਿਆਂ ਪਰ ਹੱਕ ਮੰਗਦਿਆਂ ਸਰਕਾਰ ਦੀਆਂ ਡਾਂਗਾਂ ਨਾਲ ਲੱਤਾਂ ਤੁੜਵਾਉਣੀਆਂ ਤੇ ਸਿਰ ਪੜਵਾਉਣੇ ਪੈ ਰਹੇ ਹਨ। ਨਾਵਲਕਾਰ ਨੇ ਦ੍ਰਿਸ਼ ਤੇ ਘਟਨਾ ਨੂੰ ਇਉਂ ਚਿਤਰਿਆ, 'ਪੁਲਸ ਨੇ ਅੰਨ੍ਹੇਵਾਹ ਲਾਠੀਚਾਰਜ ਕੀਤਾ। ਕੁੜੀਆਂ ਤੇ ਔਰਤਾਂ ਨੂੰ ਵਾਲਾਂ ਤੋਂ ਫੜ ਘੜੀਸਿਆ ਗਿਆ।...ਹੌਲਦਾਰ ਨੇ ਬਿੰਦਰ ਦੇ ਸਿਰ ਵਿਚ ਡਾਂਗ ਮਾਰੀ। ਉਸ ਦੇ ਸਿਰ ਵਿਚੋਂ ਖ਼ੂਨ ਦੀਆਂ ਤਤੀਰੀਆਂ ਨਿਕਲਣ ਲੱਗੀਆਂ।'

ਲਾਜੋ ਅਤੇ ਉਸ ਦੀ ਸਹੇਲੀ ਹਰਮਨ ਆਈਲੈਟਸ ਦੀ ਯੋਗਤਾ ਪ੍ਰਾਪਤ ਕਰ ਕੈਨੇਡਾ ਦਾਖਲ ਹੋਣਾ ਚਾਹੁੰਦੀਆਂ ਹਨ, ਜਦੋਂ ਕਿ ਲਾਜੋ ਦਾ ਭਰਾ ਬਿੰਦਰ ਆਪਣੇ ਬਾਪੂ ਨਾਲ ਹੀ ਖੇਤੀ ਦਾ ਕੰਮ ਕਰਨ ਲੱਗ ਗਿਆ ਸੀ। ਉਸ ਨੇ ਆਪਣੇ ਬਾਪੂ ਨੂੰ ਆਖ-ਵੇਖ ਕੇ ਟਰੈਕਟਰਾਂ ਦੀ ਮੰਡੀ 'ਚੋਂ ਅੱਧੋ-ਰਾਣਾ ਟਰੈਕਟਰ ਲੈ ਲਿਆ ਸੀ। ਚਾਰ ਕਿੱਲੇ ਮਾਮਲੇ ਉੱਤੇ ਲੈ ਲਏ ਸਨ। ਉਸ ਦਾ ਵਿਆਹ ਵੀ ਹੋ ਗਿਆ ਸੀ।

ਨਾਵਲਕਾਰ ਨੇ ਪਾਤਰਾਂ ਰਾਹੀਂ ਕੈਨੇਡਾ ਦੇ ਚੰਗੇ ਅਤੇ ਮਾੜੇ ਪੱਖਾਂ ਉੱਤੇ ਵੇਰਵਿਆਂ ਨਾਲ ਜਾਣਕਾਰੀ ਦਿੱਤੀ ਹੈ। ਇਸ ਸਭ ਕੁਝ ਵਿਚੋਂ ਲਾਜੋ ਨੇ ਸਿੱਖਿਆ ਲੈ ਕੇ ਆਈਲੈਟਸ ਦਾ ਕੋਰਸ ਛੱਡ ਦਿੱਤਾ ਤਾਂ ਉਸ ਦੀ ਸਹੇਲੀ ਹਰਮਨ, ਜੋ ਅਮੀਰ ਮਾਪਿਆਂ ਦੀ ਧੀ ਹੈ, ਵੀ ਕੋਰਸ ਛੱਡ ਜਾਂਦੀ ਹੈ। ਇੰਝ ਨਾਵਲ ਦੀ ਕਹਾਣੀ ਕੂਹਣੀ ਮੋੜ ਵਲਦਾਰ ਸੜਕ ਵਾਲਾ ਰੌਚਿਕ ਤੇ ਉਤਸੁਕਤਾ ਭਰਪੂਰ ਸਫਰ ਚਲਦੀ ਹੈ। ਇਸ ਸੜਕ ਰਾਹੀਂ ਲਾਜੋ ਅਤੇ ਹਰਮਨ ਦੇ ਵੱਖਰੇ-ਵੱਖਰੇ ਰਾਹ ਵੀ ਮਨੁੱਖੀ ਜੀਵਨ ਦੀ ਗਤੀਵਿਧੀ ਤੇ ਗਤੀਸ਼ੀਲਤਾ ਨੂੰ ਮਹਿਸੂਸ ਕਰਵਾਉਂਦੇ ਪੇਸ਼ ਕੀਤੇ ਗਏ ਹਨ। ਹਰਮਨ ਨੇ ਯੂਨੀਵਰਸਿਟੀ ਦਾਖਲਾ ਲੈ ਲਿਆ ਸੀ। ਲਾਜੋ ਨੇ ਆਪਣੇ ਭਰਾ-ਭਾਬੀ ਦੇ ਨਾਲ ਘਰ ਦੀ ਖੇਤੀਬਾੜੀ ਵਿਚ ਸ਼ਮੂਲੀਅਤ ਕਰ ਲਈ ਸੀ। ਇੱਥੇ ਪਾਠਕ ਇਹਨਾਂ ਦੋਵਾਂ ਕਹਾਣੀਆਂ ਦਾ ਅੰਤ ਜਾਣਨ ਲਈ ਉਤਸੁਕ ਹੁੰਦਾ ਹੈ।




ਹਰਮਨ ਦੀ ਅਮੀਰ ਮੁੰਡੇ ਨਾਲ ਦੋਸਤੀ ਹੁੰਦੀ ਹੈ, ਪਰ ਮਾਪਿਆਂ ਦੇ ਵਖਰੇਵੇਂ ਕਾਰਨ ਦੁਖਾਂਤਕ ਅੰਤ ਵਾਲੀ ਹੋ ਨਿਬੜਦੀ ਹੈ, ਜਿਸ ਰਾਹੀਂ ਨਾਵਲਕਾਰ ਨੇ ਕੁਦਰਤੀ ਪਿਆਰ ਦੀ ਪ੍ਰਵਿਰਤੀ ਅਤੇ ਮਨੁੱਖੀ ਸਮਾਜ ਦੀ ਪ੍ਰਵਿਰਤੀ ਦਾ ਅੰਤਰ ਨਿਖੇੜਾ ਇਕ ਦਲੀਲ ਨਾਲ ਬਾਕਮਾਲ ਪੇਸ਼ ਕੀਤਾ ਹੈ, 'ਮੈਂ ਉਸ ਦੇ ਪਿੰਡ ਜਾ ਕੇ ਵੀ ਉਸ ਦੇ ਡੈਡੀ ਤੇ ਉਸ ਦੇ ਖਾਨਦਾਨ ਬਾਰੇ ਸਭ ਕੁਝ ਪਤਾ ਕਰ ਆਇਆ ਹਾਂ। ਉਸ ਕੁੜੀ ਦੇ ਮਾਪੇ ਤੇ ਘਰ ਸਾਡੇ ਪਾ-ਪਾਸਿਕ ਵੀ ਨਹੀਂ।'

ਹਰਮਨ ਦਾ ਪਿਉ ਜਾਲ੍ਹਸਾਜ਼, ਠੱਗ ਤੇ ਨਜਾਇਜ਼ ਆਦਿ ਕਾਰਨਾਮਿਆਂ ਵਾਲਾ ਪੁਲਸੀਆ ਹੈ। ਇਸ ਤਰ੍ਹਾਂ ਸਮਾਜਕ ਰਿਸ਼ਤਿਆਂ ਅਤੇ ਕੁਦਰਤੀ ਰਿਸ਼ਤਿਆਂ ਨੂੰ ਸਮਝਣ ਲਈ ਚੰਗਾ ਸੰਵਾਦ ਹੈ, ਜਦੋਂ ਕਿ ਮਾਪਿਆਂ ਦੇ ਸਿਰ ਮੌਜਾਂ ਮਾਣਦੇ ਨਾਸਮਝ ਮੁੰਡੇ ਵੱਲੋਂ ਪਿਓ ਦੇ ਰਿਵਾਲਵਰ ਨਾਲ ਆਤਮ-ਹੱਤਿਆ ਕਰ ਲਈ ਜਾਂਦੀ ਹੈ। ਇਸ ਦੁਰਘਟਨਾ ਦੀ ਜਾਣਕਾਰੀ ਉਪਰੰਤ ਹਰਮਨ ਵੱਲੋਂ ਵੀ ਯੂਨੀਵਰਸਿਟੀ ਨੇੜਲੀ ਝੀਲ ਵਿਚ ਛਾਲ ਮਾਰ ਸਭ ਤੋਂ ਉੱਤਮ ਮਨੁੱਖੀ ਜੀਵਨ ਦੀ ਸਮਾਪਤੀ ਕਰ ਦਿੱਤੀ ਗਈ। ਨਾਵਲਕਾਰ ਇਹਨਾਂ ਵਰਤਾਰਿਆਂ ਜ਼ਰੀਏ ਨੈਗੇਟਿਵ ਜੀਵਨ ਸ਼ੈਲੀ ਦੇ ਅੰਤ ਨੂੰ ਪੇਸ਼ ਕਰ ਕੇ ਪਾਜ਼ੇਟਿਵ ਦੇ ਪੱਖ ਵਿਚ ਵਿਚਾਰਧਾਰਕ ਪ੍ਰਤੀਨਿਧਤਾ ਵਜੋਂ ਖੜੋਤਾ ਨਜ਼ਰ ਆਉਂਦਾ ਹੈ। ਇਸ ਪੱਖ ਦਾ ਦੂਜਾ ਪਾਸਾਰ ਲਾਜੋ ਰਾਹੀਂ ਪੇਸ਼ ਕੀਤਾ ਗਿਆ ਹੈ।

ਹਰਮਨ ਦੇ ਆਤਮਘਾਤ ਕਰਨ ਦੀ ਖਬਰ ਸ਼ਾਮ ਨੂੰ ਜਦ ਲਾਜੋ ਖੇਤੋਂ ਘਰ ਆਈ ਤਾਂ ਉਸ ਦੇ ਕੰਨੀਂ ਵੀ ਪੈ ਗਈ। ਉਹ ਤਿੰਨ-ਚਾਰ ਦਿਨ ਬਹੁਤ ਉਦਾਸ ਰਹੀ। ਲਾਜੋ ਆਪਣੀ ਭਾਬੀ ਨੂੰ ਕਹਿੰਦੀ ਹੈ, 'ਭਾਬੀ ਉਹਦਾ ਕਾਹਦਾ ਕਸੂਰ ਹੈ। ਪਿਆਰ ਕਰਨਾ ਕਸੂਰ ਹੈ ? ' 'ਬੀਬੀਏ ਭੈਣੇ, ਪਿਆਰ ਕਰਨਾ ਕਸੂਰ ਨਹੀਂ, ਕਸੂਰ ਤੇਰੀ ਸਹੇਲੀ ਦਾ ਇਹ ਹੈ ਕਿ ਉਸ ਨੇ ਆਪਣੇ ਘਰ ਤੋਂ ਵੱਡੇ ਘਰ ਦੇ ਮੁੰਡੇ ਨਾਲ ਪਿਆਰ ਪਾ ਲਿਆ। ਪਿਆਰ ਵੀ ਆਪਣੇ ਬਰਾਬਰ ਦੇ ਨਾਲ ਪੁਗਦੇ ਹਨ।'

ਲਾਜੋ ਦੀ ਸਿਆਣੀ ਭਾਬੀ, ਜਿਹੜੀ ਆਪਣੇ ਘਰ ਵਾਲੇ ਨਾਲ ਖੇਤੀ ਵਿਚ ਹੱਥੀਂ ਕਿਰਤ ਕਰਦੀ ਹੈ, ਉਹ ਆਪਣੀ ਕੈਨੇਡਾ ਰਹਿੰਦੀ ਸਹੇਲੀ ਦੇ ਭਰਾ ਨਾਲ ਲਾਜੋ ਦਾ ਵਿਆਹ ਕਰਵਾ ਕੇ ਕੈਨੇਡਾ ਭੇਜਣਾ ਚਾਹੁੰਦੀ ਹੈ, ਪਰ ਲਾਜੋ ਦੀਆਂ ਸਕੂਲ-ਕਾਲਜ ਦੀਆਂ ਕਿਤਾਬਾਂ ਤੋਂ ਇਲਾਵਾ ਅਖਬਾਰ ਤੇ ਹੋਰ ਪੁਸਤਕਾਂ ਪੜ੍ਹਨ ਜ਼ਰੀਏ ਹਾਸਲ ਕੀਤੇ ਗਿਆਨ ਦੇ ਆਧਾਰ ਉੱਤੇ ਦਿੱਤਾ ਉੱਤਰ ਨਾਵਲ ਦਾ ਵਿਸ਼ੇਸ਼ ਇਨਕਲਾਬੀ ਆਦਰਸ਼ਵਾਦੀ ਕੇਂਦਰ ਬਿੰਦੂ ਹੈ।

ਨਾਵਲ ਦੇ ਆਖਰੀ ਕਾਂਡ ਅੰਦਰ ਲਾਜੋ ਦਾ ਸਵੈ-ਚਿੰਤਨੀ ਮਨੋਵਿਸ਼ਲੇਸ਼ਣ ਬਾਕਮਾਲ ਦੀ ਸਵੈ-ਸੰਵਾਦ ਜੁਗਤ ਜ਼ਰੀਏ ਪ੍ਰਗਟ ਕੀਤਾ ਗਿਆ ਹੈ। ਨਾਵਲ ਦੀ ਕਹਾਣੀ ਦੀਆਂ ਅਨੇਕਾਂ ਪਰਤਾਂ 'ਚੋਂ ਬਹੁਤੀਆਂ ਇਸ ਆਖਰੀ ਕਾਂਡ ਅੰਦਰ ਸ਼ਾਮਲ ਹਨ।

ਅੰਤ ਇਹ ਹੋਇਆ ਕਿ ਲਾਜੋ ਨੇ ਆਪਣੀ ਭਾਬੀ ਦੀ ਸਹੇਲੀ ਦੇ ਭਰਾ ਨਾਲ ਵਿਆਹ ਕਰਵਾਉਣ ਦਾ ਫੈਸਲਾ ਇੰਝ ਕਰ ਲਿਆ ਸੀ। 'ਤੁਸੀਂ ਮੇਰੇ ਵੀਰ ਤੇ ਭਾਬੀ ਦਾ ਫਾਰਮ ਤਾਂ ਵੇਖਿਆ ਹੈ, ਕਈ ਵਾਰ ਉੱਥੇ ਆਏ ਹੋ। ਮੇਰੇ ਵੀਰ ਤੇ ਭਾਬੀ ਨੇ ਪੰਜ ਕਿੱਲਿਆਂ ਤੋਂ ਕਿੰਨਾ ਕੁੱਛ ਬਣਾ ਲਿਆ। ਗਰੀਨ ਹਾਊਸ ਬਣਾ ਲਿਆ। ਆਪਣੀ ਮੰਡੀ ਉਸਾਰ ਲਈ ਹੈ। ਕੋਠੀ ਪਾ ਲਈ ਤੇ ਵਿਚ ਸਾਰੀਆਂ ਲੋੜੀਂਦੀਆਂ ਸਹੂਲਤਾਂ ਬਣਾ ਲਈਆਂ।...... ਸਭ ਤੋਂ ਵੱਡੀ ਗੱਲ ਉਹ ਆਪਣੇ ਮਾਂ-ਬਾਪ ਕੋਲ ਰਹਿ ਕੇ ਉਨ੍ਹਾਂ ਦੀ ਦੇਖ ਭਾਲ ਵੀ ਕਰ ਰਹੇ ਹਨ।.....ਕਿੰਨੀਆਂ ਵੀ ਬੇਸ਼ੱਕ ਸਹੂਲਤਾਂ ਬਜ਼ੁਰਗਾਂ ਨੂੰ ਹੋਣ, ਪਰ ਇਕਲਾਪਾ ਉਨ੍ਹਾਂ ਦੀ ਜਾਨ ਦਾ ਖੌਅ ਬਣਦਾ ਹੀ ਬਣਦਾ ਹੈ।'

ਲਾਜੋ ਨੇ ਆਪਣੇ ਦਿਲ ਦੀ ਗੱਲ ਆਪਣੇ ਭਰਾ, ਭਾਬੀ ਦੇ ਫਾਰਮ ਉਤੇ ਆਪਣੇ ਸਾਹਮਣੇ ਆਪਣੇ ਹੋਣ ਵਾਲੇ ਘਰ ਵਾਲੇ ਨਾਲ ਸਾਂਝੀ ਕਰਦਿਆਂ ਅੱਗੇ ਧਰ ਦਿੱਤੀ ਸੀ। 'ਮੈਂ ਤੇਰੇ ਨਾਲ ਆਪਣੇ ਬਣਨ ਵਾਲੇ ਪਿਆਰੇ ਸੂਝਵਾਨ ਸਾਥੀ ਨਾਲ ਵਾਅਦਾ ਕਰਦਾ ਹਾਂ ਕਿ ਮੈਂ ਕੈਨੇਡਾ ਜਾਣ ਬਾਰੇ ਕਦੇ ਸੋਚਾਂਗਾ ਵੀ ਨਹੀਂ", ਆਖ ਜਰਮਨਜੀਤ ਨੇ ਲਾਜੋ ਦਾ ਹੱਥ ਫੜ ਲਿਆ।

ਲਾਜੋ ਸੰਤ ਰਾਮ ਉਦਾਸੀ ਦਾ ਗੀਤ ਗੁਣਗਣਾਉਣ ਲੱਗੀ, 'ਮੈਨੂੰ ਰਹਿਣ ਦੇ ਹਵਾਏ ਮੇਰੇ ਦੇਸ਼..ਮੈਨੂੰ ਰਹਿਣ ਦੇ ਜੁੜਿਆ ਜੜ੍ਹਾਂ ਦੇ ਨਾਲ, ਮੈਨੂੰ ਖਿੜਿਆ ਕਪਾਹ ਦੇ ਵਾਂਗ ਰਹਿਣ ਦੇ......।'

ਉਪਰੋਕਤ ਪ੍ਰਤੀਕ-ਆਤਮਿਕ ਰੂਪਕ ਵਾਲੇ ਬਿੰਬ ਨਾਲ ਨਾਵਲ 'ਲਾਜੋ' ਦੀ ਸਮਾਪਤੀ ਦੇ ਬਿਲਕੁਲ ਆਖਰੀ ਵਾਕ ਨੂੰ ਵੀ ਪੜ੍ਹਨ ਤੇ ਸਮਝਣ ਦੀ ਲੋੜ ਹੈ। ਉਹ ਵਾਕਿਆ ਹੈ, 'ਉਹ ਦ੍ਰਿੜ੍ਹ ਇਰਾਦੇ ਤੇ ਪੱਕਾ ਫੈਸਲਾ ਕਰਕੇ ਕਾਰ ਵਿਚ ਆਪਣੇ ਬੈਠੇ ਮਾਪਿਆਂ ਕੋਲ ਆ ਰਹੇ ਸਨ।'

'ਆ ਰਹੇ ਸਨ' ਸ਼ਬਦ ਪ੍ਰਸਿੱਧ ਨਾਵਲਕਾਰ ਗੁਰਦਿਆਲ ਸਿੰਘ ਦੇ ਨਾਵਲ 'ਅਨਹੋਏ' ਦੀ ਆਖਰੀ ਸਤਰ ਵਾਲਾ ਹੈ। ਇਹ ਆ ਰਹੇ ਦੀ ਭਾਵਨਾ ਅਜੋਕੇ ਬੱਚਿਆਂ ਦਾ ਆਪਣੇ ਮਾਪਿਆਂ ਦੇ ਨਾਲ ਜੁੜ ਕੇ ਜੀਵਨ ਜਿਉਣ ਦੀ ਪ੍ਰਤੀਬੱਧਤਾ ਵਾਲਾ ਵਿਚਾਰਧਾਰਕ ਪਹਿਲੂ ਪੇਸ਼ ਕਰਦਾ ਹੈ।

ਨਾਵਲ 'ਲਾਜੋ' ਦੀ ਕਹਾਣੀ ਆਪਣੇ ਆਰੰਭ ਤੋਂ ਸਰਲ ਤੇ ਸਹਿਜਤਾ ਦੇ ਨਾਲ-ਨਾਲ ਤੁਰਦਿਆਂ ਅੱਗੇ ਜਾ ਸੰਘਣੀ ਤੇ ਸਮਝਣ ਵਾਲੀ ਬਣ ਜਾਂਦੀ ਹੈ। ਕੈਨੇਡਾ ਵਿਚ ਪੰਜਾਬੀਆਂ ਦੇ ਪ੍ਰਵੇਸ਼ ਸੰਬੰਧੀ ਅਨੇਕਾਂ ਪਰਤਾਂ ਤੇ ਪਾਸਾਰ ਸਾਹਮਣੇ ਲਿਆਉਂਦੀ ਹੈ। ਇਸ ਦੇ ਨਾਲ-ਨਾਲ ਪੰਜਾਬ ਦੇ ਪਿੰਡ ਅੰਦਰਲੀ ਖੇਤੀ ਵਿਚ ਹੱਥੀਂ ਕਿਰਤ ਤੇ ਨਵਾਂਪਣ ਅਤੇ ਮਨੁੱਖੀ ਜੀਵਨ ਦੀ ਆਜ਼ਾਦੀ ਵਾਲੀ ਗਤੀਵਿਧੀ ਤੇ ਗਤੀਸ਼ੀਲਤਾ ਨੂੰ ਕਾਮਯਾਬ ਸੰਭਾਵਨਾ ਵਜੋਂ ਉਭਾਰਦੀ ਹੈ। ਲਾਜੋ ਦੇ ਭਰਾ-ਭਾਬੀ ਵੱਲੋਂ ਗਰੀਨ ਹਾਊਸ ਦਾ ਕੰਮ ਵੀ ਇਨਕਲਾਬੀ ਆਦਰਸ਼ਵਾਦੀ ਕੇਂਦਰ ਬਿੰਦੂ ਹੈ।

ਨਾਵਲਕਾਰ ਨਛੱਤਰ ਸਿੰਘ ਗਿੱਲ ਨੇ ਨਾਵਲ 'ਲਾਜੋ' ਦੀ ਕਹਾਣੀ ਪ੍ਰਸਿੱਧ ਨਾਵਲਕਾਰ ਜਸਵੰਤ ਸਿੰਘ ਕੰਵਲ ਦੇ ਨਾਵਲੀ ਪੈਟਰਨ ਅਨੁਸਾਰ ਪੇਸ਼ ਕਰਕੇ ਸਫਲਤਾ ਸਿੱਧ ਕਰ ਵਿਖਾਈ ਹੈ। ਇਹ ਕਹਿਣਾ ਵੀ ਢੁੱਕਵਾਂ ਹੈ ਕਿ ਨਾਵਲਕਾਰ ਨਛੱਤਰ ਸਿੰਘ ਗਿੱਲ ਨੇ ਆਪਣੇ ਪਹਿਲੀ ਉਮਰ ਦੇ ਪੱਕੇ ਅਨੁਭਵ ਅਨੁਸਾਰ ਭਾਸ਼ਾਈ ਮੁਹਾਵਰੇ ਪੁਰਾਣੇ ਸਮੇਂ ਦੇ ਜਿਵੇਂ ਬੋਤੇ ਵਾਂਗ ਹਰ ਵਕਤ ਇੱਧਰ-ਉੱਧਰ ਨੱਠਦਾ ਰਹਿੰਦਾ, ਵੱਡਾ ਭਰਾ ਹੀ ਕੁੱਜੀ ਵਿਚ ਕਾਨਾ ਪਾਈ ਬੈਠਾ, ਕਾਣੀਏ ਘੋੜੇ ਚੜ੍ਹੇ ਤੋਂ ਜਾਣੀਏ ਆਦਿ ਅਨੇਕਾਂ ਵਰਤੋਂ ਵਿਚ ਲਿਆਂਦੇ ਹਨ। ਕਈ ਵਾਰਤਾਲਾਪ ਬਹੁਤ ਲੰਮੇ ਹਨ। ਕਈ ਵਾਰਤਾਲਾਪਾਂ ਵਿਚ ਪਾਤਰ ਜ਼ਰੀਏ ਨਾਵਲਕਾਰ ਬੋਲਦਾ ਵੀ ਮਹਿਸੂਸ ਹੋਇਆ ਹੈ। ਨਾਵਲ 'ਲਾਜੋ' ਬਹੁਤ ਬਹੁਤ ਵਧੀਆ ਨਾਵਲ ਹੈ। ਨਾਵਲਕਾਰ ਨਛੱਤਰ ਸਿੰਘ ਗਿੱਲ ਨੇ ਆਪਣੇ ਪਹਿਲੇ ਨਾਵਲਾਂ ਦਾ ਰਿਕਾਰਡ ਤੋੜ ਦਿੱਤਾ ਹੈ। ਇਹ ਨਾਵਲ ਸਰਲ, ਸਪੱਸ਼ਟ ਤੇ ਸਫਲ ਅਤੇ ਥੋੜ੍ਹੇ ਪੰਨਿਆਂ ਉਪਰ ਵਧੇਰੇ ਮਹੱਤਤਾ ਵਾਲਾ ਸਮਕਾਲੀ ਸਮਾਜ ਦਾ ਪਰਵਾਸ ਅਤੇ ਆਵਾਸ ਵਾਲਾ ਭਖਦਾ ਮੁੱਦਾ ਪੇਸ਼ ਕਰਦਾ ਹੈ। ਨਵ-ਪੂੰਜੀਵਾਦ ਦੇ ਲੁਕਵੇਂ ਏਜੰਡਿਆਂ ਨੂੰ ਸਮਝਣ ਅਤੇ ਚੁਰਾਹੇ ਵਿਚ ਲਿਆਉਣ ਦਾ ਚੰਗਾ ਯਤਨ ਨਾਵਲ 'ਲਾਜੋ' ਕਰਦਾ ਹੈ। ਇਸ ਦੇ ਨਾਲ ਹੀ ਖੇਤੀ ਵਿਚ ਹੱਥੀਂ ਕਿਰਤ ਦੇ ਭਾਰਤੀ ਸੱਭਿਆਚਾਰ ਦੇ ਵਿਰਾਸਤੀ ਮਾਡਲ ਨੂੰ ਪਛਾਣਨ ਅਤੇ ਅੱਗੇ ਤੋਰਨ ਦੀ ਵਕਾਲਤ ਕਰਦਾ ਹੈ।

*ਮੋਬਾ. 81468-13291*

## ਸੱਜਰਾ ਸਾਹਿਤ

### ਥੋੜ੍ਹਾ-ਬਹੁਤ

(ਕਾਵਿ-ਸੰਗ੍ਰਹਿ)
**ਲੇਖਕ -ਧਰਮਿੰਦਰ ਭੰਗੂ ਕਾਲੇਮਾਜਰਾ**
**ਪੰਨੇ-104, ਮੁੱਲ-200 ਰੁਪਏ**
**ਸਪਰੈਡ ਪਬਲੀਕੇਸ਼ਨ, ਰਾਮਪੁਰ**





ਧਰਮਿੰਦਰ ਦੀ ਸੁਰ ਬਗਾਵਤੀ ਹੈ। ਉਹ ਪੰਜਾਬ ਦੇ ਹਿੱਤਾਂ ਵੱਲ ਕੰਡ ਕਰੀ ਬੈਠੇ 'ਆਪਣਿਆਂ' ਅਤੇ 'ਬਿਗਾਨਿਆਂ' ਨੂੰ ਹਲੂਣਦਾ ਹੈ। ਉਹ ਜਾਤਾਂ-ਪਾਤਾਂ, ਮਜ਼ਹਬਾਂ 'ਚ ਵੰਡੇ ਲੋਕਾਂ ਨੂੰ ਇਨਸਾਨ ਬਣਨ ਦਾ ਸੱਦਾ ਦਿੰਦਾ ਹੈ। ਸਿੱਖ ਗੁਰੂਆਂ ਦੀ ਓਟ ਲੈ ਕੇ ਉਹ ਉਨ੍ਹਾਂ ਦੇ ਪ੍ਰਸੰਗ ਵਿੱਚ ਪੰਜਾਬ ਨੂੰ ਟਕੋਰਾਂ ਮਾਰ ਰਿਹਾ ਹੈ। ਉਸ ਦੀਆਂ ਟਕੋਰਾਂ ਵਿੱਚ ਤਿੱਖਾਪਣ ਹੈ, ਭਾਵੇਂ ਕਿ ਉਸ ਦੀਆਂ ਸਾਰੀਆਂ ਕਵਿਤਾਵਾਂ ਹੀ ਪੰਜਾਬ ਅਤੇ ਮਨੁੱਖਤਾ ਦੇ ਸਰੋਕਾਰਾਂ ਨਾਲ ਜੁੜੀਆਂ ਹੋਈਆਂ ਹਨ', ਪਰ ਫਿਰ ਵੀ 'ਹੁਣੇ ਸਾਡੇ ਵਿੱਚ ਦਇਆ ਸਿੰਘ ਨਹੀਂ' 'ਦਿਨੇ ਅੱਖਾਂ ਦੇ ਵਿੱਚ ਰੜਕਾਂਗੇ', 'ਮਾਂ ਬੋਲੀ ਨਾ ਭੁੱਲਿਓ ਲੋਕੋ' ਅਤੇ 'ਬੱਚਿਆਂ ਹੱਥ ਕਿਤਾਬ ਦੇ ਦੇਈਏ' ਕਵਿਤਾਵਾਂ ਸਾਨੂੰ ਕੁਝ ਹੋਰ ਚੰਗੇਰਾ ਕਰਨ ਲਈ ਪ੍ਰੇਰਦੀਆਂ ਹਨ। ਇਨ੍ਹਾਂ ਵਿੱਚ ਆਪਣੀ ਮਾਂ ਬੋਲੀ, ਕਿਸਾਨੀ ਸੰਘਰਸ਼, ਕਿਤਾਬਾਂ ਸੰਗ ਨੇੜਤਾ ਜਿਹੇ ਵਿਸ਼ੇ ਸੋਚਣ ਲਈ ਮਜਬੂਰ ਕਰਦੇ ਹਨ।

**-ਮੁੱਖ ਬੰਦ 'ਚੋਂ**

### ਪਰਾਧੀਨਤਾ ਪਾਪ ਹੈ

(ਕਵਿਤਾਵਾਂ)
**ਰਾਜੇਸ਼ ਭਬਿਆਣਾ**
**ਪੰਨੇ-88, ਮੁੱਲ : 60 ਰੁਪਏ**
**ਬਹੁਜਨ ਸਾਹਿਤ ਸੰਸਥਾ, ਪੰਜਾਬ**




ਰਾਜੇਸ਼ ਭਬਿਆਣਾ ਆਪਣੇ ਰਹਿਬਰਾਂ ਦੇ ਜੀਵਨ ਸੰਘਰਸ਼ ਤੇ ਵਿਚਾਰਧਾਰਾ ਨੂੰ ਸਮਰਪਿਤ ਹੋ ਕੇ ਲਿਖਣ ਲਈ ਹਮੇਸ਼ਾ ਵਚਨਬੱਧਤਾ ਨਾਲ ਕਾਰਜਸ਼ੀਲ ਹੈ। ਹੱਥਲੀ ਪੁਸਤਕ 'ਪਰਾਧੀਨਤਾ ਪਾਪ ਹੈ' ਕਾਵਿ ਸੰਗ੍ਰਹਿ ਵਿੱਚ ਰਾਜੇਸ਼ ਭਬਿਆਣਾ ਨੇ ਸਤਿਗੁਰੂ ਰਵਿਦਾਸ ਜੀ ਦੇ ਕ੍ਰਾਂਤੀਕਾਰੀ ਸੁਨੇਹੇ ਦਾ ਹੋਕਾ ਲਗਾ ਕੇ ਮਾਨਵਤਾ ਦੇ ਭਲੇ ਲਈ ਇਨਕਲਾਬੀ ਵਿਚਾਰਧਾਰਾ ਨੂੰ ਜਨ ਜਨ ਤੱਕ ਲੈ ਕੇ ਜਾਣ ਦਾ ਵਧੀਆ ਉਪਰਾਲਾ ਕੀਤਾ ਹੈ। ਸੰਗਤਾਂ ਇਸ ਦਾ ਭਰਪੂਰ ਲਾਭ ਪ੍ਰਾਪਤ ਕਰਕੇ ਸਤਿਗੁਰਾਂ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਸੰਘਰਸ਼ਸ਼ੀਲ ਹੋਣਗੀਆਂ।

**-ਪ੍ਰਕਾਸ਼ਕ ਵੱਲੋਂ**

### ਹਨੇਰੇ ਦੀ ਤਲੀ 'ਤੇ

(ਗ਼ਜ਼ਲ ਸੰਗ੍ਰਹਿ)
**ਕੁਲਵਿੰਦਰ ਖਹਿਰਾ**
**ਸਫੇ : 72, ਮੁੱਲ : 100 ਰੁਪਏ**
**5ਆਬ ਪ੍ਰਕਾਸ਼ਨ, ਜਲੰਧਰ**




ਕੁਲਵਿੰਦਰ (ਲੇਖਕ ਬਾਰੇ) ਖਹਿਰੇ ਦੀ ਗ਼ਜ਼ਲ ਦਾ ਆਪਣਾ ਮੌਲਿਕ ਰੰਗ ਹੈ, ਕਿਉਂਕਿ ਉਸ ਨੇ ਪੰਜਾਬੀ ਜਾਂ ਉਰਦੂ ਦੇ ਵੱਡੇ ਸ਼ਾਇਰਾਂ ਦਾ ਪ੍ਰਭਾਵ ਗ੍ਰਹਿਣ ਨਹੀਂ ਕੀਤਾ। ਉਸ ਦੀ ਗ਼ਜ਼ਲ ਸਾਦ-ਮੁਰਾਦੀ ਹੋਣ ਕਰਕੇ ਸੰਚਾਰ ਦੀ ਸਮੱਸਿਆ ਪੈਦਾ ਨਹੀਂ ਕਰਦੀ। ਕੁਲਵਿੰਦਰ ਖਹਿਰੇ ਦੀ ਸ਼ਾਇਰੀ ਪੜ੍ਹਦਿਆਂ ਤੁਸੀਂ ਮਹਿਸੂਸ ਕਰੋਗੇ ਕਿ ਉਸ ਕੋਲ ਸ਼ਾਇਰੀ ਦੇ ਉਹ ਗੁਣ ਮੌਜੂਦ ਹਨ, ਜੋ ਸ਼ਾਇਰੀ ਲਈ ਢੁਕਵੇਂ ਹੁੰਦੇ ਹਨ। "ਹਨੇਰੇ ਦੀ ਤਲੀ 'ਤੇ" ਕਿਤਾਬ ਵਿਚਲੀ ਸ਼ਾਇਰੀ ਪੜ੍ਹਦਿਆਂ ਮੈਨੂੰ ਲੱਗਦਾ ਹੈ ਕਿ ਉਹ ਸੱਚਮੁੱਚ ਸ਼ਾਇਰੀ ਦਾ ਰੋਸ਼ਨ ਚਿਰਾਗ ਹੈ।

**-ਲੇਖਕ ਬਾਰੇ**

# ਪੁਸਤਕ ਰੀਵਿਊ

## ਗੀਤ ਆਵਾਜ਼ਾਂ ਮਾਰਦੇ

(ਕਾਵਿ-ਸੰਗ੍ਰਹਿ)
**ਰਾਮਫਲ ਰਾਜਲਹੇੜੀ**
**ਸਫੇ-104, ਕੀਮਤ : 150 ਰੁਪਏ**
**ਨਵਰੰਗ ਪਬਲੀਕੇਸ਼ਨਜ਼, ਸਮਾਣਾ**

ਕਵੀ ਨੇ ਸਿਰਨਾਵੇਂ ਸ਼ੇਰਾਂ ਦੇ, ਸੁਪਨਿਆਂ ਦੇ ਪਰਛਾਵੇਂ, ਲੋਕ ਤੱਥਾਂ ਵਾਲੀ ਸ਼ਾਇਰੀ, ਹਕੀਕਤਾਂ ਦੀ ਸ਼ਾਇਰੀ ਅਤੇ ਸੱਚ ਆਖਦੇ ਸਿਆਣੇ ਤੋਂ ਬਾਅਦ ਆਪਣੇ ਸਵਰਗਵਾਸੀ ਪਿਤਾ ਜਲੂਆ ਸਿੰਘ ਨੂੰ ਸਮਰਪਿਤ 'ਗੀਤ ਆਵਾਜ਼ਾਂ ਮਾਰਦੇ' ਕਾਵਿ-ਸੰਗ੍ਰਹਿ ਪਾਠਕਾਂ ਦੇ ਰੂ-ਬ-ਰੂ ਕੀਤਾ ਹੈ । ਕਵੀ ਰਤਨਪਾਲ ਡੂਡੀਆਂ ਨੂੰ ਆਪਣਾ ਗੁਰੂ ਮੰਨਦਾ ਹੈ । ਜਿੱਥੇ ਕਵੀ ਦਾ ਉਸਤਾਦ ਉਸ ਨੂੰ ਸਿੱਪੀ ਦਾ ਅਨੋਖਾ ਲਾਲ ਮੰਨਦਾ ਹੈ, ਉੱਥੇ ਸ਼ਿੰਗਾਰਾ ਚਹਿਲ ਉਸ ਨੂੰ ਹੋਣਹਾਰ ਸ਼ਾਇਰ ਮੰਨਦਾ ਹੈ । ਆਓ ਪੜ੍ਹਾਈ ਦੀ ਮਹੱਤਤਾ ਨੂੰ ਦਰਸਾਉਂਦੇ ਉਸ ਦੀ ਸ਼ਾਇਰੀ ਨਾਲ ਸਾਂਝ ਪਾਉਂਦੇ ਹਾਂ ਕਿ,

'ਦੁਨੀਆ ਥੋਨੂੰ ਸੀਸ ਝੁਕਾਉਣਾ ਬਣਗੇ ਜਦ ਵਿਦਵਾਨ ।
ਪੜ੍ਹ ਪੜ੍ਹ ਬਣੋ ਮਹਾਨ ਬੱਚਿਓ ਪੜ੍ਹ ਪੜ੍ਹ ਬਣੋ ਮਹਾਨ ।'

ਚੰਗੀ ਸ਼ਾਇਰੀ ਦਾ ਗੁਣ ਹੁੰਦਾ ਹੈ ਕਿ ਉਹ ਆਮ ਲੋਕਾਂ ਦੀ ਭਾਸ਼ਾ ਵਿੱਚ ਰਚੀ ਗਈ ਹੋਵੇ । ਉਸ ਦੀ ਸ਼ਾਇਰੀ ਵਿਚਲੀ ਭਾਸ਼ਾ ਦੇ ਸ਼ਬਦ ਵੀ ਉਸ ਦੇ ਇਲਾਕੇ ਦੇ ਆਮ ਲੋਕਾਂ ਦੀ ਬੋਲਚਾਲ ਦੀ ਭਾਸ਼ਾ ਦੇ ਸ਼ਬਦ ਹਨ, ਜਿਵੇਂ ਲੰਗਾੜੇ, ਅਟਕਾਈ, ਚਿਲਮਾਂ, ਬੀੜੀਆਂ, ਕੰਘੀ, ਜ਼ਫ਼ਰ, ਚੱਕਰੀ, ਬੰਜਰ, ਮੰਨਤਾਂ, ਸੱਜਰਾ, ਵਿਲਕੇ, ਘਰੂੰਡੀ, ਸੱਲ, ਜੰਜਾਲਾਂ, ਚੇਟਕ, ਸਬੱਬ, ਚਿੱਠੀ-ਚੀਰਾ, ਲਾਣਾ, ਉੱਧਲ, ਜੂਹ, ਫੁੰਡਣ, ਹਾੜੇ, ਕਾਨੀ, ਔਤ, ਪੰਧ, ਝੋਰਾ, ਚੀਸ, ਭਾਨੀ, ਤੁਹਮਤ, ਫਾਕੇ, ਵਣਜ, ਨੰਦਾਂ, ਥਿੜਕੇ, ਘੁਲਾੜੇ, ਮਲੂਕ, ਲੋਹਾ-ਲਾਖਾ, ਲੱਲ੍ਹਰ, ਪਲੱਤਣਾਂ, ਠੂੰਗ ਕੇ ਆਦਿ । ਸਾਰੇ ਬਿੰਬ-ਅਲੰਕਾਰ ਵੀ ਆਮ ਲੋਕਾਂ ਦੀ ਭਾਸ਼ਾ ਵਿੱਚੋਂ ਲਏ ਗਏ ਹਨ । ਉਸ ਦੀ ਸ਼ਾਇਰੀ ਦੇਖਣਾ ਕਿ,

'ਚਿਲਮਾਂ ਤੇ ਬੀੜੀਆਂ ਦਾ ਛੱਡ ਦੇ ਖਿਆਲ ਉਏ ।
ਕੀਹਨੇ ਸਾਡੇ ਹੱਕ ਮਾਰੇ ਕਰ ਲਈਏ ਭਾਲ ਉਏ ।
ਉਠ ਮਜ਼ਦੂਰਾ ਉੱਠ ਚੱਲ ਮੇਰੇ ਨਾਲ ਉਏ ।
ਕਿੱਥੇ ਸਾਡੇ ਹੱਕ ਦੱਬੇ ਕਰ ਲਈਏ ਭਾਲ ਉਏ ।'

ਦੂਜਾ ਸ਼ਾਇਰੀ ਦਾ ਮਹੱਤਵਪੂਰਨ ਗੁਣ ਹੁੰਦਾ ਹੈ ਕਿ ਕਲਾ ਜੀਵਨ ਲਈ ਹੋਵੇ, ਭਾਵ ਸ਼ਾਇਰੀ ਜੀਵਨ ਨੂੰ ਸੇਧ ਦੇਣ ਵਾਲੀ ਹੋਵੇ । ਤੀਜਾ ਮਹੱਤਵਪੂਰਨ ਗੁਣ ਹੁੰਦਾ ਹੈ ਕਿ ਸ਼ਾਇਰੀ ਵਿੱਚ ਲੈਅ ਅਤੇ ਰਵਾਨਗੀ ਹੋਵੇ। ਕਵੀ ਨੇ ਪਿੰਗਲ-ਅਰੂਜ਼ ਪੜ੍ਹਿਆ ਲੱਗਦਾ ਹੈ । ਉਪਰੋਕਤ ਨੁਕਤੇ ਵਿਚਾਰਨ ਲਈ ਕਵੀ ਦੀ ਸ਼ਾਇਰੀ ਦੇਖਣਾ ਕਿ,

'ਉਮਰਾਂ ਤੋਂ ਛੋਟੀ ਕੰਨਿਆ ਵਿਆਹੀਏ ਨਾ ।
ਵਿਆਹੀ ਧੀ ਨੂੰ ਕਦੇ ਬਾਰ 'ਚ ਬਿਠਾਈਏ ਨਾ ।
ਕਿਸੇ ਦਾ ਨਾ ਘਰ ਵੱਸਦਾ ਉਜਾੜੀਏ ।
ਹੱਕ ਬਈ ਗ਼ਰੀਬ ਦਾ ਕਦੇ ਨਾ ਮਾਰੀਏ ।'
ਅਤੇ
'ਬੈਠ ਪਛਤਾਵੇਂਗਾ ਅਖ਼ੀਰ ਕਾਸਤੋਂ ।
ਦਾਰੂ ਪਿੱਛੇ ਵੇਚਦੈਂ ਜ਼ਮੀਰ ਕਾਸਤੋਂ ।'

ਹੈਰਾਨੀ ਦੀ ਗੱਲ ਹੈ ਕਿ ਸ਼ਾਇਰ ਦਾ ਇਹ ਕਾਵਿ-ਸੰਗ੍ਰਹਿ 'ਗੀਤ ਆਵਾਜ਼ਾਂ ਮਾਰਦੇ' 2016 ਵਿੱਚ ਆਇਆ, ਪਰ ਜ਼ਿਆਦਾ ਚਰਚਾ ਵਿੱਚ ਨਹੀਂ ਆਇਆ । ਇਸ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ (ਮੁਆਫ਼ ਕਰਨਾ) ਬਹੁਤੇ ਲੋਕ ਮੁਫ਼ਤ ਵਿੱਚ ਕਿਤਾਬ ਲੈ ਤਾਂ ਲੈਂਦੇ ਹਨ, ਪਰ ਪੜ੍ਹਦੇ ਨਹੀਂ । ਸ਼ਾਇਰੀ ਦੇ ਸਕਾਰਾਤਮਿਕ ਪੱਖਾਂ ਦੀ ਸਰਾਹਣਾ ਕਰਦੇ ਹੋਏ ਕਵੀ ਦੀ ਚੰਗੀ ਸਿਹਤ ਅਤੇ ਲੰਮੀ ਉਮਰ ਦੀ ਕਾਮਨਾ ਕਰਦੇ ਹੋਏ ਆਪ ਜੀ ਨਾਲ ਇਹ ਕਾਵਿ-ਸੰਗ੍ਰਹਿ ਰੂ-ਬ-ਰੂ ਕਰਦਾ ਖੁਸ਼ੀ ਦਾ ਅਨੁਭਵ ਕਰ ਰਿਹਾ ਹਾਂ । ਨਾਲ ਹੀ ਇਹ ਆਸ ਕਰਦਾ ਵਿਦਾ ਲੈਂਦਾ ਹਾਂ ਕਿ ਕਵੀ ਭਵਿੱਖ ਵਿੱਚ ਹੋਰ ਵੀ ਮਿਹਨਤ ਕਰਕੇ ਹੋਰ ਵਧੇਰੇ ਦਿਲਾਂ ਉੱਤੇ ਆਪਣੀ ਸ਼ਾਇਰੀ ਨਾਲ ਦਸਤਕ ਜ਼ਰੂਰ ਦੇਵੇਗਾ । ਅੰਤ ਵਿੱਚ ਉਸ ਦੀ ਸ਼ਾਇਰੀ ਦੇਖਣਾ ਕਿ,

'ਦਿਨ ਚੰਗੇ ਜੇ ਲਿਆਉਣੇ ਪਰ੍ਹੇ ਆਲਸਾਂ ਉਤਾਰ।
ਤੇਰੀ ਤੋੜ ਗਿਆ ਕੰਡ ਇਹ ਗੁਲਾਮੀਆਂ ਦਾ ਭਾਰ।'

**—ਗੁਰਪ੍ਰੀਤ ਸਿੰਘ ਰੰਗੀਲਪੁਰ**

## ਸਿਵਿਆਂ ਦੇ ਰਾਹੀ

(ਨਾਵਲ)
**ਬਲਜੀਤ ਸਿੰਘ ਪਪਰੇਜਾ**
**ਮੁੱਲ 200 ਰੁਪਏ, ਪੰਨੇ : 184, ਪੇਪਰ ਬੈਕ ਸਚਿੱਤਰ**
**ਤਰਲੋਚਨ ਪ੍ਰਕਾਸ਼ਨ, ਚੰਡੀਗੜ੍ਹ**

ਇਸ ਪ੍ਰਕਾਸ਼ਨ ਤੋਂ ਪਹਿਲਾਂ ਲੇਖਕ ਨੇ ਬੇਬੋ, 2016, ਸੰਤਾਪ, 2012, ਸੰਤਾਪ ਦਰ ਸੰਤਾਪ (2017) ਅਤੇ ਸਿਵਿਆਂ ਦੇ ਰਾਹੀ 2023 ਨਾਵਲਾਂ ਦਾ ਪ੍ਰਕਾਸ਼ਨ ਕਰਵਾ ਕੇ, ਆਪਣੀ ਸਾਹਿਤਕ ਯਾਤਰਾ ਆਰੰਭ ਕੀਤੀ ਹੋਈ ਹੈ। ਇਸ ਨਾਵਲ ਦੇ 55 ਅਧਿਆਏ ਹਨ। ਨਾਵਲ ਵਿੱਚ ਨਿਰੰਤਰ ਕਹਾਣੀ ਹੈ, ਜਿਉਂਦੇ-ਜਾਗਦੇ ਪਾਤਰ ਹਨ, ਢੁਕਵਾਂ ਲੋੜੀਂਦਾ ਵਾਤਾਵਰਣ ਹੈ।

ਸਮੁੱਚੇ ਤੌਰ 'ਤੇ ਉਸ ਦੇ ਨਾਵਲਾਂ ਦਾ ਜੀਵਨ ਦਰਸ਼ਨ ਸੁਧਾਰਵਾਦੀ ਹੈ। ਅਜਿਹਾ ਇਸ ਲਈ ਹੈ ਕਿ ਭਾਵੇਂ ਸਾਡਾ ਦੇਸ਼ ਆਜ਼ਾਦ ਹੈ, ਫਿਰ ਵੀ ਅਜੇ ਹਨੇਰੇ ਦੇ ਬੱਦਲ ਸਾਡੇ ਆਲੇ-ਦੁਆਲੇ ਦੇ ਉਜਲੇ ਵਾਤਾਵਰਣ ਉਪਰ ਭੈੜਾ ਪ੍ਰਭਾਵ ਪਾ ਰਹੇ ਹਨ।

ਪੰਜਾਬ ਅੰਦਰ ਹੀ ਨਹੀਂ, ਸਮੁੱਚੇ ਦੇਸ਼ ਵਿੱਚ ਬੇਰੁਜ਼ਗਾਰੀ ਹੈ। ਦੇਸ਼ ਦੇ ਨੌਜਵਾਨ ਰੋਜ਼ੀ-ਰੋਟੀ ਲਈ ਵਿਦੇਸ਼ਾਂ ਨੂੰ ਜਾ ਰਹੇ ਹਨ। ਪੰਜਾਬ ਦੇ ਨੌਜਵਾਨ ਵਿਹਲੇ, ਭੈੜੀਆਂ ਆਦਤਾਂ ਦਾ ਸ਼ਿਕਾਰ ਹਨ। ਪਿੰਡ-ਪਿੰਡ, ਹਰ ਗਲੀ ਦੇ ਮੋੜ 'ਤੇ ਨੌਜਵਾਨ ਨਸ਼ਿਆਂ ਦਾ ਸ਼ਿਕਾਰ ਹਨ। ਅਮੀਰ ਅਮੀਰ ਹੋ ਰਹੇ ਹਨ, ਗਰੀਬ, ਵਧੇਰੇ ਗਰੀਬੀ ਦਾ ਸ਼ਿਕਾਰ ਹੋ ਕੇ ਭੈੜੇ ਕੰਮਾਂ ਵਿੱਚ ਪੈ ਰਹੇ ਹਨ। ਨਸ਼ਿਆਂ ਦੇ ਸ਼ਿਕਾਰੀ ਵਧ ਰਹੇ ਹਨ।

ਸਿਧੀ, ਜੀਤੇ ਤੇ ਯੁਵਰਾਜ ਦੀ ਤਿਕੋਣੀ ਪ੍ਰੇਮ ਕਹਾਣੀ ਨਾਵਲ ਦੀ ਮੁੱਖ ਕਹਾਣੀ ਹੈ, ਜਿਸ ਨੂੰ ਨਾਵਲਕਾਰ ਨੇ ਵਿਸਥਾਰ ਦਿੱਤਾ ਹੈ। ਇਸ ਵਿਵਸਥਾ ਵਿੱਚ ਪੰਜਾਬ ਦੀ ਸਮਾਜਿਕ, ਰਾਜਨੀਤਕ ਅਤੇ ਪੰਜਾਬ ਦੀ ਸੱਭਿਆਚਾਰਕ ਸਥਿਤੀ ਦਾ ਅਸੀਂ ਵਸਤੂ, ਵੇਰਵਾ ਦੇਖ ਸਕਦੇ ਹਾਂ। ਪੰਜਾਬ ਲਈ ਨਵੀਂ ਪਨੀਰੀ ਸਿਵਿਆਂ ਦੇ ਰਾਹ ਪੈ ਕੇ, ਨਸ਼ਿਆਂ ਦਾ ਸ਼ਿਕਾਰ ਬਣ ਰਹੀ ਹੈ। ਨਸ਼ਿਆਂ ਦੇ ਵਪਾਰੀ ਇਹ ਨਹੀਂ ਸੋਚਦੇ ਕਿ ਇਹ ਜੋ ਅੱਜ ਆਪਣਾ ਵਪਾਰ ਸਮਝ ਰਹੇ ਹਨ, ਅਸਲ ਵਿੱਚ ਦੇਸ਼, ਕੌਮ ਤੇ ਕੌਮੀ ਸਰਮਾਏ ਅਤੇ ਨੌਜਵਾਨਾਂ ਦੇ ਹਿੱਤ ਵਿੱਚ ਨਹੀਂ। ਨੌਜਵਾਨ ਸਿਵਿਆਂ ਦੇ ਰਾਹੀ ਬਣ ਕੇ, ਭਿਆਨਕ ਕਿਸਮ ਦੇ ਨਸ਼ਿਆਂ ਨੇ, ਉਨ੍ਹਾਂ ਦਾ ਜੀਵਨ ਤਬਾਹ ਕਰ ਦਿੱਤਾ ਹੈ।

ਲੇਖਕ ਨੇ ਹਕੀਕਤ-ਪਸੰਦ ਨੀਤੀ ਧਾਰਨ ਕਰਦਿਆਂ 'ਰਾਜਨੀਤਕ ਸੱਤਾ ਦੇ ਦਬਦਬੇ ਅੰਦਰ ਕਾਰਜ ਕਰਦੀਆਂ ਇਕਾਈਆਂ, ਪੁਲਸ ਪ੍ਰਬੰਧ, ਟਰੱਕ ਯੂਨੀਅਨ ਦੀ ਕਾਰਜ ਸ਼ੈਲੀ, ਅਦਾਲਤੀ ਅਤੇ ਜ਼ਿਆਦਾ ਨਿਆਂਇਕ ਪ੍ਰਬੰਧ ਦੇ ਨਾਲ-ਨਾਲ ਹਥਿਆਰਬਾਜ਼ੀ ਦੇ ਵਧ ਰਹੇ ਪ੍ਰਚਲਨ ਨੂੰ ਪੇਸ਼ ਕਰਦਿਆਂ ਅਜੋਕੀ ਪ੍ਰਬੰਧਕੀ ਅਥਵਾ ਲੋਕ ਜੀਵਨ-ਸ਼ੈਲੀ ਦਾ ਯਥਾਰਥ ਪੇਸ਼ ਕੀਤਾ ਹੈ। ਨਾਵਲਕਾਰ ਦਾ ਉਦੇਸ਼, ਅਜੋਕੇ ਪੰਜਾਬ ਦੀ ਸਮਾਜਿਕ ਸੱਭਿਆਚਾਰਕ ਅਤੇ ਰਾਜਨੀਤਕ ਸਥਿਤੀ ਨੂੰ ਨਾਵਲ ਵਿੱਚ ਪੇਸ਼ ਕਰਨ ਵਿੱਚ ਸਫਲ ਹੈ। ਫੌਜੀ ਅਤੇ ਅੰਬੇ ਵਰਗੇ ਪਾਤਰ ਸਾਡੇ ਪੰਜਾਬ ਵਿੱਚ ਪ੍ਰਾਪਤ ਹਨ। ਅੰਬੇ ਵਰਗੇ ਨਸ਼ਿਆਂ ਦੇ ਸ਼ਿਕਾਰ ਹੋ ਰਹੇ ਹਨ।

ਸੁਚੇਤ, ਪੜ੍ਹੇ-ਲਿਖੇ ਅਤੇ ਹੋਣਹਾਰ ਪੰਜਾਬ ਦੇ ਨੌਜਵਾਨ ਇਸ ਨਾਵਲ ਦੀ ਹਕੀਕਤ ਪਸੰਦ ਕਹਾਣੀ ਤੋਂ ਸੇਧ ਲੈ ਕੇ, ਉਨ੍ਹਾਂ ਸ਼ਕਤੀਆਂ ਦਾ ਵਿਰੋਧ ਕਰ ਸਕਦੇ ਹਨ, ਜੋ ਨਸ਼ਿਆਂ ਦੇ ਵਪਾਰੀ ਬਣ ਕੇ ਪੰਜਾਬੀਆਂ ਨੂੰ ਗਲਤ ਪਾਸੇ ਵੱਲ ਤੋਰ ਰਹੇ ਹਨ। ਨਾਵਲਕਾਰ ਨੇ ਸਮੇਂ ਦੇ ਯਥਾਰਥ ਨੂੰ ਨਾਵਲ ਦੇ ਵਿਸ਼ੇ ਬਣਾ ਕੇ ਪੰਜਾਬੀ ਨੌਜਵਾਨਾਂ ਨੂੰ ਸੁਚੇਤ ਕੀਤਾ ਹੈ। ਨਾਵਲਕਾਰ ਆਪਣੇ ਉਦੇਸ਼ 'ਚ ਸਫਲ ਹੈ।

**- ਡਾ. ਅਮਰ ਕੋਮਲ**

# ਪੰਜਾਬੀ ਸਾਹਿਤ ਸਭਾ ਦੀ ਇਕੱਤਰਤਾ

**ਨਵੀਂ ਦਿੱਲੀ:** ਪੰਜਾਬੀ ਸਾਹਿਤ ਸਭਾ ਨੇ ਆਪਣੇ ਪੰਜਾਬੀ ਭਵਨ ਵਿਚ ਸਾਹਿਤਕ ਇਕੱਤਰਤਾ ਪ੍ਰੋ. ਕੁਲਵੀਰ ਗੋਜਰਾ, ਮੁਖੀ ਪੰਜਾਬੀ ਵਿਭਾਗ, ਦਿੱਲੀ




ਯੂਨੀਵਰਸਿਟੀ ਦੀ ਪ੍ਰਧਾਨਗੀ ਹੇਠ ਕਰਵਾਈ। ਮੰਚ ਸੰਚਾਲਕ ਤੇ ਭਵਨ ਦੇ ਡਾਇਰੈਕਟਰ ਬਲਬੀਰ ਮਾਧੋਪੁਰੀ ਨੇ ਸੱਦੇ ਗਏ ਲੇਖਕਾਂ ਤੇ ਉਨ੍ਹਾਂ ਦੀਆਂ ਰਚਨਾਵਾਂ ਨਾਲ ਜਾਣ-ਪਛਾਣ ਕਰਾਉਂਦਿਆਂ ਦੱਸਿਆ ਕਿ ਉਸ ਦਾ ਪੰਜਾਬੀ ਗਲਪ ਵਿਚ ਢੁਕਵਾਂ ਸਥਾਨ ਹੈ। ਬਲਵਿੰਦਰ ਦੀਆਂ ਕਹਾਣੀਆਂ ਕਿਸਾਨੀ ਉਤੇ ਕੇਂਦ੍ਰਿਤ ਹੁੰਦੀਆਂ ਹਨ ਤੇ ਉਨ੍ਹਾਂ ਦੀ ਸੁਰ ਗੰਭੀਰ ਕਿਸਮ ਦੀ ਹੁੰਦੀ ਹੈ ਪਰ ਬਲਵਿੰਦਰ ਨੇ ਇਥੇ 'ਜਸਟ ਫਰੈਂਡਜ਼' ਨਾਂਅ ਦੀ ਕਹਾਣੀ ਸੁਣਾਈ, ਜੋ ਔਰਤ-ਮਰਦ ਦੇ ਜਾਇਜ਼-ਨਾਜਾਇਜ਼ ਰਿਸ਼ਤਿਆਂ ਸੰਬੰਧੀ ਸੀ। ਕਸ਼ਮੀਰ ਤੋਂ ਆਏ ਕੀਰਤ ਸਿੰਘ ਇਨਕਲਾਬੀ ਨੇ 'ਵਿਸ਼ਵ ਨਾਗਰਿਕਤਾ', 'ਸ਼ਹਿਰ ਦੇ ਪਿੰਡੇ 'ਤੇ' ਅਤੇ 'ਰਿਸ਼ਤਿਆਂ ਦੇ ਨੈੱਟਵਰਕ ਵਿਚ' ਤਿੰਨ ਕਵਿਤਾਵਾਂ ਸੁਣਾਈਆਂ। ਗੁਰਦੀਪ ਕੌਰ ਨੇ 'ਸੜਕ ਤੇ ਪਿੰਜਰਾ', 'ਘਰ ਦਾ ਤਲਿੱਸਮ', 'ਬਾਂਦਰ ਤੇ ਬਿੱਲੀਆਂ', ਕਵਿਤਾਵਾਂ ਸੁਣਾਈਆਂ, ਜੋ ਯਥਾਰਥ ਦੇ ਨੇੜੇ ਪ੍ਰਤੀਤ ਹੋਈਆਂ। ਪ੍ਰੋ. ਕੁਲਵੀਰ ਗੋਜਰਾ ਨੇ ਪ੍ਰਧਾਨਗੀ ਟਿੱਪਣੀਆਂ ਵਿਚ ਸਦੀਵੀ ਸਾਹਿਤ ਦੇ ਮਿਆਰਾਂ, ਭਾਸ਼ਾ ਤੇ ਹੋਰ ਅਹਿਮ ਪੱਖਾਂ ਨੂੰ ਉਭਾਰਿਆ। ਉਨ੍ਹਾਂ ਕਿਹਾ ਕਿ ਕਵਿਤਾ ਵਿਚ 'ਚੁੱਪ' ਦੀ ਥਾਂ ਕਵਿਤਾਵਾਂ ਵਿਚ ਕਵੀ ਵਧੇਰੇ ਬੋਲਦੇ ਹਨ। ਉਨ੍ਹਾਂ ਪੰਜਾਬੀ ਸਾਹਿਤ ਸਭਾ ਵੱਲੋਂ ਪੰਜਾਬੀ ਸਾਹਿਤ ਲਈ ਕੀਤੇ ਜਾਂਦੇ ਉੱਦਮਾਂ ਦੀ ਵਡਿਆਈ ਕੀਤੀ। ਪ੍ਰੋਗਰਾਮ ਦੇ ਸ਼ੁਰੂ ਵਿਚ ਡਾ. ਕਰਨਜੀਤ ਦੇ ਸਦੀਵੀ ਵਿਛੋੜੇ ਨਮਿਤ ਹਾਜ਼ਰ ਸਾਹਿਤਕਾਰਾਂ ਨੇ ਦੋ ਮਿੰਟ ਦਾ ਖੜ੍ਹੇ ਹੋ ਕੇ ਮੌਨ ਰੱਖਿਆ ਗਿਆ ਤੇ ਬਲਬੀਰ ਮਾਧੋਪੁਰੀ ਨੇ ਸਭਾ ਵੱਲੋਂ ਸੋਗ ਮਤਾ ਪੜ੍ਹਿਆ। ਇਕੱਤਰਤਾ ਵਿਚ ਹੋਰਾਂ ਸਮੇਤ ਡਾ. ਰੇਣੁਕਾ ਸਿੰਘ, ਚੇਅਰਪਰਸਨ ਪੰਜਾਬੀ ਸਾਹਿਤ ਸਭਾ, ਗ਼ਜ਼ਲਕਾਰ ਜਸਵੰਤ ਸਿੰਘ ਸੇਖਵਾਂ, ਕਹਾਣੀਕਾਰ ਰਵਿੰਦਰ ਸਿੰਘ ਰੁਪਾਲ, ਸਤੀਸ਼ ਸ਼ਰਮਾ, ਸ਼ਿਲਾਲੇਖ ਪ੍ਰਕਾਸ਼ਨ ਤੇ ਯੂਨੀਵਰਸਿਟੀ ਦੇ ਕਈ ਖੋਜਾਰਥੀ ਸ਼ਾਮਲ ਹੋਏ।

**-ਬਲਬੀਰ ਮਾਧੋਪੁਰੀ**

# 'ਲੁਧਿਆਣੇ ਤੋਂ ਲਾਹੌਰ ਦੇਸ਼ ਵੰਡ ਦੇ ਆਰ-ਪਾਰ' ਬਾਰੇ ਇਸ਼ਤਿਆਕ ਅਹਿਮਦ ਨਾਲ ਸੰਵਾਦ

**ਲੁਧਿਆਣਾ**-ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਪ੍ਰੋਫ਼ੈਸਰ ਈਮੈਰਿਟਸ ਆਫ਼ ਪੋਲਿਟੀਕਲ ਸਾਇੰਸ ਸਟਾਕਹੋਮ ਯੂਨੀਵਰਸਿਟੀ ਸਵੀਡਨ ਤੋਂ ਜਨਾਬ ਇਸ਼ਤਿਆਕ ਅਹਿਮਦ ਲੁਧਿਆਣੇ ਤੋਂ ਲਾਹੌਰ ਦੇਸ਼ ਵੰਡ ਦੇ ਆਰ-ਪਾਰ ਵਿਸ਼ੇ 'ਤੇ ਪੰਜਾਬੀ ਭਵਨ, ਲੁਧਿਆਣਾ ਵਿਖੇ ਇਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਗਿਆ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਸਮਾਗਮ ਦੇ ਆਰੰਭ 'ਚ ਸਵਾਗਤ ਕਰਦਿਆਂ ਕਿਹਾ, ਜਨਾਬ ਇਸ਼ਤਿਆਕ ਅਹਿਮਦ ਜੀ ਸਾਡੇ ਕੋਲ ਇਹ ਸੰਦੇਸ਼ ਲੈ ਕੇ ਆਏ ਹਨ ਕਿ ਅਸੀਂ ਪੰਜਾਬੀ ਕਿਵੇਂ ਵੱਖਰੀ ਤੇ ਗੌਰਵਸ਼ਾਲੀ ਪਛਾਣ ਰੱਖਦੇ ਹਾਂ। ਹੁਣ ਅਸੀਂ ਭਾਵੇਂ ਵੱਖ-ਵੱਖ ਹੋ ਗਏ ਹਾਂ, ਪਰ ਅਸੀਂ ਇਹ ਤਾਂ ਕਰ ਹੀ ਸਕਦੇ ਹਾਂ ਕਿ ਸਾਡੇ ਸੰਬੰਧ ਬਹੁਤ ਮਿੱਤਰਤਾ ਭਰਪੂਰ ਰਹਿਣ। ਸਮਾਗਮ ਦਾ ਪ੍ਰਧਾਨਗੀ ਭਾਸ਼ਣ ਦਿੰਦਿਆਂ ਡਾ. ਅਮਰਜੀਤ ਸਿੰਘ ਹੇਅਰ ਨੇ ਕਿਹਾ ਕਿ ਆਪ ਸਟਾਕਹੋਮ ਯੂਨੀਵਰਸਿਟੀ ਸਵੀਡਨ 'ਚ ਰਾਜਨੀਤੀ ਦੇ ਪ੍ਰੋਫ਼ੈਸਰ ਹੁੰਦੇ ਹੋਏ ਸਿੰਘਾਪੁਰ ਦੀ ਨੈਸ਼ਨਲ ਯੂਨੀਵਰਸਿਟੀ ਵਿਖੇ ਇੰਸਟੀਚਿਊਟ ਆਫ਼ ਸਾਊਥ ਸਟੱਡੀਜ਼ ਦੇ ਆਨਰੇਰੀ ਸੀਨੀਅਰ ਫ਼ੈਲੋ ਵੀ ਹਨ। ਵੱਖ-ਵੱਖ ਹੋਰ ਸੰਸਥਾਵਾਂ ਦੇ ਅਹੁਦਿਆਂ 'ਤੇ ਰਹਿੰਦੇ ਹੋਏ ਵੀ ਆਪ ਦਾ ਮਨ ਪੰਜਾਬੀਅਤ ਲਈ ਤੜਫਦਾ ਰਹਿੰਦਾ ਹੈ, ਜਿਸ ਕਰਕੇ ਆਪ ਵੱਖ-ਵੱਖ ਮੁਲਕਾਂ ਵਿਚ ਜਾ ਕੇ ਪੰਜਾਬੀਅਤ ਦੀ ਗੱਲ ਕਰਦੇ ਰਹਿੰਦੇ ਹਨ। ਜਨਾਬ ਇਸ਼ਤਿਆਕ ਅਹਿਮਦ ਨਾਲ ਜਾਣ-ਪਛਾਣ ਕਰਵਾਉਂਦਿਆਂ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਪ੍ਰੋਫ਼ੈਸਰ ਡਾ. ਸੁਰਜੀਤ ਸਿੰਘ ਨੇ ਕਿਹਾ ਕਿ ਦੋਹਾਂ



ਪੰਜਾਬਾਂ ਵਿਚਕਾਰ ਇਨਸਾਨੀ ਸਾਂਝਾਂ ਦੀ ਗੱਲ ਕਰਨ ਵਾਲੇ ਪ੍ਰਮੁੱਖ ਵਿਦਵਾਨਾਂ ਵਿੱਚੋਂ ਇਕ ਹਨ। ਇਸ਼ਤਿਆਕ ਅਹਿਮਦ ਚਾਹੁੰਦੇ ਨੇ ਪੰਜਾਬ ਦੇ ਬਾਰਡਰ ਖੁੱਲ੍ਹਣੇ ਚਾਹੀਦੇ ਹਨ ਅਤੇ ਮੁਸਾਫ਼ਰਾਂ ਦੀ ਆਵਾਜਾਈ ਅਤੇ ਵਪਾਰਕ ਗਤੀ-ਵਿਧੀਆਂ ਨੂੰ ਖੁੱਲ੍ਹ ਮਿਲਣੀ ਚਾਹੀਦੀ ਹੈ। ਪੰਜਾਬੀ ਸਾਹਿਤ ਅਕਾਡਮੀ ਦੇ ਸਕੱਤਰ ਡਾ. ਹਰੀ ਸਿੰਘ ਜਾਚਕ, ਦਫ਼ਤਰ ਸਕੱਤਰ ਸ੍ਰੀ ਜਸਵੀਰ ਝੱਜ ਅਤੇ ਹਾਜ਼ਰ ਅਹੁਦੇਦਾਰਾਂ ਨੇ ਜਨਾਬ ਇਸ਼ਤਿਆਕ ਅਹਿਮਦ ਹੁਰਾਂ ਨੂੰ ਬੁੱਕੇ ਦੇ ਕੇ ਸਵਾਗਤ ਕੀਤਾ। ਇਸ ਮੌਕੇ ਸ੍ਰੀ ਰਣਧੀਰ ਕੰਵਲ ਨੇ ਸਾਹਿਰ ਲੁਧਿਆਣਵੀ ਦੀ ਗ਼ਜ਼ਲ ਤਰੰਨਮ 'ਚ ਪੇਸ਼ ਕੀਤੀ। ਜਨਾਬ ਇਸ਼ਤਿਆਕ ਅਹਿਮਦ ਆਪਣੀ ਗੱਲ ਕਰਦਿਆਂ ਅਤੇ ਸ. ਗੁਰਪ੍ਰੀਤ ਸਿੰਘ ਤੂਰ, ਦੀਪ ਜਗਦੀਪ ਸਿੰਘ, ਰਮੇਸ਼ ਕੌਸ਼ਲ, ਆਰ.ਕੇ. ਗੋਇਲ, ਬਲਵਿੰਦਰ ਸਿੰਘ ਗਲੈਕਸੀ ਆਦਿ ਵੱਲੋਂ ਕੀਤੇ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਲੁਧਿਆਣਾ ਤੇ ਲਾਹੌਰ ਦੇ ਗੂੜ੍ਹੇ ਰਿਸ਼ਤੇ ਹਨ। ਸਾਹਿਰ ਲੁਧਿਆਣਵੀ ਪਾਕਿਸਤਾਨ ਜਾ ਕੇ ਇਕ ਸਾਲ ਦੇ ਅੰਦਰ-ਅੰਦਰ ਵਾਪਸ ਆ ਗਿਆ ਸੀ। ਪਾਕਿਸਤਾਨ ਭਾਰਤ ਦੀ ਵੰਡ ਜਿਨ੍ਹਾ ਕਰਕੇ ਹੋਈ, ਜਿਸ ਦਾ ਸੰਤਾਪ ਅਸੀਂ ਅੱਜ ਤੱਕ ਹੰਢਾ ਰਹੇ ਹਾਂ। ਉਨ੍ਹਾਂ ਨੇ ਸਾਹਿਰ ਦੀ ਇਕ ਰਚਨਾ ਪੁਰਸੋਜ਼ ਆਵਾਜ਼ ਖ਼ੂਬਸੂਰਤ ਤਰੰਨਮ ਵਿਚ ਗਾ ਕੇ ਹਾਜ਼ਰੀਨ ਦਾ ਮਨ ਜਿੱਤ ਲਿਆ। ਇਸ ਸਮੇਂ ਉਕਤ ਦੇ ਨਾਲ-ਨਾਲ ਸੁਰਿੰਦਰ ਕੈਲੇ, ਡਾ. ਗੁਰਇਕਬਾਲ ਸਿੰਘ, ਸਹਿਜਪ੍ਰੀਤ ਸਿੰਘ ਮਾਂਗਟ, ਜਨਮੇਜਾ ਸਿੰਘ ਜੌਹਲ, ਕਰਮਜੀਤ ਸਿੰਘ ਗਰੇਵਾਲ, ਅਮਰਜੀਤ ਸਿੰਘ ਗਰੇਵਾਲ, ਸਵਰਨਜੀਤ ਸਵੀ, ਸਤੀਸ਼ ਗੁਲਾਟੀ, ਰਾਮ ਸਿੰਘ, ਡਾ. ਗੁਰਚਰਨ ਕੌਰ ਕੋਚਰ, ਇੰਦਰਜੀਤਪਾਲ ਕੌਰ, ਮਨਦੀਪ ਕੌਰ ਭੰਮਰਾ, ਸੁਰਿੰਦਰ ਦੀਪ, ਕੁਲਵਿੰਦਰ ਕੌਰ ਕਿਰਨ, ਭਗਵਾਨ ਢਿੱਲੋਂ, ਮਲਕੀਅਤ ਸਿੰਘ ਔਲਖ, ਪਰਮਜੀਤ ਕੌਰ ਮਹਿਕ, ਦੀਪ ਲੁਧਿਆਣਵੀ, ਅੰਮ੍ਰਿਤਬੀਰ ਕੌਰ, ਅਨਿਲ ਫ਼ਤਹਿਗੜ੍ਹ ਜੱਟਾਂ, ਸੁਰਜੀਤ ਸਿੰਘ ਲਾਂਬੜਾ, ਬਲਕੌਰ ਸਿੰਘ ਗਿੱਲ, ਹਰਦੀਪ ਲੱਧੜ, ਮੀਤ ਅਨਮੋਲ, ਰਵੀ ਰਵਿੰਦਰ, ਸਰਬਜੀਤ ਸਿੰਘ ਵਿਰਦੀ, ਗੁਰਪ੍ਰੀਤ ਕੌਰ ਸਮੇਤ ਕਾਫ਼ੀ ਗਿਣਤੀ ਵਿਚ ਲੇਖਕ ਹਾਜ਼ਰ ਸਨ।

# ਜਰਨੈਲ ਸਿੰਘ ਸੇਖਾ ਦੇ ਨਾਵਲ 'ਨਾਬਰ' 'ਤੇ ਗੋਸ਼ਟੀ



**ਮੋਗਾ**-ਮਹਿੰਦਰ ਸਾਥੀ ਯਾਦਗਾਰੀ ਮੰਚ ਵੱਲੋਂ ਪ੍ਰਵਾਸੀ ਨਾਵਲਕਾਰ ਸ੍ਰੀ ਜਰਨੈਲ ਸੇਖਾ ਦੇ ਨਵੇਂ ਨਾਵਲ 'ਨਾਬਰ' ਉੱਪਰ ਵਿਚਾਰ ਚਰਚਾ ਕਰਵਾਈ ਗਈ। ਸਥਾਨਕ ਸੁਤੰਤਰਤਾ ਸੰਗਰਾਮੀ ਭਵਨ ਵਿੱਚ ਕਰਵਾਏ ਗਏ ਸਾਹਿਤਕ ਸਮਾਗਮ ਵਿੱਚ ਇਸ ਗੋਸ਼ਟੀ ਦੀ ਪ੍ਰਧਾਨਗੀ ਬਹੁ-ਵਿਧਾਈ ਲੇਖਕ ਬਲਦੇਵ ਸਿੰਘ ਮੋਗਾ ਨੇ ਕੀਤੀ। ਪੁਸਤਕ ਉੱਪਰ ਪੇਪਰ ਪੜ੍ਹਦਿਆਂ ਨਾਮਵਰ ਆਲੋਚਕ ਡਾਕਟਰ ਸੁਰਜੀਤ ਬਰਾੜ ਨੇ ਆਖਿਆ ਕਿ ਇਹ ਨਾਵਲ ਔਰਤ ਦੀ ਆਜ਼ਾਦੀ ਅਤੇ ਉਸ ਦੇ ਬੁਨਿਆਦੀ ਹੱਕਾਂ ਦੀ ਗੱਲ ਕਰਦਾ ਹੈ। ਡਾਕਟਰ ਸੁਰਜੀਤ ਬਰਾੜ ਨੇ ਕਿਹਾ ਕਿ ਪੂੰਜੀਵਾਦੀ ਦੌਰ ਵਿੱਚ ਔਰਤ ਦੀ ਸਥਿਤੀ ਬਦ ਤੋਂ ਬਦਤਰ ਹੋਈ ਹੈ। ਔਰਤ ਨੂੰ ਮੰਡੀ ਦੀ ਵਸਤੂ ਵਜੋਂ ਪੇਸ਼ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਸ੍ਰੀ ਜਰਨੈਲ ਸੇਖਾ ਦਾ ਇਹ ਨਾਵਲ ਔਰਤ ਨੂੰ ਆਪਣੇ ਸਵੈ ਦੀ ਪਹਿਚਾਣ ਕਰਾਉਣ ਵਿੱਚ ਸਫਲ ਹੁੰਦਾ ਹੈ। ਨਾਵਲ ਉਪਰ ਦੂਸਰਾ ਪੇਪਰ ਬੋਹਾ ਤੋਂ ਆਏ ਪ੍ਰਸਿੱਧ ਆਲੋਚਕ ਅਤੇ ਕਹਾਣੀਕਾਰ ਨਿਰੰਜਣ ਬੋਹਾ ਨੇ ਪੇਸ਼ ਕੀਤਾ। ਆਪਣੇ ਪੇਪਰ ਵਿੱਚ ਉਹਨਾਂ ਨੇ ਇਹ ਮੁੱਦਾ ਪ੍ਰਮੁੱਖਤਾ ਨਾਲ ਉਭਾਰਿਆ ਕਿ ਸ੍ਰੀ ਜਰਨੈਲ ਸਿੰਘ ਸੇਖਾ ਨੇ ਬੜੀ ਸਰਲ ਅਤੇ ਰੌਚਕ ਭਾਸ਼ਾ ਵਿੱਚ ਪੱਛਮ ਵਿੱਚ ਰਹਿਣ ਵਾਲੀਆਂ ਔਰਤਾਂ ਨੂੰ ਦਰਪੇਸ਼ ਸਮੱਸਿਆਵਾਂ ਦੀ ਚਰਚਾ ਕੀਤੀ ਹੈ। ਪੜ੍ਹੇ ਗਏ ਪੇਪਰਾਂ ਉੱਪਰ ਬਹਿਸ ਦੀ ਸ਼ੁਰੂਆਤ ਕਰਦਿਆਂ ਡਾਕਟਰ ਗੁਰਜੀਤ ਸਿੰਘ ਸੰਧੂ ਨੇ ਇਹ ਨੁਕਤਾ ਉਭਾਰਿਆ ਕਿ ਪਿਤਰਵਾਦੀ ਸੱਤਾ ਦੀ ਪਕੜ ਟੁੱਟ ਰਹੀ ਹੈ। ਔਰਤ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋ ਰਹੀ ਹੈ। ਨਾਮਵਰ ਵਿਅੰਗਕਾਰ, ਕਹਾਣੀਕਾਰ ਅਤੇ ਨਾਵਲਕਾਰ ਕੇ ਐੱਲ ਗਰਗ ਨੇ ਕਿਹਾ ਕਿ ਔਰਤ ਮਰਦ ਦੇ ਰਿਸ਼ਤਿਆਂ ਦੀ ਸਫਲਤਾ ਆਪਸੀ ਮੁਕਾਬਲੇਬਾਜ਼ੀ ਵਿੱਚ ਨਹੀਂ, ਬਲਕਿ ਇੱਕ-ਦੂਜੇ ਦੇ ਪੂਰਕ ਵਜੋਂ ਵਿਚਰਨ ਵਿੱਚ ਹੈ। ਬਲਦੇਵ ਸਿੰਘ ਮੋਗਾ ਨੇ ਨਾਵਲ ਦੇ ਅੰਤ ਸੰਬੰਧੀ ਆਪਣਾ ਇਤਰਾਜ਼ ਜ਼ਾਹਰ ਕੀਤਾ ਕਿ ਲੇਖਕ ਨੇ ਅੰਤ ਵਿੱਚ ਨਾਵਲ ਦੀ ਨਾਇਕਾਂ ਨੂੰ ਨਾਬਰ ਨਹੀਂ ਹੋਣ ਦਿੱਤਾ। ਜਸਵੀਰ ਕਲਸੀ ਨੇ ਕਿਹਾ ਕਿ ਇਹ ਨਾਵਲ ਲੇਖਕ ਦੇ ਦੂਸਰੇ ਨਾਵਲਾਂ ਦੇ ਪੱਧਰ ਦਾ ਨਹੀਂ ਹੈ। ਪ੍ਰਸਿੱਧ ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਕਿਹਾ ਕਿ ਲੇਖਕ ਦੀ ਕਿਸੇ ਰਚਨਾ ਦੀ ਉਸ ਦੀਆਂ ਦੂਸਰੀਆਂ ਰਚਨਾਵਾਂ ਦੇ ਨਾਲ ਤੁਲਨਾ ਨਹੀਂ ਕੀਤੀ ਜਾਣੀ ਚਾਹੀਦੀ। ਮੋਹੀ ਅਮਰਜੀਤ ਨੇ ਨਾਵਲ ਨੂੰ ਮਾਨਵਵਾਦੀ ਸੁਰ ਦਾ ਨਾਵਲ ਕਿਹਾ। ਗੁਰਚਰਨ ਸੰਘਾ ਨੇ ਜਰਨੈਲ ਸੇਖਾ ਦੇ ਮਾਨਵਵਾਦੀ ਨਜ਼ਰੀਏ ਦੀ ਸ਼ਲਾਘਾ ਕੀਤੀ। ਮੰਚ ਸੰਚਾਲਕ ਰਣਜੀਤ ਸਰਾਂਵਾਲੀ ਨੇ ਜਰਨੈਲ ਸੇਖਾ ਦੀ ਸਮੁੱਚੀ ਸਾਹਿਤਕ ਦੇਣ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ।

# 'ਸਿੱਖ ਸੰਸਾਰ-2024' ਲੋਕ ਅਰਪਣ




**ਫਗਵਾੜਾ**-ਪੰਜਾਬੀ ਕਾਲਮਨਵੀਸ ਪੱਤਰਕਾਰ ਮੰਚ ਵੱਲੋਂ ਅੰਤਰਰਾਸ਼ਟਰੀ ਪੱਤਰਕਾਰ ਨਰਪਾਲ ਸਿੰਘ ਸ਼ੇਰਗਿੱਲ ਦੀ ਪੁਸਤਕ 'ਸਿੱਖ ਸੰਸਾਰ-2024' ਇੰਟਰਨੈਸ਼ਨਲ ਡਾਇਰੈਕਟਰੀ ਆਫ਼ ਗੁਰਦੁਆਰਾਜ਼ ਐਂਡ ਸਿੱਖ ਆਰਗੇਨਾਈਜੇਸ਼ਨ, ਫਗਵਾੜਾ ਵਿਖੇ ਪੰਜਾਬੀ ਸੱਥ ਦੇ ਮੁੱਖ ਸੰਚਾਲਕ ਮੋਤਾ ਸਿੰਘ ਸਰਾਏ ਵੱਲੋਂ ਲੋਕ ਅਰਪਣ ਕੀਤੀ ਗਈ। ਸਮਾਗਮ ਦੀ ਪ੍ਰਧਾਨਗੀ ਪ੍ਰਿੰ: ਗੁਰਮੀਤ ਸਿੰਘ ਪਲਾਹੀ, ਮੋਤਾ ਸਿੰਘ ਸਰਾਏ, ਪ੍ਰਿੰ: ਗੁਰਨਾਮ ਸਿੰਘ ਡੁਮੇਲੀ, ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਨੇ ਕੀਤੀ।ਇਸ ਸਮੇਂ ਮੋਤਾ ਸਿੰਘ ਸਰਾਏ ਯੂ.ਕੇ. ਨੇ ਕਿਹਾ ਕਿ ਉਹਨਾ ਨੂੰ ਆਪਣੀ ਮਾਂ ਬੋਲੀ ਪੰਜਾਬੀ 'ਤੇ ਮਾਣ ਹੈ ਅਤੇ ਉਹ ਆਪਣੀ ਜ਼ਿੰਦਗੀ 'ਚ ਪੰਜਾਬੀ ਬੋਲੀ ਤੇ ਸੱਭਿਆਚਾਰ ਦਾ ਝੰਡਾ ਦੁਨੀਆ ਭਰ 'ਚ ਉੱਚਾ ਚੁੱਕਣ ਲਈ ਵਚਨਬੱਧ ਹਨ। ਨਰਪਾਲ ਸਿੰਘ ਸ਼ੇਰਗਿੱਲ ਨੂੰ ਉਹਨਾ ਦੀ 55 ਸਾਲ ਦੀ ਸਫਲ ਪੱਤਰਕਾਰੀ ਦੇ ਸਫ਼ਰ ਲਈ ਵਧਾਈ ਦਿੱਤੀ। ਗਿਆਨ ਸਿੰਘ ਸਾਬਕਾ ਡੀ ਪੀ ਆਰ ਓ ਨੇ ਨਰਪਾਲ ਸਿੰਘ ਸ਼ੇਰਗਿੱਲ ਦੀਆਂ ਪੰਜਾਬੀ ਸੰਸਾਰ ਤੇ ਸਿੱਖ ਸੰਸਾਰ ਲਈ ਕੀਤੇ ਵਿਸ਼ੇਸ਼ ਯਤਨਾਂ ਅਤੇ ਪੱਤਰਕਾਰੀ ਦੇ ਖੇਤਰ 'ਚ ਨਵੇਂ ਦਿਸਹੱਦੇ ਸਿਰਜਣ ਲਈ ਮੁਬਾਰਕਾਂ ਦਿੱਤੀਆਂ। ਪੰਜਾਬੀ ਕਾਲਮ ਨਵੀਸ ਪੱਤਰਕਾਰ ਮੰਚ ਦੇ ਪ੍ਰਧਾਨ ਪ੍ਰਿੰ: ਗੁਰਮੀਤ ਸਿੰਘ ਪਲਾਹੀ ਨੇ ਕਿਹਾ ਕਿ ਸੰਸਥਾ ਵੱਲੋਂ ਪੰਜਾਬੀ ਦੇ ਕਾਲਮਨਵੀਸਾਂ ਨੂੰ ਇੱਕ ਪਲੇਟਫਾਰਮ ਦੇਣ ਦਾ ਯਤਨ ਹੋ ਰਿਹਾ ਹੈ ਤਾਂ ਕਿ ਪੰਜਾਬੀ ਪੱਤਰਕਾਰੀ ਦੇ ਖੇਤਰ 'ਚ ਹੋਰ ਬੁਲੰਦੀਆਂ ਛੋਹੀਆਂ ਜਾ ਸਕਣ ਅਤੇ ਇਸ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਲਿਜਾਇਆ ਜਾਵੇ।

# 'ਅੱਗੇ ਵਧਦੇ ਕਦਮ' ਰਿਲੀਜ਼



**ਪਟਿਆਲ਼ਾ**-ਪਿਛਲੇ ਦਿਨੀਂ ਪ੍ਰੋਫ਼ੈਸਰ ਅਵਤਾਰ ਸਿੰਘ ਧਾਲੀਵਾਲ ਦੇ ਗ੍ਰਹਿ ਵਿਖੇ ਮਰਹੂਮ ਸ਼੍ਰੋਮਣੀ ਬਾਲ ਸਾਹਿਤ ਲੇਖਕ ਮਹਿੰਦਰ ਸਿੰਘ ਮਾਨੂੰਪੁਰੀ ਦਾ ਸੰਪੂਰਨ ਬਾਲ ਕਾਵਿ ਸੰਗ੍ਰਹਿ-ਅੱਗੇ ਵਧਦੇ ਜਾਵਾਂਗੇ-ਸੰਪਾਦਕ ਪ੍ਰੋਫ਼ੈਸਰ ਅਵਤਾਰ ਸਿੰਘ ਧਾਲੀਵਾਲ ਅਤੇ ਨਾਵਲਕਾਰ ਅਵਤਾਰ ਸਿੰਘ ਬਿਲਿੰਗ ਰਿਲੀਜ਼ ਕੀਤਾ ਗਿਆ। ਮਾਨੂੰਪੁਰੀ ਦੇ ਜਮਾਤੀ ਰਹੇ ਪ੍ਰੋਫ਼ੈਸਰ ਧਾਲੀਵਾਲ ਤੇ ਸ਼ਾਗਿਰਦ ਬਿਲਿੰਗ ਨੇ ਮਾਨੂੰਪੁਰੀ ਨਾਲ਼ ਲੰਮੇ ਸਮੇਂ ਦੇ ਸੰਬੰਧਾਂ ਨੂੰ ਯਾਦ ਕੀਤਾ। ਨਾਟਕਕਾਰ ਸਤਿੰਦਰ ਸਿੰਘ ਨੰਦਾ ਤੇ ਡਾ: ਦਰਸ਼ਨ ਸਿੰਘ ਆਸ਼ਟ ਨੇ ਮਾਨੂੰਪੁਰੀ ਦੀ ਬਾਲ ਸਾਹਿਤ ਨੂੰ ਨਿੱਗਰ ਦੇਣ ਬਾਰੇ ਜਾਣਕਾਰੀ ਦਿੱਤੀ। ਪੁਸਤਕ ਦੇ ਪਬਲਿਸ਼ਰ ਨਿਸ਼ਾਂਤ ਸੂਦ, ਹਿੰਦੀ ਤੇ ਸੰਸਕ੍ਰਿਤ ਦੇ ਵਿਦਵਾਨ ਡਾ. ਮਧੂਬਾਲਾ, ਪ੍ਰੋਫ਼ੈਸਰ ਕੇ ਕੇ ਸ਼ਰਮਾ, ਮਨਜੀਤ ਕੌਰ ਧਾਲੀਵਾਲ, ਹਰਦੇਵ ਕੌਰ ਪੰਨੂ, ਜਗਮੇਲ ਸਿੱਧੂ ਡੈਨਮਾਰਕ, ਕੁਲਵੰਤ ਕਸਕ, ਹਰਪ੍ਰੀਤ ਸਿੰਘ ਮਾਨ, ਮੇਜਰ ਝੰਡਾ ਸਿੰਘ, ਵਿੰਗ ਕਮਾਂਡਰ ਰਾਜਿੰਦਰ ਸਿੰਘ ਧਾਲੀਵਾਲ, ਰਾਸ਼ਾ ਧਾਲੀਵਾਲ ਨੇ ਸਾਦੇ ਸਮਾਗਮ ਵਿੱਚ ਭਾਗ ਲਿਆ।

# ਸਾਹਿਤ ਰਤਨ ਓਮ ਪ੍ਰਕਾਸ਼ ਗਾਸੋ 92ਵੇਂ ਵਰ੍ਹੇ 'ਚ ਪ੍ਰਵੇਸ਼

**ਬਰਨਾਲਾ**-ਸਾਹਿਤ ਰਤਨ, ਸਾਹਿਤ ਸ਼੍ਰੋਮਣੀ, ਪੰਜਾਬ ਗੌਰਵ ਬਾਪੂ ਸ੍ਰੀ ਓਮ ਪ੍ਰਕਾਸ਼ ਗਾਸੋ ਬਰਨਾਲਾ ਨੇ 92ਵੇਂ ਵਰ੍ਹੇ ਵਿਚ ਪ੍ਰਵੇਸ਼ ਕਰਦਿਆਂ ਹਾਜ਼ਰੀਨ ਸਾਹਿਤਕਾਰਾਂ ਦੀ ਝੋਲੀ ਪਾਈ ਪਹਿਲੇ ਨਵਰਾਤਰੇ ਆਪਣੀ 75ਵੀਂ ਹਨੇਰਿਆਂ ਦੀ ਹਕੀਕਤ ਪੁਸਤਕ ਦਾ ਕੀਤਾ ਲੋਕ ਅਰਪਣ। ਇਸ ਪੁਸਤਕ ਦੇ ਲੋਕ ਅਰਪਣ ਕਰਨ ਤੋਂ ਪਹਿਲਾਂ ਬਾਪੂ ਸ੍ਰੀ ਓਮ ਪ੍ਰਕਾਸ਼ ਗਾਸੋ ਨੇ ਬੇਸ਼ੱਕ ਆਪਣੀ ਨਿੱਜੀ ਰਿਹਾਇਸ਼ 'ਤੇ 'ਹਵਨ' ਕਰਵਾਇਆ ਤੇ ਜਿੱਥੇ ਆਪਣੀ ਸਿਹਤ ਤੇ



ਇਲਾਕੇ ਦੀ ਸੁੱਖ-ਸ਼ਾਂਤੀ ਦੀ ਪਾਠ-ਪੂਜਾ ਕਰਵਾਈ ਗਈ, ਉਥੇ ਹੀ ਪਿਛਲੇ ਕੁਝ ਮਹੀਨੇ ਪਹਿਲਾਂ ਇਸ ਫਾਨੀ ਸੰਸਾਰ ਤੋਂ ਰੁਖ਼ਸਤ ਹੋਏ ਆਪਣੇ ਪੁੱਤਰ ਦੀ ਰੂਹ ਨੂੰ ਭਗਵਾਨ ਸ਼ਾਂਤੀ ਵਿਚ ਰੱਖਣ ਦੀ ਅਰਦਾਸ ਵੀ ਕਰਵਾਈ। ਇਸ ਜਨਮ ਦਿਵਸ ਮੌਕੇ ਸ਼ਹਿਰ ਬਰਨਾਲਾ ਦੇ ਸਮੂਹ ਸਾਹਿਤਕਾਰਾਂ ਤੇ ਹੋਰਨਾਂ ਜਥੇਬੰਦਕ ਆਗੂਆਂ ਵੱਲੋਂ ਜਿੱਥੇ ਬਾਪੂ ਸ੍ਰੀ ਓਮ ਪ੍ਰਕਾਸ਼ ਗਾਸੋ ਨੂੰ ਵਧਾਈਆਂ ਦਿੱਤੀਆਂ, ਉਥੇ ਹੀ ਇਨ੍ਹਾਂ ਦੀ ਵਡੇਰੀ ਉਮਰ ਦੀ ਮਨੋਕਾਮਨਾ ਵੀ ਕੀਤੀ। ਇਸ ਜਨਮ ਦਿਵਸ ਮੌਕੇ ਜਿੱਥੇ ਬਾਪੂ ਗਾਸੋ ਨੇ ਆਪਣੀਆਂ ਛਪਵਾਈਆਂ ਹੋਈਆਂ ਕਿਤਾਬਾਂ ਦਾ ਜ਼ਿਕਰ ਕੀਤਾ, ਉਥੇ ਹੀ ਵੱਖ-ਵੱਖ ਹਾਜ਼ਰੀਨ ਸਾਹਿਤਕਾਰਾਂ ਵੱਲੋਂ ਆਪੋ ਆਪਣੀਆਂ ਰਚਨਾਵਾਂ ਸੁਣਾ ਕੇ ਬਾਪੂ ਜੀ ਦੇ ਜਨਮ ਦਿਵਸ ਨੂੰ ਖ਼ੂਬ ਚੰਨ੍ਹ ਲਗਾਏ। ਇਸ ਮੌਕੇ ਹਾਜ਼ਰੀਨਾਂ ਵਿਚ ਡਾ. ਸੰਪੂਰਨ ਸਿੰਘ ਟੱਲੇਵਾਲੀਆ, ਜੰਗੀਰ ਸਿੰਘ ਦਿਲਬਰ, ਤੇਜਿੰਦਰ ਸਿੰਘ ਚੰਡੀਹੋਕ, ਮਾਲਵਿੰਦਰ ਸ਼ਾਇਰ, ਨਰਾਇਣ ਦੱਤ, ਰਾਮ ਸਰੂਪ ਸ਼ਰਮਾ, ਲਖਵਿੰਦਰ ਸ਼ਰਮਾ, ਸੁਰਜੀਤ ਸਿੰਘ ਸੰਧੂ ਨਾਟਕਕਾਰ, ਪ੍ਰਿੰਸੀਪਲ ਡਾ. ਰਾਕੇਸ਼ ਕੁਮਾਰ ਜਿੰਦਲ, ਪਰਸ਼ੋਤਮ ਬੱਲੀ, ਡਾ. ਰਾਜਿੰਦਰ ਕੁਮਾਰ, ਬ੍ਰਿਜ ਲਾਲ ਧਨੌਲਾ, ਪਵਨ ਪਰਿੰਦਾ, ਤੇਜਾ ਸਿੰਘ ਤਿਲਕ, ਦਰਬਾਰਾ ਸਿੰਘ ਆਦਿ ਸਮੇਤ ਸਮੂਹ ਗਾਸੋ ਸਦਨ ਪਰਵਾਰ ਤੇ ਆਂਢ-ਗੁਆਂਢ ਤੇ ਰਿਸ਼ਤੇਦਾਰ ਹਾਜ਼ਰ ਸਨ।

# ਤਿਮਾਹੀ ਮੈਗਜ਼ੀਨ 'ਤਾਸਮਨ' ਤੇ ਪੁਸਤਕ 'ਬ੍ਰਹਮ ਅਸਤਰ' ਲੋਕ ਅਰਪਣ

**ਮੋਗਾ** : ਅਦਾਰਾ ਤਾਸਮਨ ਵੱਲੋਂ ਮਹਿੰਦਰ ਸਾਥੀ ਯਾਦਗਾਰੀ ਮੰਚ ਮੋਗਾ ਦੇ ਸਹਿਯੋਗ ਨਾਲ ਦੋ ਸਾਲਾਂ ਦੇ ਤਾਸਮਨ ਸਨਮਾਨ ਅਤੇ ਮੈਗਜ਼ੀਨ ਦਾ ਤੇਹਰਵਾਂ ਅੰਕ ਲੋਕ ਅਰਪਣ ਕਰਨ ਲਈ ਸ਼ਾਨਦਾਰ ਸਾਹਿਤਕ ਸਮਾਗਮ ਕਰਵਾਇਆ ਗਿਆ। ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਚ ਕਰਵਾਏ ਇਸ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾਕਟਰ ਸੁਖਦੇਵ ਸਿੰਘ ਸਿਰਸਾ ਨੇ ਜ਼ੁਬਾਨਬੰਦੀ ਦੇ ਮੌਜੂਦਾ ਦੌਰ ਵਿਚ ਪੰਜਾਬੀ ਲੇਖਕਾਂ ਦੀ ਚੁੱਪ ਉਪਰ ਸਵਾਲ ਖੜੇ ਕੀਤੇ। ਉਹਨਾਂ ਕਿਹਾ ਕਿ ਲੇਖਕ ਸਰਕਾਰੀ ਸਨਮਾਨਾਂ ਪਿੱਛੇ ਨਾ ਭੱਜਣ। ਨਾਮਵਰ ਕਹਾਣੀਕਾਰ ਕਿਰਪਾਲ ਕਜ਼ਾਕ ਨੇ ਕਿਹਾ ਕਿ ਸਾਹਿਤ ਰਚਨਾ ਵਿਚ ਨਿਰਪੱਖ ਆਲੋਚਕ ਦੀ ਬੜੀ ਸਾਰਥਿਕ ਭੂਮਿਕਾ ਹੁੰਦੀ ਹੈ, ਜੋ ਲੇਖਕ ਨੂੰ ਆਰ ਲਾਉਂਦਾ ਰਹਿੰਦਾ ਹੈ। ਪ੍ਰਸਿੱਧ ਨਾਵਲਕਾਰ ਬਲਦੇਵ ਸਿੰਘ ਮੋਗਾ ਅਤੇ ਕੇ ਐੱਲ ਗਰਗ ਨੇ ਤਾਸਮਨ ਮੈਗਜ਼ੀਨ ਵੱਲੋਂ ਥੋੜ੍ਹੇ ਸਮੇਂ ਵਿਚ ਹੀ ਮਹੱਤਵਪੂਰਨ ਸਥਾਨ ਹਾਸਲ ਕਰਨ 'ਤੇ ਤਾਸਮਨ ਦੀ ਟੀਮ ਨੂੰ ਮੁਬਾਰਕਾਂ ਦਿੱਤੀਆਂ। ਜ਼ਿਲ੍ਹਾ ਭਾਸ਼ਾ ਅਫਸਰ ਡਾ. ਅਜੀਤਪਾਲ ਸਿੰਘ ਅਤੇ ਨਿਊਜ਼ੀਲੈਂਡ ਤੋਂ ਆਏ ਸ਼ਾਇਰ ਹਰਜਿੰਦਰ ਜੌਹਲ ਨੇ ਮਹਿੰਦਰ ਸਾਥੀ ਯਾਦਗਾਰੀ ਮੰਚ ਵੱਲੋਂ ਮੋਗਾ ਖੇਤਰ ਵਿੱਚ ਕੀਤੀਆਂ ਜਾ ਰਹੀਆਂ ਸਾਹਿਤਕ ਸਰਗਰਮੀਆਂ ਦੀ ਸ਼ਲਾਘਾ ਕੀਤੀ। ਤਾਸਮਨ ਦੇ ਮੁੱਖ ਸੰਪਾਦਕ ਹਰਮਨਦੀਪ ਗਿੱਲ (ਆਸਟ੍ਰੇਲੀਆ) ਨੇ ਤਾਸਮਨ ਦੇ ਬੀਜ ਤੱਤ ਦੀ ਗੱਲ ਕੀਤੀ ਅਤੇ ਮੈਗਜ਼ੀਨ ਦੇ ਕਾਮਯਾਬੀ ਨਾਲ ਚੱਲਦੇ ਰਹਿਣ ਵਿਚ ਤਰਨਦੀਪ ਦਿਉਲ (ਨਿਊਜ਼ੀਲੈਂਡ), ਵਰਿੰਦਰ ਅਲੀਸ਼ੇਰ (ਆਸਟ੍ਰੇਲੀਆ), ਸੱਤਪਾਲ ਭੀਖੀ ਅਤੇ ਡਾਕਟਰ ਸੁਮੀਤ ਸ਼ੰਮੀ ਦੇ ਸੰਜੀਦਾ ਯੋਗਦਾਨ ਬਾਰੇ ਗੱਲ ਕੀਤੀ। ਨਾਮਵਰ ਲੇਖਕ ਹਰਮੀਤ ਵਿਦਿਆਰਥੀ ਨੇ ਸਾਹਿਤਕ ਪੱਤਰਕਾਰੀ ਵਿੱਚ ਤਾਸਮਨ ਦੇ ਸਥਾਨ ਬਾਰੇ ਗੱਲ ਕਰਦਿਆਂ ਇਸ ਨੂੰ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚ ਵੱਸਦੇ ਪੰਜਾਬੀਆਂ ਵਿਚਕਾਰ ਪੁਲ ਦਾ ਕੰਮ ਕਰਨ ਵਾਲਾ ਮੈਗਜ਼ੀਨ ਕਿਹਾ।

ਇਸ ਮੌਕੇ ਅਦਾਰਾ ਤਾਸਮਨ ਵੱਲੋਂ ਪ੍ਰਸਿੱਧ ਵਾਰਤਕਕਾਰ ਪ੍ਰਵੇਸ਼ ਸ਼ਰਮਾ ਅਤੇ ਕਹਾਣੀਕਾਰ ਸਵਾਮੀ ਸਰਬਜੀਤ ਨੂੰ ਮਾਸਟਰ ਗੁਰਮੇਲ ਸਿੰਘ ਬਿਲਾਸਪੁਰ ਯਾਦਗਾਰੀ 'ਅਨੁਵਾਦ ਅਤੇ ਸਿਰਜਣਾ' ਪੁਰਸਕਾਰ ਦਿੱਤਾ ਗਿਆ। ਵਾਰਤਕ ਲੇਖਕ ਤੇ ਸ਼ਾਇਰ ਪ੍ਰੋਫ਼ੈਸਰ ਗੁਰਦੀਪ ਢਿੱਲੋਂ ਅਤੇ ਕਹਾਣੀਕਾਰਾ ਰੇਮਨ ਨੂੰ ਪ੍ਰਦੀਪ ਸਿੰਘ ਚੜ੍ਹਿੱਕ ਯਾਦਗਾਰੀ ਯੁਵਾ ਸਾਹਿਤ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਕਾਮਰੇਡ ਹੁਕਮ ਚੰਦ ਜਿੰਦਲ ਯਾਦਗਾਰੀ ਸ਼ਬਦ ਪ੍ਰਵਾਹ ਪੁਰਸਕਾਰ ਕੁਕਨੂਸ ਪ੍ਰਕਾਸ਼ਨ ਦੇ ਸੰਚਾਲਕ ਰਜਿੰਦਰ ਬਿਮਲ ਅਤੇ ਪੀਪਲਜ਼ ਫੋਰਮ ਬਰਗਾੜੀ ਦੇ ਖ਼ੁਸ਼ਵੰਤ ਬਰਗਾੜੀ ਨੂੰ ਦਿੱਤੇ ਗਏ। ਸਨਮਾਨ ਵਿਚ ਸਨਮਾਨ ਚਿੰਨ੍ਹ, ਨਗਦ ਰਾਸ਼ੀ ਅਤੇ ਲੋਈ ਸ਼ਾਮਲ ਸੀ। ਸਨਮਾਨਿਤ ਸ਼ਖ਼ਸੀਅਤਾਂ ਬਾਰੇ ਪੰਜਾਬੀ ਸ਼ਾਇਰ ਤਰਸੇਮ, ਕਹਾਣੀਕਾਰ ਜਸਵੀਰ ਕਲਸੀ, ਡਾਕਟਰ ਸੰਤੋਖ ਸੁੱਖੀ, ਜਸਵਿੰਦਰ, ਧਰਮਕੋਟ, ਯੁਵਾ ਸਾਹਿਤ ਅਕਾਦਮੀ ਪੁਰਸਕਾਰ ਜੇਤੂ ਸ਼ਾਇਰ ਦੀਪਕ ਧਲੇਵਾਂ ਅਤੇ ਡਾ. ਸੁਮੀਤ ਸੰਮੀ ਨੇ ਆਪਣੇ ਵਿਚਾਰ ਪ੍ਰਗਟ ਕੀਤੇ।

# ਪ੍ਰੀਤ ਨਗਰ ਵਿਖੇ ਰਾਸ਼ਟਰੀ ਰੰਗਮੰਚ ਉਤਸਵ

**ਅੰਮ੍ਰਿਤਸਰ** : ਮੰਚ-ਰੰਗਮੰਚ ਅੰਮ੍ਰਿਤਸਰ ਵੱਲੋਂ ਗੁਰਬਖਸ ਸਿੰਘ ਨਾਨਕ ਸਿੰਘ ਫਾਊਂਡੇਸ਼ਨ ਪ੍ਰੀਤ ਨਗਰ (ਅੰਮ੍ਰਿਤਸਰ) ਦੇ ਸਹਿਯੋਗ ਨਾਲ 23ਵਾਂ ਰਾਸ਼ਟਰੀ ਰੰਗ ਮੰਚ ਉਤਸਵ (ਅੰਮ੍ਰਿਤਸਰ) 26 ਅਪ੍ਰੈਲ ਤੋਂ 29 ਅਪ੍ਰੈਲ ਤੱਕ ਮਨਾਇਆ ਜਾ ਰਿਹਾ ਹੈ। ਪ੍ਰੀਤ ਨਗਰ ਵਿਖੇ ਪ੍ਰੀਤ ਭਵਨ ਵਿੱਚ ਆਯੋਜਿਤ ਇਸ ਚਾਰ ਰੋਜਾ ਉਤਸਵ 'ਚ 26 ਅਪ੍ਰੈਲ ਨੂੰ ਪੰਜਾਬੀ ਨਾਟਕ 'ਮਾਹੀ ਮੇਰਾ ਥਾਣੇਦਾਰ' ਕੇਵਲ ਧਾਲੀਵਾਲ ਦੀ ਨਿਰਦੇਸ਼ਨਾ ਹੇਠ ਮੰਚ -ਰੰਗਮੰਚ ਅੰਮ੍ਰਿਤਸਰ ਦੀ ਨਾਟ ਟੋਲੀ ਵੱਲੋਂ ਪੇਸ਼ ਕੀਤਾ ਜਾਵੇਗਾ। ਇਹ ਪ੍ਰਸਿੱਧ ਮਰਾਠੀ ਨਾਟਕਕਾਰ ਵਸੰਤ ਸਨਬਨਵੀਸ ਦੀ ਰਚਨਾ ਦਾ ਪੰਜਾਬੀ ਰੂਪ ਹੈ। 27 ਅਪ੍ਰੈਲ ਨੂੰ ਹਿੰਦੀ ਨਾਟਕ 'ਸਭਰਾਂਤ ਵੇਸਵਾ' ਸੂਰਜ ਸ਼ਰਮਾ ਦੀ ਨਿਰਦੇਸ਼ਨਾ ਹੇਠ ਅਭਿਨਵ ਰੰਗ ਮੰਚ, ਉਜੈਨ ਦੀ ਨਾਟ ਮੰਡਲੀ ਵੱਲੋਂ ਪੇਸ਼ ਕੀਤਾ ਜਾਵੇਗਾ। ਇਸ ਨਾਟਕ ਦਾ ਮੂਲ ਸਰੋਤ ਸੰਸਾਰ ਪ੍ਰਸਿੱਧ ਫਰਾਂਸੀਸੀ ਲੇਖਕ ਜਾਂ ਪਾਲ ਸਾਰਤਰ ਦੀ ਰਚਨਾ ਹੈ। 28 ਅਪ੍ਰੈਲ ਨੂੰ ਹਿੰਦੀ ਨਾਟਕ 'ਸੰਧਿਆ ਛਾਇਆ' ਸੁਦੇਸ਼ ਸ਼ਰਮਾ ਦੀ ਨਿਰਦੇਸ਼ਨਾ ਹੇਠ 'ਥੀਏਟਰ ਫਾਰ ਥੀਏਟਰ' ਚੰਡੀਗੜ੍ਹ ਦੀ ਨਾਟ ਟੋਲੀ ਵੱਲੋਂ ਪੇਸ਼ ਕੀਤਾ ਜਾਵੇਗਾ। ਇਸ ਨਾਟਕ ਦੇ ਰਚੇਤਾ ਜਯਵੰਤ ਦਲਵੀ ਹਨ। 29 ਅਪ੍ਰੈਲ ਨੂੰ ਅਨੀਤਾ ਸਬਦੀਸ਼ ਦਾ ਰਚਿਆ ਤੇ ਨਿਰਦੇਸ਼ਿਤ ਕੀਤਾ ਪੰਜਾਬੀ ਨਾਟਕ 'ਗੁਮਸ਼ੁਦਾ ਔਰਤ' ਸੁਚੇਤਕ ਰੰਗ ਮੰਚ, ਚੰਡੀਗੜ੍ਹ ਦੀ ਨਾਟ ਟੋਲੀ ਵੱਲੋਂ ਪੇਸ਼ ਕੀਤਾ ਜਾਵੇਗਾ। ਉਤਸਵ ਦੇ ਸਮੇਂ ਇਹਨਾਂ ਨਾਟਕਾਂ ਦੀ ਪੇਸ਼ਕਾਰੀ ਦਾ ਸਮਾਂ ਹਰ ਰੋਜ ਠੀਕ 7 ਵਜੇ ਸ਼ਾਮ ਹੋਵੇਗਾ।

## 'ਨਵਾਂ ਜ਼ਮਾਨਾ' ਐਤਵਾਰਤਾ ਸਿਰਫ ਸਾਹਿਤਕ ਮੈਗਜ਼ੀਨ ਨਹੀਂ, ਅਗਾਂਹਵਧੂ ਧਿਰਾਂ ਦਾ ਸੰਵਾਦ ਮੰਚ ਵੀ ਹੈ।

ਇਸ ਵਿੱਚ ਹਰ ਹਫਤੇ :

* ਕਿਸੇ ਉੱਘੇ ਲੇਖਕ ਨਾਲ ਮੁਲਾਕਾਤ
* ਕਿਸੇ ਕਵੀ ਦੀਆਂ ਪੰਜ ਤੇ ਸੱਤ ਨਵੀਆਂ ਕਵਿਤਾਵਾਂ
* 'ਇਤਿਹਾਸ ਦੀਆਂ ਪੈੜਾਂ' ਤਹਿਤ ਪੰਜਾਬ ਦੇ ਪਿੰਡਾਂ ਦਾ ਇਤਿਹਾਸ, ਵਿਰਸਾ ਫਰੋਲਦੇ ਲੇਖ
* ਕਿਸੇ ਉੱਘੇ ਲੇਖਕ ਦਾ ਸਫਰਨਾਮਾ
* ਕਿਸੇ ਮਿਆਰੀ ਕਿਤਾਬ ਬਾਰੇ 'ਫੋਕਸ' ਅਧੀਨ ਚਰਚਾ ਤੇ ਪੰਜ ਤੋਂ ਸੱਤ ਤੱਕ ਦੇ ਰੀਵਿਊ
* ਹਫਤੇ ਦੀਆਂ ਸਾਹਿਤਕ ਸਰਗਰਮੀਆਂ ਦੇ ਰਿਪੋਰਤਾਜ਼
* ਸਮਕਾਲੀ ਰਾਜਨੀਤੀ, ਚਿੰਤਨ ਬਾਰੇ ਮੰਥਨ ਤੇ ਚਰਚਾਵਾਂ

**ਅਤੇ ਹੋਰ ਵੀ ਬਹੁਤ ਕੁਝ**

ਸਾਹਿਤਕ ਲਿਖਤਾਂ ਤੇ ਹੋਰ ਸਮਗਰੀ ਆਦਿ ਭੇਜਣ ਲਈ ਲੇਖਕਾਂ ਨੂੰ ਬੇਨਤੀ ਹੈ ਕਿ ਹੁਣ ਉਹ ਆਪਣੀਆਂ ਲਿਖਤਾਂ : atwartazamana@gmail.com 'ਤੇ ਹੀ ਭੇਜਣ।

- ਸੰਪਾਦਕ

# ਹਰਵਿੰਦਰ ਸਿੰਘ ਰੋਡੇ ਦਾ ਨਾਵਲ 'ਪੌੜੀ' ਲੋਕ ਅਰਪਣ

**ਬਾਘਾ ਪੁਰਾਣਾ**-ਸਾਹਿਤ ਸਭਾ (ਰਜਿ.) ਬਾਘਾ ਪੁਰਾਣਾ ਦੀ ਭਰਵੀਂ ਮਾਸਿਕ ਇਕੱਤਰਤਾ ਸਕੂਲ ਆੱਫ਼ ਐਮੀਨੈਂਸ, ਬਾਘਾ ਪੁਰਾਣਾ ਵਿਖੇ ਸਭਾ ਦੇ ਪ੍ਰਧਾਨ ਲਖਵੀਰ ਸਿੰਘ ਕੋਮਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਸਦੀਵੀ ਵਿਛੋੜਾ ਦੇ ਗਏ ਸਭਾ ਦੇ ਸੀਨੀਅਰ ਸਾਥੀ ਕਾਮਰੇਡ ਤੇਜ ਸਿੰਘ ਚੰਨੂਵਾਲਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਉਪਰੰਤ ਸਭਾ ਦੇ ਪਹਿਲੇ ਸੈਸ਼ਨ ਦੌਰਾਨ ਸਭਾ ਦੇ ਸਕੱਤਰ ਹਰਵਿੰਦਰ ਸਿੰਘ ਰੋਡੇ ਦਾ ਨਵ-ਪ੍ਰਕਾਸ਼ਿਤ ਪਲੇਠਾ ਨਾਵਲ 'ਪੌੜੀ' ਨੂੰ ਲੋਕ ਅਰਪਣ ਕੀਤਾ ਗਿਆ। ਇਸ ਨਾਵਲ ਉਪਰ ਸਭਾ ਦੇ ਪ੍ਰਧਾਨ ਲਖਵੀਰ ਸਿੰਘ ਕੋਮਲ ਨੇ ਬੋਲਦਿਆਂ ਕਿਹਾ ਕਿ ਵਿਲੱਖਣ ਸ਼ੈਲੀ ਵਿੱਚ ਲਿਖਿਆ ਗੁੰਦਵੇਂ ਪਲਾਟ ਵਾਲਾ ਨਾਵਲ 'ਪੌੜੀ' ਅਜੋਕੀ ਔਰਤ ਦੇ ਦੁੱਖਾਂ ਦੀ ਦਾਸਤਾਨ ਹੈ, ਐਸੀ ਰਚਨਾ ਦਾ ਭਰਵਾਂ ਸਵਾਗਤ ਕਰਨਾ ਬਣਦਾ ਹੈ। ਖਜ਼ਾਨਚੀ ਜਸਵੰਤ ਸਿੰਘ ਜੱਸੀ ਤੇ ਨਾਇਬ ਰੋਡੇ ਨੇ ਨਾਵਲ ਨੂੰ ਮਾਲਵੇ ਦਾ ਮੁਹਾਂਦਰਾ ਆਂਹਦਿਆਂ ਇਸ ਦੇ ਥੀਮ ਬਾਰੇ ਚਾਨਣਾ ਪਾਇਆ। ਮੁਕੰਦ ਕਮਲ ਤੇ ਐੱਸ ਇੰਦਰ ਨੇ ਬੋਲਦਿਆਂ ਕਿਹਾ ਕਿ ਹਰਵਿੰਦਰ ਨੇ ਅਜੋਕੀ ਔਰਤ ਦੀ ਗਾਥਾ ਨੂੰ ਬੜੀ ਭਾਵਨਾ ਨਾਲ ਨਾਵਲ ਵਿਚ ਗੁੰਨ੍ਹਿਆ ਹੈ। ਯਸ਼ ਚੱਟਾਨੀ ਤੇ ਕੰਵਲਜੀਤ ਭੋਲਾ ਲੰਡੇ ਨੇ ਆਖਿਆ ਕਿ ਅਜੋਕੀਆਂ ਲਿਖਤਾਂ ਵਿੱਚੋਂ ਪੰਜਾਬੀ ਮੁਹਾਵਰਾ ਅਲੋਪ ਹੁੰਦਾ ਜਾਂਦਾ ਹੈ, ਸਾਨੂੰ ਏਸ ਨੂੰ ਬਚਾਉਣ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਮੀਟਿੰਗ ਦੇ ਦੂਜੇ ਸੈਸ਼ਨ ਦੌਰਾਨ ਰਚਨਾਵਾਂ ਦਾ ਦੌਰ ਸ਼ੁਰੂ ਹੋਇਆ, ਜਿਸ ਵਿੱਚ ਕੋਮਲ ਭੱਟੀ, ਸਾਗਰ ਸਫ਼ਰੀ, ਗੁਰਦੀਪ ਸਿੰਘ, ਈਸ਼ਰ ਸਿੰਘ ਲੰਭਵਾਲੀ, ਗੋਰਾ ਸਮਾਲਸਰ, ਓਕਟੋ ਆਊਲ, ਕਰਮ ਸਿੰਘ ਕਰਮ, ਜਗਜੀਤ ਸਿੰਘ ਝਤਰੇ, ਬਲਵਿੰਦਰ ਕੈਂਥ, ਜਗਸੀਰ ਬਰਾੜ, ਗੁਰਜੰਟ ਰਾਜਿਆਣਾ, ਅਮਰਜੀਤ ਰਣੀਆਂ, ਸਰਬਜੀਤ ਸਮਾਲਸਰ, ਜਗਦੀਸ਼ ਪ੍ਰੀਤਮ, ਮੇਜਰ ਸਿੰਘ ਹਰੀਏਵਾਲਾ, ਬਲਵਿੰਦਰ ਸਿੰਘ ਰੋਡੇ, ਪਰਮਜੀਤ ਸਿੰਘ ਬਾਘਾ ਪੁਰਾਣਾ, ਅਮਰ ਘੋਲੀਆ ਤੇ ਬੇਅੰਤ ਸਿੰਘ ਪੰਜਗਰਾਈਂ ਵੱਲੋਂ ਆਪੋ-ਆਪਣੇ ਤਾਜ਼ਾ ਕਲਾਮ ਪੇਸ਼ ਕੀਤੇ ਗਏ।



**—ਡਾ. ਸਾਧੂ ਰਾਮ ਲੰਗੇਆਣਾ**

# ਪਾਠਕਾਂ ਦੇ ਝਰੋਖੇ 'ਚੋਂ

## ਖਾਲਸਾ ਸੋਇ ਜੋ ਨਿਰਧਨ ਕੋ ਪਾਲੇ

14 ਅਪਰੈਲ ਦੇ ਨਵਾਂ ਜ਼ਮਾਨਾ ਵਿਚ ਮੁੱਖ ਪੰਨੇ 'ਤੇ ਚਿੰਤਕ ਤੇ ਪ੍ਰਸਿੱਧ ਵਿਦਵਾਨ ਪੰਜਾਬੀ ਟ੍ਰਿਬਿਊਨ ਦੇ ਸਾਬਕਾ ਸੰਪਾਦਕ ਸਵਰਾਜਬੀਰ ਨੇ ਖਾਲਸਾ ਸੋਇ ਨਿਰਧਨ ਕੋ ਪਾਲੇ ਵਿਚ ਖਾਲਸੇ ਦੇ ਬੁਲੰਦ ਰੁਤਬੇ ਨੂੰ ਰੌਸ਼ਨ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਾਜਨਾ ਹੀ ਇਸ ਨਜ਼ਰੀਏ ਤੋਂ ਕੀਤੀ ਸੀ ਕਿ ਖਾਲਸਾ ਦੁਨੀਆ ਵਿਚ ਵਿਲੱਖਣ ਪਛਾਣ ਵਾਲਾ ਹੋਵੇ। ਖਾਲਸਾ ਗਰੀਬ ਦਾ ਰਖਿਅਕ ਹੋਵੇ ।ਗਊ ਗਰੀਬ ਦਾ ਰਾਖਾ ਹੋਵੇ। ਡਾ. ਸੁਰਜੀਤ ਸਿੰਘ ਭੱਟੀ ਨੇ ਖਾਲਸੇ ਦੀ ਸਿਰਜਨਾ ਦੇ ਇਨਕਲਾਬੀ ਤੱਤਾਂ ਦੀ ਪਛਾਣ ਕੀਤੀ ਹੈ। ਖਾਲਸਾ ਸਿਰਜਨਾ ਦਾ ਕੌਤਕ ਅੱਜ ਵੀ ਦੁਨੀਆ ਨੂੰ ਹੈਰਾਨ ਕਰ ਦੇਣ ਵਾਲਾ ਹੈ ।ਪੰਜ ਪਿਆਰੇ ਸਾਜਨ ਦਾ ਮਹਾਨ ਚਮਤਕਾਰੀ ਕੌਤਕ ਕੇਵਲ ਦਸਵੇਂ ਗੁਰੂ ਜੀ ਦਾ ਕਾਰਨਾਮਾ ਸੀ । ਪੰਜ ਪਿਆਰੇ ਦਾ ਸਿਧਾਂਤ ਅਜੇ ਵੀ ਸਾਡੀ ਮਰਿਆਦਾ ਦਾ ਅਟੁਟ ਅੰਗ ਹੈ ਪੰਜ ਤਖਤ ਹਨ ।ਪੰਜਾਂ ਵਿਚ ਪਰਮੇਸ਼ਰ ਹੈ। ਅਰਵਿੰਦਰ ਕੌਰ ਕਾਕੜਾ ਨੇ ਖਾਲਸੇ ਦੀ ਸਿਰਜਨਾ ਨੂੰ ਅਜੋਕੇ ਸੰਦਰਭ ਵਿਚ ਲਿਆ ਹੈ। ਅਸਲ ਵਿਚ ਦੇਸ਼ ਵੰਡ ਵੇਲੇ ਖਾਲਸਾ ਸਿਆਸੀ 'ਲੋਕਾਂ ਦੇ ਦਾਅ ਪੇਚ ਨਹੀਂ ਸੀ ਸਮਝ ਸਕਿਆ, ਜਿਸ ਕਰਕੇ ਆਜ਼ਾਦ ਦੇਸ਼ ਵਿਚ ਖਾਲਸੇ ਦਾ ਉਹ ਰੁਤਬਾ ਨਹੀਂ ਬਣ ਸਕਿਆ, ਜਿਸ ਦਾ ਉਹ ਹੱਕਦਾਰ ਹੈ। ਬਾਲ ਕੋਨੇ ਵਿਚ ਨਿੱਕੇ ਬੱਚਿਆਂ ਦੀਆਂ ਰਚਨਾਵਾਂ ਪੜ੍ਹ ਕੇ ਖੁਸ਼ੀ ਹੋਈ। ਇਹ ਬੱਚੇ ਸਾਡੇ ਭਵਿੱਖ ਦੇ ਸਾਹਿਤਕਾਰ ਹਨ ।ਮੇਰੇ ਪੋਤਰੇ ਤੇ ਦੋਹਤਰੇ ਨੇ। ਬਾਲ ਕੋਨੇ ਦੀਆਂ ਰਚਨਾਵਾਂ ਪੜ੍ਹ ਕੇ ਖੁਸ਼ੀ ਮਹਿਸੂਸ ਕੀਤੀ। ਡਾ. ਦੀਪਤੀ ਨੇ ਆਪਣੀ ਜ਼ਿੰਦਗੀ ਵਿਚ ਤਰਕਸ਼ੀਲਤਾ ਦਾ ਜ਼ਿਕਰ ਕੀਤਾ ਹੈ। ਤਰਕਸ਼ੀਲ ਹੋਣਾ ਜ਼ਿੰਦਗੀ ਨੂੰ ਮਾਨਣ ਦੇ ਬਰਾਬਰ ਹੈ। ਕਿਤਾਬ 'ਸੁਲਘਦੇ ਸਮਿਆਂ ਦਾ ਸੱਚ' ਦੀ ਸਮੀਖਿਆ ਪੜ੍ਹੀ। ਕਿਤਾਬ ਵੱਖ-ਵੱਖ ਸਿਨਫਾਂ ਦਾ ਗੁਲਦਸਤਾ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਦਾ ਬਹੁਤ ਸੁਹਿਰਦ ਯਤਨ ਹੈ। ਮਹਾਰਾਜਾ ਸ਼ੇਰ ਸਿੰਘ ਤੇ ਨਿਆਈ ਵਾਲਾ ਟੱਕ ਦੇ ਰੀਵਿਊ ਚੰਗੇ ਹਨ। ਇਸ ਵਾਰ ਸਮਕਾਲ ਬਹੁਤ ਵਿਸਥਾਰ ਵਿਚ ਹੈ। ਸਾਹਿਤਕ ਸਰਗਰਮੀਆਂ ਪੜ੍ਹ ਕੇ ਮਨ ਖੁਸ਼ ਹੋਇਆ।

**-ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

## ਆਕਾਸ਼ਵਾਣੀ ਦੀ ਉਰਦੂ ਸਰਵਿਸ

7 ਅਪ੍ਰੈਲ ਦੇ 'ਐਤਵਰਤਾ' ਵਿਚ ਗੁਰਪ੍ਰੀਤ ਸਿੰਘ ਬਿਲਿੰਗ ਵੱਲੋਂ ਲਿਖੇ ਲੇਖ 'ਬਹੁਤ ਚੇਤੇ ਆਉਂਦੀ ਆਕਾਸ਼ਵਾਣੀ ਦੀ ਉਰਦੂ ਸਰਵਿਸ' ਪੜ੍ਹ ਕੇ ਵਾਕਿਆ ਹੀ ਉਹ ਦਿਨ ਬੜੇ ਯਾਦ ਆਏ ਜਦੋਂ ਟੀ ਵੀ ਨੈਣ ਨਈਂ ਰੇਡੀਓ ਦਾ ਚੱਲਦੇ ਹੁੰਦੇ ਸੀ। ਆਲ ਇੰਡੀਆ ਰੇਡੀਓ ਦੀ ਉਰਦੂ ਸਰਵਿਸ ਤੇ ਸਵੇਰੇ ਦੁਪਹਿਰੇ ਫਰਮਾਇਸ਼ੀ ਗੀਤਾਂ ਦੇ ਪ੍ਰੋਗਰਾਮ ਹੋਣੇ ਤੇ ਰਾਤ ਨੂੰ ਸਾਢੇ ਦਸ ਵਜੇ ਤਾਮਿਲ-ਏ-ਇਰਸ਼ਾਦ ਜਾਂ ਰਾਤ ਸਾਢੇ ਬਾਰਾਂ ਵਜੇ ਟਿਕੀ ਹੋਈ ਚਾਨਣੀ ਰਾਤ ਤੇ ਤਾਰਿਆਂ ਦੀ ਛਾਵੇਂ ਸ਼ਬ-ਏ-ਖੈਰ ਪ੍ਰੋਗਰਾਮ 'ਚ ਮੱਠੀ-ਮੱਠੀ ਆਵਾਜ਼ ਵਿਚ ਪੁਰਾਣੀਆਂ ਹਿੰਦੀ ਫ਼ਿਲਮਾਂ ਦੇ ਗੀਤ 'ਸੁਹਾਨੀ ਰਾਤ ਢਲ ਚੁਕੀ ਨ ਜਾਨੇ ਤੁਮ ਕਬ ਆਓਗੇ', 'ਸਾਰੀ ਸਾਰੀ ਰਾਤ ਤੇਰੀ ਯਾਦ ਸਤਾਏ', 'ਆ ਜਾਓ ਤੜਪਤੇ ਹੈਂ ਅਰਮਾਂ ਅਬ ਰਾਤ ਗੁਜ਼ਰਨੇ ਵਾਲੀ ਹੈ' ਲੱਗੇ ਹੋਣੇ ਤਾਂ ਇੰਝ ਲੱਗਣਾ ਜਿਵੇਂ ਰਾਤ ਖਲੋ ਗਈ ਹੋਵੇ। ਅੱਜ ਭਾਵੇਂ ਟੀ ਵੀ ਜਾਂ ਮੋਬਾਈਲ 'ਤੇ ਜਿਹੜਾ ਮਰਜ਼ੀ ਗੀਤ ਸੁਣਨ ਦੀ ਸਹੂਲਤ ਹੈ, ਪਰ ਫੇਰ ਵੀ ਜੋ ਆਨੰਦ ਉਦੋਂ ਰੇਡੀਓ 'ਤੇ ਆਉਂਦਾ ਸੀ, ਉਹ ਯੂ ਟਿਊਬ 'ਤੇ ਨਈਂ ਆਉਂਦਾ। ਵਾਕਿਆ ਹੀ ਬੜੀ ਚੇਤੇ ਆਉਂਦੀ ਹੈ ਰੇਡੀਓ ਦੀ ਉਰਦੂ ਸਰਵਿਸ ਤੇ ਉਨ੍ਹਾ ਦੇ ਮਿੱਠੀਆਂ ਮਿੱਠੀਆਂ ਆਵਾਜ਼ਾਂ ਵਾਲੇ ਅਨਾਊਂਸਰ ਮਰੀਅਮ ਕਾਜ਼ਮੀ ਤੇ ਏ.ਜੱਬਾਰ। ਹਰਜਿੰਦਰ ਅਟਵਾਲ ਨੇ ਇਸ ਅੰਕ ਵਿਚ ਰਾਜਨੀਤਕ ਪਾਰਟੀਆਂ ਵੱਲੋਂ ਚੋਣਾਂ ਮੌਕੇ ਵੱਡੇ-ਵੱਡੇ ਉਦਯੋਗਪਤੀਆਂ, ਸਰਮਾਏਦਾਰਾਂ ਕੋਲੋਂ ਚੋਣਾਂ ਲੜਨ ਲਈ ਚੰਦੇ ਦੇ ਰੂਪ ਵਿਚ ਮੋਟੀਆਂ-ਮੋਟੀਆਂ ਰਕਮਾਂ ਲੈਣਾ ਤੇ ਸਰਕਾਰ ਬਣਨ ਤੋਂ ਬਾਅਦ ਉਹਨਾ ਹੀ ਪੂੰਜੀਪਤੀਆਂ ਵੱਲੋਂ ਰੋਜ਼ਾਨਾ ਵਰਤੋਂ ਦੀਆਂ ਚੀਜ਼ਾਂ ਮਹਿੰਗੀਆਂ ਕਰਕੇ ਦਿੱਤੇ ਹੋਏ ਚੰਦੇ ਤੋਂ ਕਈ ਗੁਣਾ ਜ਼ਿਆਦਾ ਪੈਸਾ ਇਕੱਠਾ ਕਰਨ ਦੇ ਢੰਗਾਂ ਬਾਰੇ ਵਧੀਆ ਜ਼ਿਕਰ ਕੀਤਾ ਹੈ। ਇਲੈਕਟੋਰਲ ਬਾਂਡ ਘਪਲੇ ਨੇ ਜੱਗ ਜ਼ਾਹਿਰ ਕਰ ਦਿੱਤਾ ਹੈ ਕਿ ਦਵਾਈਆਂ ਦੀਆਂ ਫੈਕਟਰੀਆਂ ਦੇ ਮਾਲਕਾਂ ਜਿਨ੍ਹਾਂ ਚੰਦਾ ਰਾਜ ਕਰਦੀ ਪਾਰਟੀ ਨੂੰ ਦਿੱਤਾ, ਉਸੇ ਹਿਸਾਬ ਨਾਲ ਦਵਾਈਆਂ ਦੀਆਂ ਕੀਮਤਾਂ ਕਈ ਗੁਣਾ ਵਧ ਚੁੱਕੀਆਂ ਹਨ ਤੇ ਬੋਝ ਪੈਂਦਾ ਹੈ ਆਮ ਜਨਤਾ ਉਤੇ ਤੇ ਕਈ ਗਰੀਬ ਵਿਚਾਰੇ ਮਹਿੰਗਾ ਇਲਾਜ ਨਾ ਕਰਵਾ ਸਕਣ ਕਰਕੇ ਮੌਤ ਦੇ ਦਰਵਾਜ਼ੇ 'ਤੇ ਅੱਪੜ ਜਾਂਦੇ ਹਨ। ਜਤਿੰਦਰ ਪਨੂੰ ਨੇ ਬੀ ਜੇ ਪੀ ਵੱਲੋਂ ਲਗਾਤਾਰ ਤੀਜੀ ਵਾਰ ਸੱਤਾ 'ਚ ਬਣੇ ਰਹਿਣ ਲਈ ਆਉਂਦੀਆਂ ਲੋਕ ਸਭਾ ਚੋਣਾਂ ਜਿੱਤਣ ਵਾਸਤੇ ਵਰਤੇ ਜਾ ਰਹੇ ਹੱਥਕੰਡਿਆਂ ਦੀ ਵਿਸਥਾਰ ਵਿਚ ਚਰਚਾ ਕੀਤੀ ਹੈ। ਇਨ੍ਹਾਂ ਚੋਣਾਂ ਵਿਚ ਇੰਝ ਲੱਗਦੈ, ਜਿਵੇਂ ਬੀ ਜੇ ਪੀ ਕਾਂਗਰਸ ਸਮੇਤ ਹੋਰ ਕਿਸੇ ਵਿਰੋਧੀ ਪਾਰਟੀ ਤੋਂ ਇੰਨਾ ਨਈਂ ਡਰਦੀ ਪਈ, ਜਿੰਨਾ ਕੇਜਰੀਵਾਲ ਤੇ ਉਸ ਦੀ ਪਾਰਟੀ ਤੋਂ ਡਰ ਰਹੀ ਹੈ, ਹਾਲਾਂਕਿ ਭਾਵੇਂ ਆਪ ਬਹੁਤ ਥੋੜ੍ਹੀਆਂ ਸੀਟਾਂ 'ਤੇ ਚੋਣ ਲੜ ਰਹੀ ਹੈ। ਮੋਦੀ ਜਿੰਨਾ ਕੇਜਰੀਵਾਲ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਉਹ ਓਨਾ ਹੀ ਜ਼ਿਆਦਾ ਉੱਭਰਦਾ ਜਾ ਰਿਹਾ ਹੈ। ਉਸ ਦੀ ਗ੍ਰਿਫਤਾਰੀ ਦੀ ਖਬਰ ਨੇ ਵਿਦੇਸ਼ੀ ਮੀਡੀਆ ਦਾ ਵੀ ਧਿਆਨ ਖਿੱਚਿਆ ਹੈ। ਕੇਜਰੀਵਾਲ ਦੀ ਗ੍ਰਿਫਤਾਰੀ ਤੇ ਜਰਮਨੀ-ਅਮਰੀਕਾ ਤੋਂ ਬਾਅਦ ਸੰਯੁਕਤ ਰਾਸ਼ਟਰ ਨੇ ਵੀ ਆਪਣਾ ਪ੍ਰਤੀਕਰਮ ਦਿੰਦੇ ਹੋਏ ਕਿਹਾ ਹੈ ਕਿ ਇਸ ਮਾਮਲੇ ਵਿਚ ਕਾਨੂੰਨ ਦੀ ਪਾਲਣਾ ਹੋਣੀ ਚਾਹੀਦੀ ਹੈ ਤੇ ਇਨਸਾਫ ਮਿਲਣਾ ਚਾਹੀਦਾ ਹੈ।

**— ਬੀ.ਡੀ. ਭਗਤ, ਮਜੀਠਾ ਰੋਡ ਬਾਈਪਾਸ, ਅੰਮ੍ਰਿਤਸਰ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਕਤਲਗਾਹੋਂ ਸੇ ਕਰ ਹਮਾਰੇ ਅਲਮ... : ਸੁਰਜਨ ਜ਼ੀਰਵੀ


ਕਸ਼ਮੀਰ ਗ੍ਰੇਟ ਲੇਕ ਟਰੈਕ : ਦੇਵ ਕੁਰਾਈਵਾਲਾ

'ਸੁਰਖ਼ ਸਾਜ਼' : ਜਸਵਿੰਦਰ ਸਿੰਘ, (ਫੋਕਸ) : ਡਾ. ਹਰਜਿੰਦਰ ਸਿੰਘ ਅਟਵਾਲ

ਮੰਗਤ ਕੁਲਜਿੰਦ ਦੀਆਂ ਮਿਨੀਆਂ ਕਹਾਣੀਆਂ ਤੇ ਹੋਰ ਬਹੁਤ ਕੁਝ

# ਸਮਕਾਲ

## ਕਹਾਣੀ ਧਾਰਾ- ਅਪ੍ਰੈਲ-ਜੂਨ, 2024



ਤ੍ਰੈ-ਮਾਸਿਕ 'ਕਹਾਣੀ ਧਾਰਾ'-73 ਅੰਕ ਦੀ ਸੰਪਾਦਕੀ 'ਚੰਗੀ ਕਹਾਣੀ ਲੱਭਣ ਵਾਲੀ ਕਸੌਟੀ ਦਾ ਸੰਕਟ' 'ਚ ਪੰਜਾਬੀ ਸਮਕਾਲੀ ਕਹਾਣੀ ਦੇ ਭਖਵਾਂ ਮੁੱਦਾ 'ਤੇ ਚਰਚਾ ਕੀਤੀ ਗਈ ਹੈ। ਗੋਸ਼ਟੀ-6 ਵਿੱਚ ਹਿੰਦੀ ਦੇ ਪ੍ਰਸਿੱਧ ਵਿਦਵਾਨਾ ਮੈਨੇਜਰ ਪਾਂਡੇ, ਰਾਜੇਂਦਰ ਯਾਦਵ, ਪੰਕਜ ਬਿਸ਼ਟ, ਅਰਚਨਾ ਵਰਮਾ ਤੇ ਰਾਮ ਸ਼ਰਨ ਜੋਸ਼ੀ ਨੇ 'ਇਤਿਹਾਸ ਅਤੇ ਸਾਹਿਤ ਦੇ ਆਪਸੀ ਸੰਬੰਧਾਂ' ਉੱਤੇ ਗੰਭੀਰ ਵਿਚਾਰ ਚਰਚਾ ਕੀਤੀ ਹੈ। ਆਈਜ਼ਾਕ ਬਸ਼ੇਵਿਸ ਸਿੰਗਰ ਦੀ ਪੋਲਿਸ਼ ਕਹਾਣੀ 'ਬੁਜ਼ਨਾ' ਛਾਪੀ ਗਈ ਹੈ। ਜਿਸ ਦੇ ਉਲਥਾਕਾਰ ਮਕਸੂਦ ਸਾਕਿਬ ਤੇ ਲਿੱਪੀਆਂਤਰ ਜੋਗਿੰਦਰ ਪਾਲ ਮਾਨ ਹਨ। ਰਜਿੰਦਰ ਸਿੰਘ ਬੇਦੀ ਵੱਲੋਂ ਆਪਣੇ ਮੁੰਡੇ ਨਰਿੰਦਰ ਬੇਦੀ ਉੱਤੇ ਲਿਖਿਆ ਸ਼ਬਦ ਚਿੱਤਰ 'ਤੁਰਦੇ ਫਿਰਦੇ ਚਿਹਰੇ' ਵੀ ਛਪਿਆ ਹੈ। ਜਿਸ ਨੂੰ ਪ੍ਰਸਿੱਧ ਗ਼ਜ਼ਲਗੋ ਅਜੈ ਤਨਵੀਰ ਨੇ ਅਨੁਵਾਦ ਕੀਤਾ ਹੈ। ਬਲੀਜੀਤ ਨੇ ਸਵੈ ਕਥਨ 'ਚਿੱਟੇ ਕਾਗ਼ਜ਼ ਦੀ ਚੁੱਪ ' ਵਿੱਚ ਆਪਣੀ ਪ੍ਰਸਿੱਧ ਕਹਾਣੀ 'ਠੀਹਾ' ਦੇ ਰਹੱਸ ਦੀ ਗੱਲ ਕੀਤੀ ਹੈ। ਇਸ ਵਾਰ ਸੁਪਨੇ ਕੱਚ-ਕਿਰਚਾਂ-2 (ਸੁਰਜੀਤ ਕਲਸੀ), ਮਿਰਗ ਛਲ (ਵਿਪਨ ਗਿੱਲ), ਬਾਬਲ ਹੋਇਆ ਬੇਗਾਨੜਾ (ਸਵਾਮੀ ਸਰਬਜੀਤ), ਹੈਪੀ ਐਂਡਿੰਗ (ਭੁਪਿੰਦਰ ਸਿੰਘ ਮਾਨ), ਘਰ (ਮਨਦੀਪ ਰਿੰਪੀ), ਆਇਤ (ਗੁਰਪ੍ਰੀਤ ਡੈਨੀ) ਦੀਆਂ ਪੜ੍ਹਨਯੋਗ 6 ਕਹਾਣੀਆਂ ਛਪੀਆਂ ਹਨ। ਇਸ ਵਾਰ ਨੌਂ ਨਾਵਲ/ਕਹਾਣੀਆਂ ਦੀਆਂ ਕਿਤਾਬਾਂ ਸੇਫ਼ਟੀ ਕਿੱਟ (ਡਾ. ਚੰਦਰ ਪ੍ਰਕਾਸ਼), ਉੱਚੀਆਂ ਆਵਾਜ਼ਾਂ (ਡਾ. ਰਮਨਪ੍ਰੀਤ ਕੌਰ ), ਕੂੰਜਾਂ (ਡਾ. ਸੰਦੀਪ ਰਾਣਾ), ਧੁੱਪ ਛਾਂ ਦੇ ਖ਼ਤ (ਡਾ. ਜਸਵਿੰਦਰ ਕੌਰ ਬਿੰਦਰਾ), ਮਿੱਟੀ ਦੀ ਚਿੜੀ (ਡਾ. ਕੁਲਵਿੰਦਰ ਸਿੰਘ), ਸਫ਼ਰ (ਡਾ. ਕੁਲਵਿੰਦਰ ਸਿੰਘ), ਓਹਦੀਆਂ ਅੱਖਾਂ 'ਚ ਸੂਰਜ ਹੈ (ਐਚ. ਐਸ. ਡਿੰਪਲ), ਮਸਤ (ਡਾ. ਪਰਗਟ ਸਿੰਘ ਟਿਵਾਣਾ) ਤੇ ਚਾਲੀ ਦਿਨ (ਨਿਰੰਜਣ ਬੋਹਾ) ਆਦਿ ਦੀ ਸਮੀਖਿਆ ਕੀਤੀ ਗਈ ਹੈ। 'ਕਹਾਣੀ ਧਾਰਾ' 'ਚ ਛਪੀਆਂ ਕਹਾਣੀਆਂ ਬਾਰੇ ਸੰਵਾਦ ਨਿਰੰਜਣ ਬੋਹਾ, ਡਾ. ਬਲਵੀਰ ਕੌਰ ਰੀਹਲ ਤੇ ਡਾ. ਸੰਦੀਪ ਰਾਣਾ ਨੇ ਕੀਤਾ ਹੈ। 'ਮੇਰਾ ਸਟੱਡੀ ਟੇਬਲ' ਅਧੀਨ 14 ਨਵੀਆਂ ਕਿਤਾਬਾਂ ਦੀ ਸੰਖੇਪ ਜਾਣ ਪਛਾਣ ਵੀ ਕੀਤੀ ਗਈ ਹੈ। ਪਰਚੇ ਦੇ ਪੰਨੇ : 160 ਤੇ ਮੁੱਲ : 80 ਰੁਪਏ ਹੈ। ਸੰਪਰਕ ਪਤਾ : ਸੰਪਾਦਕ : ਭਗਵੰਤ ਰਸੂਲਪੁਰੀ, ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ, ਮੁਬਾਇਲ : 94170-64350


## ਕਲਾਕਾਰ ਸਾਹਿਤਕ : ਅਪ੍ਰੈਲ-ਜੂਨ, 2024




ਪਰਚੇ ਦਾ ਇਹ ਅੰਕ 'ਸਰਬਾਂਗੀ ਸਾਹਿਤਕਾਰ ਡਾ. ਸੁਰਜੀਤ ਬਰਾੜ ਵਿਸ਼ੇਸ਼ ਅੰਕ' ਹੈ। ਰਾਮ ਸਰੂਪ ਸ਼ਰਮਾ, ਅਮਨਦੀਪ ਸਿੰਘ ਟੱਲੇਵਾਲੀਆ, ਬਲਦੇਵ ਸਿੰਘ ਸੜਕਨਾਮਾ, ਨਛੱਤਰ ਗਿੱਲ, ਸੀ. ਮਾਰਕੰਡਾ ਨੇ ਸੁਰਜੀਤ ਬਰਾੜ ਦੇ ਸ਼ਬਦ ਚਿੱਤਰ ਲਿਖੇ ਹਨ। ਉਪਰੰਤ ਬਰਾੜ ਦੀਆਂ ਕਵਿਤਾਵਾਂ, ਕਹਾਣੀ, ਨਾਵਲ ਕਾਂਡ ਤੇ ਵਾਰਤਕ ਛਾਪੀ ਗਈ ਹੈ। ਕੰਵਲਜੀਤ ਭੱਠਲ ਤੇ ਹਰਵਿੰਦਰ ਬਿਲਾਸਪੁਰ ਨੇ ਮੁਲਾਕਾਤਾਂ ਕੀਤੀਆਂ ਹਨ। ਤੇਜਿੰਦਰ ਚੰਡਿਹੋਕ, ਡਾ. ਭੀਮ ਇੰਦਰ ਸਿੰਘ, ਬ੍ਰਹਮਜਗਜੀਸ਼ ਸਿੰਘ, ਤੇਜਾ ਸਿੰਘ ਤਿਲਕ, ਡਾ. ਸਤਨਾਮ ਸਿੰਘ ਜੱਸਲ, ਡਾ. ਸਤਿੰਦਰ ਸਿੰਘ, ਡਾ. ਭੁਪਿੰਦਰ ਕੌਰ, ਡਾ. ਸੁਖਵੀਰ ਕੌਰ ਗਰੇਵਾਲ ਨੇ ਬਰਾੜ ਦੀਆਂ ਗਲਪ ਪੁਸਤਕਾਂ ਦੀ ਸਮੀਖਿਆ ਕੀਤੀ ਹੈ। ਅੰਤ ਵਿੱਚ ਬਰਾੜ ਦੇ ਵੱਖ ਵੱਖ ਵਿਸ਼ਿਆ ਬਾਰੇ ਦ੍ਰਿਸ਼ਟੀਕੋਣ ਦਿੱਤਾ ਗਿਆ ਹੈ। ਕੰਵਲਜੀਤ ਭੱਠਲ ਨੇ ਸੰਪਾਦਕੀ 'ਸੌ ਪੱਤਣਾ ਦਾ ਤਾਰੂ' ਵਿੱਚ ਇਹ ਅੰਕ ਪ੍ਰਕਾਸ਼ਤ ਕਰਨ ਦੇ ਉਦੇਸ਼ ਦਾ ਜ਼ਿਕਰ ਕੀਤਾ ਹੈ। ਪਰਚੇ ਦੇ ਪੰਨੇ : 104 ਤੇ ਮੁੱਲ : 80 ਰੁਪਏ ਹੈ। ਸੰਪਰਕ ਪਤਾ : ਸੰਪਾਦਕ : ਕੰਵਰਜੀਤ ਭੱਠਲ, ਕਲਾਕਾਰ ਨਿਵਾਸ, ਪੱਤੀ ਰੋਡ, ਬਰਨਾਲਾ, ਮੁਬਾਇਲ: 93165-16951

## ਸ਼ਬਦ ਸਪਲੀਮੈਂਟ : ਜਰਨੈਲ ਪੁਰੀ ਵਿਸ਼ੇਸ਼ ਅੰਕ

ਜਰਨੈਲ ਪੁਰੀ ਮਾਲਦੇ ਖਿੱਤੇ ਦਾ ਵੱਡਾ ਕਹਾਣੀਕਾਰ ਹੋਇਆ ਹੈ। ਅਦਾਰਾ 'ਸ਼ਬਦ' ਨੇ ਇਹ ਅਪ੍ਰੈਲ, 2024 ਅੰਕ ਤਿਆਰ ਕਰਕੇ ਨਵੀਂ ਪੀੜ੍ਹੀ ਨੂੰ ਇਹ ਭੁੱਲੇ ਵਿਸਰੇ ਕਹਾਣੀਕਾਰ ਜਰਨੈਲ ਪੁਰੀ ਦੀ ਪਛਾਣ ਕਰਵਾਈ ਹੈ। ਸੰਪਾਦਕੀ ਵਿੱਚ ਰਵੀ ਸ਼ੇਰਗਿੱਲ ਨੇ ਇਸ ਅੰਕ ਨੂੰ ਤਿਆਰ ਕਰਨ ਦੇ ਉਦੇਸ਼ਾ ਬਾਰੇ ਦੋ ਸ਼ਬਦ ਪਾਠਕਾਂ ਨਾਲ ਸਾਂਝੇ ਕੀਤੇ ਹਨ, "ਹੱਥਲਾ ਅੰਕ ਮਾਲਵੇ ਦੇ ਬਰਨਾਲਾ ਇਲਾਕੇ ਦੇ ਰਾਏਕੋਟ ਨੇੜਲੇ ਪਿੰਡ ਸਬਾਜਪੁਰੇ ਦੇ ਹੋਣਹਾਰ ਲੇਖਕ ਜਰਨੈਲ ਪੁਰੀ ਦਾ ਵਿਸ਼ੇਸ਼ ਸਪਲੀਮੈਂਟ ਸ਼ਬਦ ਵੱਲੋਂ ਉਸਨੂੰ ਸ਼ਰਧਾਂਜਲੀ ਵਜੋਂ ਪੇਸ਼ ਕਰਨ ਦੀ ਖੁਸ਼ੀ ਪ੍ਰਾਪਤ ਕਰ ਰਹੇ ਹਾਂ।" ਉਪਰੰਤ ਜਰਨੈਲ ਪੁਰੀ ਦੀਆਂ ਚਰਚਿਤ ਕਹਾਣੀਆਂ-ਦੋ ਭਗਤ, ਉਹਲਾ,ਬਚਨੋ ਦੀ ਰੂਹ, ਰੰਗੀਨ ਜ਼ਿੰਦਗੀ, ਨਰਕ-ਸੁਰਗ, ਰਾਜ਼ੀ-ਨਾਮਾ, ਤੇ ਲੋਹਿਤ ਵਹਿੰਦਾ ਰਿਹਾ, ਭੈਣ, ਮਨੁੱਖ ਵੀ ਬਣ ਜਾ!, ਯਸੂਹ-ਮਸੀਹ ਤੇ ਅਮਰੀਕਨ ਮਾਂ, ਮੈਂ ਤੇ ਮੇਰੀ ਕਲਮ, ਪੰਜਾਬਣ, ਹਾਉਕਾ, ਅਰਦਾਸ, ਮੈਂ ਰਾਤ ਤੇ ਰਾਣੋ ਆਦਿ 15 ਕਹਾਣੀਆਂ ਛਾਪੀਆਂ ਹਨ। ਬੂਟਾ ਸਿੰਘ ਚੌਹਾਨ ਨੇ ਜਰਨੈਲ ਪੁਰੀ ਦਾ ਸ਼ਬਦ ਚਿੱਤਰ ਲਿਖਿਆ ਹੈ। ਤੇਜਾ ਸਿੰਘ ਤਿਲਕ ਤੇ ਡਾ. ਰੇਸ਼ਮ ਸਿੰਘ ਨੇ ਜਰਨੈਲ ਪੁਰੀ ਦੀ ਕਹਾਣੀ ਦੀ ਪਰਖ ਪੜਚੋਲ ਕਰਦੇ ਸਮੀਖਿਆ ਲੇਖ ਲਿਖੇ ਹਨ। ਪਰਚੇ ਦੇ ਪੰਨੇ : 80, ਮੁੱਲ : 50 ਰੁਪਏ ਹੈ। ਸੰਪਰਕ ਪਤਾ : ਸੰਪਾਦਕ: ਜਿੰਦਰ, 984 ਮਾਡਲ ਹਾਊਸ, ਜਲੰਧਰ, ਮੁਬਾਇਲ : 98148-03254



*- ਭਗਵੰਤ ਰਸੂਲਪੁਰੀ*

21-April-Sunday.qxd 4/20/2024 10:41 PM Page 3



ਸਵਰਨਜੀਤ ਸਵੀ ਪੰਜਾਬੀ ਕਵਿਤਾ ਦਾ ਇਕ ਦੌਰ ਹੈ। ਉਸ ਦੀ ਕਵਿਤਾ ਬਦਲਦੇ ਸਮਿਆਂ ਦੀ ਕਾਵਿਕ ਪੜ੍ਹਤ ਹੈ। ਉਸ ਵਿੱਚੋਂ ਪੰਜਾਬੀ ਆਤਮ ਆਪਣੀ ਪਛਾਣ ਦੇ ਨਕਸ਼ ਉਘਾੜਦਾ ਰਿਹਾ ਹੈ।ਬੀਤੇ ਵਰ੍ਹੇ ਉਸ ਦੀ ਕਿਤਾਬ ਮਨ ਦੀ ਚਿੱਪ ਨੂੰ ਸਾਹਿਤ ਅਕਾਦਮੀ ਦਾ ਪੁਰਸਕਾਰ ਪ੍ਰਾਪਤ ਹੋਇਆ।ਇਹ ਇਨਾਮ ਕਵਿਤਾ ਦਾ ਸਨਮਾਨ ਹੈ।ਸਵੀ ਨੇ ਉਸ ਮੌਕੇ ਜੋ ਵਿਖਿਆਨ ਦਿੱਤਾ, ਉਹ ਏਥੇ ਪਾਠਕਾਂ ਲਈ ਪੇਸ਼ ਹੈ।

**- ਜਗਵਿੰਦਰ ਜੋਧਾ**

# ਕਵਿਤਾ ਆਈਨਾ ਹੈ ਬਦਲਦੇ ਸਮੇਂ ਦਾ : ਸਵਰਨਜੀਤ ਸਵੀ

ਕਵਿਤਾ ਆਇਨਾ ਹੈ ਬਦਲਦੇ ਸਮੇਂ ਦਾ, ਉਸ ਦੌਰਾਨ ਹੁੰਦੀ ਹਰ ਕਿਰਿਆ, ਹਰ ਵਰਤਾਰਾ ਕਵਿਤਾ ਦੇ ਹੁੰਘਾਰੇ/ਸੁਆਲ/ ਚਿੰਤਾ ਦਾ ਹਿੱਸਾ ਹੁੰਦਾ। ਅੰਦਰੂਨੀ ਤੇ ਬਾਹਰੀ ਹਰ ਤਬਦੀਲੀ ਕਵਿਤਾ ਦੀ ਸੰਵੇਦਨਾ ਦੀ ਜ਼ੱਦ 'ਚ ਆਉਂਦੀ ਹੈ। ਬਦਲਦੇ ਸਮਾਜ ਦੀਆਂ ਤਬਦੀਲੀਆਂ ਪ੍ਰਤੀ ਹੁੰਘਾਰਾ ਅਤੇ ਭਵਿੱਖੀ ਸੁਆਲ ਕਰਨਾ ਮੇਰੀ ਕਵਿਤਾ ਦਾ ਖਾਸਾ ਹੈ ਤੇ ਕਰਤਵ ਵੀ।

ਲਗਾਮ ਜੇ ਤੇਰੇ ਹੱਥ ਹੈ
ਫਿਰ ਕਿਵੇਂ ਸਿਖਾਓਗੇ ਨੈਤਿਕਤਾ
ਨਿਰਲੇਪਤਾ
ਕਿਆਮਤ ਲਈ ਵਰਤਣਾ
ਜਨਰੇਟਿਵ ਏ ਆਈ ਦੀ
ਸਿਰਜਕ ਸਮਰੱਥਾ ਨੂੰ
ਜੰਗ 'ਚ ਦੁਸ਼ਮਣ ਦੇ
ਹਰ ਘਰ ਦੇ
ਹਰੇ ਪੱਤੇ 'ਤੇ ਲਾਉਣੀ ਘਾਤ
ਜੇ ਤੇਰੇ ਹੱਥ ਹੈ
ਜੇ ਤੇਰੇ ਮਨ 'ਚ ਝੋਲ ਹੈ
ਕਿਹੜੀ ਨੈਤਿਕਤਾ ਸਿਖਾਵੇਂਗਾ
ਹਰਬੋਰਾ ਜਾਂ ਕੋਮਪਾਸ ਤਾਂ
ਤੇਰੀ ਨੀਅਤ ਦੇ ਗੁਲਾਮ ਹੀ ਹੋਣੇ

ਆਦਿ ਕਾਲ ਤੋਂ ਤੁਰਦੀ ਤਬਦੀਲੀ ਦੀ ਲੜੀ ਵਿੱਚ ਹੁਣ ਆਰਟੀਫੀਸ਼ੀਅਲ ਇੰਟੈਲੀਜੈਂਸ (ਰੋਬੋ ਤੇ ਨਿਊਰਲ ਨੋਡਜ ਤੇ ਐਲਗੋਰਿਦਮਜ) ਨੇ ਨਵਾਂ ਆਯਾਮ ਜੋੜ ਦਿੱਤਾ ਹੈ, ਜੋ ਮਨੁੱਖ ਲਈ ਨਵੀਆਂ ਸੰਭਾਵਨਾਵਾਂ ਤੇ ਚੁਣੌਤੀਆਂ ਦਾ ਮਸਲਾ ਬਣ ਗਿਆ ਹੈ। ਰੋਜ਼ਮਰ੍ਹਾ ਦੀ ਜ਼ਿੰਦਗੀ, ਰੁਜ਼ਗਾਰ, ਚੇਤਨਾ, ਨਿਰਲੇਪਤਾ, ਨੈਤਿਕਤਾ ਤੇ ਸੰਚਾਰ ਦੇ ਨਵੇਂ ਸਵਾਲ ਪੈਦਾ ਹੋ ਗਏ ਹਨ।

ਭਾਰਤੀ ਸਾਹਿਤ ਅਕਾਦਮੀ ਵੱਲੋਂ ਪੁਰਸਕ੍ਰਿਤ ਮੇਰੀ ਕਾਵਿ-ਪੁਸਤਕ "ਮਨ ਦੀ ਚਿੱਪ" ਇਨ੍ਹਾਂ ਸਥਿਤੀਆਂ ਦੇ ਸਨਮੁਖ ਹੁੰਘਾਰੇ ਤੇ ਸੁਆਲਾਂ ਦਾ ਕਾਵਿ-ਸੰਸਾਰ ਸਿਰਜਦਿਆਂ ਇਸ ਤਬਦੀਲੀ ਦੇ ਸਨਮੁੱਖ ਖੜ੍ਹਦੀ ਹੈ।

ਪੰਜਾਬੀ, ਪੰਜਾਬ ਤੇ ਸੰਸਾਰ ਪੱਧਰ 'ਤੇ ਕਵਿਤਾ ਤਬਦੀਲੀ ਤੇ ਹਰ ਪਲ ਪ੍ਰਤੀ ਸੰਵੇਦਨਸ਼ੀਲ ਹੁੰਦੀ ਹੈ।

ਪਹਾੜੋਂ ਉਤਰ ਸਿੰਧ ਦੀਆਂ
ਵਹਿੰਦੀਆਂ ਲਹਿਰਾਂ ਦੁਆਲੇ
ਮਘੀਆਂ ਧੂਣੀਆਂ
ਸੂਕਤਾਂ ਰਿਚਾਵਾਂ ਦੀਆਂ ਫੈਲੀਆਂ ਮਹਿਕਾਂ
ਵੇਦਾਂ ਗ੍ਰੰਥਾਂ ਦੇ ਫਲਸਫੇ ਸਜਾਇਆਂ
ਸ਼ਬਦ ਦੀ ਤਾਬਿਆ ਬੈਠਾ
ਸ਼ਬਦ ਗੁਰੂ ਦਾ ਚਿੰਤਨੀ ਸੰਸਾਰ
ਮੇਰੀਆਂ ਰਗਾਂ 'ਚ ਵੱਸਦਾ ਪੰਜਾਬ
ਵੇਦਾਂ ਤੋਂ ਹੁਣ ਤੱਕ ਬੋਲੀ ਜਾਂਦੀ ਪੰਜਾਬੀ
ਆਪਣੇ ਹਰ ਰੰਗ ਰੂਪ ਸਮੇਤ
ਕਵਿਤਾ ਤਰਦੀ
ਉਸ ਫਲਸਫੇ ਤੋਂ ਫੜੇ ਤੰਦ
ਮੁਹੱਬਤ ਵਾਲੀ
ਸਮਝੇ ਸੁੱਖ ਦੁੱਖ ਤੇ ਜਗਿਆਸਾ
ਹੈਰਤ ਨਾਲ ਭਰਦੀ
ਉੱਡਦੀ ਦੂਰ ਅਸਗਾਹੀਂ
ਗਹਿਰਾਈਆਂ ਉਡਾਣਾ
ਸਿਰਜੇ ਪੂਰੀ ਰੇਂਜ
ਕਸਟ ਦੀ
ਉਡਾਣ ਦੀ
ਬਦਲਦੇ ਸੰਸਾਰ ਦੇ ਪਲ ਪਲ ਦੀ
ਕਰੇ ਪਛਾਣ ਦੁਖਦੀ ਰਗ ਦੀ
ਵਸਾਵੇ ਅੰਤਰ ਮਨ 'ਚ
ਫਿਰ ਉੱਕਰੇ
ਵਿੱਥਿਆ ਤੇ ਸੰਭਾਵਨਾ
ਹੋਣੀ ਅਣਹੋਣੀ ਪਛਾਣਦੀ
ਤਬਦੀਲੀ ਤੇ ਜਟਿਲਤਾ
ਨਵੀਂ ਨੁਹਾਰ ਦੇ ਵਰਤਾਰੇ ਜਾਣਦੀ
ਰਾਜਨੀਤੀ ਤੋਂ ਪਾਰ
ਸਿਰਜਦੀ
'ਸਰਬੱਤ ਦੇ ਭਲੇ' ਦਾ ਮਾਰਗ
ਉਗਮਦੇ ਨਵੇਂ ਸੰਸਾਰ ਲਈ
ਜਾਂਚਦੀ ਸਮਝਦੀ ਪਰਖਦੀ
ਤਨੋ ਮਨੋ
ਤਕਨਾਲੋਜੀ ਦਾ ਸਹੂਲਤੀ ਸੰਸਾਰ
ਭਰਦੀ ਹੁੰਘਾਰਾ
ਉਸ ਦੀ ਸੁੱਚਤਾ ਨਿਰਲੇਪਤਾ ਦਾ
ਉਸ ਦੇ ਸੁਆਰਥੀ ਖਾਸੇ ਤੇ
ਕੁੱਝ ਬਰਬਾਦੀ ਦੀਆਂ ਢਲਾਣਾਂ
ਤਿਲਕਣੀਆਂ ਖੱਡਾਂ ਤੇ
ਕਰਦੀ ਸੁਆਲ

ਚਿੰਤਨੀ ਕਵਿਤਾ ਦੇ ਕਾਰਨ ਸ਼ਾਇਦ ਸਾਡੀ ਜ਼ਿੰਦਗੀ ਦੀ ਕੰਪਲੈਕਸਿਟੀ ਵਿਚ ਨੇ। ਸਾਡੀ ਜ਼ਿੰਦਗੀ, ਸਮਾਜ, ਆਲੇ-ਦੁਆਲੇ ਦੇ ਮਸਲੇ, ਰਿਸ਼ਤੇ-ਜੀਵਨ ਦਾ ਗੁੰਝਲਦਾਰ ਹੁੰਦੇ ਜਾਣਾ, ਅਨਿਸ਼ਚਿਤਤਾ ਦਾ ਵਧਣਾ, ਮਨੁੱਖੀ ਜ਼ਿੰਦਗੀ ਦਾ ਹਾਸ਼ੀਏ ਵੱਲ ਧੱਕੇ ਜਾਣਾ, ਪਾੜੇ ਦਾ ਲਗਾਤਾਰ ਵਧੀ ਜਾਣਾ, ਮਾਨਸਿਕ ਪੀੜਾ ਦਾ ਗਹਿਰਾ ਹੋਈ ਜਾਣਾ, ਆਰਥਿਕਤਾ, ਬੇਰੁਜ਼ਗਾਰੀ, ਤੇ ਹੋਰ ਅਨੰਤ ਅਜਿਹੇ ਮਸਲੇ ਨੇ, ਜੋ ਹੋਰ ਪੇਚੀਦਾ ਹੋ ਰਹੇ ਨੇ। ਇਸ ਪੇਚੀਦਗੀ ਨੂੰ ਸਮਝਣਾ-ਪੇਸ਼ ਕਰਨਾ ਮੈਨੂੰ ਲਗਦਾ ਹੈ ਕਿ ਕਵਿਤਾ ਦਾ ਰੂਪਾਕਾਰ ਵੀ ਬਦਲੇਗਾ।

ਮਨੁੱਖੀ ਮਨ ਜਗਿਆਸਾ ਦਾ ਸਾਗਰ ਹੈ। ਆਦਿ ਕਾਲੀਨ ਸਵਾਲ ਮੈਂ ਕੀ ਹਾਂ, ਕਿਉਂ ਹਾਂ? ਇੱਥੇ ਕਿਉਂ ਹਾਂ ? ਵਰਗੇ ਸਵਾਲਾਂ ਨਾਲ ਦੋ-ਚਾਰ ਹੁੰਦਾ ਹੈ ਪੂਰੇ ਇਤਿਹਾਸਕ ਪਰਿਪੇਖ ਵਿਚ। ਕਵੀ ਦੇ ਤੌਰ 'ਤੇ ਮੈਂ ਵੀ ਸਵਾਲਾਂ 'ਚ ਘਿਰਿਆ/ਉਲਝਿਆ ਰਹਿੰਦਾ ਹਾਂ। ਇਹ ਸਵਾਲ ਪ੍ਰੰਪਰਾ, ਇਤਿਹਾਸ, ਮਿਥਿਹਾਸ ਦੀ ਟਿਮਕਦੇ ਤਾਰਿਆਂ ਦੀ ਸਦੀਆਂ ਲੰਬੀ ਕਤਾਰ ਵਾਂਗ ਨੇ, ਮੇਰੇ ਤੀਕ ਪਹੁੰਚਦੇ। ਇਸ ਦੀ ਐਕਸਪਲੋਰੇਸ਼ਨ ਹੀ ਕਵਿਤਾ ਬਣਦੀ ਹੈ। ਕਦੇ ਸ਼ੁਰੂਆਤ ਕਿਤੋਂ ਹੁੰਦੀ ਹੈ, ਕਦੇ ਕਿਸੇ ਹੋਰ ਥਾਂ ਤੋਂ। ਇਸ ਸਫ਼ਰ ਦੀ ਵਿਵਿਧਤਾ ਹੀ ਹੈ ਕਿ ਮੇਰੀਆਂ ਕਿਤਾਬਾਂ ਦੇ ਰੰਗ-ਰੂਪ ਵੱਖਰੇ ਹਨ ਇੱਕ ਦੂਜੀ ਤੋਂ...ਕਿਤੇ-ਕਿਤੇ ਲੜੀ ਵੀ ਟਿਮਟਿਮਾਉਂਦੇ ਤਾਰਿਆਂ ਦੀ... ਇਸੇ ਦੌਰਾਨ ਹੀ ਕਾਵਿ ਮੈਟਾਫਰ ਕਿਤੇ ਕ੍ਰਾਂਤੀ ਹੈ, ਕਿਤੇ ਦੇਹੀ, ਕਿਤੇ ਮੌਤ ਤੇ ਕਿਤੇ ਗਿਆਨ ਦੀ ਤਲਾਸ਼।

ਆਦਿ ਸਮੇ ਤੋਂ
ਅੰਤਿਮ ਸਾਹ ਤੱਕ
ਵਗਦੀਆਂ
ਸਰਕਦੀਆਂ ਹਵਾਵਾਂ
ਸਰਗੋਸ਼ੀ ਕਰਦੀਆਂ ਧੁਨਾਂ
ਮਨ 'ਚ ਉਗਮਦੇ ਸ਼ਬਦ
ਦਿੱਖ ਅਦਿੱਖ ਮੂਰਤਾਂ
ਰੰਗਾਂ ਦੀਆਂ ਵਾਛੜਾਂ 'ਚੋਂ
ਝਰਦੀਆਂ
ਬਾਰਿਸ਼ ਦੀਆਂ ਬੂੰਦਾਂ
ਚੁਫੇਰ ਫ਼ੈਲਦੀ ਸਤਰੰਗੀ ਝਾਲਰ
ਜੋ ਅੰਦਰਲੇ ਨੂੰ
ਪਾਉਂਦੀ ਠਾਰਦੀ

ਬਹੁਤ ਵਾਰ ਅਜਿਹੀ ਚੁੱਪ 'ਚੋਂ ਉੱਭਰਦੀ ਹੈ ਕਿ ਰਚਨਾ ਮੇਰੀ ਜਾਤ, ਮਨ ਤੇ ਕਾਇਨਾਤ ਦੀਆਂ ਉਨ੍ਹਾਂ ਦੀਵਿਆਂ ਦੀਆਂ ਟਿਮਕਦੀਆਂ ਰੌਸ਼ਨੀਆਂ 'ਚੋਂ ਨਿਕਲ ਕੇ ਸਰਵਵਿਆਪੀ ਰੂਪ ਲੈ ਕੇ ਪ੍ਰਤੱਖ ਹੁੰਦੀ ਹੈ। ਇਹ ਸਰਵਵਿਆਪਕਤਾ ਲੋਕਲ ਵੀ ਹੁੰਦੀ ਹੈ ਤੇ ਗਲੋਬਲ ਜਾਂ ਕੌਸਮਿਕ ਵੀ। ਇਸ ਤਰ੍ਹਾਂ ਦੀ ਸੰਵੇਦਨਾ ਮੌਤ, ਪਿਆਰ, ਪੁਰਖੇ, ਇਤਿਹਾਸ, ਮਨੁੱਖੀ ਮਨ ਦੇ ਸਾਡੇ ਕਸ਼ਟ/ਦੁੱਖ/ਸੁੱਖ/ਆਨੰਦ ਦੀਆਂ ਰਗਾਂ ਦੀ ਅਭਿਵਿਅਕਤੀ ਹੁੰਦੀ ਹੈ। ਲੱਗਭੱਗ ਸਭ ਕਿਤਾਬਾਂ ਵਿਚ ਕਾਫੀ ਵੱਡਾ ਅੰਸ਼ ਮੇਰੀਆਂ ਇਸ ਪ੍ਰਕਾਰ ਦੀਆਂ ਕਵਿਤਾਵਾਂ ਦਾ ਹੈ, ਪੇਂਟਿੰਗ ਵਿਚ ਵੀ ਇਹ ਪੱਖ ਭਾਰੂ ਰਹਿੰਦਾ ਹੈ।

ਚਾਨਣ ਦੀਆਂ ਰਿਸ਼ਮਾਂ ਤੋਂ
ਹਨੇਰ ਦੀ ਅਨੰਤ ਤੱਕ
ਵਿਛੀ ਗਾੜ੍ਹੀ ਚਾਦਰ
ਜੋ ਕੁਝ ਦਿਖਾਉਂਦੀ
ਲਹਿਰਾਉਂਦੀ
ਬਹੁਤ ਗੁੱਝਾ ਰੱਖਦੀ
ਮਨ 'ਚ
ਜਗਿਆਸਾ ਦੀ ਜੋਤ
ਜਗਦੀ ਰੱਖਦੀ ਕਵਿਤਾ
ਅਗਨ ਤੇ ਪਾਣੀ ਦੀ
ਬਾਉਲ਼ੀ 'ਚ ਉੱਤਰਦੀਆਂ ਪੌੜੀਆਂ
ਕੁਦਰਤ ਦੇ ਵਿਰਾਟ ਰੂਪ
ਜਿਨ੍ਹਾਂ ਸਾਹਵੇਂ
ਕਦੇ ਡਰਦਾਂ
ਕਦੇ ਨੱਚਦਾਂ
ਕਦੇ ਕਲਾਵੇ 'ਚ ਭਰਦਾਂ

ਸਾਹਿਤ-ਕਲਾ ਸਿਰਜਣ ਵਿਚ ਕਾਫ਼ੀ ਕੁਝ ਸਾਡੀ ਸਿਮਰਤੀ, ਸੱਭਿਆਚਾਰ, ਟ੍ਰੇਨਿੰਗ, ਭਾਵਨਾਵਾਂ ਤੇ ਇੱਛਾਵਾਂ ਤੋਂ ਪਾਰ ਹੁੰਦਾ ਹੈ। ਸਿਰਜਣ ਤੋਂ ਪਹਿਲਾਂ ਬੀਜ ਰੂਪ 'ਚ ਕਿੱਥੇ ਹੁੰਦਾ, ਕਿਵੇਂ ਸ਼ੁਰੂ ਹੁੰਦਾ ਹੈ ਪੁੰਗਰਨਾ, ਉਸ ਦੀ ਮਿੱਟੀ ਦਾ ਸਿੱਲ੍ਹ, ਅੰਦਰਲੀ ਹਿਲਜੁਲ ਸਭ ਅਦਿੱਖ ਹੁੰਦਾ ਹੈ, ਬਲਕਿ ਦਿਸ ਰਹੀ ਪਹਿਲੀ ਹਿਲਜੁਲ ਦੀ ਸ਼ੁਰੂਆਤੀ ਕੰਪਨ ਵੀ ਉਸ ਅਦਿੱਖ ਸੰਸਾਰ ਦਾ ਹੀ ਹਿੱਸਾ ਲਗਦਾ ਹੈ। ਮੇਰੇ ਲਈ ਉਸ ਸੰਸਾਰ ਵਿਚ ਝਾਤੀ ਮਾਰਨਾ, ਉਸ ਨੂੰ ਸਮਝਣ ਦੀ ਕੋਸ਼ਿਸ਼ ਕਰਨਾ, ਵਧੇਰੇ ਮਹੱਤਵਪੂਰਨ ਹੈ। ਬਹੁਤ ਕੁਝ ਇਸ ਤਰ੍ਹਾਂ ਹੈ, ਜਿਵੇਂ ਮੇਰੇ ਜਨਮ ਨਾਲ ਹੀ ਜਗੇ ਦੀਵੇ ਦੇ ਪਿੱਛੇ ਬਹੁਤ ਸਾਰੇ ਦੀਵਿਆਂ ਦੀ ਮੀਲਾਂ ਲੰਬੀ ਕਤਾਰ ਵਿੱਚ ਟਿਮਟਿਮਾਉਂਦੀਆਂ ਲਾਟਾਂ ਨੇ, ਅਨੰਤ ਤੀਕ ਪਿੱਛੇ ਜਾਂਦੀਆਂ। ਕਾਵਿ ਆਮਦ ਦੀ ਕੰਪਨ ਮੇਰੇ ਅੰਦਰ ਗਹਿਰੀ ਚੁੱਪ ਵਾਂਗ ਬੈਠੀ ਰਹਿੰਦੀ ਹੈ ਤੇ ਅਚਾਨਕ ਉਹ ਚੁੱਪ ਕੰਪਨ 'ਚ ਬਦਲਦੀ ਹੈ; ਕੰਪਨ ਬਿਹਬਲਤਾ 'ਚ, ਛਟਪਟਾਹਟ 'ਚ, ਧੁਨੀ ਦੀ ਲਹਿਰ 'ਚ, ਅਚੰਭੇ 'ਚ, ਆਨੰਦ 'ਚ ਵਟਦੀ ਹੈ ਤੇ ਇਸੇ ਰੂਪ ਵਿਚ ਸ਼ਾਇਦ ਉਸ ਦੇ ਬੀਜ ਦੀ ਪਛਾਣ ਲੁਕੀ ਹੁੰਦੀ ਹੈ। ਇਹ ਬੀਜ ਹੀ ਹੈ, ਜੋ ਅਲੱਗ-ਅਲੱਗ ਤਰ੍ਹਾਂ ਦੇ ਭਾਵ/ਰਸ ਨਾਲ ਲਿਪਤ ਹੁੰਦਾ ਹੈ ਤੇ ਉਸੇ ਰੰਗ ਵਿੱਚ ਭਿੱਜੀ ਹੁੰਦੀ ਹੈ ਸਿਰਜਣਾ।

ਇਹ ਸਿਰਜਣਾ ਮੇਰੇ ਲਈ ਦੋ ਆਯਾਮੀ ਹੈ, ਸ਼ਬਦਾਂ ਤੇ ਰੰਗਾਂ ਦੀਆਂ ਦੋ ਅਲੱਗ-ਅਲੱਗ ਭਾਸ਼ਾਵਾਂ ਰਾਹੀਂ ਨਿੱਤਰਦੀ ਮੇਰੇ ਲਈ ਇੱਕ ਮਾਧਿਅਮ ਤੋਂ ਦੂਜੇ ਮਾਧਿਅਮ ਵੱਲ ਵਹਿਣ ਇੰਝ ਹੀ ਹੈ, ਜਿਵੇਂ ਨਦੀ ਆਪਣੇ ਦੋਵੇਂ ਕਿਨਾਰਿਆਂ ਨਾਲ ਖਹਿੰਦੀ/ਵਹਿੰਦੀ ਲੰਘਦੀ ਹੈ। ਪਾਣੀ ਦਾ ਦਬਾਅ ਕਦੇ ਇੱਕ ਤੇ ਕਦੇ ਦੂਜੇ ਪਾਸੇ ਵੱਲ ਜਾਂਦਾ ਹੈ। ਇਵੇਂ ਹੀ ਕਦੇ ਕਵਿਤਾ ਤੇ ਕਦੇ ਪੇਂਟਿੰਗ ਸਿਰਜੀ ਜਾਂਦੀ ਹੈ।

ਇਹ ਚੁੱਪ ਦੀ ਗਹਿਰ ਮੇਰੇ 'ਤੇ ਕਈ ਵਾਰ ਕਾਫੀ ਲੰਬਾ ਸਮਾਂ ਛਾਈ ਰਹਿੰਦੀ ਹੈ, ਇਹ ਸਮਾਂ ਦਿਨਾਂ ਦਾ ਵੀ ਹੋ ਸਕਦਾ ਹੈ, ਮਹੀਨਿਆਂ ਦਾ ਵੀ ਤੇ ਜੋ ਸਿਰਜਿਆ ਜਾ ਰਿਹਾ ਹੁੰਦਾ ਹੈ, ਉਹ ਕਿਸੇ ਥੀਮ ਵਾਂਗ ਉੱਸਰਦਾ ਹੈ। ਇਹ ਕਿਉਂ ਹੈ... ਇਸ ਬਾਰੇ ਮੈਂ ਨਹੀਂ ਜਾਣਦਾ, ਬੱਸ ਇੰਜ ਹੁੰਦਾ ਹੈ ਮੇਰੇ ਨਾਲ।

ਤੇਰੀ ਤੱਕਣੀ
ਅਥਾਹ ਊਰਜਾ ਨਾਲ਼
ਕਰਦੀ ਸਰਾਬੋਰ
ਸਹਿਣ ਨੂੰ ਕਸ਼ਟ
ਚੜ੍ਹਨ ਨੂੰ
ਆਨੰਦੀ ਐਵਰੈਸਟ
ਖੋਲ੍ਹਣ ਨੂੰ
ਹਰ ਦੁਆਰ
ਦੇਖਣ ਨੂੰ
ਕਾਇਨਾਤੀ ਜਲੌਅ

ਕਵਿਤਾ
ਸਭ ਕਸ਼ਟਾਂ
ਦੁੱਖਾਂ ਦਾ ਦਾਰੂ
ਤੂੰ ਆਨੰਦੀ ਤੋਰ
ਜਿਸ ਤੋਂ ਬਿਨਾਂ
ਨਾ ਕੱਥ
ਨਾ ਸੱਚ
ਨਾ ਹੋਂਦ
ਨਾ ਲੋਰ...

*(ਇਹ ਲੇਖ 13 ਮਾਰਚ 2024 ਨੂੰ ਸਾਹਿਤ ਅਕਾਦਮੀ ਇਨਾਮ ਪ੍ਰਾਪਤ ਕਰਨ ਉਪਰੰਤ ਪੜ੍ਹਿਆ ਗਿਆ।)*

ਸਫ਼ਾ 1 ਦੀ ਬਾਕੀ

## ਮੈਂ ਨਹੀਂ ਰਹਾਂਗਾ, ਮੇਰੇ ਗੀਤ ਰਹਿਣਗੇ...

ਤੇਰੀਆਂ ਯਾਦਾਂ ਨੂੰ ਸੰਭਾਲ ਲਿਆ ਹੈ ਦਿਲ ਵਿੱਚ ਭਾਵਨਾਵਾਂ ਦੇ ਇਤਿਹਾਸ ਵਾਂਗੂੰ

ਕਦੇ-ਕਦੇ ਫਰੋਲ ਲਿਆ ਕਰਾਂਗਾ ਇਨ੍ਹਾਂ ਨੂੰ ਹੁਕਮਨਾਮੇ ਦੇ ਅਹਿਸਾਸ ਵਾਂਗੂੰ

ਕੁਝ ਯਾਦਾਂ ਐਸੀਆਂ ਹੁੰਦੀਆਂ ਨੇ, ਜੋ ਮਰ ਕੇ ਵੀ ਨਹੀਂ ਮਰਦੀਆਂ

ਇਹ ਤੁਹਾਡੇ ਅੰਦਰ ਧੜਕਦੀਆਂ ਰਹਿੰਦੀਆਂ ਹਨ ਬਿਲਕੁੱਲ ਆਪਣੇ ਹੀ ਸਵਾਸ ਵਾਂਗੂੰ

ਇਹ ਤਾਂ ਹਾਲੇ ਥੋੜ੍ਹੇ ਜਿਹੇ ਖਾਸ-ਖਾਸ ਲੋਕਾਂ ਦੇ ਤੁਰ ਜਾਣ ਦਾ ਹਉਕਾ ਗਾਇਨ ਕੀਤਾ ਹੈ। ਬਹੁਤ ਸਾਰੇ ਅਜਿਹੇ ਵੀ ਲੋਕ ਨੇ, ਜੋ ਆਮ ਜਿਹੇ ਸੀ, ਪਰ ਜਿਹਨਾਂ ਦੀ ਆਭਾ ਦਾ ਚਾਨਣ ਸੂਰਜਵੰਤਾ ਸੀ। ਕੁਝ ਅਜਿਹੇ ਨਾਂਅ ਹਨ, ਜਿਨ੍ਹਾਂ ਨੂੰ ਮੈਂ ਬੇਨਾਮ ਹੀ ਰਹਿਣ ਦੇਣਾ ਚਾਹੁੰਦਾ ਹਾਂ। ਇਹ ਸਾਰੇ ਲੋਕ ਉਦਾਸ ਗੀਤਾਂ ਦੀ ਵਿਸਮਾਦੀ ਲੈਅ ਵਰਗੇ ਸਨ। ਹਰ ਸ਼੍ਰੇਣੀ, ਹਰ ਜਾਤ, ਹਰ ਧਰਮ ਤੇ ਹਰ ਸੋਚ ਦੇ ਲੋਕ ਮੇਰੇ ਮਿੱਤਰ ਹਨ। ਮੈਨੂੰ ਕਬੀਰਾਂ, ਨਾਮਦੇਵਾਂ, ਰਵਿਦਾਸਾਂ ਤੇ ਧੰਨਿਆਂ ਨਾਲ ਬਹੁਤ ਪਿਆਰ ਰਿਹਾ ਹੈ। ਮੇਰੀਆਂ ਲਿਖਤਾਂ ਵਿੱਚ ਇਹ ਵਾਰ-ਵਾਰ ਆਉਂਦੇ ਤੇ ਸੰਵਾਦ ਕਰਦੇ ਹਨ। ਜ਼ਿੰਦਗੀ ਜੱਗ ਜੀਊਂਦਿਆਂ ਦਾ ਮੇਲਾ ਹੈ। ਦੋਸਤੀਆਂ ਕਮਾਉਣ ਤੇ ਨਿਭਾਉਣ ਦਾ ਯੁੱਗ ਨਹੀਂ ਹੁਣ। ਰਿਸ਼ਤੇ ਐਤਵਾਰ ਨੂੰ ਲਗਦੀ ਸਸਤੀ ਸੇਲ ਵਰਗੇ ਹੋ ਰਹੇ ਹਨ। ਸਾਡੇ ਅੰਦਰ ਅਨੇਕ ਪ੍ਰਕਾਰ ਦੀਆਂ ਵਿੱਥਾਂ ਤੇ ਵਿਤਕਰੇ ਉੱਗ ਆਏ ਹਨ। ਪੰਜਾਬੀ ਦਾ ਪ੍ਰਤਿਭਾਸ਼ੀਲ ਸ਼ਾਇਰ ਤੇ ਚੰਗਾ ਦੋਸਤ ਪ੍ਰਮਿੰਦਰਜੀਤ ਕਿਹਾ ਕਰਦਾ ਸੀ ਕਿ ਮੇਰੇ ਦੋਸਤ ਹੀ ਮੇਰੀ ਕਮਾਈ ਹਨ। ਦੋਸਤਾਂ ਨੂੰ ਕਮਾਈ ਕਹਿਣ ਵਾਲੇ ਪੁਰਖ ਯਾਦ ਆਉਂਦੇ ਹਨ।

ਫਲਸਫੇ ਫਕੀਰੀਆਂ ਦੇ ਗਲਾਂ 'ਚ ਫੰਦੇ

ਕਿੱਥੇ ਗਏ ਭਾਵੁਕ ਤੇ ਭੁਲੱਕੜ ਜਿਹੇ ਬੰਦੇ

ਬਾਬਿਆਂ ਨੇ ਕਿਹਾ ਬਾਬਾ ਬੋਲਤੇ ਥੇ ਕਹਾਂ ਗਏ। ਚਲੇ ਜਾਣ ਵਾਲਿਆਂ ਦੀਆਂ ਅਮੁੱਕ ਕਹਾਣੀਆਂ ਨੇ ਸਦਾ ਬੋਲਦੇ ਤੇ ਧੜਕਦੇ ਰਹਿਣਾ। ਜੀਊਂਦੀਆਂ ਸਿਮਰਤੀਆਂ ਵਾਂਗੂ ।ਜੀਊਂਦੇ ਜਜ਼ਬਿਆਂ ਵਾਂਗੂ। ਬਿਲਕੁੱਲ ਆਪਣੇ ਸਵਾਸਾਂ ਵਾਂਗੂ।

ਬਹੁਤ ਪੁਰਾਣੀਆਂ ਯਾਦਾਂ ਆਈਆਂ
ਜੀਊਂਦੇ ਜਜ਼ਬੇ ਨਾਲ ਲਿਆਈਆਂ
ਲਹੂ ਧੜਕੇ ਜਿਉਂ ਨਾੜਾਂ ਅੰਦਰ
ਇਉਂ ਧੜਕਦੇ ਜੀਊਂਦੇ ਜਜ਼ਬੇ

ਜੀਊਂਦੇ ਜਜ਼ਬੇ ਅੰਦਰਲੀ ਪ੍ਰਤਿਭਾ ਨੂੰ ਮਰਨ ਨਹੀਂ ਦਿੰਦੇ। ਜੀਊਂਦੇ ਜਜ਼ਬੇ ਜ਼ਿੰਦਗੀ ਅਸਤ ਹੋਣ ਤੋਂ ਬਚਾਉਂਦੇ ਹਨ। ਅਜੋਕੇ ਸਸਤੇ ਤੇ ਸਜਾਵਟੀ ਯੁੱਗ ਨੂੰ ਪਰ ਮੰਡੀਨੁਮਾ ਜਜ਼ਬਿਆਂ ਦੀ ਜ਼ਰੂਰਤ ਹੈ। ਅਜੋਕਾ ਯੁੱਗ ਚੈਨਲਾਂ ਵਾਂਗੂ ਬੋਲਦਾ ਹੈ। ਬੰਦੇ ਦੀਆਂ ਅੰਦਰੂਨੀ ਸ਼ਕਤੀਆਂ ਨੂੰ ਮੂਕ ਕਰਨਾ ਇਸ ਯੁੱਗ ਦਾ ਮਕਸਦ ਹੈ। ਇਸ ਯੁੱਗ ਨੇ ਮੌਤ ਨੂੰ ਜੀਊਂਦੇ ਨਹੀਂ ਰਹਿਣ ਦੇਣਾ। ਮੌਤ ਪਿੱਛੋਂ ਜੀਊਂਦੇ ਰਹਿਣ ਲਈ ਸਾਨੂੰ ਗੀਤ, ਨਜ਼ਮ ਜਾਂ ਗਜ਼ਲ ਬਣਨਾ ਪਵੇਗਾ। ਪੰਜਾਬੀ ਦੇ ਮਕਬੂਲ ਸ਼ਾਇਰ ਸੁਰਜੀਤ ਪਾਤਰ ਦਾ ਮਹਾਤਮੀ ਸ਼ੇਅਰ ਸੁਣੋ :

ਮੈਂ ਨਹੀਂ ਰਹਾਂਗਾ ਮੇਰੇ ਗੀਤ ਰਹਿਣਗੇ
ਪਾਣੀ ਨੇ ਮੇਰੇ ਗੀਤ ਮੈਂ ਪਾਣੀ 'ਤੇ ਲੀਕ ਹਾਂ।

ਗੀਤਾਂ ਵਰਗੇ ਮੇਰੇ ਦੋਸਤ ਮਰ ਕੇ ਵੀ ਜ਼ਿੰਦਾ ਹਨ। ਉਨ੍ਹਾਂ ਦੀ ਸ਼ੇਅਰੀਅਤ ਮੈਨੂੰ ਪ੍ਰਹਿਲਾਦ ਭਗਤ ਬਣਾਉਂਦੀ ਹੈ। ਮੇਰੇ ਅੰਦਰੋਂ ਸਦਮਿਆਂ ਦੇ ਸੁਪਨੇ ਸ਼ਕਤੀਮਾਨ ਹੁੰਦੇ ਹਨ। ਮੈਂ ਅੱਖਰਾਂ ਵਿੱਚ ਡੁਬੋ-ਡੁਬੋ ਕੇ ਵੰਡਦਾ ਰਹਿੰਦਾ ਹਾਂ ਅਜਿਹੇ ਸੁਪਨੇ।

# .ਗ਼ਦਰ ਪਾਰਟੀ ਦਾ ਜਨਮ ਦਿਨ

ਆਓ ਅਜ ਪਰੇਮੀਓ ਹੋ ਅਕਠੇ,
ਜਨਮ ਪਾਰਟੀ ਦਿਨ ਮਨਾ ਲਈਏ।

ਯਕਮ ਨਵੰਬਰ ਨੂੰ ਰਖੀ ਬਨਯਾਦ ਇਸ ਦੀ,
ਬਈ ਹਿੰਦ ਆਜ਼ਾਦ ਕਰਾ ਲਈਏ।

ਕਾਲੇ ਪਾਨੀ ਜੋ ਦੁਖ ਸਹਾਰ ਰਹੇ,
ਫਖਰੇ ਕੌਮ ਓਹ ਗਲੇ ਲਗਾ ਲਈਏ।

ਜੇਲ ਖਾਨੇਆ ਵਿਚ ਹਨ ਕਈ ਰੁਲਦੇ,
ਭੁਲੇ ਵੀਰ ਸੋ ਯਾਦ ਕਰਾ ਲਈਏ।

ਗ਼ਦਰ ਪਾਰਟੀ ਫਰਜ਼ ਅਦਾ ਕੀਤਾ,
ਜੋ ਕੁਛ ਕੀਤਾ ਹੈ ਸਬ ਬਤਾ ਲਈਏ।

ਜ਼ੁਲਮ ਜੋ ਰਿਹਾ ਸੀ ਬਹੁਤ ਦੇਸ਼ ਅੰਦਰ,
ਅਖਾਂ ਖੋਲੀਆਂ ਨਾ ਹਿੰਦੋਸਤਾਨੀਆਂ ਨੇ।

ਜਾ ਹਿੰਦ ਫਰੰਗੀਆਂ ਲੁਟ ਚਾਈ,
ਸਾਡੀ ਬਹੁਤ ਹੀ ਦੁਖ ਕਹਾਨੀਆਂ ਨੇ।

ਪੈਸਾ ਕਢ ਵਲੈਤ ਪੁਚਾ ਦਿੱਤਾ,
ਸਾਨੂੰ ਨੰਗ ਕੀਤਾ ਦਗ਼ੇ ਦਾਨੀਆਂ ਨੇ।

ਲਗੇ ਜੋਕ ਵਾਂਗੂ ਪੀਨੇ ਰਤ ਸਾਡੇ,
ਕੀਤਾ ਤੰਗ ਹੈ ਦੁਸਮਨਾ ਜਾਨੀਆਂ ਨੇ।

ਜ਼ੁਲਮ ਕਰਨ ਤਾਂ ਹਥ ਨਾ ਕੋਈ ਪਕੜ,
ਮਾਰ ਗੋਲੀਆਂ ਜਾਨ ਮਕਾਨੀਆ ਨੇ।

ਬੱਚੇ ਤੜਪਦੇ ਭੁੱਖ ਦੇ ਨਾਲ ਸਾਡੇ,
ਕਨਕ ਚੌਲ ਵਲੈਤ ਪੁਚਾਨੀਆ ਨੇ।

ਕੰਮ ਅਸੀਂ ਕਰਦੇ ਦਿਨੇ ਰਾਤ ਮਰਦੇ,
ਸਾਡੇ ਸਿਰਾਂ ਤੇ ਮੌਜਾਂ ਇਹ ਮਾਨੀਆ ਨੇ।

ਦੁਖ ਹਨ ਅਨੇਕ ਨਹੀਂ ਗਿਣੇ ਜਾਂਦੇ,
ਕੀਤੇ ਅਸਾਂ ਤੇ ਫਰੰਗਸਤੀਆਂ ਨੇ।

ਕਈ ਜ਼ੁਲਮ ਤੋਂ ਹੋ ਕੇ ਤੰਗ ਬਹੁਤੇ,
ਛੋਡ ਦੇਸ ਅਮਰੀਕਾ ਰਵਾਨ ਹੋਏ।

ਏਥੇ ਆ ਆਜ਼ਾਦੀ ਦੀ ਹਵਾ ਲਗੀ,
ਸਾਡੇ ਦਿਲਾਂ ਨੂੰ ਕੁਛ ਅਰਮਾਨ ਹੋਏ।

ਕੁਛ ਹੋਸ਼ ਆਈ ਕੁਛ ਸੋਚ ਆਈ,
ਅਸੀਂ ਰਹੇ ਸੀ ਦੁਖ ਨਸ਼ਾਨ ਹੋਏ।



ਦੁਨਯਾ ਵੱਸੇ ਖੁਸ਼ੀ ਹਿੰਦ ਬਹੁਤ ਦੁਖੀ,
ਅਸੀਂ ਦੇਖ ਕੇ ਬਹੁਤ ਹੈਰਾਨ ਹੋਏ।

ਅਮਰੀਕਾ ਨਾਲ ਮੁਕਾਬਲਾ ਕਰ ਆਪਨਾ,
ਚਿਤ ਅਸਾਂ ਦੇ ਸਨ ਪਰੇਸ਼ਾਨ ਹੋਏ।

ਏਸ ਦੇਸ਼ ਵਿਚ ਲੋਕ ਬਹਾਰ ਲੈਂਦੇ,
ਨਜ਼ਰ ਆਂਵਦੇ ਹਿੰਦੀ ਬੇਜ਼ਾਨ ਹੋਏ।

ਮੋਹਲਕ ਮਰਜ ਨੂੰ ਕਰੋ ਹੁਣ ਦੂਰ ਛੇਤੀ,
ਹਿੰਦੋਸਤਾਨੀ ਸੀ ਇਕ ਜ਼ਬਾਨ ਹੋਏ।

ਗ਼ਦਰ ਪਾਰਟੀ ਅਮਰੀਕਾ ਵਿਚ ਕਾਇਮ ਕੀਤੀ,
ਹਿੰਦੋਸਤਾਨ ਆਜ਼ਾਦ ਕਰਾਵਨੇ ਨੂੰ।

ਰੌਲੀ ਪੈ ਗਈ ਕੁਲ ਜਹਾਨ ਅੰਦਰ,
ਹਿੰਦੀ ਤਿਆਰ ਹਨ ਗ਼ਦਰ ਮਚਾਵਨੇ ਨੂੰ।

ਹਿੰਦੋਸਤਾਨ ਚੋਂ ਕਢ ਫਰੰਗੀਆਂ ਨੂੰ,
ਪਰਜਾ ਰਾਜ ਦੀ ਜੜ ਲਗਾਵਨੇ ਨੂੰ।

ਕਈ ਛੋੜ ਅਮਰੀਕਾ ਰਵਾਨ ਹੋਏ,
ਸੁਤੇ ਦੇਸ਼ ਨੂੰ ਜਾ ਜਗਾਵਨੇ ਨੂੰ।
ਕੰਮ ਓਹਨਾਂ ਨੇ ਓਥੇ ਸੀ ਬਹੁਤ ਕੀਤਾ,
ਕਸਰ ਛੱਡੀ ਨਾ ਹਿਲ ਹਲਾਵਨੇ ਨੂੰ।

ਮਰਨ ਮਾਰਨ ਨੂੰ ਅਜ ਤਯਾਰ ਦਿਸਨ,
ਜੇਹੜੇ ਨਹੀਂ ਸਨ ਅਖ ਉਠਾਵਨੇ ਨੂੰ।

ਏਹ ਰਹੇਗੀ ਪਾਰਟੀ ਕੰਮ ਕਰਦੀ,
ਹਿੰਦ ਫਰੰਗੀਆਂ ਪਾਸੋਂ ਛਡਾਵਨੇ ਨੂੰ।
ਦੇਸ ਅਸਾਂ ਦਾ ਅਸਾਂ ਨੇ ਸਾਂਭ ਲੈਣਾ,
ਕੋਈ ਰਹੀ ਨਾ ਬਾਤ ਛਪਾਵਨੇ ਨੂੰ

*.ਗ਼ਦਰ ਪਾਰਟੀ ਦਾ ਜਨਮ ਦਿਨ*
*(1 ਨਵੰਬਰ 1920)*

*ਹਿੰਦੀ ਵਿਅੰਗ*

# ਟਾਰਚਾਂ ਵੇਚਣ ਵਾਲੇ

**ਹਰੀਸ਼ੰਕਰ ਪਰਸਾਈ**

**ਅਨੁਵਾਦ: ਹਰੀ ਕ੍ਰਿਸ਼ਨ ਮਾਇਰ**

ਉਹ ਚੌਂਕ ਵਿੱਚ ਟਾਰਚਾਂ ਵੇਚਦਾ ਹੁੰਦਾ ਸੀ।ਕਈ ਦਿਨ ਤੋਂ ਕਿਤੇ ਦਿਸਿਆ ਹੀ ਨਹੀਂ ਸੀ ਕੱਲ੍ਹ ਦੇਖਿਆ, ਉਸ ਨੇ ਤਾਂ ਦਾੜ੍ਹੀ ਵਧਾ ਲਈ ਸੀ। ਲੰਬਾ ਕੁੜਤਾ ਪਾਈ ਫਿਰਦਾ ਸੀ, ਮੈਂ ਪੁੱਛਿਆ, ਕਿੱਥੇ ਰਿਹਾਂ? ਦਾੜ੍ਹੀ ਕਿਉਂ ਵਧਾ ਲਈ?

ਉਹ ਬੋਲਿਆ, ਬਾਹਰ ਗਿਆ ਸਾਂ। ਦਾੜ੍ਹੀ ਬਾਰੇ ਕੁਝ ਕਹਿਣ ਦੀ ਥਾਂ, ਉਹ ਦਾੜ੍ਹੀ 'ਤੇ ਹੱਥ ਫੇਰਨ ਲੱਗਾ। ਮੈਂ ਪੁੱਛਿਆ, ਤੂੰ ਅੱਜ-ਕੱਲ੍ਹ ਬੈਟਰੀਆਂ ਨਹੀਂ ਵੇਚਦਾ?

ਉਹ ਬੋਲਿਆ, ਬੈਟਰੀਆਂ ਵੇਚਣ ਦਾ ਕੰਮ ਬੰਦ ਕਰ ਦਿੱਤਾ ਹੈ, ਹੁਣ ਤਾਂ ਆਤਮਾ ਦੇ ਅੰਦਰਲੀ ਟਾਰਚ ਜਗ ਪਈ, ਸੂਰਜ ਛਾਪ ਟਾਰਚ ਹੁਣ ਬੇਕਾਰ ਜਿਹੀ ਲੱਗਦੀ ਹੈ।

ਮੈਂ ਕਿਹਾ, ਕੀ ਤੂੰ ਸੰਨਿਆਸ ਲੈ ਰਿਹੈਂ? ਜੀਹਦੀ ਆਤਮਾ ਵਿੱਚ ਐਦਾਂ ਦਾ ਪ੍ਰਕਾਸ਼ ਫੈਲ ਜਾਂਦਾ ਹੈ, ਉਹੀ ਐਦਾਂ ਦੀ ਹਰਾਮਖੋਰੀ 'ਤੇ ਉੱਤਰ ਆਉਂਦਾ ਹੁੰਦਾ।

ਤੂੰ ਕਿਸੇ ਗੁਰੂ ਤੋਂ ਦੀਖਿਆ ਲੈ ਲਈ ? ਮੈਂ ਮੁੜ ਪੁੱਛਿਆ। ਮੇਰੀ ਗੱਲ ਦਾ ਉਹ ਬੁਰਾ ਮੰਨ ਗਿਆ ਬੋਲਿਆ, ਤੇਰੇ ਕੁਰੱਖਤ ਬੋਲਾਂ ਨੇ ਮੇਰੀ ਆਤਮਾ ਨੂੰ ਦੁੱਖ ਪਹੁੰਚਾਇਆ ਹੈ।ਤੇਰੇ ਬੋਲ ਤੇਰੀ ਆਤਮਾ ਨੂੰ ਵੀ ਜ਼ਖ਼ਮੀ ਕਰ ਰਹੇ ਹੋਣਗੇ। ਆਤਮਾ ਸਭ ਦੇ ਅੰਦਰ ਇੱਕੋ ਜਿਹੀ ਹੁੰਦੀ ਹੈ।

ਮੈਂ ਕਿਹਾ, ਉਹ ਤਾਂ ਠੀਕ ਹੈ, ਪਰ ਤੂੰ ਇਕਦਮ ਐਡਾ ਵੱਡਾ ਫੈਸਲਾ ਕਿਵੇਂ ਲੈ ਲਿਆ ? ਕਿਤੇ ਘਰ ਵਾਲੀ ਤਾਂ ਨਹੀਂ ਛੱਡ ਗਈ ? ਦੁਕਾਨ ਤੋਂ ਉਧਾਰ ਮਿਲਣਾ ਤਾਂ ਨਹੀਂ ਬੰਦ ਹੋ ਗਿਆ? ਕਿਸੇ ਚੋਰੀ-ਠੱਗੀ ਦੇ ਮਾਮਲੇ ਵਿੱਚ ਤਾਂ ਨਹੀਂ ਫਸ ਗਿਆ? ਮੈਂ ਇਕ ਤੋਂ ਬਾਅਦ ਇਕ ਇੰਜ ਕਈ ਸਵਾਲ ਕਰ ਦਿੱਤੇ।

ਉਹ ਬੋਲਿਆ, ਐਸੀ ਕੋਈ ਗੱਲ ਨਹੀਂ।

ਮੈਂ ਪੁੱਛਿਆ, ਫੇਰ ਬਾਹਰੋਂ ਟਾਰਚ ਤੇਰੀ ਆਤਮਾ ਵਿੱਚ ਕਿੱਥੋਂ ਵੜ ਗਈ ?

ਉਹ ਕਹਿਣ ਲੱਗਾ, ਤੁਹਾਡੇ ਸਾਰੇ ਅੰਦਾਜ਼ੇ ਗਲਤ ਹਨ, ਇਕ ਘਟਨਾ ਜ਼ਰੂਰ ਘਟੀ ਹੈ, ਜਿਸ ਨੇ ਮੇਰੀ ਜ਼ਿੰਦਗੀ ਬਦਲ ਕੇ ਰੱਖ ਦਿੱਤੀ, ਪਰ ਉਸ ਨੂੰ ਮੈਂ ਗੁਪਤ ਹੀ ਰੱਖਣਾ ਚਾਹੁੰਦਾ ਹਾਂ, ਅੱਜ ਹੀ ਮੈਂ ਐਥੋਂ ਬੜੀ ਦੂਰ ਜਾ ਰਿਹਾ ਹਾਂ। ਚਲੋ ਆਪਣਾ ਬੰਦਾ ਹੋਣ ਕਰਕੇ, ਤੁਹਾਨੂੰ ਦੱਸ ਹੀ ਦੇਂਦਾ ਹਾਂ। ਉਹ ਮੈਨੂੰ ਕਹਾਣੀ ਸੁਣਾਉਣ ਲੱਗਾ।

ਪੰਜ ਸਾਲ ਪਹਿਲਾਂ ਦੀ ਗੱਲ ਹੈ। ਮੈਂ ਤੇ ਮੇਰਾ ਇਕ ਦੋਸਤ ਕਿਸੇ ਥਾਂ ਬੈਠੇ ਹੋਏ ਸਾਂ, ਸਾਡੇ ਸਾਹਮਣੇ ਆਕਾਸ਼ ਨੂੰ ਛੂੰਹਦਾ ਇਕ ਸਵਾਲ ਖਲੋ ਗਿਆ। ਸਵਾਲ ਸੀ 'ਪੈਸਾ ਕਿਵੇਂ ਪੈਦਾ ਕਰੀਏ'?

ਅਸੀਂ ਦੋਵਾਂ ਨੇ ਸੁਆਲ ਦੀ ਇਕ-ਇਕ ਲੱਤ ਪਕੜੀ ਅਤੇ ਉਸ ਨੂੰ ਪਰੇ ਭਜਾਉਣ ਲੱਗੇ ਸਾਡੇ ਪਸੀਨੇ ਛੁੱਟ ਗਏ, ਪਰ ਸਵਾਲ ਪਰੇ ਨਾ ਹਟਿਆ, ਮੇਰਾ ਦੋਸਤ ਬੋਲਿਆ-ਸਵਾਲ ਦੇ ਪੈਰ ਤਾਂ ਡੂੰਘੇ ਜ਼ਮੀਨ ਵਿੱਚ ਗੱਡੇ ਹੋਏ ਹਨ। ਇਸ ਨੇ ਇਸ ਤਰ੍ਹਾਂ ਨਹੀਂ ਉੱਖੜਨਾ। ਹਾਲ ਦੀ ਘੜੀ ਇਸ ਕੋਸ਼ਿਸ਼ ਨੂੰ ਟਾਲ ਹੀ ਦੇਈਏ। ਅਸੀਂ ਇਕ-ਦੂਜੇ ਵੱਲ ਮੂੰਹ ਘੁੰਮਾਇਆ। ਸਵਾਲ ਫੇਰ ਸਾਡੇ ਸਾਹਮਣੇ ਆ ਕੇ ਖਲੋ ਗਿਆ। ਮੈਂ ਕਿਹਾ- ਇਹ ਟਲਦਾ ਨਹੀਂ, ਆਪਾਂ ਇਸ ਨੂੰ ਹੱਲ ਕਰ ਹੀ ਲੈਂਦੇ ਹਾਂ, ਪੈਸਾ ਪੈਦਾ ਕਰਨ ਲਈ ਕੋਈ ਕੰਮ-ਧੰਦਾ ਕਰਨ ਬਾਰੇ ਸੋਚੀਏ, ਕਿਸਮਤ ਅਜ਼ਮਾਉਣ ਲਈ ਆਪਾਂ ਵੱਖ-ਵੱਖ ਦਿਸ਼ਾਵਾਂ ਵਿੱਚ ਨਿਕਲ ਤੁਰੀਏ, ਪੰਜ ਸਾਲ ਪਿੱਛੋਂ ਇਸੇ ਤਾਰੀਖ ਨੂੰ, ਇਸੇ ਥਾਂ 'ਤੇ ਮੁਲਾਕਾਤ ਕੀਤੀ ਜਾਵੇ। ਮੇਰੇ ਦੋਸਤ ਨੇ ਕਿਹਾ-ਆਪਾਂ 'ਕੱਠੇ ਹੀ ਇੱਕੋ ਪਾਸੇ ਕਿਉਂ ਨਾ ਚੱਲੀਏ? ਮੈਂ ਸਲਾਹ ਦਿੱਤੀ-ਇਕ ਪਾਸੇ ਜਾਣ ਨਾਲੋਂ ਤਾਂ ਆਪਾਂ ਅਲੱਗ-ਅਲੱਗ ਦਿਸ਼ਾਵਾਂ ਵਿੱਚ ਹੀ ਜਾਵਾਂਗੇ । ਇੱਕੋ ਦਿਸ਼ਾ ਵਿੱਚ 'ਕੱਠੇ ਜਾਣ ਨਾਲ ਮੁਕੱਦਰਾਂ ਦੇ ਟਕਰਾਣ ਨਾਲ ਟੁੱਟਣ ਦਾ ਡਰ ਹੁੰਦਾ ਹੈ, ਫੇਰ ਅਸੀਂ ਵੱਖੋ-ਵੱਖਰੀਆਂ ਦਿਸ਼ਾਵਾਂ ਵਿੱਚ ਤੁਰ ਪਏ। ਮੈਂ ਟਾਰਚਾਂ ਵੇਚਣ ਦਾ ਕੰਮ ਸ਼ੁਰੂ ਕਰ ਲਿਆ ।ਚੌਂਕ ਵਿੱਚ ਜਾਂ ਕਿਸੇ ਖੁੱਲ੍ਹੀ ਥਾਂ 'ਤੇ ਲੋਕਾਂ ਨੂੰ ਇਕੱਠੇ ਕਰ ਲੈਂਦਾ। ਬੜੇ ਨਾਟਕੀ ਢੰਗ ਨਾਲ ਕਹਿੰਦਾ-ਅੱਜ-ਕੱਲ੍ਹ ਬੰਦੇ ਨੂੰ ਰਸਤਾ ਨਹੀਂ ਦੀਂਹਦਾ, ਉਹ ਭਟਕ ਜਾਂਦਾ ਹੈ, ਉਸ ਦੇ ਪੈਰ ਕੰਡਿਆਂ ਨਾਲ ਵਿੰਨ੍ਹੇ ਜਾਂਦੇ ਹਨ, ਉਹ ਡਿੱਗ ਪੈਂਦਾ ਹੈ, ਉਸ ਦੇ ਗੋਡੇ ਲਹੂ-ਲੁਹਾਨ ਹੋ ਜਾਂਦੇ ਹਨ, ਉਸ ਦੇ ਚਾਰੇ ਪਾਸੇ ਡਰਾਉਣਾ ਨ੍ਹੇਰਾ ਛਾ ਜਾਂਦਾ ਹੈ। ਸ਼ੇਰ-ਚੀਤੇ ਉਸ ਦੁਆਲੇ ਘੁੰਮਣ ਲੱਗਦੇ ਹਨ। ਜ਼ਮੀਨ 'ਤੇ ਸੱਪ ਰੀਂਘਦੇ ਹਨ। ਨ੍ਹੇਰਾ ਸਭ ਕੁਝ ਹੜੱਪ ਕਰ ਲੈਂਦਾ ਹੈ। ਨ੍ਹੇਰਾ ਘਰ ਦੇ ਅੰਦਰ ਵੀ ਹੈ। ਬੰਦਾ ਰਾਤੀਂ ਪਿਸ਼ਾਬ ਕਰਨ ਉੱਠ ਪਵੇ ਅਤੇ ਸੱਪ 'ਤੇ ਪੈਰ ਧਰਿਆ ਜਾਵੇ, ਗੁਸੈਲਾ ਸੱਪ ਉਸ ਦੇ ਡੰਗ ਮਾਰ ਦੇਵੇ ਬੰਦਾ ਥਾਏਂ ਮਰ ਜਾਵੇ, ਲੋਕ ਮੇਰੀਆਂ ਗੱਲਾਂ ਸੁਣ ਕੇ ਬਹੁਤ ਡਰ ਜਾਂਦੇ ਸਨ।ਸਿਖਰ ਦੁਪਹਿਰੇ ਲੋਕ ਨ੍ਹੇਰੇ ਤੋਂ ਡਰ ਕੇ ਕੰਬਣ ਲੱਗ ਪੈਂਦੇ । ਕਿੰਨਾ ਸੌਖਾ ਹੈ ਬੰਦੇ ਨੂੰ ਡਰਾਉਣਾ ?

ਜਦ ਲੋਕ ਡਰ ਜਾਂਦੇ ਤਾਂ ਮੈਂ ਕਹਿੰਦਾ-ਭਰਾਓ ਜੇ ਨ੍ਹੇਰਾ ਹੈ ਤਾਂ ਰੌਸ਼ਨੀ ਵੀ ਤਾਂ ਹੈ, ਉਹੀ ਰੌਸ਼ਨੀ ਮੈਂ ਤੁਹਾਨੂੰ ਦੇਣ ਆਇਆ ਹਾਂ ।ਆਹ ਸੂਰਜ ਛਾਪ ਟਾਰਚ ਖਰੀਦੋ ਅਤੇ ਨ੍ਹੇਰੇ ਨੂੰ ਦੂਰ ਭਜਾਓ। ਜਿਨ੍ਹਾਂ ਵੀਰਾਂ-ਭੈਣਾਂ ਨੂੰ ਟਾਰਚ ਚਾਹੀਦੀ ਹੈ, ਹੱਥ ਜ਼ਰਾ ਉੱਚਾ ਕਰ ਲਓ, ਸਾਬ੍ਹ ਮੇਰੀਆਂ ਸਾਰੀਆਂ ਹੀ ਟਾਰਚਾਂ ਵਿਕ ਜਾਂਦੀਆਂ, ਮੇਰੀ ਜ਼ਿੰਦਗੀ ਮਜ਼ੇ ਨਾਲ ਲੰਘਣ ਲੱਗੀ। ਵਾਅਦੇ ਮੁਤਾਬਿਕ ਪੰਜ ਸਾਲ ਪਿੱਛੋਂ ਅੱਜ ਮੈਂ ਇੱਥੇ ਆਪਣੇ ਦੋਸਤ ਨੂੰ ਮਿਲਣ ਆਇਆ ਸੀ। ਸਾਰਾ ਦਿਨ ਉਡੀਕਦਾ ਰਿਹਾ, ਪਰ ਉਹ ਨਹੀਂ ਆਇਆ। ਪਤਾ ਨਹੀਂ ਕੀ ਹੋ ਗਿਆ। ਉਹ ਭੁੱਲ ਗਿਆ ਹੋਣਾ ਜਾਂ ਫਿਰ ਉਹ ਇਸ ਦੁਨੀਆ ਵਿੱਚ ਹੈ ਹੀ ਨਹੀਂ । ਮੈਂ ਉਸ ਨੂੰ ਲੱਭਣ ਤੁਰ ਪਿਆ। ਲੱਭਦਾ-ਲੱਭਦਾ, ਨ੍ਹੇਰੇ ਵੇਲੇ ਸ਼ਹਿਰ ਦੀ ਸੜਕ 'ਤੇ ਤੁਰਿਆ ਜਾ ਰਿਹਾ ਸੀ। ਮੈਂ ਦੇਖਿਆ ਦੂਰ ਇਕ ਮੈਦਾਨ ਵਿੱਚ ਖੂਬ ਚਾਨਣ ਬਿਖਰਿਆ ਪਿਆ ਸੀ। ਮੈਂ ਉਧਰ ਨੂੰ ਤੁਰ ਪਿਆ।ਇਕ ਪਾਸੇ ਵੱਡੀ ਸਟੇਜ ਲੱਗੀ ਹੋਈ ਸੀ। ਲਾਊਡ ਸਪੀਕਰ ਦੀ ਆਵਾਜ਼ ਆ ਰਹੀ ਸੀ। ਪੰਡਾਲ ਵਿੱਚ ਵੱਡੀ ਗਿਣਤੀ ਵਿੱਚ ਲੋਕ ਮੰਤਰ-ਮੁਗਧ ਹੋਏ ਬੈਠੇ ਸਨ। ਸਟੇਜ 'ਤੇ ਇਕ ਮਹਾਂਪੁਰਖ ਰੇਸ਼ਮੀ ਪਹਿਰਾਵੇ ਵਿੱਚ ਬਿਰਾਜਮਾਨ ਸਨ। ਉਨ੍ਹਾਂ ਦੀ ਸਜੀ-ਸੰਵਰੀ ਲੰਮੀ ਦਾੜ੍ਹੀ ਅਤੇ ਪਿੱਠ 'ਤੇ ਲੰਬੇ ਵਾਲ ਮੰਡਰਾ ਰਹੇ ਸਨ।ਭੀੜ ਵਿੱਚ ਜਾ ਕੇ ਮੈਂ ਇਕ ਖੂੰਜੇ ਵਿੱਚ ਬੈਠ ਗਿਆ, ਮਹਾਂਪੁਰਖ ਫਿਲਮੀ ਸੰਤ ਲੱਗ ਰਹੇ ਸਨ। ਉਨ੍ਹਾਂ ਪ੍ਰਵਚਨ ਸ਼ੁਰੂ ਕੀਤਾ, ਉਹ ਇਸ ਤਰ੍ਹਾਂ ਬੋਲ ਰਹੇ ਸਨ, ਜਿਵੇਂ ਆਕਾਸ਼ ਦੇ ਕਿਸੇ ਕੋਨੇ ਤੋਂ ਕੋਈ ਭੇਤ ਭਰਿਆ ਸੰਦੇਸ਼ ਉਨ੍ਹਾਂ ਦੇ ਕੰਨਾਂ ਵਿੱਚ ਪੈ ਰਿਹਾ ਸੀ, ਉਹੀ ਸੰਦੇਸ਼ ਉਹ ਅੱਗੇ ਲੋਕਾਂ ਨਾਲ ਸਾਂਝਾ ਕਰ ਰਹੇ ਸਨ, ਮਹਾਂਪੁਰਖ ਬੋਲ ਰਹੇ ਸਨ-ਮੈਨੂੰ ਨਜ਼ਰ ਆ ਰਿਹਾ ਹੈ ਕਿ ਅੱਜ ਬੰਦਾ ਨ੍ਹੇਰੇ ਵਿੱਚ ਭਟਕ ਗਿਆ ਹੈ। ਉਸ ਦੇ ਅੰਦਰ ਸਭ ਕੁਝ ਬੁਝ ਗਿਆ ਹੈ ।ਇਹ ਯੁੱਗ ਅੰਧਕਾਰ ਭਰਿਆ ਹੈ। ਨ੍ਹੇਰਾ ਉਸ ਦੀ ਆਤਮਾ ਤੀਕਰ ਪਹੁੰਚ ਗਿਆ। ਅੰਦਰਲੀਆਂ ਅੱਖਾਂ ਨੂੰ ਦਿਸਣੋਂ ਹਟ ਗਿਆ। ਮਨੁੱਖ ਦੀ ਆਤਮਾ ਪੀੜ ਅਤੇ ਡਰ ਨਾਲ ਗ੍ਰਸਤ ਹੈ। ਉਹ ਬੋਲਦਾ ਰਿਹਾ ਅਤੇ ਲੋਕ ਸੁਣਦੇ ਰਹੇ। ਉਸ ਦੀਆਂ ਗੱਲਾਂ ਸੁਣ ਕੇ ਮੇਰਾ ਤਾਂ ਹਾਸਾ ਨਿਕਲ ਗਿਆ। ਬਥੇਰਾ ਰੋਕਿਆ, ਰੋਕ ਨਹੀਂ ਸਕਿਆ। ਕੋਲੇ ਬੈਠੇ ਲੋਕ ਮੈਨੂੰ ਬੁਰਾ-ਭਲਾ ਕਹਿਣ ਲੱਗੇ। ਮਹਾਂਪੁਰਖ ਨੇ ਪ੍ਰਵਚਨ ਦੇ ਅਖੀਰ ਵਿੱਚ ਕਿਹਾ-ਸਾਧ ਸੰਗਤ ਜੀ, ਡਰੋ ਨਾ।ਜਿੱਥੇ ਨ੍ਹੇਰਾ ਹੁੰਦਾ, ਉੱਥੇ ਰੌਸ਼ਨੀ ਵੀ ਹੁੰਦੀ ਹੈ। ਇਸ ਰੌਸ਼ਨੀ ਨੂੰ ਬਾਹਰੋਂ ਨਹੀਂ, ਆਪਣੇ ਅੰਦਰੋਂ ਖੋਜੋ। ਆਪਣੇ ਅੰਦਰ ਬੁਝੀ ਜੋਤ ਨੂੰ ਜਗਾਓ, ਮੈਂ ਬੁਝੀ ਜੋਤ ਜਗਾਉਣ ਵਿੱਚ ਤੁਹਾਡੀ ਮਦਦ ਕਰਾਂਗਾ। ਸਾਡੇ ਸਾਧਨਾ ਮੰਦਰ ਵਿੱਚ ਆਓ ਅਤੇ ਆਪਣੇ ਅੰਦਰਲੀ ਜੋਤ ਨੂੰ ਜਗਾ ਕੇ ਭਰਪੂਰ ਊਰਜਾਵਾਨ ਬਣੋ, ਫੇਰ ਤਾਂ ਮੈਂ ਉੱਚੀ-ਉੱਚੀ ਹੱਸਣ ਲੱਗਾ। ਲੋਕਾਂ ਨੇ ਮੇਰੇ ਨਾਲ ਧੱਕਾ-ਮੁੱਕੀ ਵੀ ਕੀਤੀ, ਪਰ ਮੈਂ ਹੌਲੀ-ਹੌਲੀ ਮੰਚ ਦੇ ਨੇੜੇ ਪਹੁੰਚ ਗਿਆ। ਮਹਾਂਪੁਰਖ ਮੰਚ ਤੋਂ ਉੱਤਰ ਕੇ ਕਾਰ ਵਿੱਚ ਬੈਠਣ ਲੱਗੇ ਸਨ, ਮੈਂ ਧਿਆਨ ਨਾਲ ਉਨ੍ਹਾਂ ਨੂੰ ਕਰੀਬ ਤੋਂ ਦੇਖਿਆ। ਦਾੜ੍ਹੀ ਵਧੀ ਹੋਣ ਕਰਕੇ ਮੈਂ ਉਸ ਨੂੰ ਬੁਲਾਉਣ ਤੋਂ ਝਿਜਕ ਗਿਆ, ਪਰ ਮਹਾਂਪੁਰਖਾਂ ਨੇ ਮੈਨੂੰ ਪਛਾਣ ਲਿਆ ਸੀ।ਇਸ਼ਾਰਾ ਮਿਲਿਆ ਤੇ ਮੈਨੂੰ ਉਨ੍ਹਾਂ ਨੇ ਕਾਰ ਵਿੱਚ ਬਿਠਾ ਲਿਆ। ਰਸਤੇ ਵਿੱਚ ਮੈਂ ਕੋਈ ਗੱਲ ਕਰਨ ਲੱਗਦਾ ਤਾਂ ਮਹਾਂਪੁਰਖ ਕਹਿੰਦੇ-ਐਥੇ ਕੋਈ ਗੱਲ ਨਹੀਂ ਕਰਨੀ, ਗਿਆਨ ਚਰਚਾ ਕੋਠੀ ਪਹੁੰਚ ਕੇ ਹੀ ਕਰਾਂਗੇ। ਮੈਂ ਸਮਝ ਗਿਆ ਕਿ ਇੱਥੇ ਤਾਂ ਡਰਾਈਵਰ ਵੀ ਹੈ, ਉਸ ਦੇ ਸਾਮ੍ਹਣੇ ਥੋੜਾ ਗੱਲਾਂ ਹੋ ਸਕਦੀਆਂ।ਕੋਠੀ ਪਹੁੰਚ ਕੇ ਮੈਂ ਉਸ ਦੀ ਸ਼ਾਨੋ-ਸ਼ੌਕਤ, ਸ਼ੌਂਕ ਦੇਖ ਕੇ ਦੰਗ ਰਹਿ ਗਿਆ। ਜਲਦੀ ਹੀ ਉਹ ਮੇਰੇ ਕੋਲ ਆ ਕੇ ਬੈਠ ਗਿਆ ਅਤੇ ਖੁੱਲ੍ਹ ਕੇ ਗੱਲਾਂ ਕਰਨ ਲੱਗਾ। ਮੈਂ ਕਿਹਾ-ਤੂੰ ਤਾਂ ਯਾਰ ਬਿਲਕੁਲ ਹੀ ਬਦਲ ਗਿਆ, ਉਸ ਨੇ ਗੰਭੀਰ ਸੁਰ ਵਿੱਚ ਕਿਹਾ-ਪਰਿਵਰਤਨ ਜ਼ਿੰਦਗੀ ਦਾ ਅਨੰਤ ਕਰਮ ਹੈ। ਮੈਂ ਕਿਹਾ-ਬਹੁਤੀ ਫਿਲਾਸਫੀ ਨਾ ਘੋਟ, ਇਹ ਦੱਸ ਕਿ ਤੂੰ ਐਨੀ ਦੌਲਤ ਕਿਵੇਂ ਕਮਾ ਲਈ, ਪੰਜ ਸਾਲਾਂ ਵਿੱਚ।

ਉਸ ਨੇ ਪੁੱਛਿਆ-ਤੂੰ ਇਨ੍ਹਾਂ ਸਾਲਾਂ ਵਿੱਚ ਕੀ ਕਰਦਾ ਰਿਹੈਂ?

ਮੈਂ ਕਿਹਾ-ਮੈਂ ਤਾਂ ਘੁੰਮ-ਫਿਰ ਕੇ ਟਾਰਚਾਂ ਹੀ ਵੇਚਦਾ ਰਿਹਾ ਹਾਂ, ਮੈਨੂੰ ਲੱਗਦਾ ਕਿ ਤੂੰ ਵੀ ਟਾਰਚਾਂ ਦਾ ਹੀ ਵਪਾਰੀ ਏਂ?

ਉਸ ਨੇ ਕਿਹਾ-ਤੈਨੂੰ ਐਦਾਂ ਕਿਉਂ ਲੱਗਦਾ ?

ਮੈਂ ਉਸ ਨੂੰ ਦੱਸਿਆ-ਜਿਹੜੀਆਂ ਗੱਲਾਂ ਤੂੰ ਪ੍ਰਵਚਨ ਵਿੱਚ ਕਰਦਾਂ, ਇਹੀ ਗੱਲਾਂ ਮੈਂ ਟਾਰਚਾਂ ਵੇਚਣ ਵੇਲੇ ਲੋਕਾਂ ਨੂੰ ਕਹਿੰਦਾ ਹਾਂ, ਪਰ ਤੂੰ ਥੋੜ੍ਹਾ ਰਹੱਸਮਈ ਤਰੀਕੇ ਨਾਲ ਕਹਿੰਦਾ ਏਂ, ਮੈਂ ਵੀ ਨ੍ਹੇਰੇ ਤੋਂ ਡਰਾ ਕੇ ਲੋਕਾਂ ਨੂੰ ਟਾਰਚਾਂ ਵੇਚਦਾ ਹਾਂ, ਤੂੰ ਵੀ ਪ੍ਰਵਚਨ ਕਰਦਿਆਂ ਲੋਕਾਂ ਨੂੰ ਨ੍ਹੇਰੇ ਤੋਂ ਡਰਾ ਰਿਹਾ ਸੀ, ਫੇਰ ਤਾਂ ਤੂੰ ਵੀ ਟਾਰਚਾਂ ਹੀ ਵੇਚਦਾ ਏਂ ਉਸ ਨੇ ਮੈਨੂੰ ਕਿਹਾ- ਤੂੰ ਮੈਨੂੰ ਨਹੀਂ ਜਾਣਦਾ ਮੈਂ ਸਾਧੂ, ਮਹਾਤਮਾ ਅਤੇ ਦਾਰਸ਼ਨਿਕ ਅਖਵਾਉਂਦਾ ਹਾਂ, ਮੈਨੂੰ ਕੀ ਲੋੜ ਪਈ ਹੈ ਟਾਰਚਾਂ ਵੇਚਣ ਦੀ?

ਮੈਂ ਕਿਹਾ-ਤੂੰ ਕੁਝ ਵੀ ਅਖਵਾਉਂਦਾ ਹੋਵੇਂ, ਵੇਚਦਾ ਤੂੰ ਟਾਰਚਾਂ ਹੀ ਏਂ।ਤੇਰੇ ਮੇਰੇ ਪ੍ਰਵਚਨ ਇੱਕੋ ਜਿਹੇ ਹਨ।

ਜੋ ਇਨਸਾਨ ਲੋਕਾਂ ਨੂੰ ਨ੍ਹੇਰੇ ਤੋਂ ਡਰਾਉਂਦਾ ਹੈ, ਸੰਤ ਹੋਵੇ ਜਾਂ ਸਾਧੂ, ਉਹ ਲੋਕਾਂ ਨੂੰ ਕਿਸੇ ਨਾ ਕਿਸੇ ਕੰਪਨੀ ਦੀਆਂ ਟਾਰਚਾਂ ਹੀ ਵੇਚਦਾ ਹੁੰਦਾ ਮੈਂ ਤਾਂ ਖੁਦ ਲੋਕਾਂ ਨੂੰ ਦੁਪਹਿਰ ਵੇਲੇ, ਨ੍ਹੇਰੇ ਦਾ ਅਹਿਸਾਸ ਕਰਾ ਦਿੰਦਾ ਹਾਂ ਲੋਕ ਭੈਅਭੀਤ ਹੋ ਕੇ ਮੇਰੀਆਂ ਟਾਰਚਾਂ ਖਰੀਦ ਲੈਂਦੇ ਹਨ, ਹੁਣ ਤੂੰ ਸੱਚੋ-ਸੱਚ ਦੱਸ ਕਿ ਤੂੰ ਕਿਹੜੀ ਕੰਪਨੀ ਦੀ ਟਾਰਚ ਵੇਚਦਾ ਏਂ ?ਮੇਰੀਆਂ ਗੱਲਾਂ ਨੇ ਉਸ ਨੂੰ ਟਿਕਾਣੇ ਲਾ ਦਿੱਤਾ ਸੀ। ਉਹ ਬੋਲਿਆ-ਤੂੰ ਸਹੀ ਕਹਿੰਦਾ ਏਂ ਮੇਰੀ ਕੰਪਨੀ ਨਹੀਂ, ਸਨਾਤਨ ਹੈ।

ਮੈਂ ਕਿਹਾ-ਤੇਰੀ ਦੁਕਾਨ ਕਿੱਥੇ ਹੈ? ਨਮੂਨੇ ਲਈ ਇਕ ਟਾਰਚ ਮੈਨੂੰ ਤਾਂ ਦਿਖਾ ਦੇ ਮੇਰੀ ਟਾਰਚ ਨਾਲੋਂ ਤੇਰੀ ਟਾਰਚ ਵੱਧ ਵਿਕਦੀ ਹੈ।

ਉਸ ਨੇ ਕਿਹਾ-ਇਸ ਟਾਰਚ ਦੀ ਕੋਈ ਦੁਕਾਨ ਨਹੀਂ ਹੈ, ਬਾਜ਼ਾਰ ਵਿੱਚ ਇਹ ਤਾਂ ਬੜੀ ਸੂਖਮ ਹੈ, ਪਰ ਕੀਮਤ ਇਸ ਦੀ ਕਾਫੀ ਮਿਲ ਜਾਂਦੀ ਹੈ ।ਇੰਜ ਕਰ ਤੂੰ ਦੋ-ਤਿੰਨ ਦਿਨ ਮੇਰੇ ਕੋਲ ਰਹਿ, ਮੈਂ ਸਭ ਕੁਝ ਤੈਨੂੰ ਸਮਝਾ ਦਿਆਂਗਾ, ਤਾਂ ਸਾਬ੍ਹ ਮੈਂ ਦੋ-ਤਿੰਨ ਦਿਨ ਉਸ ਕੋਲ ਠਹਿਰਿਆ।ਤੀਜੇ ਦਿਨ ਸੂਰਜ ਛਾਪ ਟਾਰਚਾਂ ਦੀ ਪੇਟੀ ਮੈਂ ਨਹਿਰ ਵਿੱਚ ਵਗਾਹ ਮਾਰੀ। ਮੈਂ ਵੀ ਨਵਾਂ ਕੰਮ ਸ਼ੁਰੂ ਕਰ ਲਿਆ, ਉਹ ਆਪਣੀ ਦਾੜ੍ਹੀ 'ਤੇ ਹੱਥ ਫੇਰਦਿਆਂ ਬੋਲਿਆ-ਮਹੀਨੇ ਦੇ ਅੰਦਰ ਤੇਰਾ ਕੰਮ ਚੱਲ ਪਵੇਗਾ। ਮੈਂ ਪੁੱਛਿਆ-ਕੰਮ ਕਿਹੜਾ ਕਰੇਂਗਾ?

ਕੰਮ ਤਾਂ ਓਹੀ ਕਰਾਂਗਾ । ਟਾਰਚਾਂ ਵੇਚਣ ਦਾ ਬੱਸ ਕੰਪਨੀ ਬਦਲ ਰਿਹਾ ਹਾਂ, ਉਹ ਬੋਲਿਆ।

ਆਖਰੀ ਸਫ਼ਾ ਦੀ ਬਾਕੀ

## ਕਾਮਰੇਡ ਪੀ ਸੀ ਜੋਸ਼ੀ ਇਕ ਮਿਸਾਲੀ ਜੀਵਨ...

ਨਰਸੰਹਾਰ (ਮਨੁੱਖ ਦੇ ਦੈਂਤ) ਦਾ ਪਾਰਟੀ ਨੇ ਡਟ ਕੇ ਸਾਹਮਣਾ ਕੀਤਾ ਅਤੇ ਹਜ਼ਾਰਾਂ ਲੋਕਾਂ ਦੀ ਜਾਨ ਬਚਾਈ। ਜੋਸ਼ੀ ਇਸ ਸੰਘਰਸ਼ ਦੀ ਅਗਵਾਈ ਕਰਦਾ ਰਿਹਾ।

**ਆਜ਼ਾਦੀ ਦੇ ਮਗਰੋਂ ਜੋਸ਼ੀ ਦੀ ਭੂਮਿਕਾ**

ਆਜ਼ਾਦੀ ਦੇ ਬਾਅਦ ਨਵੀਆਂ ਹਾਲਤਾਂ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਦੀਆਂ ਵਿਕਾਸ ਦੀਆਂ ਅਸੀਮ ਸੰਭਾਵਨਾਵਾਂ ਖੁੱਲ੍ਹ ਗਈਆਂ। ਜੋਸ਼ੀ ਦੀ ਅਗਵਾਈ ਵਿੱਚ ਪਾਰਟੀ ਨੇ ਨਹਿਰੂ ਜਾਂ ਕਾਂਗਰਸ ਦੇ ਪ੍ਰਤੀ ਏਕਤਾ ਅਤੇ ਅੰਗਰੇਜ਼ਾਂ ਦੇ ਵਿਰੁੱਧ ਸੰਘਰਸ਼ ਦਾ ਰੁਖ ਅਪਣਾਇਆ। ਪਾਰਟੀ ਦੁਆਰਾ ਕਾਂਗਰਸ ਸਰਕਾਰ ਦੀਆਂ ਜਨ ਵਿਰੋਧੀ ਨੀਤੀਆਂ ਦਾ ਪੁਰਜ਼ੋਰ ਵਿਰੋਧ ਕੀਤਾ ਗਿਆ, ਸਹੀ ਅਤੇ ਸਿਹਤਮੰਦ ਜਾਂ ਸਾਮਰਾਜਵਾਦ ਵਿਰੋਧੀ ਨੀਤੀਆਂ ਦਾ ਸਮਰਥਨ ਕੀਤਾ ਗਿਆ। ਦੱਖਣਪੰਥੀ ਪ੍ਰਤੀਕਿਰਿਆਵਾਦੀ (ਜੋ ਪਰਿਵਰਤਨ ਤੇ ਵਿਕਾਸ ਦਾ ਵਿਰੋਧੀ ਹੋਵੇ) ਅਤੇ ਸੰਪਰਦਾਇਵਾਦ ਤੋਂ ਸਰਕਾਰ ਦੀ ਰੱਖਿਆ ਕਰਨ ਦੀ ਕੋਸ਼ਿਸ਼ ਕੀਤੀ ਗਈ।

ਸਾਥ ਹੀ ਪੀ ਸੀ ਜੋਸ਼ੀ ਅਤੇ ਪਾਰਟੀ ਨੇ ਦੇਸ਼ ਦੇ ਰਚਨਾਤਮਕ ਵਿਕਾਸ ਵਿੱਚ ਸਹਿਯੋਗ ਵਿੱਚ ਵਾਧਾ ਕਰਕੇ ਕਿਸੇ ਦੇਸ਼ ਦੀ ਪਾਰਟੀ ਵੱਲੋਂ ਇੱਕ ਅਨੋਖਾ ਰਾਹ ਅਪਣਾਇਆ। ਇਹ ਧਿਆਨ ਰਹੇ ਕਿ ਆਜ਼ਾਦੀ ਦੇ ਸਮੇਂ ਦੇਸ਼ ਦੀ ਸਥਿਤੀ ਅਤਿਅੰਤ ਨਾਜ਼ੁਕ ਸੀ। ਸਾਮਰਾਜਵਾਦ ਤੇ ਸੰਪਰਦਾਇਵਾਦ ਦੇਸ਼ ਦੀ ਆਜ਼ਾਦੀ ਨੂੰ ਮੁੜ ਹੜੱਪਣ ਲਈ ਤਿਆਰ ਬੈਠੇ ਸਨ। ਯੋਜਨਾਬੱਧ ਢੰਗ ਨਾਲ ਭਿਆਨਕ ਦੰਗਾ-ਫਸਾਦ ਕਰਾਇਆ ਜਾ ਰਿਹਾ ਸੀ। ਇਨ੍ਹਾਂ ਖਤਰਨਾਕ ਹਾਲਤਾਂ ਵਿੱਚ ਹਿੰਦੂ ਕਮਿਊਨਿਟੀ ਦੇ ਆਪਸੀ ਫਸਾਦ ਕਰਾਉਣ ਵਾਸਤੇ ਆਰ ਐੱਸ ਐੱਸ (ਰਾਸ਼ਟਰੀ ਸਵੈ ਸੇਵਕ ਸੰਘ) ਤੇ ਹਿੰਦੂ ਮਹਾਂਸਭਾ ਨਾਲ ਜੁੜੇ ਨੱਥੂ ਰਾਮ ਗੌਡਸੇ ਨੇ ਮਹਾਤਮਾ ਗਾਂਧੀ ਦੀ 30 ਜਨਵਰੀ 1948 ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਦੇਸ਼ ਨੂੰ ਲੱਗਭੱਗ 575 ਆਜ਼ਾਦ ਰਾਜੇ- ਰਜਵਾੜਿਆਂ ਦੇ ਰਾਜ ਦੇ ਰੂਪ ਵਿੱਚ ਤੋੜਨ ਦੀ ਸਾਜ਼ਿਸ਼ ਚੱਲ ਰਹੀ ਸੀ। ਭਾਵ ਹਿੰਦੁਸਤਾਨ ਨੂੰ ਇੰਨੀ ਵੱਡੀ ਪੱਧਰ 'ਤੇ ਵੰਡ ਕੇ ਵੱਖ-ਵੱਖ ਰਾਜ ਸਥਾਪਤ ਕਰਨ ਦੀ ਬਹੁਤ ਖਤਰਨਾਕ ਯੋਜਨਾ ਸੀ, ਜਦੋਂ ਕਿ ਦੇਸ਼ ਉਸ ਵਕਤ ਆਰਥਿਕ, ਸਮਾਜਿਕ ਤੇ ਸੈਨਿਕ ਦ੍ਰਿਸ਼ਟੀ ਨਾਲ ਅਤਿਅੰਤ ਕਮਜ਼ੋਰ ਸੀ ਅਤੇ ਬੜੇ ਹੀ ਨਾਜ਼ੁਕ ਦੌਰ 'ਚੋਂ ਗੁਜ਼ਰ ਰਿਹਾ ਸੀ। ਸਰਹੱਦ ਪਾਰ ਝਗੜੇ ਅਤੇ ਪਾਕਿਸਤਾਨ ਹਮਲੇ ਆਰੰਭ ਹੋ ਚੁੱਕੇ ਸਨ। ਸਾਡੀ ਆਪਣੀ ਆਜ਼ਾਦੀ ਕਿਸੇ ਵੀ ਸਮੇਂ ਖੋਹੀ ਜਾ ਸਕਦੀ ਸੀ।

ਠੀਕ ਇਸੇ ਸਮੇਂ ਭਾਰਤੀ ਕਮਿਊਨਿਸਟ ਪਾਰਟੀ ਤੇ ਬੀ ਟੀ ਰੰਧੀਵੇ ਦੀ ਅਗਵਾਈ ਵਿੱਚ ਗਰਮ ਵਾਮਪੰਥੀ ਸੰਕੀਰਨਤਾਵਾਦੀ ਸੋਚ ਵਾਲੀ ਲਾਈਨ ਭਾਰੂ ਹੋ ਗਈ। ਦਸੰਬਰ 1947 ਵਿੱਚ ਪੀ ਸੀ ਜੋਸ਼ੀ ਨੂੰ ਅਨੌਪਚਾਰਕ ਰੂਪ ਨਾਲ ਆਪਣੇ ਅਹੁਦੇ ਤੋਂ ਹਟਾ ਦਿੱਤਾ ਗਿਆ। ਫਰਵਰੀ 1948 ਨੂੰ ਦੂਸਰੀ ਕਾਂਗਰਸ ਕਲਕੱਤਾ ਵਿੱਚ ਉਨ੍ਹਾਂ ਨੂੰ ਪੱਕੇ ਰੂਪ ਵਿੱਚ ਹਟਾ ਦਿੱਤਾ ਗਿਆ। ਰੰਧੀਵੇ ਗੁੱਟ ਭਾਰੂ ਹੋ ਗਿਆ। ਉਨ੍ਹਾਂ ਨੇ ਪਾਰਟੀ 'ਤੇ ਲਾਈਨ ਥੋਪੀ, ਉਹ 'ਬੀ ਟੀ ਆਰ ਲਾਈਨ' ਦੇ ਨਾਂਅ ਨਾਲ ਜਾਣੀ ਜਾਣ ਲੱਗੀ। ਬੀ ਟੀ ਆਰ ਲਾਈਨ ਪਾਰਟੀ ਲਈ ਘਾਤਕ ਸਾਬਤ ਹੋਈ।

ਸਭ ਤੋਂ ਪਹਿਲਾਂ ਤਾਂ ਬੀ ਟੀ ਆਰ ਲਾਈਨ ਨੇ ਦੇਸ਼ ਦੀ ਆਜ਼ਾਦੀ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ। ਇਹ ਕਿਹਾ ਗਿਆ ਕਿ ਭਾਰਤ ਆਜ਼ਾਦ ਹੀ ਨਹੀਂ ਹੋਇਆ। ਨਹਿਰੂ ਨੂੰ ਸਾਮਰਾਜਵਾਦ ਦਾ ਪਿੱਠੂ ਦੱਸ ਕੇ ਹਥਿਆਰਬੰਦ ਕ੍ਰਾਂਤੀ ਰਾਹੀਂ ਉਸ ਦੀ ਸਰਕਾਰ ਡੇਗਣ ਦਾ ਨਾਅਰਾ ਦਿੱਤਾ। ਦੇਸ਼ ਵਿੱਚ ਤੁਰੰਤ ਜਨ-ਸਮਾਜਵਾਦੀ ਕ੍ਰਾਂਤੀ ਕਰਨ ਦੀ ਪੇਸ਼ਕਸ਼ ਪੇਸ਼ ਕੀਤੀ ਗਈ।

ਯਾਨੀ ਪ੍ਰਸਥਿਤੀ ਦੇ ਵਹਾਅ ਦੇ ਉਲਟ ਜਾਣ ਦਾ ਆਤਮਘਾਤੀ ਰਾਹ ਅਪਣਾਇਆ ਗਿਆ। ਪਾਰਟੀ ਤੇ ਉਸ ਦੇ ਜਨ ਸੰਗਠਨ ਤੇ ਅੰਦੋਲਨ ਜਨਤਾ ਨਾਲੋਂ ਪੂਰੀ ਤਰ੍ਹਾਂ ਕੱਟੇ ਗਏ, ਅਲੱਗ-ਥਲੱਗ ਹੋ ਗਏ। ਪਾਰਟੀ ਮੈਂਬਰਸ਼ਿਪ 90 ਹਜ਼ਾਰ ਤੋਂ ਘਟ ਕੇ 2 ਸਾਲਾਂ ਦੇ ਅੰਦਰ-ਅੰਦਰ 9 ਹਜ਼ਾਰ 'ਤੇ ਆ ਗਈ। ਪਾਰਟੀ ਅਤੇ ਜਨ ਸੰਗਠਨ ਪੂਰੀ ਤਰ੍ਹਾਂ ਬਿਖਰ ਗਏ। ਬੁੱਧੀਜੀਵੀ, ਮੱਧ ਤਬਕੇ, ਮਜ਼ਦੂਰ, ਕਿਸਾਨ, ਖੇਤ ਮਜ਼ਦੂਰ, ਕਲਾਕਾਰ, ਲੇਖਕ, ਕਵੀ, ਫੌਜੀ ਇਤਿਹਾਦ ਜ਼ਿਆਦਾਤਰ ਪਾਰਟੀ ਦਾ ਦਾਇਰਾ ਛੱਡ ਗਏ।

ਪੀ ਸੀ ਜੋਸ਼ੀ ਨੇ ਲੱਗਭੱਗ 12 ਸਾਲਾਂ ਦੀ ਅਗਵਾਈ ਸਮੇਂ ਵਿੱਚ ਅਣਥੱਕ ਤੇ ਸਖਤ ਮਿਹਨਤ ਅਤੇ ਅਤਿਅੰਤ ਮੁਸ਼ਕਲ ਹਾਲਾਤ ਵਿੱਚ ਬਣਾਈ ਗਈ ਪਾਰਟੀ ਤੇ ਜਨ ਸੰਗਠਨ, ਪ੍ਰਭਾਵ ਤੇ ਸ਼ਾਨਦਾਰ ਛਵੀ ਤੇ ਸਾਮਾਨ ਅਤੇ ਜਨ-ਅਧਾਰ ਸਾਰਾ ਕੁਝ ਸਿਰਫ ਇੱਕ ਡੇਢ ਸਾਲ ਵਿੱਚ ਬਰਬਾਦ ਕਰ ਦਿੱਤਾ ਗਿਆ।

ਅੰਤ ਪਾਰਟੀ ਨੂੰ 1950 ਵਿੱਚ ਬੀ ਟੀ ਰੰਧੀਵੇ ਅਤੇ ਉਨ੍ਹਾਂ ਦੇ ਸਹਿਯੋਗੀਆਂ ਨੂੰ ਆਪਣੇ ਅਹੁਦਿਆਂ ਤੋਂ ਹਟਾ ਦੇਣਾ ਪਿਆ। ਕੁਝ ਸਮੇਂ ਬਾਅਦ ਅਜੈ ਘੋਸ਼ ਪਾਰਟੀ ਦੇ ਜਨਰਲ ਸਕੱਤਰ ਬਣਾਏ ਗਏ। ਅਜੈ ਘੋਸ਼, ਐੱਸ ਏ ਡਾਂਗੇ ਤੇ ਐੱਸ ਵੀ ਘਾਟੇ ਦੀ ਦੇਖ-ਰੇਖ ਵਿੱਚ 1950-51 ਦੇ ਬਾਅਦ ਪਾਰਟੀ ਹੌਲੀ-ਹੌਲੀ ਤੰਦਰੁਸਤ ਰਸਤੇ 'ਤੇ ਵਾਪਸ ਆਉਣ ਲੱਗੀ। ਇਸ ਕਾਰਜ ਵਿੱਚ ਪੀ ਸੀ ਜੋਸ਼ੀ ਨੇ ਮਹੱਤਵਪੂਰਨ ਭੂਮਿਕਾ ਅਦਾ ਕੀਤੀ।

1956 ਪਾਲਘਾਟ ਕਾਂਗਰਸ ਵਿੱਚ ਪੀ ਸੀ ਜੋਸ਼ੀ ਕੇਂਦਰੀ ਕਮੇਟੀ ਵਿੱਚ ਚੁਣ ਲਏ ਗਏ। ਆਪ ਨੂੰ 1958 ਵਿੱਚ ਕੇਂਦਰੀ ਅੰਗਰੇਜ਼ੀ ਦੇ ਮੁੱਖ ਪੇਪਰ ਨਿਊ ਏਜ ਦਾ ਮੁੱਖ ਸੰਪਾਦਕ ਨਿਯੁਕਤ ਕੀਤਾ ਗਿਆ। ਉਸ ਤੋਂ ਬਾਅਦ ਕੁਝ ਸਮੇਂ ਤੱਕ ਉਹ ਪਾਰਟੀ ਦੀ ਕੇਂਦਰੀ ਸਕੱਤਰੇਤ ਵਿੱਚ ਵੀ ਰਹੇ।

1964 ਵਿੱਚ ਪਾਰਟੀ ਵਿੱਚ ਫੁੱਟ ਪੈਣ ਤੋਂ ਬਾਅਦ ਜੋਸ਼ੀ ਭਾਰਤੀ ਕਮਿਊਨਿਸਟ ਪਾਰਟੀ ਵਿੱਚ ਆਪਣੇ ਅਹੁਦੇ 'ਤੇ ਕਾਇਮ ਰਹੇ। ਇਸ ਸਮੇਂ ਵਿੱਚ ਉਨ੍ਹਾਂ ਦੀ ਸਰੀਰਕ ਹਾਲਤ ਵਿਗੜਨ ਲੱਗੀ ਤੇ ਕੁਝ ਹੋਰ ਕਾਰਨਾਂ ਕਰਕੇ ਉਨ੍ਹਾਂ ਨੇ ਪਾਰਟੀ ਦਾ ਕੇਂਦਰ ਵਾਲਾ ਕੰਮ ਛੱਡ ਦਿੱਤਾ। ਉਹ ਦਿੱਲੀ ਦੇ ਜਵਾਹਰ ਲਾਲ ਨਹਿਰੂ ਵਿਸ਼ਵਵਿਦਿਆਲਿਆ (ਜੇ ਐੱਨ ਯੂ) ਵਿੱਚ ਭਾਰਤੀ ਕਮਿਊਨਿਸਟ ਅੰਦੋਲਨ ਦੇ ਇਤਿਹਾਸ ਦੇ ਖੇਤਰ ਵਿੱਚ ਖੋਜ ਦੇ ਕੰਮ ਵਿੱਚ ਲੱਗ ਗਏ।

**ਜੋਸ਼ੀ ਦੇ ਰਾਜਨੀਤਕ ਅਤੇ ਸੰਗਠਨਿਕ ਕੰਮ**

ਇਹ ਸਾਰੇ ਸਵੀਕਾਰ ਕਰਦੇ ਹਨ ਕਿ ਪੀ ਸੀ ਜੋਸ਼ੀ ਦੇ ਜਨਰਲ ਸਕੱਤਰ ਦੇ ਸਮੇਂ (1935-48) ਵਿੱਚ ਹੀ ਮੁੱਖ ਤੌਰ 'ਤੇ ਪਾਰਟੀ ਦਾ ਸਾਰਾ ਢਾਂਚਾ ਖੜ੍ਹਾ ਕੀਤਾ ਗਿਆ, ਜੋ ਅੱਜ ਅਸੀਂ ਵੇਖਦੇ ਹਾਂ। ਉਨ੍ਹਾਂ ਦੇ ਸਮੇਂ ਵਿੱਚ ਹੀ ਪਾਰਟੀ ਦੀ ਨੀਂਹ ਬਣਾਈ ਗਈ। ਵੱਖ-ਵੱਖ ਜਨਤਕ ਜਥੇਬੰਦੀਆਂ ਕਾਇਮ ਕੀਤੀਆਂ ਗਈਆਂ। ਕੁਝ ਤਾਂ ਐਸੀਆਂ ਹਨ, ਜਿਨ੍ਹਾਂ ਨੂੰ ਬਾਅਦ ਵਿੱਚ ਕਾਇਮ ਨਹੀਂ ਰੱਖਿਆ ਜਾ ਸਕਿਆ। ਮਜ਼ਦੂਰਾਂ ਤੇ ਕਿਸਾਨਾਂ ਦੇ ਇਲਾਵਾ ਬੁੱਧੀਜੀਵੀਆਂ ਦੇ ਵਿਆਪਕ ਤਬਕੇ, ਕਲਾਕਾਰ, ਫਿਲਮਸਾਜ਼, ਲੇਖਕ, ਚਿੱਤਰਕਾਰ ਇੱਥੋਂ ਤੱਕ ਕਿ ਪੁਲਸ ਅਤੇ ਫੌਜ ਵਿੱਚ ਵੀ ਪਾਰਟੀ ਦੇ ਸੰਗਠਨ ਤੇ ਜਨ ਸੰਗਠਨ ਕਾਇਮ ਕੀਤੇ ਗਏ ਸਨ। ਜਨ ਨਾਟਕ ਮੰਚ ਅਸਲ ਮਾਅਨਿਆਂ ਵਿੱਚ ਦੇਸ਼ ਪੱਧਰੀ ਸੰਗਠਨ ਬਣਿਆ ਸੀ। ਪਾਰਟੀ ਤੇ ਜਨਤਕ ਫਰੰਟਾਂ ਦੇ ਮੈਗਜ਼ੀਨ, ਪੁਸਤਕਾਂ ਤੇ ਸਾਹਿਤ ਆਮ ਲੋਕ ਵੀ ਬੜੇ ਹੀ ਚਾਅ ਨਾਲ ਪੜ੍ਹਿਆ ਕਰਦੇ ਸਨ। ਪੀ ਸੀ ਜੋਸ਼ੀ ਵਿੱਚ ਇੱਕ ਵੱਡੀ ਵਿਸ਼ੇਸ਼ਤਾ ਇਹ ਸੀ ਕਿ ਉਹ ਹਰੇਕ ਵਿਅਕਤੀ ਦੀ ਯੋਗਤਾ, ਅਕਲ ਜਾਂ ਰੁਝਾਨ ਤੇ ਉਸ ਦੀ ਦਿਲਚਸਪੀ ਦਾ ਪੂਰਾ-ਪੂਰਾ ਉਪਯੋਗ ਕਰਦੇ ਸਨ। ਇਸ ਲਈ ਅਜਿਹੇ ਲੋਕਾਂ ਦਾ ਕੰਮ ਕਰਨ ਵਿੱਚ ਬੜਾ ਦਿਲ ਲਗਦਾ ਸੀ, ਜਿਨ੍ਹਾਂ ਤੋਂ ਅਕਲ ਤੇ ਰੁਝਾਨ ਦੇ ਅਨੁਸਾਰ ਕੰਮ ਲਿਆ ਜਾਂਦਾ ਸੀ। ਇਹ ਸੀ ਪੀ ਸੀ ਜੋਸ਼ੀ ਦੀ ਅਕਲ ਤੇ ਬੁੱਧੀ ਦੀ ਵਿਲੱਖਣਤਾ।

ਪਾਰਟੀ ਦਾਇਰੇ ਤੋਂ ਬਾਹਰ ਹੋਰ ਪਾਰਟੀਆਂ, ਖਾਸਕਰ ਕਾਂਗਰਸ ਅਤੇ ਰਾਸ਼ਟਰੀ ਆਜ਼ਾਦੀ ਦੇ ਅੰਦੋਲਨ ਵਿੱਚ ਪੀ ਸੀ ਜੋਸ਼ੀ ਦਾ ਬੜਾ ਭਾਰੀ ਮਾਣ-ਸਨਮਾਨ ਸੀ।

ਸੰਯੁਕਤ ਮੋਰਚਾ, ਕਮਿਊਨਿਸਟ ਪਾਰਟੀ ਅਤੇ ਜੋਸ਼ੀ

ਪੀ ਸੀ ਜੋਸ਼ੀ ਦਾ ਮਹੱਤਵ ਸਿਰਫ ਅਸਾਧਾਰਨ ਜਾਂ ਅਨੁਸ਼ਾਸਿਤ ਸੰਗਠਨ ਕਾਇਮ ਕਰਨ ਤੱਕ ਹੀ ਸੀਮਤ ਨਹੀਂ ਸੀ। ਕਮਿਊਨਿਸਟ ਪਾਰਟੀ ਨੂੰ ਰਾਸ਼ਟਰੀ ਅੰਦੋਲਨ ਦੀ ਮੁੱਖ ਧਾਰਾ ਵਿੱਚ ਲਿਆ ਕੇ ਇੱਕ ਰਾਸ਼ਟਰੀ ਸ਼ਕਤੀ ਬਣਾਉਣ ਵਿੱਚ ਜੋਸ਼ੀ ਦੀ ਵਿਸ਼ੇਸ਼ ਭੂਮਿਕਾ ਰਹੀ। ਸਾਮਰਾਜਵਾਦ, ਸੰਪਰਦਾਇਵਾਦ, ਪ੍ਰਤੀਕਿਰਿਆਵਾਦ ਜਾਂ ਫਾਸ਼ਿਜ਼ਮ ਦੇ ਵਿਰੁੱਧ ਰਾਸ਼ਟਰੀ ਸੰਯੁਕਤ ਮੋਰਚਾ ਬਣਾਉਣ ਜਾਂ ਵਿਕਸਤ ਕਰਨ ਅਤੇ ਉਸ ਵਿੱਚ ਕਮਿਊਨਿਸਟ ਪਾਰਟੀ ਅਤੇ ਮਜ਼ਦੂਰਾਂ ਜਾਂ ਕਿਸਾਨਾਂ ਨੂੰ ਉਤਾਰਨ ਵਿੱਚ ਵੀ ਉਨ੍ਹਾਂ ਦੀ ਅਤਿਅੰਤ ਹੀ ਮਹੱਤਵਪੂਰਨ ਭੂਮਿਕਾ ਰਹੀ। ਉਹ ਜਨ ਅੰਦੋਲਨ ਤੇ ਰਾਸ਼ਟਰੀ ਅੰਦੋਲਨ ਵਿਚਕਾਰ ਉੱਚਿਤ ਤਾਲਮੇਲ ਰੱਖਣ ਵਿੱਚ ਸਫਲ ਰਹੇ।

ਕਾਮਰੇਡ ਪੀ ਸੀ ਜੋਸ਼ੀ ਦੀ ਮੌਤ 9 ਨਵੰਬਰ 1980 ਨੂੰ ਹੋਈ ਸੀ। ਉਨ੍ਹਾਂ ਦੇ ਸਿਧਾਂਤਕ ਵਿਵਹਾਰਿਕ ਜਾਂ ਸੰਗਠਨਿਕ ਕੁਰੀਤੀਆਂ ਜਾਂ ਜੀਵਨ ਤੋਂ ਅਸੀਂ ਬਹੁਤ ਕੁਝ ਸਿੱਖਣਾ ਹੈ।

*ਫੋਨ -98760-78731*

CMYK

ਅਨਿਲ ਰਾਜਿਮਵਾਲਾ

ਅਨੁ : ਪਿਰਥੀਪਾਲ ਸਿੰਘ ਮਾੜੀਮੇਘਾ

# ਕਾਮਰੇਡ ਪੀ ਸੀ ਜੋਸ਼ੀ ਇੱਕ ਮਿਸਾਲੀ ਜੀਵਨ

ਕਾਮਰੇਡ ਪੀ ਸੀ ਜੋਸ਼ੀ ਦਾ ਜਨਮ 14 ਅਪ੍ਰੈਲ 1907 ਨੂੰ 'ਅਲਮੋੜਾ' ਵਰਤਮਾਨ ਉਤਰਾਂਚਲ ਵਿੱਚ ਹੋਇਆ। ਉਨ੍ਹਾਂ 1922 ਵਿੱਚ ਹਾਪੁੜ ਵਿੱਚ ਦਸਵੀਂ ਪਾਸ ਕੀਤੀ ਅਤੇ ਕਾਲਜ ਦੀ ਪੜ੍ਹਾਈ ਅਲਮੋੜਾ ਵਿੱਚ ਹੀ ਕੀਤੀ ਸੀ। ਉਨ੍ਹਾਂ ਨੇ 1924 ਵਿੱਚ ਐੱਫ ਏ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਚੇਰੀ ਪੜ੍ਹਾਈ ਲਈ ਇਲਾਹਾਬਾਦ ਵਿਸ਼ਵਵਿਦਿਆਲਿਆ ਵਿੱਚ ਦਾਖਲਾ ਲਿਆ ਤੇ 1928 ਵਿੱਚ ਐੱਮ ਏ ਪਾਸ ਕੀਤੀ। ਉਨ੍ਹਾਂ ਦਾ ਪਿਤਾ ਉਨ੍ਹਾਂ ਨੂੰ ਆਈ ਸੀ ਐੱਸ ਅਫਸਰ ਦੇ ਰੂਪ ਵਿੱਚ ਵੇਖਣਾ ਚਾਹੁੰਦੇ ਸਨ, ਪਰ ਉਹ ਰਾਜਨੀਤੀ ਵੱਲ ਪਰੇਰੇ ਗਏ।

**ਰਾਜਨੀਤੀ ਵੱਲ ਝੁਕਾਅ**

ਉਦੋਂ ਸਾਰੇ ਦੇਸ਼ ਵਿੱਚ ਰਾਜਨੀਤਕ ਗਤੀਵਿਧੀਆਂ ਦੇ ਉੱਭਰਦੇ ਹੋਏ ਰਾਸ਼ਟਰੀ ਅੰਦੋਲਨ ਦੇ ਦਿਨ ਸਨ। ਇਲਾਹਾਬਾਦ ਦੇ ਰਾਜਨੀਤਕ ਵਾਤਾਵਰਨ ਨੇ ਜੋਸ਼ੀ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰ ਦਿੱਤਾ। ਸੰਨ 1925 ਆਉਂਦੇ-ਆਉਂਦੇ ਉਨ੍ਹਾਂ ਦਾ ਇੱਕ ਰਾਸ਼ਟਰਵਾਦੀ ਜਾਂ ਗਾਂਧੀ ਦੇ ਰੂਪ ਵਿੱਚ ਬਦਲਾਵ ਹੋ ਚੁੱਕਿਆ ਸੀ। ਆਪ 1926 ਵਿੱਚ ਸਮਾਜਵਾਦੀ ਵਿਚਾਰਾਂ ਦੇ ਪ੍ਰਭਾਵ ਅਧੀਨ ਆ ਗਏ। ਰਜਨੀ ਪਾਮ ਦੱਤ ਦੀ ਪ੍ਰਸਿੱਧ ਪੁਸਤਕ 'ਮਾਡਰਨ ਇੰਡੀਆ' ਭਾਵ ਆਧੁਨਿਕ ਭਾਰਤ ਨੇ ਜੋਸ਼ੀ ਦੇ ਵਿਚਾਰ ਪੂਰੀ ਤਰ੍ਹਾਂ ਬਦਲ ਦਿੱਤੇ ਤਾਂ ਉਹ ਆਈ ਸੀ ਐੱਸ ਵਗੈਰਾ ਸਭ ਭੁੱਲ ਗਏ।

ਇਸੇ ਸਮੇਂ ਸਾਰੇ ਭਾਰਤ ਵਿੱਚ 'ਯੂਥ ਲੀਗ' ਅੰਦੋਲਨ ਦਾ ਆਗਾਜ਼ ਹੋ ਗਿਆ, ਜਿਸ ਦੇ ਮੁੱਖ ਨੇਤਾ ਪੰਡਤ ਜਵਾਹਰ ਲਾਲ ਨਹਿਰੂ, ਯੂਸੁਫ਼ ਮੇਹਰ ਅਲੀ ਤੇ ਹੋਰ ਸਨ। ਇਲਾਹਾਬਾਦ ਵਿੱਚ ਯੂਥ ਲੀਗ ਅੰਦੋਲਨ ਵਿਸ਼ੇਸ਼ ਜ਼ੋਰਾਂ 'ਤੇ ਸੀ। ਪੀ ਸੀ ਜੋਸ਼ੀ ਨੇ ਵਿਦਿਆਰਥੀਆਂ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀ ਸਹਾਇਤਾ ਕਰਨ ਵਾਲਿਆਂ ਵਿੱਚ ਆਰ ਡੀ ਭਾਰਦਵਾਜ ਸਨ, ਜੋ ਅੱਗੇ ਚੱਲ ਕੇ ਅੰਗਰੇਜ਼ਾਂ ਦੇ ਜ਼ਮਾਨੇ ਵਿੱਚ ਹੀ ਭਾਰਤੀ ਕਮਿਊਨਿਸਟ ਪਾਰਟੀ ਦੇ ਪੋਲਿਟ ਬਿਊਰੋ ਦੇ ਮੈਂਬਰ ਬਣੇ ਸਨ।

**ਕਮਿਊਨਿਸਟਾਂ ਨਾਲ ਸੰਪਰਕ**

ਸਤੰਬਰ 1928 ਨੂੰ ਮੇਰਠ ਵਿੱਚ ਪਹਿਲਾ ਮਜ਼ਦੂਰ-ਕਿਸਾਨ ਸੰਮੇਲਨ ਆਯੋਜਿਤ ਕੀਤਾ ਗਿਆ। ਇਹ ਦਸੰਬਰ 1928 ਵਿੱਚ ਸਰਬ ਭਾਰਤੀ ਮਜ਼ਦੂਰ-ਕਿਸਾਨ ਪਾਰਟੀ ਦੇ ਸੰਮੇਲਨ ਦੀ ਤਿਆਰੀ ਦੇ ਸਿਲਸਿਲੇ ਵਿੱਚ ਸੀ, ਜਿਸ ਨੂੰ ਸੰਗਠਿਤ ਕਰਨ ਵਾਲੇ ਕਮਿਊਨਿਸਟ ਸਨ। ਮੇਰਠ ਵਿੱਚ ਜੋਸ਼ੀ ਕਈ ਕਮਿਊਨਿਸਟਾਂ ਦੇ ਸੰਪਰਕ ਵਿੱਚ ਆਏ ਸਨ। ਐੱਮ ਏ ਪਾਸ ਕਰਨ ਤੋਂ ਬਾਅਦ ਪੀ ਸੀ ਜੋਸ਼ੀ ਇਲਾਹਾਬਾਦ ਵਿੱਚ ਹੀ ਰਹਿ ਕੇ ਟਿਊਟਰ ਦਾ ਕੰਮ ਕਰਨ ਲੱਗ ਪਏ। ਨਾਲ-ਨਾਲ ਹੀ ਉਹ ਵਿਦਿਆਰਥੀਆਂ ਤੇ ਮਜ਼ਦੂਰਾਂ ਨੂੰ ਵੀ ਸੰਗਠਿਤ ਕਰਨ ਦਾ ਕੰਮ ਕਰਦੇ ਸਨ। ਆਪ ਪਾਰਟੀ ਦੀਆਂ ਗਤੀਵਿਧੀਆਂ ਵਿੱਚ ਪੂਰੀ ਸਰਗਰਮੀ ਨਾਲ ਸ਼ਾਮਲ ਹੋ ਗਏ। ਆਪ ਸਰਬ ਭਾਰਤੀ ਮਜ਼ਦੂਰ-ਕਿਸਾਨ ਪਾਰਟੀ ਦੇ ਯੂ ਪੀ ਦੇ ਆਗੂ ਬਣ ਗਏ ਸਨ। ਉਨ੍ਹਾਂ ਨੂੰ ਸਰਬ ਭਾਰਤੀ ਕਾਰਜਕਾਰਨੀ ਦੇ ਮੈਂਬਰ ਵੀ ਬਣਾ ਲਿਆ ਗਿਆ ਸੀ।

ਪੀ ਸੀ ਜੋਸ਼ੀ ਭਾਕਪਾ ਵਿੱਚ ਇੰਨੇ ਜਾਣੇ-ਪਹਿਚਾਣੇ ਹੋ ਗਏ ਸਨ ਕਿ ਉਨ੍ਹਾਂ ਨੇ 1928 ਵਿੱਚ ਹੀ ਯੂ ਪੀ ਦੀ ਭਾਕਪਾ ਦੀ ਇਕਾਈ ਸਥਾਪਤ ਕਰਨ ਵਿੱਚ ਮੁੱਖ ਭੂਮਿਕਾ ਅਦਾ ਕੀਤੀ।

**ਮੇਰਠ ਸ਼ੜਯੰਤਰ ਕੇਸ**

ਇਸੇ ਸਮੇਂ ਵਿੱਚ ਅੰਗਰੇਜ਼ੀ ਹਕੂਮਤ ਕਮਿਊਨਿਸਟਾਂ ਦੀਆਂ ਗਤੀਵਿਧੀਆਂ ਤੇ ਵਧਦੇ ਪ੍ਰਭਾਵ ਨੂੰ ਵੇਖ ਕੇ ਚੌਕੰਨੀ ਹੋ ਗਈ। ਇੱਥੋਂ ਤੱਕ ਕਿ ਅੰਗਰੇਜ਼ਾਂ ਵਿੱਚ ਘਬਰਾਹਟ ਫੈਲ ਗਈ। ਅੰਗਰੇਜ਼ਾਂ ਨੂੰ ਇਸ ਗੱਲ ਦਾ ਅੰਦਾਜ਼ਾ ਨਹੀਂ ਸੀ ਕਿ ਹਿਦੁਸਤਾਨ ਵਿੱਚ 1925 ਵਿੱਚ ਸਥਾਪਤ ਹੋਏ ਕਮਿਊਨਿਸਟਾਂ ਦਾ ਇੰਨੀ ਜਲਦੀ ਪ੍ਰਭਾਵ ਵਧ ਜਾਵੇਗਾ।

1929 ਦੇ ਮਾਰਚ ਮਹੀਨੇ ਵਿੱਚ ਬਰਤਾਨਵੀ ਸਰਕਾਰ ਨੇ ਸਾਰੇ ਭਾਰਤ ਵਿੱਚ 32 ਸਭ ਤੋਂ ਮਹੱਤਵਪੂਰਨ ਕਮਿਊਨਿਸਟਾਂ ਨੂੰ ਫੜ ਕੇ 'ਸ਼ੜਯੰਤਰ ਕੇਸ' ਅਧੀਨ ਮੇਰਠ ਜੇਲ੍ਹ ਵਿੱਚ ਕੈਦ ਕਰ ਦਿੱਤਾ ਗਿਆ। ਇਨ੍ਹਾਂ ਕਮਿਊਨਿਸਟਾਂ 'ਤੇ ਕੇਸ ਇਹ ਦਿੱਤਾ ਗਿਆ ਕਿ ਕਮਿਊਨਿਸਟ ਅੰਗਰੇਜ਼ੀ ਹਕੂਮਤ ਨੂੰ ਖਤਮ ਕਰਨ ਲਈ ਵੱਡੇ ਪੱਧਰ 'ਤੇ ਸ਼ੜਯੰਤਰ ਰਚ ਰਹੇ ਹਨ। ਕਮਿਊਨਿਸਟਾਂ ਨੂੰ ਮੇਰਠ ਜੇਲ੍ਹ ਵਿੱਚ ਰੱਖਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਸਨ।

ਇਨ੍ਹਾਂ 32 ਸਿਰਮੌਰ ਕਮਿਊਨਿਸਟਾਂ ਵਿੱਚ ਇੱਕ ਸਨ ਪੀ ਸੀ ਜੋਸ਼ੀ। ਉਸ ਵਕਤ ਆਪ ਵਿਦਿਆਰਥੀ ਹੁੰਦਿਆਂ ਹੋਇਆਂ ਇਲਾਹਾਬਾਦ ਵਿੱਚ 'ਹਾਲੈਂਡ ਹਾਲ' ਨਾਮਕ ਹੋਸਟਲ ਵਿੱਚ ਰਿਹਾ ਕਰਦੇ ਸਨ। ਪੁਲਸ ਨੇ ਮਾਰਚ 1929 ਦੇ ਇੱਕ ਦਿਨ ਉਸ ਹੋਸਟਲ ਨੂੰ ਘੇਰ ਲਿਆ। ਇਹ ਖਬਰ ਅੱਗ ਦੀ ਤਰ੍ਹਾਂ ਵਿਦਿਆਰਥੀਆਂ ਵਿੱਚ ਫੈਲ ਗਈ ਅਤੇ ਵਿਦਿਆਰਥੀ ਉਤੇਜਿਤ ਹੋ ਗਏ। ਪਰੰਤੂ ਪੀ ਸੀ ਜੋਸ਼ੀ ਅਤੇ ਉਨ੍ਹਾਂ ਦੇ ਕ੍ਰਾਂਤੀਕਾਰੀ ਸਾਥੀਆਂ ਨੇ ਉਨ੍ਹਾਂ ਨੂੰ ਸਮਝਾ-ਬੁਝਾ ਕੇ ਸ਼ਾਂਤ ਕੀਤਾ।

ਪੁਲਸ ਦੀ ਇਸ ਕਾਰਵਾਈ ਦਾ ਵਿਦਿਆਰਥੀਆਂ ਨੇ ਡਟਵਾਂ ਵਿਰੋਧ ਕੀਤਾ, ਪਰ ਪੁਲਸ ਨੇ ਵਿਦਿਆਰਥੀਆਂ ਦੇ ਕਮਰਿਆਂ 'ਚੋਂ ਕਮਿਊਨਿਸਟਾਂ ਦੇ ਸਾਹਿਤ ਖੋਜਣ ਲਈ ਛਾਪੇ ਜਾਰੀ ਰੱਖੇ।

ਇਹ ਸੱਚ ਹੈ ਕਿ ਪੀ ਸੀ ਜੋਸ਼ੀ ਯੂ ਪੀ ਦੇ 'ਯੰਗ ਲੀਗ' ਦੇ ਕਾਮਰੇਡਾਂ ਵਿੱਚ ਪ੍ਰਭਾਵਸ਼ਾਲੀ ਸਨ। ਇਹ ਇੱਕ ਵਿਆਪਕ ਸੰਗਠਨ ਸੀ, ਜਿਸ ਦਾ ਝੁਕਾਅ ਕਮਿਊਨਿਸਟਾਂ ਵੱਲ ਸੀ। ਉਸ ਜ਼ਮਾਨੇ ਵਿੱਚ ਸਾਰੇ ਭਾਰਤ ਵਿੱਚ ਯੂਥ ਲੀਗ ਦੇ ਨਾਂਅ ਨਾਲ ਵੱਡੇ ਪੱਧਰ 'ਤੇ ਨੌਜਵਾਨ ਅੰਦੋਲਨ ਚੱਲ ਰਿਹਾ ਸੀ, ਜਿਸ ਦੇ ਮੁੱਖ ਪ੍ਰੇਰਨਾਦਾਇਕ ਪੰਡਤ ਜਵਾਹਰ ਲਾਲ ਨਹਿਰੂ ਸਨ। ਨਹਿਰੂ ਦਾ ਉਸ ਵਕਤ ਮੁੱਖ ਕੰਮ ਸੀ ਕਿ ਮੇਰਠ ਸ਼ੜਯੰਤਰ ਕੇਸ ਵਿੱਚ ਪੀ ਸੀ ਜੋਸ਼ੀ ਦੇ ਲਈ ਪੈਸਾ ਇਕੱਠਾ ਕਰਨਾ।

ਮੇਰਠ ਮੁਕੱਦਮੇ ਦੇ ਵਕਤ ਪੀ ਸੀ ਜੋਸ਼ੀ ਨੂੰ ਕੁਝ ਸਮੇਂ ਤੱਕ ਨੈਨੀ ਜੇਲ੍ਹ ਵਿੱਚ ਰੱਖਿਆ ਗਿਆ ਸੀ। ਉੱਥੇ ਹੀ ਉਨ੍ਹਾਂ ਨੇ ਕਾਨੂੰਨ ਦੀ ਪੜ੍ਹਾਈ ਲੈਣ ਦੀ ਸ਼ੁਰੂਆਤ ਕੀਤੀ। ਜੇਲ੍ਹ ਵਿੱਚ ਹੀ ਉਨ੍ਹਾਂ ਦੇ ਪੜ੍ਹਨ ਲਈ ਸਮੱਗਰੀ ਲਿਆਂਦੀ ਜਾਂਦੀ ਸੀ। ਪੀ ਸੀ ਜੋਸ਼ੀ ਲੱਗਭੱਗ ਪੰਜ ਸਾਲ ਜੇਲ੍ਹ ਵਿੱਚ ਕੈਦ ਰਹੇ। ਬਾਕੀ ਕੈਦੀਆਂ ਦੇ ਬਰਾਬਰ ਹੀ ਉਹ ਖਾਣ-ਪੀਣ ਦਾ ਸਾਮਾਨ ਲੈਂਦੇ ਸਨ। ਆਪਣੇ ਸਾਥੀਆਂ ਵਿੱਚ ਉਨ੍ਹਾਂ ਕਿਹਾ ਕਿ 'ਸਾਮਰਾਜਵਾਦ ਦਾ ਨਾਸ਼ ਹੋ' ਦਾ ਸਾਡਾ ਨਾਅਰਾ ਭਾਰਤ ਤੋਂ ਬ੍ਰਿਟਿਸ਼ ਸਮਰਾਟ ਦੇ ਸ਼ਾਸਨ ਨੂੰ ਸਮਾਪਤ ਕਰਨ ਦਾ ਸ਼ੜਯੰਤਰ ਦੱਸਿਆ ਜਾਂਦਾ ਹੈ। ਵਾਸਤਵ ਵਿੱਚ ਇਹ ਸੀ ਸੋਚ ਉਸ ਸਮੇਂ ਅੰਗਰੇਜ਼ਾਂ ਦੇ ਪੂੰਜੀਪਤੀ ਰਾਜ ਦੀ। ਅੰਗਰੇਜ਼ ਵਪਾਰ ਅਤੇ ਉਦਯੋਗਾਂ ਰਾਹੀਂ ਹਿਦੁਸਤਾਨ ਦੇ ਲੋਕਾਂ ਦੀ ਲੁੱਟ ਤੇ ਸ਼ੋਸ਼ਣ ਕਰਦੇ ਸਨ। ਹਾਲਾਤ ਅਜਿਹੇ ਸਨ ਉਦੋਂ ਭਾਰਤ ਵਿੱਚ ਆਜ਼ਾਦਾਨਾ ਉਦਯੋਗਾਂ ਦਾ ਵਿਕਾਸ ਨਹੀਂ ਸੀ ਹੋ ਰਿਹਾ। ਵਿਸਤ੍ਰਿਤ ਅੰਕੜੇ ਜਾਂ ਤੱਥਾਂ ਦੇ ਸਹਾਰੇ ਜੋਸ਼ੀ ਨੇ ਦੱਸਿਆ ਕਿ ਭਾਰਤ ਦਾ ਆਰਥਿਕ ਸ਼ੋਸ਼ਣ ਬਰਤਾਨੀਆ ਕੰਪਨੀਆਂ ਵੱਲੋਂ ਕਿਵੇਂ ਕੀਤਾ ਜਾ ਰਿਹਾ ਹੈ। ਇਨ੍ਹਾਂ ਕਾਰਨਾਂ ਕਰਕੇ ਹੀ ਭਾਰਤ ਵਿੱਚ ਆਜ਼ਾਦੀ ਦਾ ਸੰਘਰਸ਼ ਛਿੜਿਆ ਹੈ।

ਪੀ ਸੀ ਜੋਸ਼ੀ ਨੇ ਆਪਣੇ ਸਮੇਂ ਵਿੱਚ ਸਪੱਸ਼ਟ ਕੀਤਾ ਕਿ ਕੌਮੀ ਪੂੰਜੀਪਤੀ ਵਰਗ ਦੀਆਂ ਆਰਥਿਕ ਅਤੇ ਰਾਜਨੀਤਕ ਨੀਤੀਆਂ ਸਾਮਰਾਜ ਦੀ ਨੀਤੀ ਦੇ ਖਿਲਾਫ ਜਾਂਦੀਆਂ ਹਨ। ਦੋਵਾਂ ਵਿੱਚ ਟਕਰਾਅ ਦੀ ਹਾਲਤ ਹੈ। ਭਾਰਤ ਦਾ ਪੂੰਜੀਪਤੀ ਵਰਗ ਬਰਤਾਨਵੀ ਸਾਮਰਾਜ ਦਾ ਗੁਲਾਮ ਨਹੀਂ ਸੀ। ਉਸ ਦੀ ਭੂਮਿਕਾ ਸਾਮਰਾਜਵਾਦ ਦੇ ਖਿਲਾਫ ਸੀ।

ਜੋਸ਼ੀ ਨੇ ਹੋਰ ਜ਼ਿੰਮੇਦਾਰੀਆਂ ਦਾ ਵੀ ਵਿਸ਼ਲੇਸ਼ਣ ਕੀਤਾ ਹੈ। ਉਨ੍ਹਾਂ ਨੇ ਅੰਗਰੇਜ਼ਾਂ ਨਾਲ ਲੜਨ ਲਈ ਸਾਮਰਾਜਵਾਦ ਵਿਰੋਧੀ ਕ੍ਰਾਂਤੀ ਤੇ ਸਾਮਰਾਜਵਾਦ ਵਿਰੋਧੀ ਮੋਰਚੇ ਦਾ ਨਾਅਰਾ ਦਿੱਤਾ। ਇਸ ਨਾਅਰੇ ਨੂੰ ਉਨ੍ਹਾਂ ਜੇਲ੍ਹ 'ਚੋਂ ਛੁੱਟਣ ਤੋਂ ਬਾਅਦ ਵਿਕਸਤ ਕੀਤਾ।

ਮੇਰਠ ਮੁਕੱਦਮਾ ਪੀ ਸੀ ਜੋਸ਼ੀ ਸਮੇਤ ਸਾਰੇ ਕਾਮਰੇਡ ਕੈਦੀਆਂ ਲਈ ਵਰਦਾਨ ਸਾਬਤ ਹੋਇਆ। ਸਰਕਾਰ ਨੇ ਇਸ ਮੁਕੱਦਮੇ ਵਿੱਚ ਕਾਮਰੇਡਾਂ ਨੂੰ ਨਰੜਨ ਲਈ ਲੱਖਾਂ ਰੁਪਏ ਪਾਣੀ ਦੀ ਤਰ੍ਹਾਂ ਵਹਾ ਦਿੱਤੇ। ਸਰਕਾਰ ਦਾ ਉਦੇਸ਼ ਸੀ ਕਿ ਕਮਿਊਨਿਸਟਾਂ ਨੂੰ ਇਸ ਮੁਕੱਦਮੇ ਰਾਹੀਂ ਬਦਨਾਮ ਕਰਕੇ ਕੁਚਲਿਆ ਜਾਵੇ। ਵੱਖ-ਵੱਖ ਤਰ੍ਹਾਂ ਦੇ ਗਵਾਹ ਅਤੇ ਸਬੂਤ ਇਕੱਠੇ ਕੀਤੇ ਗਏ, ਪਰੰਤੂ ਅੰਗਰੇਜ਼ਾਂ ਨੂੰ ਇਸ ਕੇਸ ਵਿੱਚ ਫਾਇਦੇ ਦੀ ਜਗ੍ਹਾ ਹਾਨੀ ਵਧੇਰੇ ਹੋਈ। ਲੋਕਾਂ ਨੇ ਸੋਚਿਆ ਕਿ ਜਦੋਂ ਅੰਗਰੇਜ਼ ਕਿਸੇ ਵਿਚਾਰ ਜਾਂ ਵਿਚਾਰਧਾਰਾ ਦੀ ਆਲੋਚਨਾ ਕਰ ਰਹੇ ਹਨ ਜਾਂ ਉਸ ਨੂੰ ਕੁਚਲ ਰਹੇ ਹਨ ਤਾਂ ਉਹ ਵਿਚਾਰ ਤੇ ਉਹ ਵਿਕਸਤ ਚੰਗਾ ਹੀ ਹੋਵੇਗਾ। ਕਮਿਊਨਿਸਟਾਂ ਦੇ ਵਿਚਾਰਾਂ ਤੇ ਸਿਧਾਂਤ ਦਾ ਸਾਰੇ ਦੇਸ਼ ਵਿੱਚ ਪ੍ਰੈੱਸ ਅਤੇ ਵੱਖ-ਵੱਖ ਤਰੀਕਿਆਂ ਰਾਹੀਂ ਪ੍ਰਚਾਰ ਹੀ ਹੋਇਆ। ਮੇਰਠ ਸ਼ੜਯੰਤਰ ਕੇਸ ਨੇ ਕਮਿਊਨਿਸਟਾਂ ਦਾ ਨਾਂਅ ਦੇਸ਼ ਦੇ ਕੋਨੇ-ਕੋਨੇ ਵਿੱਚ ਪਹੁੰਚਾ ਦਿੱਤਾ।


ਸਾਰੇ ਕਮਿਊਨਿਸਟ ਬ੍ਰਿਟਿਸ਼ ਸਰਕਾਰ ਦੇ ਖਰਚ ਨਾਲ ਹੀ ਇੱਕ ਜਗ੍ਹਾ ਇਕੱਠੇ ਹੋਏ ਸਨ। ਪੀ ਸੀ ਜੋਸ਼ੀ ਨੇ ਮੇਰਠ ਵਿੱਚ ਆਪਣੇ ਸਮੇਂ ਦਾ ਪੂਰਾ ਫਾਇਦਾ ਲਿਆ। ਉਨ੍ਹਾਂ ਨੇ ਜੇਲ੍ਹ ਵਿੱਚ ਰਹਿ ਕੇ ਮਾਰਕਸਵਾਦੀ ਸਾਹਿਤ ਦਾ ਗਹਿਰਾਈ ਨਾਲ ਅਧਿਐਨ ਕੀਤਾ। ਉਨ੍ਹਾਂ ਨੇ ਆਪਣੇ ਕੈਦੀ ਸਾਥੀਆਂ ਨੂੰ ਵੀ ਬੜਾ ਪ੍ਰਭਾਵਤ ਕੀਤਾ। ਸਿਰਫ 22 ਸਾਲ ਦੇ ਹੁੰਦੇ ਹੋਏ ਵੀ ਕਾਨੂੰਨੀ ਅਤੇ ਹੋਰ ਕਈ ਪ੍ਰਕਾਰ ਦੀਆਂ ਰਿਪੋਰਟਾਂ ਲਿਖਣ ਅਤੇ ਕਾਗਜ਼ ਪੱਤਰ ਤਿਆਰ ਕਰਨ ਦਾ ਬਹੁਤ ਸਾਰਾ ਕੰਮ ਉਨ੍ਹਾਂ ਦੇ ਜ਼ਿੰਮੇ ਸੀ।

**ਮਹਾਂਸਕੱਤਰ ਦੇ ਰੂਪ ਵਿੱਚ ਜੋਸ਼ੀ**

ਪੀ ਸੀ ਜੋਸ਼ੀ ਦਾ ਨਾਂਅ ਮੇਰਠ ਕੇਸ ਦੇ ਜ਼ਰੀਏ ਪੂਰੇ ਦੇਸ਼ ਵਿੱਚ ਪਹੁੰਚ ਚੁੱਕਾ ਸੀ। ਪਾਰਟੀ ਦੇ ਸਾਥੀਆਂ ਵਿੱਚ ਵੀ ਉਨ੍ਹਾਂ ਦੀ ਯੋਗਤਾ ਦਾ ਪ੍ਰੀਚੈ ਮਿਲ ਰਿਹਾ ਸੀ। ਆਪ ਨੂੰ ਸਰਕਾਰ ਨੇ 1933 ਵਿੱਚ ਮੇਰਠ ਜੇਲ੍ਹ 'ਚੋਂ ਰਿਹਾਅ ਕਰ ਦਿੱਤਾ ਗਿਆ। ਜੇਲ੍ਹ 'ਚੋਂ ਛੁੱਟਦੇ ਸਾਰ ਹੀ ਆਪ ਵਿਦਰਾਅ ਅੰਦੋਲਨ ਅਤੇ ਪਾਰਟੀ ਸੰਗਠਨ ਦੇ ਕੰਮ ਵਿੱਚ ਜੁਟ ਗਏ ਸਨ। ਉਨ੍ਹਾਂ ਨੇ ਕਾਨਪੁਰ ਨੂੰ ਆਪਣੇ ਕੰਮ ਦਾ ਖੇਤਰ ਚੁਣਿਆ। ਉਨ੍ਹਾਂ ਨੇ ਅਜੇ ਘੋਸ਼ ਅਤੇ ਹੋਰ ਸਾਥੀਆਂ ਦੇ ਨਾਲ ਮਿਲ ਕੇ ਉੱਥੇ ਦੇ ਮਿੱਲ ਮਜ਼ਦੂਰਾਂ ਵਿੱਚ ਪਾਰਟੀ ਅਤੇ ਟਰੇਡ ਯੂਨੀਅਨ ਦਾ ਕੰਮ ਆਰੰਭ ਦਿੱਤਾ, ਪਰੰਤੂ ਮੁਸ਼ਕਲ ਨਾਲ ਸਾਲ ਭਰ ਵੀ ਕੰਮ ਕੀਤਾ ਹੋਵੇਗਾ ਤਾਂ ਸਰਕਾਰ ਨੇ ਉਨ੍ਹਾਂ ਨੂੰ ਫਰਵਰੀ 1935 ਵਿੱਚ ਫੜ ਕੇ ਜੇਲ੍ਹ ਵਿੱਚ ਬੰਦ ਕਰ ਦਿੱਤਾ। ਉਨ੍ਹਾਂ ਨੂੰ ਢਾਈ ਸਾਲ ਦੀ ਸਜ਼ਾ ਸੁਣਾ ਦਿੱਤੀ ਗਈ। ਸਜ਼ਾ ਦੌਰਾਨ ਉਨ੍ਹਾਂ ਨੂੰ ਕਾਨਪੁਰ ਤੇ ਗੋਰਖਪੁਰ ਦੀਆਂ ਜੇਲ੍ਹਾਂ ਵਿੱਚ ਭੇਜਿਆ ਗਿਆ। ਪਰੰਤੂ ਜੋਸ਼ੀ ਦਾ ਜੇਲ੍ਹ ਵਿੱਚ ਚੰਗਾ ਵਿਹਾਰ ਹੋਣ ਕਰਕੇ ਜਲਦੀ ਹੀ ਇੱਕ ਸਾਲ ਦੀ ਛੋਟ ਦੇ ਕੇ ਰਿਹਾਅ ਕਰ ਦਿੱਤਾ ਗਿਆ।

ਜੇਲ੍ਹ ਦੇ ਬਾਹਰ ਪੁਲਸ ਉਨ੍ਹਾਂ ਦਾ ਫਿਰ ਇੰਤਜ਼ਾਰ ਕਰ ਰਹੀ ਸੀ, ਪਰ ਆਪ ਨਾ ਜਾਣੇ ਕਿੱਥੇ ਗਾਇਬ ਹੋ ਗਏ। ਇਸ ਤੋਂ ਬਾਅਦ ਉਹ ਅਕਸਰ ਹੀ ਗਾਇਬ ਰਹੇ। ਉਨ੍ਹਾਂ ਦੇ ਵਾਰੰਟ 1937 ਵਿੱਚ ਕਾਂਗਰਸ ਸਰਕਾਰ ਬਣਨ ਤੋਂ ਬਾਅਦ ਮਨਸੂਖ ਹੋਏ ਤੇ ਉਹ ਪੂਰੀ ਤਰ੍ਹਾਂ ਖੁੱਲ੍ਹ ਕੇ ਵਿਚਰਣ ਲੱਗੇ।

ਇਸ ਦੌਰ ਦੀ ਮਹੱਤਵਪੂਰਨ ਘਟਨਾ ਇਹ ਸੀ ਕਿ 1935 ਵਿੱਚ ਹੀ ਸੂਰਤ ਵਿੱਚ ਆਯੋਜਿਤ ਪਾਰਟੀ ਦੀ ਇੱਕ ਵਿਸ਼ੇਸ਼ ਮੀਟਿੰਗ ਵਿੱਚ ਪੀ ਸੀ ਜੋਸ਼ੀ ਨੂੰ ਭਾਰਤੀ ਕਮਿਊਨਿਸਟ ਪਾਰਟੀ ਦਾ ਕੁੱਲ ਹਿੰਦ ਜਨਰਲ ਸਕੱਤਰ ਬਣਾ ਦਿੱਤਾ ਗਿਆ। ਜਨਰਲ ਸਕੱਤਰ ਦੇ ਰੂਪ ਵਿੱਚ ਉਨ੍ਹਾਂ ਦਾ ਸਮਾਂ ਪਾਰਟੀ ਦੇ



ਆਮ ਵਿਕਾਸ ਅਤੇ ਪ੍ਰਸਾਰ ਦੇ ਕੰਮ ਦਾ ਮੰਨਿਆ ਜਾਂਦਾ ਹੈ।

ਪੀ ਸੀ ਜੋਸ਼ੀ ਨਵੰਬਰ 1933 ਵਿੱਚ ਗਠਿਤ ਭਾਕਪਾ ਦੀ ਅਸਥਾਈ ਕੇਂਦਰੀ ਸੰਮਤੀ ਦੇ ਮੈਂਬਰ ਬਣਾਏ ਗਏ। ਇਸ ਹੈਸੀਅਤ ਨਾਲ ਉਨ੍ਹਾਂ ਨੇ ਅਜੇ ਘੋਸ਼ ਅਤੇ ਆਰ ਡੀ ਭਾਰਦਵਾਜ ਦੇ ਨਾਲ ਮਿਲ ਕੇ ਪਾਰਟੀ ਦੀ ਬਿਖਰੀ ਹੋਈ ਸ਼ਕਤੀ ਨੂੰ ਇੱਕ ਸੂਤਰ ਵਿੱਚ ਬੰਨ੍ਹਣਾ ਆਰੰਭ ਕੀਤਾ। ਉਨ੍ਹਾਂ ਨੇ ਪਾਰਟੀ ਦਾ ਗੁਪਤ ਕੇਂਦਰ ਅਤੇ ਪ੍ਰੈੱਸ ਬਣਾਉਣ ਦਾ ਕੰਮ ਸ਼ੁਰੂ ਕੀਤਾ।

ਇਸ ਮੌਕੇ ਪੀ ਸੀ ਜੋਸ਼ੀ ਦੁਆਰਾ ਸਮੁੱਚੇ ਕਮਿਊਨਿਸਟ ਅੰਦੋਲਨ ਨੂੰ ਇੱਕ ਸੂਤਰ ਵਿੱਚ ਬੰਨ੍ਹਣਾ ਇੱਕ ਵੱਡੀ ਤੇ ਮਹੱਤਵਪੂਰਨ ਪ੍ਰਾਪਤੀ ਸੀ।

1936 ਦਾ ਸਾਲ ਕਈ ਮਾਅਨਿਆਂ ਵਿੱਚ ਬੜਾ ਮਹੱਤਵਪੂਰਨ ਹੈ। 1935 ਵਿੱਚ ਕਮਿਊਨਿਸਟ ਇੰਟਰਨੈਸ਼ਨਲ ਦੀ ਸੱਤਵੀਂ ਕਾਂਗਰਸ ਵਿੱਚ ਉਸ ਦੇ ਮਹਾਂਮੰਤਰੀ ਜਾਰਜ ਦਮਿੱਤਰੋਵ ਨੇ ਫਾਸ਼ਿਜ਼ਮ ਤੇ ਸਾਮਰਾਜਵਾਦ ਵਿਰੋਧੀ ਸੰਯੁਕਤ ਮੋਰਚੇ ਸੰਬੰਧੀ ਇਤਿਹਾਸਕ ਥੀਸਿਸ ਪੇਸ਼ ਕੀਤਾ। 1930 ਸਾਲ ਦਾ ਆਰੰਭ ਯੋਰਪ ਵਿੱਚ ਫਾਸ਼ਿਜ਼ਮ ਦੇ ਪੈਦਾ ਅਤੇ ਮਜ਼ਬੂਤ ਹੋਣ ਦਾ ਸਮਾਂ ਸੀ। ਸਾਰੀ ਮਾਨਵਤਾ ਦਾ ਮੁੱਖ ਵੈਰੀ ਵੀ ਪੈਦਾ ਹੋ ਚੁੱਕਿਆ ਸੀ। ਭਾਰਤ ਵਿੱਚ ਵੀ ਫਾਸ਼ਿਜ਼ਮ ਦੇ ਵਿਰੁੱਧ ਅਤੇ ਸੋਵੀਅਤ ਸੰਘ ਦੇ ਪੱਖ ਵਿੱਚ ਵਿਚਾਰ ਵਿਮਰਛ 'ਤੇ ਕੰਮ ਆਰੰਭ ਹੋ ਚੁੱਕਿਆ ਸੀ। ਸੋਵੀਅਤ ਸੰਘ ਦੇ ਪੱਖ ਵਿੱਚ ਹਮਦਰਦੀ ਵਧਦੀ ਜਾ ਰਹੀ ਸੀ। ਨਾਲ ਹੀ ਬ੍ਰਿਟਿਸ਼ ਸਾਮਰਾਜਵਾਦ ਦੇ ਵਿਰੁੱਧ ਸੰਘਰਸ਼ ਵਿੱਚ ਕੌਮੀ ਸ਼ਕਤੀਆਂ ਦੀ ਏਕਤਾ ਮਜ਼ਬੂਤ ਹੁੰਦੀ ਜਾ ਰਹੀ ਸੀ।

ਭਾਰਤ ਵਿੱਚ ਸਾਮਰਾਜ ਵਿਰੋਧੀ ਸੰਯੁਕਤ ਮੋਰਚੇ ਦੇ ਨਿਰਮਾਣ ਦੇ ਅੰਦੋਲਨ ਵਿੱਚ ਪੀ ਸੀ ਜੋਸ਼ੀ ਦੀ ਅਹਿਮ ਭੂਮਿਕਾ ਰਹੀ। 1930 ਦੇ ਸਾਲ ਵਿੱਚ ਭਾਕਪਾ ਦੀ ਪਹਿਲ 'ਤੇ ਦੇਸ਼-ਵਿਆਪੀ ਸੰਯੁਕਤ ਅਭਿਆਨ ਚਲਾਇਆ ਗਿਆ। ਨਾਲ ਹੀ ਜੋਸ਼ੀ ਨੇ ਪਾਰਟੀ ਦੀ ਸੁਤੰਤਰ ਭੂਮਿਕਾ ਵੀ ਕਮਜ਼ੋਰ ਨਹੀਂ ਹੋਣ ਦਿੱਤੀ।

1930 ਦੇ ਆਰੰਭ ਜਾਂ ਮੱਧ ਵਿੱਚ ਸਪੇਨ, ਫਰਾਂਸ, ਇਟਲੀ, ਜਰਮਨੀ, ਆਸਟਰੀਆ ਆਦਿ ਹੋਰ ਕਈ ਦੇਸ਼ਾਂ ਵਿੱਚ ਮਹੱਤਵਪੂਰਨ ਘਟਨਾਵਾਂ ਘਟੀਆਂ। ਇਨ੍ਹਾਂ ਘਟਨਾਵਾਂ ਨੇ ਵਿਹਾਰ ਵਿੱਚ ਪੁਰਾਣੀ ਸੰਕੀਰਨ ਸਮਝ ਦਾ ਖੰਡਨ ਕਰ ਦਿੱਤਾ ਅਤੇ ਨਵੀਂ ਸਿਹਤਮੰਦ ਵਿਚਾਰਧਾਰਾ ਵਿਕਸਤ ਹੋਣ ਲੱਗੀ।

ਇਨ੍ਹਾਂ ਸੰਘਰਸ਼ਾਂ ਨਾਲ ਜਨ ਮੋਰਚਾ (ਪਾਪੂਲਰ ਫਰੰਟ) ਦਾ ਅੰਦੋਲਨ ਵਿਕਸਤ ਹੋਇਆ। 1932 ਵਿੱਚ ਹਿਟਲਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਯੋਰਪ ਵਿੱਚ ਸੰਯੁਕਤ ਮਜ਼ਦੂਰ ਸੰਘਰਸ਼ ਮੋਰਚਾਬੰਦੀ ਆਰੰਭ ਹੋ ਗਈ।

1934-36 ਦੇ ਕਾਲ ਵਿੱਚ ਯੋਰਪ ਦੇ ਦੇਸ਼ਾਂ ਵਿੱਚ ਕਮਿਊਨਿਸਟਾਂ ਸਮੇਤ ਵੱਖ-ਵੱਖ ਪਾਰਟੀਆਂ ਦਾ ਜਨ ਮੋਰਚਾ ਕਾਇਮ ਹੋਇਆ, ਜੋ 1936 ਵਿੱਚ ਸਪੇਨ ਦੇ ਆਮ ਚੁਣਾਵਾਂ ਵਿੱਚ ਜੇਤੂ ਰਿਹਾ। ਸਪੇਨੀ ਗਣਤੰਤਰ ਦੀ ਘੋਸ਼ਣਾ ਹੋਈ। ਸਪੇਨ ਵਿੱਚ ਜਨਰਲ ਫਰਾਂਕੋ ਦੀ ਅਗਵਾਈ ਵਿੱਚ ਫਾਸਿਸਟਾਂ ਨੇ ਹਿਟਲਰ ਤੇ ਮੁਸੋਲਿਨੀ ਦੀ ਸਹਾਇਤਾ ਨਾਲ ਸਪੇਨੀ ਗਣਤੰਤਰ ਦੇ ਖਿਲਾਫ ਗ੍ਰਹਿ ਯੁੱਧ ਛੇੜ ਦਿੱਤਾ ਅਤੇ ਗਣਤੰਤਰ ਦੀ ਹਾਰ ਹੋ ਗਈ।

ਫਰਾਂਸ ਵਿੱਚ ਫਾਸਿਸਟ ਵਿਰੋਧੀਆਂ ਨੇ 1934 ਵਿੱਚ ਪੈਰਿਸ ਅਤੇ ਹੋਰ ਸ਼ਹਿਰਾਂ ਵਿੱਚ ਪ੍ਰਦਰਸ਼ਨ ਕੀਤੇ। ਫਾਸ਼ਿਜ਼ਮ ਵਿਰੋਧੀ ਜਨ ਮੋਰਚੇ ਦਾ ਗਠਨ ਹੋਇਆ ਤੇ ਉਸ ਨੇ ਫਾਸ਼ਿਜ਼ਮ ਦੀ ਚੜ੍ਹਤ ਨੂੰ ਇੱਕ ਵਾਰ ਰੋਕ ਦਿੱਤਾ। 1936 ਦੀਆਂ ਆਮ ਚੋਣਾਂ ਵਿੱਚ ਜਨ ਮੋਰਚਾ ਜੇਤੂ ਰਿਹਾ। ਸਰਕਾਰ ਵਿੱਚ ਕਮਿਊਨਿਸਟ ਵੀ ਸ਼ਾਮਲ ਹੋਏ। ਸਪੇਨ ਵਿੱਚ ਵੀ ਕਮਿਊਨਿਸਟ ਸਰਕਾਰ ਵਿੱਚ ਸ਼ਾਮਲ ਹੋਏ ਸਨ।

ਯੋਰਪ ਦੇ ਹੋਰ ਕਈ ਦੇਸ਼ਾਂ ਵਿੱਚ ਜਨ-ਮੋਰਚਾ ਅੰਦੋਲਨ ਸ਼ੁਰੂ ਹੋਇਆ। ਇਨ੍ਹਾਂ ਘਟਨਾਵਾਂ ਤੋਂ ਸਿੱਖਦੇ ਹੋਏ ਕਮਿਊਨਿਸਟ ਅੰਦੋਲਨ ਆਪਣੀ ਸਮਝ ਬਦਲਣ ਲੱਗਾ। ਦਮਿੱਤਰੋਵ ਤੇ ਕੁਝ ਹੋਰ ਨੇਤਾ ਪਹਿਲਾਂ ਤੋਂ ਹੀ ਇਸ 'ਤੇ ਜ਼ੋਰ ਦਿੰਦੇ ਆ ਰਹੇ ਸਨ। 1935 ਵਿੱਚ ਕੁਮਿੰਟਰਨ ਦੀ ਪ੍ਰਸਿੱਧ ਸੱਤਵੀਂ ਕਾਂਗਰਸ ਹੋਈ। ਇਸ ਵਿੱਚ ਨਵੀਂ ਲਾਈਨ ਸਵੀਕਾਰ ਕੀਤੀ ਗਈ। ਦਮਿੱਤਰੋਵ ਦੀ ਸੰਯੁਕਤ ਮੋਰਚਾ ਸੰਬੰਧੀ ਰਿਪੋਰਟ 'ਤੇ ਦਸਤਾਵੇਜ਼ ਸਵੀਕਾਰ ਕਰ ਲਏ ਗਏ।

ਭਾਰਤ ਦੇ ਰਾਸ਼ਟਰੀ ਤੇ ਕਮਿਊਨਿਸਟ ਅੰਦੋਲਨ 'ਤੇ ਇਨ੍ਹਾਂ ਘਟਨਾਵਾਂ ਦਾ ਗਹਿਰਾ ਪ੍ਰਭਾਵ ਪਿਆ। ਪੀ ਸੀ ਜੋਸ਼ੀ ਤੇ ਉਨ੍ਹਾਂ ਦੀ ਅਗਵਾਈ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਇਸ ਨਵੀਂ ਲਾਈਨ ਦੇ ਵਾਹਕ ਬਣੇ। ਵਿਆਪਕ ਸਾਮਰਾਜ ਵਿਰੋਧੀ ਸੰਯੁਕਤ ਮੋਰਚਾ ਵੱਲੋਂ ਅੰਦੋਲਨ ਦੀਆਂ ਤਿਆਰੀਆਂ ਕੀਤੀਆਂ ਜਾਣ ਲੱਗੀਆਂ। ਨਵੀਆਂ ਹਾਲਤਾਂ ਸਮਝਣ ਜਾਂ ਆਪਣੀ ਸਮਝ ਬਦਲਣ ਵਾਲਿਆਂ ਵਿੱਚ ਜੋਸ਼ੀ ਅਤੇ ਕੁਝ ਹੋਰ ਨੇਤਾ ਸਰਵਪ੍ਰਥਮ ਸਨ।

ਰਾਸ਼ਟਰੀ ਅੰਦੋਲਨ ਅਤੇ ਕਾਂਗਰਸ ਵਿੱਚ ਮੋਰਚਾ ਮਜ਼ਬੂਤ ਤੇ ਵਿਆਪਕ ਹੋਣ ਦੇ ਨਾਲ ਹੀ ਨਾਲ ਵਾਮਪੰਥ ਵੀ ਮਜ਼ਬੂਤ ਹੋਣ ਲੱਗਾ।

ਪੀ ਸੀ ਜੋਸ਼ੀ ਨੇ ਕਮਿਊਨਿਸਟ ਪਾਰਟੀ ਦੀ ਸੁਤੰਤਰ ਭੂਮਿਕਾ ਤੇ ਸੁਤੰਤਰ ਸੰਗਠਨ 'ਤੇ ਕਾਫੀ ਧਿਆਨ ਦਿੱਤਾ। ਪਾਰਟੀ ਦੀ ਮੈਂਬਰਸ਼ਿਪ ਅਤੇ ਪ੍ਰਭਾਵ ਵਿੱਚ ਆਮ ਤੌਰ 'ਤੇ ਤੇਜ਼ੀ ਆਈ। 1936 ਆਉਂਦੇ-ਆਉਂਦੇ ਪਾਰਟੀ ਕਿਤੇ ਵਧੇਰੇ ਜ਼ਿੰਮੇਦਾਰ ਤੇ ਪ੍ਰਪੱਕ ਸੰਗਠਨ ਬਣ ਚੁੱਕੀ ਸੀ।

ਇਸ ਜ਼ਿੰਮੇਵਾਰੀ ਤੇ ਪਰਪੱਕਤਾ ਸਦਕਾ 1936 ਵਿੱਚ ਤਿੰਨ ਮਹੱਤਵਪੂਰਨ ਹਿੰਦ ਪੱਧਰ 'ਤੇ ਜਥੇਬੰਦੀਆਂ ਦੀ ਸਥਾਪਨਾ ਕੀਤੀ ਗਈ। ਇਹ ਜਥੇਬੰਦੀਆਂ ਏ ਆਈ ਐੱਸ ਐੱਫ (ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ), ਆਲ ਇੰਡੀਆ ਕਿਸਾਨ ਸਭਾ ਅਤੇ ਪ੍ਰਗਤੀਸ਼ੀਲ ਲੇਖਕ ਸੰਘ ਸਨ।

ਇਹ ਤਿੰਨੇ ਜਥੇਬੰਦੀਆਂ ਰਾਸ਼ਟਰੀ ਅੰਦੋਲਨ ਦੇ ਸੰਯੁਕਤ ਜਨ ਸੰਗਠਨ ਸਨ। ਇਨ੍ਹਾਂ ਜਥੇਬੰਦੀਆਂ ਵਿੱਚ ਕਮਿਊਨਿਸਟ, ਸੋਸ਼ਲਿਸਟ, ਰਾਸ਼ਟਰਵਾਦੀ, ਕਾਂਗਰਸ ਤੇ ਅਗਾਂਹਵਧੂ ਵਿਅਕਤੀ ਸ਼ਾਮਲ ਸਨ।

ਇਨ੍ਹਾਂ ਤਿੰਨਾਂ ਸੰਗਠਨਾਂ ਦੇ ਨਿਰਮਾਣ ਦੀ ਦਿਸ਼ਾ ਵਿੱਚ ਰਾਸ਼ਟਰੀ ਨੇਤਾਵਾਂ ਵਿੱਚ ਆਮ ਵਿਚਾਰ ਚਰਚਾ ਚੱਲ ਰਹੀ ਸੀ। ਨਹਿਰੂ, ਸੁਭਾਸ਼ ਚੰਦਰ ਬੋਸ, ਸਹਿਜਾ ਨੰਦ, ਪੀ ਸੀ ਜੋਸ਼ੀ ਆਦਿ ਹੋਰ ਕਈ ਨੇਤਾ ਅਕਸਰ ਹੀ ਇਸ ਸੰਬੰਧ ਵਿੱਚ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਿਆ ਕਰਦੇ ਸਨ। ਇਸ ਦਿਸ਼ਾ ਵਿੱਚ ਪੀ ਸੀ ਜੋਸ਼ੀ ਜ਼ਿਆਦਾ ਸਰਗਰਮ ਸਨ। ਮਸਲਨ ਏ ਆਈ ਐੱਸ ਐੱਫ ਦੇ ਕਾਇਮ ਕਰਨ ਦੇ ਸੰਬੰਧ ਵਿੱਚ ਉਨ੍ਹਾਂ ਤੇ ਹੋਰ ਕਈ ਨੇਤਾਵਾਂ ਵਿੱਚ ਸਮੇਂ-ਸਮੇਂ 'ਤੇ ਸਲਾਹ-ਮਸ਼ਵਰਾ ਹੁੰਦਾ ਰਿਹਾ, ਜਿਵੇਂ ਜੈ ਪ੍ਰਕਾਸ਼ ਨਰਾਇਣ ਤੇ ਹੋਰਾਂ ਵਿੱਚ। ਇਸ ਦਾ ਅਰਥ ਇਹ ਨਹੀਂ ਹੈ ਕਿ ਏ ਆਈ ਐੱਸ ਐੱਫ ਅਤੇ ਹੋਰ ਸੰਗਠਨਾਂ ਦਾ ਨਿਰਮਾਣ ਕਮਿਊਨਿਸਟ ਪਾਰਟੀ ਜਾਂ ਹੋਰ ਪਾਰਟੀਆਂ ਵਿੱਚ ਫੈਸਲੇ ਦੇ ਬਾਅਦ ਹੋਇਆ ਜਾਂ ਉਸ ਪਾਰਟੀ ਦਾ ਨਿਰਣਾ ਸੀ।

ਇਸ ਪ੍ਰਕਾਰ 1936 ਦਾ ਸਾਲ ਰਾਸ਼ਟਰੀ ਅੰਦੋਲਨ ਅਤੇ ਕਮਿਊਨਿਸਟ ਪਾਰਟੀ ਦੇ ਲਈ ਅਤਿਅੰਤ ਮਹੱਤਵਪੂਰਨ ਤੇ ਇਸ ਵਿੱਚ ਪੀ ਸੀ ਜੋਸ਼ੀ ਦੀ ਭੂਮਿਕਾ ਵੀ ਮਹੱਤਵਪੂਰਨ ਸੀ।

ਸਾਮਰਾਜਵਾਦ ਵਿਰੋਧੀ ਸੰਯੁਕਤ ਮੋਰਚਾ ਅਤੇ ਪੀ ਸੀ ਜੋਸ਼ੀ ਦੇ ਅਗਵਾਈ ਵਾਲੇ ਸਮੇਂ ਵਿੱਚ ਕਮਿਊਨਿਸਟ ਪਾਰਟੀ ਨੇ ਦੇਸ਼-ਵਿਆਪੀ ਰਾਸ਼ਟਰੀ ਅੰਦੋਲਨ ਤਹਿ ਕਰਨੇ, ਉਸ ਵਿੱਚ ਭਾਗ ਲੈਣਾ ਜਾਂ ਰਾਸ਼ਟਰੀ ਸੰਯੁਕਤ ਮੋਰਚਾ ਬਣਾਉਣ ਦੀ ਦਿਸ਼ਾ ਵਿੱਚ ਭਾਰੀ ਸਫਲਤਾਵਾਂ ਹਾਸਲ ਕੀਤੀਆਂ। ਜੋਸ਼ੀ ਰਾਸ਼ਟਰੀ ਮੋਰਚਾ ਬਣਾਉਣ ਦੇ ਪ੍ਰਮੁੱਖ ਸਿਧਾਂਤਕਾਰ ਸਨ। ਉਨ੍ਹਾਂ ਨੇ ਅੰਗਰੇਜ਼ ਸਾਮਰਾਜਵਾਦੀਆਂ ਦੇ ਖਿਲਾਫ ਸਾਰੀਆਂ ਸਾਮਰਾਜਵਾਦ ਵਿਰੋਧੀ ਪਾਰਟੀਆਂ ਨੂੰ ਇੱਕ ਪਲੇਟਫਾਰਮ 'ਤੇ ਇਕੱਠੇ ਹੋਣ ਦੀ ਸਲਾਹ ਦਿੱਤੀ। ਉਨ੍ਹਾਂ ਨੇ ਬਰਤਾਨਵੀ ਹਕੂਮਤ ਦੇ ਖਿਲਾਫ ਕਾਂਗਰਸ-ਕਮਿਊਨਿਸਟ ਸਹਿਯੋਗ 'ਤੇ ਜ਼ੋਰ ਦਿੱਤਾ। ਜੋਸ਼ੀ ਨੇ ਰਾਸ਼ਟਰੀ ਆਜ਼ਾਦੀ ਦੇ ਅੰਦੋਲਨ ਵਿੱਚ ਕਮਿਊਨਿਸਟ ਪਾਰਟੀ ਨੂੰ ਜ਼ਿਆਦਾ ਭੂਮਿਕਾ ਅਦਾ ਕਰਨ ਵਾਲੀ ਬਣਾਇਆ। ਜੋ ਉਸ ਸਮੇਂ ਗਾਂਧੀ ਜੀ ਅਤੇ ਕਾਂਗਰਸ ਦੀ ਅਗਵਾਈ ਵਿੱਚ ਚੱਲ ਰਿਹਾ ਸੀ। ਨਾਲ ਹੀ ਉਨ੍ਹਾਂ ਨੇ ਪਾਰਟੀ ਦੀ ਸੁਤੰਤਰ ਭੂਮਿਕਾ ਵੀ ਮਜ਼ਬੂਤ ਕੀਤੀ।

ਪੀ ਸੀ ਜੋਸ਼ੀ ਨੇ ਬ੍ਰਿਟਿਸ਼ ਉਪਨਿਵੇਸ਼ਵਾਦ (ਆਪਣੀ ਉਦਯੋਗਿਕ ਸ਼ਕਤੀ ਦਾ ਪ੍ਰਚਾਰ-ਪਾਸਾਰ ਕਰਨਾ) ਦੇ ਵਿਰੁੱਧ ਮਜ਼ਦੂਰਾਂ, ਕਿਸਾਨਾਂ, ਮੱਧ ਵਰਗ ਦੇ ਤਬਕੇ, ਬੁੱਧੀਜੀਵੀਆਂ, ਅਲੱਗ-ਅਲੱਗ ਛੋਟੇ ਅਤੇ ਮਝੋਲੇ ਮਾਲਕਾਂ ਅਤੇ ਰਾਸ਼ਟਰੀ ਪੂੰਜੀਪਤੀ ਵਰਗ ਦੀ ਏਕਤਾ ਤੇ ਉਨ੍ਹਾਂ ਦਾ ਰਾਸ਼ਟਰੀ ਮੋਰਚਾ ਬਣਾਉਣ ਦੀ ਕੋਸ਼ਿਸ਼ ਕੀਤੀ।

ਉਸ ਜ਼ਮਾਨੇ ਦੀਆਂ ਵਿਸ਼ੇਸ਼ ਹਾਲਤਾਂ ਵਿੱਚ ਕਮਿਊਨਿਸਟ ਕਾਂਗਰਸ ਪਾਰਟੀ ਦੇ ਵੀ ਮੈਂਬਰ ਹੋਇਆ ਕਰਦੇ ਸਨ ਅਤੇ ਕਾਂਗਰਸ ਪਾਰਟੀ ਅੰਦਰ ਸਰਗਰਮੀ ਨਾਲ ਕੰਮ ਕਰਦੇ ਸਨ। ਅੰਗਰੇਜ਼ਾਂ ਨੇ 1934 ਵਿੱਚ ਕਮਿਊਨਿਸਟ ਪਾਰਟੀ 'ਤੇ ਪਾਬੰਦੀ ਲਾ ਦਿੱਤੀ ਸੀ, ਪਰੰਤੂ ਇਸ ਦੇ ਬਾਵਜੂਦ ਕਮਿਊਨਿਸਟਾਂ ਦਾ ਪ੍ਰਭਾਵ ਵਧਦਾ ਗਿਆ। ਕਾਂਗਰਸ ਪਾਰਟੀ ਦੇ ਅੰਦਰ 1934 ਵਿੱਚ ਹੀ ਇੱਕ ਖੱਬੇ-ਪੱਖੀ ਪਾਰਟੀ ਦਾ 'ਕਾਂਗਰਸ ਸੋਸ਼ਲਿਸਟ ਪਾਰਟੀ' ਜਾਂ ਸੀ ਐੱਸ ਪੀ ਦੇ ਨਾਂਅ ਨਾਲ ਗਠਿਨ ਕੀਤਾ ਗਿਆ, ਜੋ ਕਮਿਊਨਿਸਟਾਂ, ਸੋਸ਼ਲਿਸਟਾਂ, ਰਾਸ਼ਟਰਵਾਦੀਆਂ ਆਦਿ ਵਾਮਪੰਥੀਆਂ ਜਾਂ ਸੁਤੰਤਰ ਵਿਅਕਤੀਆਂ ਦਾ ਇੱਕ ਪ੍ਰਕਾਰ ਨਾਲ ਪ੍ਰਗਤੀਸ਼ੀਲ, ਵਾਮਪੰਥੀ ਗਠਜੋੜ ਕਿਹਾ ਜਾਂਦਾ ਸੀ। ਇਸ ਦੀ ਇੱਕ ਪੱਤ੍ਰਿਕਾ 'ਕਾਂਗਰਸ ਸੋਸ਼ਲਿਸਟ' ਦੇ ਨਾਂਅ ਨਾਲ ਪ੍ਰਕਾਸ਼ਤ ਕੀਤੀ ਜਾਂਦੀ ਸੀ। ਪੀ ਸੀ ਜੋਸ਼ੀ ਦੇ ਇਲਾਵਾ ਐੱਸ ਵੀ ਘਾਟੇ, ਈ ਐੱਸ ਨੰਬੂਦਰੀਪਾਦ ਆਦਿ ਕਈ ਹੋਰ ਪ੍ਰਸਿੱਧ ਨੇਤਾ ਸੀ ਐੱਸ ਪੀ ਵਿੱਚ ਸਰਗਰਮ ਸਨ। ਪਾਰਟੀ ਵਿੱਚ ਐੱਨ ਜੀ ਰੰਗਾ, ਜੈਪ੍ਰਕਾਸ਼ ਨਰਾਇਣ, ਅਛੂਤ ਪਟਵਰਧਨ ਆਦਿ ਕਈ ਹੋਰ ਸਮਾਜਵਾਦੀ ਤੇ ਸੁਤੰਤਰ ਮਾਰਕਸਵਾਦੀ ਲੋਕ ਵੀ ਸਨ।

ਸੀ ਐੱਸ ਪੀ ਨੇ ਕਾਂਗਰਸ ਵਿੱਚ ਖੱਬੇ ਪੱਖ ਨੂੰ ਮਜ਼ਬੂਤ ਕਰਨ ਅਤੇ ਕਾਂਗਰਸ ਦੇ ਅੰਦਰ ਤੇ ਬਾਹਰ ਕਮਿਊਨਿਸਟ ਪ੍ਰਭਾਵ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਅਦਾ ਕੀਤੀ। ਪੀ ਸੀ ਜੋਸ਼ੀ ਅਤੇ ਹੋਰ ਕਮਿਊਨਿਸਟਾਂ ਦੀਆਂ ਕੋਸ਼ਿਸ਼ਾਂ ਦਾ ਹੀ ਨਤੀਜਾ ਸੀ ਕਿ ਕਾਂਗਰਸ ਦੇ ਅੰਦਰ 'ਲੈਫਟ ਕੰਸਾਲੀਡੇਸ਼ਨ ਕਮੇਟੀ' (ਵਾਮਪੰਥੀ ਦਰਿੜੀਕਰਨ ਸਮਿਤੀ) ਦਾ ਅੱਗੇ ਚੱਲ ਕੇ ਗਠਨ ਹੋ ਪਾਇਆ। 1938 ਦੇ ਆਲ ਇੰਡੀਆ ਕਾਂਗਰਸ ਸਮਿਤੀ ਦੇ ਪ੍ਰਧਾਨ ਦੇ ਚੁਣਾਵ ਵਿੱਚ ਖੱਬੇ ਪੱਖੀਆਂ ਦੇ ਸਮਰਥਨ ਨਾਲ ਸੁਭਾਸ਼ ਚੰਦਰ ਬੋਸ ਦਾ ਜਿੱਤਣਾ ਅਤੇ ਪੱਟਾਭੀ ਸੀਤਾ ਰਮੱਈਆ ਦੀ ਹਾਰ ਵਿੱਚ ਖੱਬੇ ਪੱਖੀਆਂ ਦੀ ਫੈਸਲਾਕੁੰਨ ਭੂਮਿਕਾ ਰਹੀ। ਇਨ੍ਹਾਂ ਘਟਨਾਵਾਂ ਵਿੱਚ ਪੀ ਸੀ ਜੋਸ਼ੀ ਤੇ ਪਾਰਟੀ ਦੇ ਸੰਯੁਕਤ ਮੋਰਚੇ ਦੀ ਸਮਝ ਬੜੀ ਮਦਦਗਾਰ ਰਹੀ। ਪੀ ਸੀ ਜੋਸ਼ੀ ਦਾ ਨਾਂਅ ਅਕਸਰ ਹੀ ਰਾਸ਼ਟਰੀ ਅੰਦੋਲਨ ਦੇ ਨੇਤਾਵਾਂ ਜਿਵੇਂ ਜਵਾਹਰਲਾਲ ਨਹਿਰੂ, ਸੁਭਾਸ਼ ਚੰਦਰ ਬੋਸ ਇਤਿਹਾਦ ਇੱਥੋਂ ਤੱਕ ਕਿ ਗਾਂਧੀ ਜੀ ਦੇ ਨਾਲ ਲਿਆ ਜਾਣ ਲੱਗਾ।

**ਪੀ ਸੀ ਜੋਸ਼ੀ ਅਤੇ ਪਾਰਟੀ ਸੰਗਠਨ ਦਾ ਪ੍ਰਸਾਰ**

ਪੀ ਸੀ ਜੋਸ਼ੀ ਦੀ ਅਗਵਾਈ ਦਾ ਸਮਾਂ ਕਮਿਊਨਿਸਟ ਪਾਰਟੀ ਦੇ ਖਾਸ ਵਿਕਾਸ ਦਾ ਸਮਾਂ ਮੰਨਿਆ ਜਾਂਦਾ ਹੈ।

1925 ਵਿੱਚ ਜਦੋਂ ਭਾਰਤੀ ਕਮਿਊਨਿਸਟ ਪਾਰਟੀ ਦੀ ਸਥਾਪਨਾ ਕੀਤੀ ਗਈ, ਉਦੋਂ ਦੇਸ਼ ਭਰ ਵਿੱਚ ਕਮਿਊਨਿਸਟਾਂ ਦੀ ਸੰਖਿਆ ਮੁਸ਼ਕਲ ਨਾਲ 300 ਤੋਂ 400 ਤੱਕ ਰਹੀ ਹੋਵੇਗੀ। ਅੰਗਰੇਜ਼ਾਂ ਦੇ ਜ਼ਮਾਨੇ ਵਿੱਚ ਕਮਿਊਨਿਸਟ ਬਣਨਾ ਜਾਂ ਕਹਾਉਣਾ ਲੱਗਭੱਗ ਅਸੰਭਵ ਜਿਹਾ ਲੱਗਦਾ ਸੀ ਤੇ ਕਮਿਊਨਿਸਟ ਪਾਰਟੀ ਦਾ ਮੈਂਬਰ ਬਣਨਾ ਤਾਂ ਬਿਲਕੁਲ ਅਸੰਭਵ ਸੀ। ਪੀ ਸੀ ਜੋਸ਼ੀ ਦਾ ਪੁਲਸ ਦੁਆਰਾ ਗ੍ਰਿਫਤਾਰ ਕਰਨ ਲਈ ਪਿੱਛਾ ਕਰਨਾ ਤਹਿ ਸੀ। ਪਾਰਟੀ ਅਰਧ ਗੈਰ-ਕਾਨੂੰਨੀ ਜਾਂ ਅਰਧ ਗੁਪਤ ਰੂਪ ਵਿੱਚ ਕੰਮ ਕਰ ਰਹੀ ਸੀ। 1934 ਵਿੱਚ ਪਾਰਟੀ 'ਤੇ ਪਾਬੰਦੀ ਲੱਗਣ ਤੋਂ ਬਾਅਦ ਤਾਂ ਕੰਮ ਕਰਨਾ ਹੋਰ ਵੀ ਜ਼ਿਆਦਾ ਮੁਸ਼ਕਲ ਹੋ ਗਿਆ ਸੀ। ਉਸ ਜ਼ਮਾਨੇ ਵਿੱਚ ਬੜੀ ਕਠਿਨਾਈ ਨਾਲ ਪਾਰਟੀ ਦੀ ਮੈਂਬਰਸ਼ਿਪ ਮਿਲਿਆ ਕਰਦੀ ਅਤੇ ਪਾਰਟੀ ਵਿੱਚ ਬੜੀ ਸਾਵਧਾਨੀ ਨਾਲ ਲੋਕਾਂ ਨੂੰ ਭਰਤੀ ਕੀਤਾ ਜਾਂਦਾ ਸੀ। ਇਨ੍ਹਾਂ ਕਠਿਨਾਈਆਂ ਦੇ ਕਾਰਨ ਮੈਂਬਰਸ਼ਿਪ ਦਾ ਵਧਣਾ ਜਾਂ ਵਧਾਉਣਾ ਬਹੁਤ ਮੁਸ਼ਕਲ ਸੀ।

ਇੰਨੀਆਂ ਮੁਸ਼ਕਲਾਂ ਦੇ ਬਾਵਜੂਦ 1943 ਵਿੱਚ ਆਪਣੀ ਪਹਿਲੀ ਕਾਂਗਰਸ ਆਉਂਦੇ-ਆਉਂਦੇ ਤੱਕ ਕਮਿਊਨਿਸਟ ਪਾਰਟੀ ਦੀ ਮੈਂਬਰਸ਼ਿਪ 15 ਹਜ਼ਾਰ ਤੱਕ ਪਹੁੰਚ ਚੁੱਕੀ ਸੀ। ਹਾਲਤਾਂ ਨੂੰ ਵੇਖਦਿਆਂ ਹੋਇਆਂ ਮੈਂਬਰਸ਼ਿਪ ਦੀ ਇਹ ਸੰਖਿਆ ਬਹੁਤ ਠੀਕ ਸੀ।

1938 ਵਿੱਚ ਪਾਰਟੀ ਨੇ ਆਪਣਾ ਕੇਂਦਰੀ ਮੁੱਖ ਪੱਤਰ "ਨੈਸ਼ਨਲ ਫਰੰਟ" ਸ਼ੁਰੂ ਕੀਤਾ। ਲੱਗਭੱਗ ਇਸੇ ਸਮੇਂ ਪਾਰਟੀ ਪ੍ਰਕਾਸ਼ਨਾਂ ਦਾ ਨਿਯਮਿਤ ਰੂਪ ਨਾਲ ਪ੍ਰਕਾਸ਼ਨ ਆਰੰਭ ਕੀਤਾ ਗਿਆ। ਵੱਡੀ ਸੰਖਿਆ ਵਿੱਚ ਪੁਸਤਕ-ਪੁਸਤਕਾਏਂ ਪ੍ਰਕਾਸ਼ਿਤ ਕੀਤੀਆਂ ਜਾਣ ਲੱਗੀਆਂ। ਪੀ ਪੀ ਐੱਚ (ਪੀਪਲਜ਼ ਪਬਲਿਸ਼ਿੰਗ ਹਾਊਸ) ਸਥਾਪਤ ਕੀਤਾ ਗਿਆ। ਪਾਰਟੀ ਦੇ ਪ੍ਰਕਾਸ਼ਨ ਆਮ ਲੋਕ ਅਤੇ ਪਾਰਟੀ ਮੈਂਬਰ ਬੜੇ ਚਾਵਾਂ ਨਾਲ ਪੜ੍ਹਦੇ ਸਨ। ਬਰਤਾਨੀਆ ਹਕੂਮਤ ਦੇ ਚੱਲਦਿਆਂ ਇਹ ਸਾਰਾ ਕੰਮ ਬਹੁਤ ਮੁਸ਼ਕਲ ਹਾਲਤਾਂ ਵਿੱਚ ਕੀਤਾ ਜਾਂਦਾ ਸੀ।

**ਭਾਕਪਾ ਦੀ ਪਹਿਲੀ ਕਾਂਗਰਸ 1943**

ਇਸ ਸਮੇਂ ਯੋਰਪ ਵਿੱਚ ਮੁਸੋਲਿਨੀ, ਹਿਟਲਰ ਤੇ ਫਾਸ਼ਿਜ਼ਮ ਅਤੇ ਨਾਜ਼ੀਵਾਦ ਜੰਮ ਚੁੱਕਿਆ ਸੀ। ਇਹ ਸੱਤਾ 'ਤੇ ਕਾਬਜ਼ ਹੋ ਚੁੱਕੇ ਸਨ। ਫਾਸ਼ਿਜ਼ਮ ਸਾਰੇ ਮੁਲਕ ਲਈ ਖਤਰਾ ਬਣ ਚੁੱਕਿਆ ਸੀ। ਫਾਸਿਸਟ ਤੇ ਨਾਜ਼ੀ ਫੌਜਾਂ ਇੱਕ ਤੋਂ ਬਾਅਦ ਇੱਕ ਦੇਸ਼ਾਂ ਨੂੰ ਨਿਗਲਦੀਆਂ ਜਾ ਰਹੀਆਂ ਸਨ। ਇੱਕ ਸਤੰਬਰ 1939 ਨੂੰ ਵਿਸ਼ਵ ਯੁੱਧ ਛਿੜ ਗਿਆ ਸੀ। ਪਹਿਲਾਂ ਫਾਸਿਸਟ ਜਰਮਨੀ ਤੇ ਇਟਲੀ ਨੇ ਲੱਗਭੱਗ ਸਾਰੇ ਯੋਰਪ 'ਤੇ ਕਬਜ਼ਾ ਕਰ ਲਿਆ ਸੀ। ਫਿਰ ਜਰਮਨੀ ਦੇ ਹਿਟਲਰ ਨੇ 22 ਜੂਨ 1941 ਨੂੰ ਸੋਵੀਅਤ ਸੰਘ 'ਤੇ ਹਮਲਾ ਕਰ ਦਿੱਤਾ। ਸੰਸਾਰ ਜੰਗ 9 ਮਈ 1945 ਨੂੰ ਹਿਟਲਰ ਦੀ ਹਾਰ ਤੇ ਸੋਵੀਅਤ ਸੰਘ ਦੀ ਜਿੱਤ ਦੇ ਨਾਲ ਸਮਾਪਤ ਹੋਈ।

1942 ਵਿੱਚ 'ਭਾਰਤ ਛੋੜੋ ਅੰਦੋਲਨ' ਛਿੜ ਗਿਆ। ਪਾਰਟੀ ਕਾਫੀ ਮੁਸ਼ਕਲ ਦੌਰ ਵਿੱਚ ਗੁਜ਼ਰਦੀ ਹੋਈ ਦੂਸਰੇ ਵਿਸ਼ਵ ਯੁੱਧ ਦੀਆਂ ਪ੍ਰਸਥਿਤੀਆਂ 'ਚੋਂ ਉੱਭਰੀ । ਵਿਸ਼ਵ ਯੁੱਧ ਦੇ ਦੌਰਾਨ ਜਾਪਾਨੀ ਫਾਸਿਸਟ ਦੇ ਹਮਲੇ ਦਾ ਸਾਹਮਣਾ ਕਰਨ ਦੀਆਂ ਪੂਰੀਆਂ ਤਿਆਰੀਆਂ ਰੱਖੀਆਂ ਸਨ। ਜਾਪਾਨੀਆਂ ਨੇ ਮਦਰਾਸ, ਵਿਸ਼ਾਖਾਪਟਨਮ, ਕਲਕੱਤਾ ਇਲਾਕਿਆਂ ਵਿੱਚ ਬੰਬਾਰੀ ਸ਼ੁਰੂ ਕਰ ਦਿੱਤੀ ਸੀ ਅਤੇ ਜਾਪਾਨ ਦੀਆਂ ਫੌਜਾਂ ਮਣੀਪੁਰ ਵਿੱਚ ਇੰਫਾਲ ਤੱਕ ਪਹੁੰਚ ਚੁੱਕੀਆਂ ਸਨ।

ਭਾਰਤੀ ਕਮਿਊਨਿਸਟ ਪਾਰਟੀ ਦੀ ਪਹਿਲੀ ਕਾਂਗਰਸ ਜਾਂ ਮਹਾਂ ਸੰਮੇਲਨ 23 ਮਈ 1943 ਨੂੰ ਬੰਬਈ ਵਿੱਚ ਸ਼ੁਰੂ ਹੋਇਆ, ਜਿਸ ਦੀ ਪ੍ਰਧਾਨਗੀ ਐੱਸ ਏ ਡਾਂਗੇ ਨੇ ਕੀਤੀ। ਇਹ ਇੱਕ ਇਤਿਹਾਸਕ ਕਾਂਗਰਸ ਸੀ। ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਪੀ ਸੀ ਜੋਸ਼ੀ ਨੇ ਰਾਜਨੀਤਕ ਰਿਪੋਰਟਰ ਕਰਦੇ ਹੋਏ 9 ਘੰਟੇ ਤੱਕ ਭਾਸ਼ਣ ਦਿੱਤਾ। ਕਈ ਹੋਰ ਦਸਤਾਵੇਜ਼ ਵੀ ਪੇਸ਼ ਕੀਤੇ ਗਏ। ਜੋਸ਼ੀ ਨੇ ਰਾਸ਼ਟਰੀ ਹਿਫਾਜ਼ਤ ਲਈ ਰਾਸ਼ਟਰੀ ਏਕਤਾ ਦਾ ਨਾਅਰਾ ਪੇਸ਼ ਕੀਤਾ। ਉਨ੍ਹਾਂ ਨੇ ਰਾਸ਼ਟਰੀ ਮੋਰਚੇ ਦੀ ਸਰਕਾਰ ਬਣਾਉਣ ਦਾ ਪਰਿਆਸ ਕੀਤਾ।

ਪਾਰਟੀ ਦੀ ਮੈਂਬਰਸ਼ਿਪ 15 ਹਜ਼ਾਰ ਤੋਂ ਵਧਾ ਕੇ ਇੱਕ ਸਾਲ ਦੇ ਅੰਦਰ 60 ਹਜ਼ਾਰ ਕਰਨ ਦਾ ਫੈਸਲਾ ਲਿਆ ਗਿਆ। ਪਾਰਟੀ ਨੇ ਵੱਖ-ਵੱਖ ਭਾਸ਼ਾਵਾਂ (ਗਿਆਰਾਂ) ਵਿੱਚ ਆਪਣੀਆਂ ਅਖਬਾਰਾਂ ਦੀ ਛਪਣ ਗਿਣਤੀ ਦੁੱਗਣੀ ਕਰਨ ਦਾ ਫੈਸਲਾ ਕੀਤਾ। ਯੁੱਧ ਦੇ ਦੌਰਾਨ ਪਾਰਟੀ ਦੇ ਹਫਤਾਵਾਰੀ ਅਖਬਾਰ ਨੈਸ਼ਨਲ ਫਰੰਟ ਨੂੰ ਪੀਪਲਜ਼ ਵਾਰ ਤੇ ਜਨ ਯੁੱਧ ਵਿੱਚ ਬਦਲ ਦਿੱਤਾ ਗਿਆ। ਪੀਪਲਜ਼ ਵਾਰ ਦੀ ਵਿਕਰੀ 36000 ਤੱਕ ਪਹੁੰਚ ਗਈ, ਜੋ ਪਾਰਟੀ ਦੀ ਮੈਂਬਰਸ਼ਿਪ ਨਾਲੋਂ ਦੁੱਗਣੀ ਸੀ।

ਪਾਰਟੀ ਨੇ ਹੋਰ ਸੰਗਠਨਾਂ ਦੇ ਇਲਾਵਾ ਕੁਝ ਅਲੱਗ ਕਿਸਮ ਦੇ ਸੰਗਠਨ ਵੀ ਬਣਾਏ ਸਨ, ਜਿਵੇਂ ਬਾਲ ਸਭਾ, ਜੰਗ ਪਾਇਉਨੀਰਜ਼ ਸੰਗਠਨ, ਮਹਿਲਾ ਸੰਗਠਨ, ਰੈੱਡ ਏਡ (ਲਾਲ ਸਹਾਇਤਾ), ਰੈੱਡ ਐਂਡ ਫੰਡ ਜਾਂ ਕੋਸ਼ ਆਦਿ।

ਪਾਰਟੀ ਕਾਂਗਰਸ ਨੇ ਜਨਤਕ ਜਥੇਬੰਦੀਆਂ ਦੀ ਮੈਂਬਰਸ਼ਿਪ ਕਈ ਗੁਣਾਂ ਵਧਾਉਣ ਦਾ ਫੈਸਲਾ ਲਿਆ। ਇਸ ਤੋਂ ਪਹਿਲਾਂ ਦੇਸ਼ ਵਿੱਚ ਇੰਨੇ ਵੱਡੇ ਪੈਮਾਨੇ 'ਤੇ ਸੰਗਠਨ ਅਭਿਐਨ ਚਲਾਇਆ ਨਹੀਂ ਸੀ ਗਿਆ। ਜੋਸ਼ੀ ਦੀ ਦੇਖਰੇਖ ਹੇਠ ਪਾਰਟੀ ਨੇ ਮਹਾਤਮਾ ਗਾਂਧੀ ਦੀ ਰਿਹਾਈ ਦੀ ਮੰਗ ਕੀਤੀ।

ਪੀ ਸੀ ਜੋਸ਼ੀ ਪਾਰਟੀ ਦੀ ਪਹਿਲੀ ਕਾਂਗਰਸ ਵਿੱਚ ਸਰਬਸੰਮਤੀ ਨਾਲ ਜਨਰਲ ਸਕੱਤਰ ਚੁਣੇ ਗਏ। ਜੋਸ਼ੀ ਦੇ ਕਾਲ ਵਿੱਚ ਹੇਠ ਲਿਖੇ ਅੰਦੋਲਨ ਸੰਗਠਿਤ ਕੀਤੇ ਗਏ, ਜੋ ਇਤਿਹਾਸ ਵਿੱਚ ਹਮੇਸ਼ਾ ਲਈ ਦਰਜ ਹੋ ਗਏ :

ਕਹਯੂਰ (1943), ਪੁਨਰਮਾ-ਵਾਯਲਾਰ 1946, ਤੇਭਾਗਾ 1946, ਤੇਲੰਗਾਨਾ 1946 ਆਦਿ।

**ਸਾਮਰਾਜਵਾਦ-ਵਿਰੋਧੀ ਉਭਾਰ ਅਤੇ ਆਜ਼ਾਦੀ**

1945-47 ਦੇ ਸਮੇਂ ਵਿੱਚ ਸਾਰੇ ਭਾਰਤ ਵਿੱਚ ਬ੍ਰਿਟਿਸ਼ ਵਿਰੋਧੀ ਜਾਂ ਉਪਨਿਵੇਸ਼ਵਾਦ ਵਿਰੋਧੀ ਉਭਾਰ ਫੁੱਟ ਭਾਵ ਸ਼ੁਰੂ ਹੋ ਗਿਆ ਸੀ। ਇਹ ਕਾਲ ਜਨ ਅੰਦੋਲਨਾਂ, ਹੜਤਾਲਾਂ, ਜਲੂਸਾਂ, ਸਭਾਵਾਂ, ਕਿਸਾਨਾਂ ਆਦਿ ਦੇ ਅਵਿਸਮਰਣੀਯ (ਨਾ ਭੁੱਲਣ ਵਾਲੇ) ਅੰਦੋਲਨ ਹੋਏ। ਇਨ੍ਹਾਂ ਅੰਦੋਲਨਾਂ ਵਿੱਚ ਕਮਿਊਨਿਸਟ ਪਾਰਟੀ ਦੀ ਮਹੱਤਵਪੂਰਨ ਭੂਮਿਕਾ ਰਹੀ। ਇਸੇ ਸਮੇਂ ਫਰਵਰੀ 1946 ਵਿੱਚ ਬੰਬਈ ਵਿੱਚ 'ਨਾਵਿਕ' ਵਿਦਰੋਹ ਹੋਇਆ, ਜਿਸ ਵਿੱਚ ਵਿਦਿਆਰਥੀਆਂ ਅਤੇ ਮਜ਼ਦੂਰਾਂ ਨੇ ਇਕੱਠਿਆਂ ਹਿੱਸਾ ਲਿਆ।

ਪੀ ਸੀ ਜੋਸ਼ੀ ਦੀ ਅਗਵਾਈ ਵਿੱਚ ਭਾਰਤੀ ਕਮਿਊਨਿਸਟ ਪਾਰਟੀ ਨੇ 15 ਅਗਸਤ 1947 ਨੂੰ ਆਜ਼ਾਦ ਹੋਏ ਭਾਰਤ ਦਾ ਸੁਆਗਤ ਕੀਤਾ। ਪਾਰਟੀ ਲੋਕਾਂ ਨਾਲ ਦੇਸ਼ ਦੀ ਆਜ਼ਾਦੀ ਦੀਆਂ ਖੁਸ਼ੀਆਂ ਵਿੱਚ ਸ਼ਾਮਲ ਹੋਈ।

ਭਾਰਤ ਦੀ ਵੰਡ ਸਮੇਂ ਕੱਟੜ ਸੰਪਰਦਾਇਕਤਾ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਬਾਲ ਕੋਨਾ

## ਬੱਚਿਆਂ ਲਈ ਚਾਰ ਕਵਿਤਾਵਾਂ

### ਜਾਨਵਰ

ਪੁਰਾਣੇ ਸਮਿਆਂ ਤੋਂ ਹੀ,
ਮਨੁੱਖ ਦੇ ਬਣ ਕੇ ਸਾਥੀ,
ਘੋੜਾ, ਊਠ, ਬਲਦ, ਗਾਂ, ਮੱਝ,
ਬਾਂਦਰ, ਭਾਲੂ, ਸ਼ੇਰ ਤੇ ਹਾਥੀ,
ਜ਼ਿਆਦਾਤਰ ਜਾਨਵਰਾਂ ਨੂੰ ਜੰਗਲ ਭਾਉਂਦਾ,
ਕੁੱਝ ਕੁ ਜਾਨਵਰਾਂ ਨੂੰ ਹੈ ਮਨੁੱਖ,
ਪਾਲਤੂ ਬਣਾਉਂਦਾ,
ਇਹਨਾਂ ਦੀਆਂ ਲੋੜਾਂ ਦਾ ਰੱਖੋ,
ਪੂਰਾ ਧਿਆਨ,
ਇਹ ਵੀ ਹਨ ਰੱਬ ਦੇ ਜੀਅ ਸਮਾਨ ।

### ਪੰਛੀ

ਪੰਛੀ ਲੱਗਦੇ ਨੇ ਬੜੇ ਸੋਹਣੇ,
ਲਾਉਣ ਅੰਬਰੀਂ ਉਡਾਰੀਆਂ,
ਕਾਂ, ਕਬੂਤਰ, ਤੋਤਾ, ਪੈਲ ਪਾਉਣ ਮੋਰ ਨੱਚ-ਨੱਚ,
ਗੁਟਾਰਾਂ, ਚਿੜੀਆਂ ਦੀਆਂ ਡਾਰਾਂ,
ਲੱਗਦੀਆਂ ਬਹੁਤ ਪਿਆਰੀਆਂ,
ਕਦੇ ਭੁੱਲ ਕੇ ਵੀ ਪਿੰਜਰਿਆਂ ਵਿੱਚ,
ਨਾ ਕੈਦ ਕਰੀਏ ਪੰਛੀਆਂ ਦੀ ਅਬਾਦੀ,
ਇਹ ਵੀ ਸਾਡੇ ਵਾਂਗ ਜਿਉਣਾ ਚਾਹੁੰਦੇ,
ਪਿਆਰੀ ਇਹਨਾਂ ਨੂੰ ਵੀ ਆਪਣੀ ਆਜ਼ਾਦੀ।

### ਫਲ਼

ਸਿਹਤ ਲਈ ਫਾਇਦੇਮੰਦ ਹਨ ਫਲ਼,
ਆਓ ਆਪਣੇ ਭੋਜਨ ਵਿੱਚ ਸ਼ਾਮਲ ਕਰੀਏ,
ਬਿਮਾਰੀਆਂ ਤੋਂ ਬਚਾਉਂਦੇ ਹਨ ਫਲ਼,
ਜੋ ਰੋਜ਼ਾਨਾ ਸੇਬ ਹੈ ਖਾਂਦਾ,
ਡਾਕਟਰ ਕੋਲ਼ ਉਹ ਕਦੇ ਨਾ ਜਾਂਦਾ,
ਗਰਮੀਆਂ ਦਾ ਰਾਜਾ ਅੰਬ,
ਸੰਤਰੇ, ਮੌਸੰਮੀ, ਅਨਾਨਾਸ ਤੇ ਅਨਾਰ,
ਦੇ ਜੂਸ ਦਾ ਮਾਣੋ ਆਨੰਦ।

### ਸਬਜ਼ੀਆਂ

ਮਨੁੱਖ ਦੀ ਚੰਗੀ ਸਿਹਤ ਲਈ,
ਸਬਜ਼ੀਆਂ ਹਨ ਪੂਰੀਆਂ ਲਾਹੇਵੰਦ,
ਆਲੂ, ਭਿੰਡੀ, ਗੋਭੀ, ਕਰੇਲਾ, ਟਿੰਡੇ,
ਕੱਦੂ, ਫਲੀਆਂ, ਸ਼ਿਮਲਾ ਮਿਰਚ ਅਤੇ ਪੱਤਾ ਗੋਭੀ ਬੰਦ,
ਭੋਜਨ ਵਿੱਚ ਜੋ ਹਰੀਆਂ ਸਬਜ਼ੀਆਂ ਨਾ ਖਾਵੇ,
ਸਿਹਤ ਪੱਖੋਂ ਕਮਜ਼ੋਰ ਰਹਿ ਜਾਵੇ,
ਭੋਜਨ ਦਾ ਇਹਨਾਂ ਨੂੰ ਬਣਾਓ ਅੰਗ,
ਫਿਰ ਚੰਗੀ ਸਿਹਤ ਰੱਖੋ ਸੰਗ।

— ਅਵਤਾਰ ਸਿੰਘ ਸੌਜਾ

## ਆਓ ਬੁੱਝੀਏ

1. ਚੋਰ ਦਾ ਦੁਸ਼ਮਣ, ਬੰਦੇ ਦਾ ਯਾਰ,
ਪੀਵੇ ਦੁੱਧ ਤੇ ਮਾਰੇ ਸ਼ਿਕਾਰ।
2. ਸੋਨੇ ਦੀ ਸਲਾਈ, ਕੋਠਾ ਟੱਪ ਕੇ ਆਈ।
3. ਲਾਲ ਗਊ ਲੱਕੜੀ ਖਾਵੇ,
ਪਾਣੀ ਪੀਵੇ ਤਾਂ ਉਹ ਮਰ ਜਾਵੇ।
4. ਪਹਾੜੋਂ ਆਏ ਰੋੜੇ, ਆਉਂਦਿਆਂ ਦੇ ਸਿਰ ਤੋੜੇ।
5. ਨਿੱਕੀ ਜਿਹੀ ਹੱਡੀ, ਧਰਤੀ ਦੇ ਵਿੱਚ ਗੱਡੀ।
6. ਇੱਕ ਜੀਵ ਜੋ ਸਿਰ 'ਤੇ ਜੀਵੇ
ਅੰਨ ਖਾਏ ਪਰ ਜਲ ਨਾ ਪੀਵੇ।
7. ਰਾਹ 'ਚ ਪਿਆ ਡੱਬਾ
ਚੁੱਕਿਆ ਨਾ ਜਾਏ, ਹਾਏ ਮੇਰੇ ਰੱਬਾ।
8. ਚੌਵੀ ਘੰਟੇ ਰਹਿੰਦੀ ਗਾਂਦੀ
ਹਰ ਦਮ ਚੱਲਦੀ, ਕਿਤੇ ਨਾ ਜਾਂਦੀ।
9. ਕਾਲੀ ਹੈ ਪਰ ਕਾਂ ਨਹੀਂ
ਲੰਮੀ ਹੈ ਪਰ ਡੋਰ ਨਹੀਂ
ਬੰਨ੍ਹੀ ਜਾਵੇ ਪਰ ਪਸ਼ੂ ਨਹੀਂ।
10. ਜਾਦੂਗਰ ਨੇ ਕੀਤਾ ਕਮਾਲ
ਪਾਇਆ ਹਰਾ ਤੇ ਕੱਢਿਆ ਲਾਲ।

ਉੱਤਰ :-1. ਕੁੱਤਾ, 2. ਧੁੱਪ, 3. ਅੱਗ, 4. ਅਖਰੋਟ, 5 ਮੂਲੀ, 6.ਜੂੰ, 7. ਖੂਹ, 8. ਘੜੀ, 9. ਗੁੱਤ, 10. ਮਹਿੰਦੀ।

ਪੇਸ਼ਕਸ਼-ਪਰਮਜੀਤ ਸਿੰਘ ਨਿੱਕੇ ਘੁੰਮਣ




ਹਰਮਨ ਕੌਰ, ਨੌਵੀਂ, ਸਰਕਾਰੀ ਸੀਨੀ. ਸੈਕੰ. ਸਮਾਰਟ ਸਕੂਲ (ਲੜਕੀਆਂ) ਮੰਡੀ ਕਲਾਂ, ਬਠਿੰਡਾ

## ਮੇਰਾ ਸਕੂਲ

ਕਿੰਨਾ ਸੋਹਣਾ ਮੇਰਾ ਸਕੂਲ,
ਘਰ ਤੋਂ ਹੈ ਬੱਸ ਥੋੜ੍ਹੀ ਦੂਰ।
ਸਕੂਲ ਵਿੱਚ ਲੱਗੀ ਫੁੱਲਵਾੜੀ,
ਕਿੰਨੀ ਸੋਹਣੀ ਪਿਆਰੀ-ਪਿਆਰੀ,
ਅੱਠਵੀਂ ਤੱਕ ਦੀ ਹੋਵੇ ਪੜ੍ਹਾਈ,
ਪੜ੍ਹਦੇ ਮਿਲ ਕੇ ਸਭ ਭੈਣ-ਭਾਈ।
ਸਕੂਲ ਵਿੱਚ ਖਾਣਾ ਵੀ ਮਿਲਦਾ,
ਤਰਕਾਰੀ ਹੈ ਸਭ ਦੇ ਦਿਲ ਦਾ।
ਸਕੂਲ ਵਿੱਚ ਇੱਕ ਬੋਹੜ ਪਿਆਰਾ,
ਛਾਵੇਂ ਖੇਡ ਕੇ ਆਵੇ ਨਜ਼ਾਰਾ।
ਗਰਾਊਂਡ ਵਿੱਚ ਅਸੀਂ ਖੇਡੀਏ ਖੇਡਾਂ,
ਰੱਸੀ-ਟੱਪਾ, ਖੋ-ਖੋ ਅਤੇ ਕਬੱਡੀ ਰੇਡਾਂ।
ਮੈਨੂੰ ਮੇਰੇ ਸਕੂਲ 'ਤੇ ਮਾਣ,
ਪੜ੍ਹ-ਲਿਖ ਕੇ ਮਿਲਦਾ ਸਨਮਾਨ।

—ਰਾਜਪ੍ਰੀਤ ਕੌਰ
ਜਮਾਤ-ਸੱਤਵੀਂ, ਸਰਕਾਰੀ ਮਿਡਲ ਸਕੂਲ ਮੌੜ ਚੜ੍ਹਤ ਸਿੰਘ ( ਬਠਿੰਡਾ)